ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

# Nawi Dunia

Free



13 ਅਪ੍ਰੈਲ 1919 : ਜਲ੍ਹਿਆਂ ਵਾਲਾ ਬਾਗ਼ ਦਾ ਸਾਕਾ

ਸਾਲ : 5 ਅੰਕ : 4 Phone : 780 465 9118, 403 830 7007, 204 510 6284 : Fax: 780 465 0661, e-mail: info@nawidunia.com ਅਪ੍ਰੈਲ (April ) 2014


ਰੈਂਡਫੋਰਡ ਵਲੋਂ ਅਸਤੀਫ਼ਾ, ਡੇਵ ਨੇ ਸੰਭਾਲੀ ਆਰਜ਼ੀ ਕਮਾਂਡ ਪੰਨਾ-3


11 ਸਾਲਾ ਅਭਿਨਵ ਨੇ ਫ਼ੇਸਬੁੱਕ ਦੇ ਮੁਕਾਬਲੇ 'ਚ ... ਪੰਨਾ-9


ਰੋਮਾਂਸ ਦਾ ਜਜ਼ਬਾਤ ਨਾਲ ਮਾਂ-ਧੀ ਵਰਗਾ ਰਿਸ਼ਤਾ ਹੁੰਦੈ : ਕੰਵਲ ਪੰਨਾ-27


ਸਿਆਸਤ ਆਧਾਰਤ ਭਾਰਤੀ ਫ਼ਿਲਮਾਂ ਪੰਨਾ-48

## ਭੁੱਲਰ ਦੀ ਫਾਂਸੀ ਉਮਰ ਕੈਦ 'ਚ ਤਬਦੀਲ

ਨਵੀਂ ਦਿੱਲੀ (ਨਦਬ) : ਸੁਪਰੀਮ ਕੋਰਟ ਨੇ 1993 ਦੇ ਦਿੱਲੀ ਬੰਬ ਧਮਾਕੇ ਦੇ ਇਕ ਕੇਸ ਦੇ ਦੋਸ਼ੀ ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿੱਚ ਬਦਲ ਦਿੱਤੀ ਹੈ। ਭੁੱਲਰ ਨੂੰ ਇਹ ਵੱਡੀ ਰਾਹਤ, ਉਸ ਦੀ ਰਹਿਮ ਦੀ ਅਪੀਲ 'ਤੇ ਫ਼ੈਸਲਾ ਲੈਣ ਵਿੱਚ ਹੋਈ ਦੇਰੀ ਅਤੇ ਉਸ ਦੀ ਸਿਹਤ ਵਿੱਚ ਆਏ ਵਿਗਾੜਾਂ ਦੇ ਆਧਾਰ 'ਤੇ ਦਿੱਤੀ ਗਈ ਹੈ। ਹੁਣ ਭੁੱਲਰ ਦੀ ਰਿਹਾਈ ਦੇ ਆਸਾਰ ਵੀ ਬਣ ਗਏ ਹਨ ਕਿਉਂਕਿ ਅਦਾਲਤ ਨੇ ਆਪਣੇ 8 ਸਫ਼ਿਆਂ ਦੇ ਫ਼ੈਸਲੇ ਵਿੱਚ ਕਿਤੇ ਇਹ ਨਹੀਂ ਲਿਖਿਆ ਕਿ ਉਮਰ ਭਰ ਜੇਲ੍ਹ ਵਿੱਚ ਕੱਟਣੀ ਪਏਗੀ। ਅਦਾਲਤ ਨੇ ਇਹ ਫੈਸਲਾ ਭੁੱਲਰ ਦੀ ਪਤਨੀ ਨਵਨੀਤ ਕੌਰ ਵੱਲੋਂ ਪਾਈ ਗਈ ਪਟੀਸ਼ਨ 'ਤੇ ਦਿੱਤਾ। ਭੁੱਲਰ ਪਿਛਲੇ 19 ਸਾਲ ਤੋਂ ਜੇਲ੍ਹ ਵਿੱਚ ਬੰਦ ਸੀ।



ਬਾਕੀ ਸਫ਼ਾ 41 'ਤੇ

## ਮਲੇਸ਼ਿਆਈ ਜਹਾਜ਼ ਦੀ ਹੁਣ ਨਵੀਂ ਥਾਂ 'ਤੇ ਭਾਲ ਸ਼ੁਰੂ



ਪਰਥ, (ਨਦਬ) : ਮਲੇਸ਼ੀਆ ਦੇ ਲਾਪਤਾ ਜਹਾਜ਼ ਦੀ ਭਾਲ 'ਚ ਲੱਗੇ ਚੀਨੀ ਜਹਾਜ਼ਾਂ ਨੂੰ ਹਿੰਦ ਮਹਾਸਾਗਰ ਵਿਚ ਨਵੀਂ ਥਾਂ 'ਤੇ ਕੁਝ ਟੁਕੜੇ ਦਿਖਾਈ ਦਿੱਤੇ ਹਨ। ਜਹਾਜ਼ ਦਾ ਪਤਾ ਲਾਉਣ ਦੇ ਤਿੰਨ ਹਫ਼ਤੇ ਪੂਰੇ ਹੋਣ ਦੇ ਬਾਅਦ ਵੀ ਕੋਈ ਸਫ਼ਲਤਾ ਹੱਥ ਨਹੀਂ ਲੱਗੀ। ਮਲੇਸ਼ਿਆਈ ਏਅਰਲਾਈਨਜ਼ ਦੇ ਹਾਦਸਾਗ੍ਰਸਤ ਜਹਾਜ਼ ਐਮ.ਐਚ.-370 ਦੀ ਭਾਲ ਹੁਣ ਦੱਖਣੀ ਹਿੰਦ ਮਹਾਸਾਗਰ ਦੇ ਉੱਤਰ-ਪੂਰਬ 'ਚ 1100 ਕਿਲੋਮੀਟਰ ਵੱਲ ਕੇਂਦਰਤ ਹੋ ਗਈ ਹੈ। ਚੀਨੀ ਖ਼ਬਰ ਏਜੰਸੀ ਸ਼ਿਨਹੂਆ ਦੀ ਰਿਪੋਰਟ ਮੁਤਾਬਕ ਚੀਨੀ ਜਹਾਜ਼ ਨੇ ਸਮੁੰਦਰ 'ਚ ਸਫ਼ੇਦ, ਲਾਲ ਤੇ ਸੰਤਰੀ ਰੰਗ ਦੇ ਤੈਰਦੇ ਹੋਏ ਕੁਝ ਟੁਕੜੇ ਦੇਖੇ ਹਨ। ਹੁਣ ਤੱਕ ਪੰਜ ਜਹਾਜ਼ਾਂ ਨੇ ਵੱਖ-ਵੱਖ ਰੰਗਾਂ ਦੇ ਕਈ ਟੁਕੜੇ ਦੇਖਣ ਦਾ ਦਾਅਵਾ ਕੀਤਾ ਹੈ। ਆਸਟਰੇਲੀਅਨ ਮੈਰੀਟਾਈਮ ਸੇਫ਼ਟੀ ਅਥਾਰਟੀ (ਏ.ਐਮ.ਐਸ.ਏ.) ਵਲੋਂ ਜਾਰੀ ਕੀਤੇ ਬਿਆਨ 'ਚ ਕਿਹਾ ਗਿਆ ਹੈ ਕਿ ਸਾਗਰ 'ਚ ਦਿਖ ਰਹੇ ਟੁਕੜਿਆਂ ਨੂੰ ਜਦ ਤੱਕ ਜਹਾਜ਼ਾਂ ਵਲੋਂ ਕੱਢ ਨਹੀਂ ਲਿਆ ਜਾਂਦਾ, ਉਦੋਂ ਤੱਕ ਲਾਪਤਾ ਜਹਾਜ਼ ਦੇ ਮਲਬੇ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਹੁਣ ਤਕ ਭਾਰਤ, ਆਸਟ੍ਰੇਲੀਆ, ਜਾਪਾਨ, ਨਿਊਜ਼ੀਲੈਂਡ, ਚੀਨ ਸਮੇਤ ਕਈ ਹੋਰ ਦੇਸ਼ਾਂ ਦੇ 10 ਉਪਗ੍ਰਹਿ, 43 ਸਮੁੰਦਰੀ ਜਹਾਜ਼, ਕਈ ਹੈਲੀਕਾਪਟਰ ਅਤੇ 40 ਜਹਾਜ਼ ਅਜੇ ਤਕ ਵੀ ਹਾਦਸਾਗ੍ਰਸਤ ਮਲੇਸ਼ਿਆਈ ਐਮ.ਐਚ. 370 ਜਹਾਜ਼ ਦਾ ਕੁਝ ਵੀ ਪਤਾ ਨਹੀਂ ਲੱਗ ਸਕਿਆ।



## ਆਤਮਦਾਹ ਦੀ ਆਗਿਆ ਮੰਗਾਂਗਾ: ਬਿੱਟਾ

ਸੁਪਰੀਮ ਕੋਰਟ ਦੇ ਫੈਸਲੇ ਤੋਂ ਖ਼ਫ਼ਾ ਹੋਏ ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਐਮ.ਐਸ. ਬਿੱਟਾ ਨੇ ਕਿਹਾ ਹੈ ਕਿ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਅਦਾਲਤ ਤੋਂ ਆਤਮਦਾਹ ਦੀ ਆਗਿਆ ਮੰਗਾਂਗਾ। ਆਲ ਇੰਡੀਆ ਐਂਟੀ ਟੈਰੋਰਿਸਟ ਫਰੰਟ ਦੇ ਮੁਖੀ ਬਿੱਟਾ ਨੂੰ 1993 ਦੇ ਬੰਬ ਧਮਾਕੇ ਵਿੱਚ ਨਿਸ਼ਾਨਾ ਬਣਾਇਆ ਗਿਆ ਸੀ। ਇਸੇ ਕੇਸ ਨੂੰ ਲੈ ਕੇ ਦਵਿੰਦਰਪਾਲ ਸਿੰਘ ਭੁੱਲਰ ਨੂੰ ਫਾਂਸੀ ਦੀ ਸਜ਼ਾ ਹੋਈ ਸੀ। ਬਿੱਟਾ ਦਾ ਕਹਿਣਾ ਹੈ ਕਿ ਅਦਾਲਤ ਦਾ ਫੈਸਲਾ, ਅਤਿਵਾਦ ਵਿਰੁੱਧ ਲੜਨ ਵਾਲੇ ਲੋਕਾਂ ਦੀ ਹਾਰ ਹੈ। ਉਸ ਨੇ ਕਿਹਾ ਕਿ ਅਦਾਲਤ ਦੇ ਫੈਸਲੇ ਮਗਰੋਂ ਉਹ ਹੋਰ ਨਹੀਂ ਜਿਉਣਾ ਚਾਹੁੰਦਾ ਕਿਉਂਕਿ ਉਹ ਕਾਂਗਰਸ ਪਾਰਟੀ ਵਿਚਲੀ 'ਸਿਆਸੀ ਦਹਿਸ਼ਤਗਰਦੀ' ਹੱਥੋਂ ਹਾਰ ਗਿਆ।



## ਅਮਰੀਕੀ ਜਨਤਾ ਨੂੰ ਗੁੰਮਰਾਹ ਕਰ ਰਹੀ ਹੈ ਸੀ.ਆਈ.ਏ.

ਵਾਸ਼ਿੰਗਟਨ (ਨਦਬ) ਖੁਫ਼ੀਆ ਏਜੰਸੀ ਸੀ.ਆਈ.ਏ. ਅਮਰੀਕੀ ਸਰਕਾਰ ਅਤੇ ਜਨਤਾ ਨੂੰ ਵਰ੍ਹਿਆਂ ਤੋਂ ਗੁੰਮਰਾਹ ਕਰਦੀ ਰਹੀ ਹੈ। ਖ਼ਾਸ ਕਰ ਕੇ ਸਰੀਰਕ ਤਸ਼ੱਦਦ ਨਾਲ ਕੀਤੀ ਜਾਂਦੀ ਪੁੱਛ-ਗਿਛ ਅਤੇ ਖੁਫ਼ੀਆ ਜਾਣਕਾਰੀਆਂ ਮਿਲਣ ਬਾਰੇ ਓਹਲਾ ਰੱਖਿਆ ਜਾਂਦਾ ਹੈ।

ਵਾਸ਼ਿੰਗਟਨ ਪੋਸਟ ਮੁਤਾਬਕ ਇਹ ਖ਼ੁਲਾਸਾ ਸੈਨੇਟ ਦੀ ਇਕ ਰਿਪੋਰਟ ਵਿਚ ਹੋਇਆ ਹੈ। ਲੰਬੇ ਸਮੇਂ ਤੋਂ ਸੈਨੇਟ ਦੀ ਇਸ ਰਿਪੋਰਟ ਦੀ ਉਡੀਕ ਸੀ। ਇਸ ਵਿਚ ਕਿਹਾ ਗਿਆ ਹੈ ਕਿ ਸੀ.ਆਈ.ਏ. ਨੇ ਕੁਝ ਖੁਫ਼ੀਆ ਥਾਵਾਂ ਬਣਾਈਆਂ ਹੋਈਆਂ ਹਨ, ਜਿੱਥੇ ਇਹ ਏਜੰਸੀ ਫੜੇ ਗਏ ਅਪਰਾਧੀਆਂ ਨੂੰ ਸਖ਼ਤ ਸਰੀਰਕ ਤਸ਼ੱਦਦ ਕਰ ਕੇ ਪੁੱਛ-ਗਿਛ ਕਰਦੀ ਹੈ। ਸਰੀਰਕ ਤਸ਼ੱਦਦ ਦੇ ਤੌਰ ਤਰੀਕੇ ਇੰਨੇ ਖ਼ਤਰਨਾਕ ਹਨ ਕਿ ਉਹ ਕਦੇ ਉਜਾਗਰ ਨਹੀਂ ਕੀਤੇ ਜਾਂਦੇ। ਰਿਪੋਰਟ ਮੁਤਾਬਕ ਇਸ ਪੁੱਛ-ਗਿਛ ਤੋਂ ਮਿਲੀ ਜਾਣਕਾਰੀ ਨੂੰ ਸੀ.ਆਈ.ਏ. ਆਪਣੇ ਏਜੰਟਾਂ ਵਲੋਂ ਕੀਤੀ ਗਈ ਖੋਜਬੀਨ ਦੱਸ ਕੇ ਆਪਣੀ ਪਿੱਠ ਥਾਪੜਦੀ ਰਹੀ ਹੈ। ਸੀ.ਆਈ.ਏ. ਕਾਨੂੰਨ ਮੰਤਰਾਲੇ ਅਤੇ ਸੰਸਦ ਨੂੰ ਦਹਿਸ਼ਤੀ ਕਾਰਵਾਈਆਂ ਦੀ ਜਾਣਕਾਰੀ ਦਿੰਦੀ ਹੈ, ਕਈ ਨਵੇਂ ਖੁਲਾਸੇ ਕਰਦੀ ਹੈ, ਹਜ਼ਾਰਾਂ ਲੋਕਾਂ ਦੀ ਜਾਨ ਬਚਾਉਣ ਦੇ ਦਾਅਵੇ ਕਰਦੀ ਹੈ। ਪਰ ਇਹ ਸਭ ਅਸਲ ਵਿਚ ਸੱਚ ਨਹੀਂ ਹੁੰਦੇ।

### ਸੀ.ਆਈ.ਏ. ਦਾ ਤਸ਼ੱਦਦ

ਬਰਫ਼ ਦੇ ਪਾਣੀ ਵਿਚ ਉਲਟਾ ਲਟਕਾਉਣਾ ਅਤੇ ਕੈਦੀਆਂ ਦੇ ਸਿਰ ਕੰਧਾਂ ਵਿਚ ਮਾਰਨਾ ਆਮ ਗੱਲ ਹੈ। ਥਾਈਲੈਂਡ ਵਿਚ ਇਸ ਦੇ ਖ਼ੁਫ਼ੀਆ ਟਿਕਾਣੇ 'ਤੇ ਇਸ ਦੇ ਪੁੱਛ-ਗਿਛ ਦੇ ਭਿਆਨਕ ਤਰੀਕੇ ਨੂੰ ਦੇਖ ਕੇ ਸੀ.ਆਈ.ਏ. ਦੇ ਹੀ ਕੁਝ ਮੁਲਾਜ਼ਮ ਉੱਥੋਂ ਦੌੜ ਗਏ ਸਨ। ਅਫ਼ਗਾਨਿਸਤਾਨ ਵਿਚ ਵੀ ਅਜਿਹੇ ਤਰੀਕੇ ਅਪਣਾਏ ਗਏ। ਕਾਨੂੰਨ ਮੰਤਰਾਲੇ ਤੋਂ ਕਦੇ ਅਜਿਹੇ ਤਰੀਕਿਆਂ ਨੂੰ ਮਨਜ਼ੂਰੀ ਨਹੀਂ ਮਿਲੀ।

Super Visa
Medical Insurance
- ਸੁਪਰ ਵੀਜ਼ਾ ਐਪਲੀਕੇਸ਼ ਲਈ ਮੈਡੀਕਲ ਇੰਸ਼ੋਰੈਂਸ ਲੈਣਾ ਜ਼ਰੂਰੀ।
- ਅਸੀਂ ਤੁਹਾਡੀ ਜ਼ਰੂਰਤ ਮੁਤਾਬਕ ਵਧੀਆ ਅਤੇ ਸਸਤੀ ਇੰਸ਼ੋਰੈਂਸ ਲੈ ਕੇ ਦਿੰਦੇ ਹਾਂ।

For mor information please call
JASVIR DEOL 780-4º5-º900
JESSIE SINGH 403-830-7007



For your all Real Estate need.
NIRMAL (SONY) GILL
I DELIVER ONLY THE BEST
BUY OR SELL
ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਵੇਚਣ ਜਾਂ ਖਰੀਦਣ ਲਈ ਨਿਰਮਲ (ਸੋਨੀ) ਗਿੱਲ ਨੂੰ ਫ਼ੋਨ ਕਰੋ
nirmalgill@live.com
780 937 9067
OFF: 780 434 4700

REALTY EXECUTIVES
ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਵੇਚਣ ਜਾਂ ਖ਼ਰੀਦਣ ਲਈ
ਨੁਸਰਤ ਅਲੀ ਅਖ਼ਤਰ ਨੂੰ ਸੰਪਰਕ ਕਰੋ
780-994-1º00 (Cell)
780-450-º300 (24 Hrs)
Fax : 780-450-ºº70

Nusrat Ali Akhtar
Email : aakhtar@realtyexecutives.com
4107-99 St NW, Edmonton


3rd in CANADA for Century 21-2005
Century 21 Canada Masters
Hall of fame inductee
Sweg Deol
"Your Key Connection To Real Estate"
Sweg Deol
Please call for all your Commercial Real Estate Needs in Hotel, Motel, Apartments & Shopping Centers
Land Parcels Available in throughout Alberta
A.L.L. Stars Realty Ltd.,
312 Saddleback Road, T°J 4R7
Cell : (780) 951-9873 Bus: (780) 434-4700

LUTHRA LAW GROUP
FREE CASE EVALUTION

- Personal Injuries Representation
- Real Estate Transactions
- Immigration Law
- Residential Real Estate Transactions
- Criminal Case
- Family Law Dispute & Mediation Service
- Commercial Litigation

Sarjan Luthra
B.Sc, L.L.B
Services in Hindi, Punjabi, Urdu & Arabic
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿਚ ਸੇਵਾਵਾਂ ਲਈ ਮਿਲੋ
SARJAN LUTHRA TEAM
Barrister, Solicitor & Notary Public
780-4ºº-4ºº0 Fax : 780-4º3-4205


Sohail Quadri, MLA
Edmonton Mill Woods
I am accessible anytime at
edmonton.millwoods@assembly.ab.ca
http://quadri.mypcmla.ca
101 9807 -34 Ave Edmonton AB T6E 5X9
(780)414-1000 (780)850- 4080

ZyTech
BUILDING SYSTEMS INC.
Roof Trusses Floor Systems
Lumber - Stairs
ਰਘੁਬੀਰ ਸਿੰਘ ਭੰਡਾਲ : 780-554-9192
ਜਸਪਾਲ ਸਿੰਘ ਭੰਡਾਲ : 403-226-7136
- High Quality Materials,
- Best Prices,
- On Time Delivery,
- Complete Framing Package,
- Full Range Of I Joists,
- Fully Automated - Roof Truss Manufacturing Facility
- One Call - Award Winning Service,
- Effective On Site,
- Engineering & Design Friendly,
- Multi-Cultural,
- Solution Oriented Staff,
- Community Supporter

ALL INDIA
RESTAURANT & SWEETS

Full service customized catering for Event Planning/Weddings/ Birthdays/ Anniversaries for upto 800 persons.
Special rates for temples or churches Reunions
4249-23 Ave. Edmonton, AB. Canada
Tel: 780-463-7770 www.allindiarestaurant.ca



# Supreme Pizza
## ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton

**780 485 1213 or 780 485 1231**

Try Us Tonight For Best Deal
In Town
**3 For 1**
Any 3 Toppings
12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

✪ Paneer Pizza ✪ Vegetarian ✪ Supreme Special ✪ Chicken Special ✪ The Pasta Niche



Kuldip S. Powar

# POWAR
## HOMES LTD.
Quality Custom Home Builder

ਪਾਵਰ ਹੋਮਜ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ, ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ ਦਾ ਵਾਅਦਾ, ਕੋਮਾਊਨਿਟ ਵਿਚ ਛੋਟੇ ਅਤੇ ਵੱਡੇ ਘਰ ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ, ਵਾਜਬ ਕੀਮਤਾਂ, ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ
ਰਣਜੀਤ ਸਿੰਘ ਪਵਾਰ ਅਤੇ
ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.



Ranjit S. Powar

Fax: 780-406-6797
Email: ranjit_pawar@hotmail.com

Contact At:
**Ph: 780-695-6595**

# Indo Canadian Grocery Store & Movies



ਜਿਥੋਂ ਤੁਸੀਂ ਸਾਫ਼ ਸੁਥਰੀ ਤੇ ਵਧੀਆ ਗਰੋਸਰੀ, ਹਰੀਆਂ ਤੇ ਤਾਜ਼ੀਆਂ ਸਬਜ਼ੀਆਂ, ਫਲ-ਫਰੂਟ, ਡੇਅਰੀ, ਪੂਜਾ ਦਾ ਸਾਮਾਨ ਤੇ ਗਿਫ਼ਟ ਆਇਟਮਾਂ ਵਾਜਬ ਰੇਟਾਂ 'ਤੇ ਖਰੀਦ ਸਕਦੇ ਹੋ।

ਨਵੀਆਂ ਤੇ ਪੁਰਾਣੀਆਂ ਹਿੰਦੀ, ਪੰਜਾਬੀ ਮੂਵੀਜ਼ ਦੀ ਸੀ.ਡੀ. ਅਤੇ ਡੀ.ਵੀ.ਡੀ.



Repair for Computer, Laptop & all kind of I-Phones



ਲੈਪਟਾਪ, ਕੰਪਿਊਟਰ ਤੇ ਮੋਬਾਈਲ ਦੀ ਤਸੱਲੀਬਖ਼ਸ਼ ਰਿਪੇਅਰ



Ph. 780-485-5838

ਤੁਸੀਂ ਸਾਡੇ ਕੋਲੋਂ ਕੂਕਰ, ਪਤੀਲੇ, ਪਰਾਤਾਂ, ਗਲਾਸ, ਕੌਲੀਆਂ, ਥਾਲ, ਚਮਚੇ, ਗੜਵੀਆਂ, ਜੱਗ ਅਤੇ ਹਰ ਤਰ੍ਹਾਂ ਦੇ ਬਰਤਨ ਸਸਤੇ ਰੇਟ 'ਤੇ ਲੈ ਸਕਦੇ ਹੋ।

rajan.kumar54@yahoo.com 3305 - 43Ave. Edmonton, AB

# PRITPAL KOONER
## CGA
PROFESSIONAL CORPORATION
Certified General Accountant

**Professional Accounting & Tax Services**



- Complete Accounting & Book-keeping
- Personal & Corporate Taxation
- Financial Statement Preparation

ਟੈਕਸ ਸੰਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲਈ ਕਾਲ ਕਰੋ।

**Ph:(780) 469-4985**
Fax: (780) 469-4926
Unit# 218, 4128A-97 Street, Edmonton, AB T6E 5Y6

Email: pritpal@koonercpa.com Web: www.koonercpa.com

# EAGLEROCK GOLF COURSE
## 50549, RANGE ROAD 234 EDMONTON, AB

eaglerock GOLF COURSE

ਜਨਮ ਦਿਨ , ਲੇਡੀਜ ਸੰਗੀਤ
ਵਿਆਹ-ਸ਼ਾਦੀਆਂ ਪਾਰਟੀਆਂ
50 ਤੋਂ ਲੈ ਕੇ 200 ਆਦਮੀਆਂ ਤੱਕ
ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ

Birthday Parties,
Ladies Sangeet,
Golf Tournaments,
Catering,Wedding
Banquet





ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

# ADVANCE DRIVING SCHOOL LTD.
www.advancedrivingschool.ca



2 Locations to Serve You!

- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

9253-34A Ave
Edmonton, AB

10211-100 Ave
Fort Saskatchewan, AB

**780 660 4090**



# ALPHA
## Tent Rentals
All Events Big or Small

We are in this Business Since 2001



Ladies Sangeet Jago Equipment

**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

**Umrao Ghinger: 780 237 5556**
www.alphatentrentals.com
**Office: 780 490 5354**





# ਰੈੱਡਫੋਰਡ ਵਲੋਂ ਅਸਤੀਫ਼ਾ, ਡੇਵ ਨੇ ਸੰਭਾਲੀ ਆਰਜ਼ੀ ਕਮਾਂਡ



ਐਡਮਿੰਟਨ (ਨਦਬ) : ਅਲਬਰਟਾ ਦੀ ਪ੍ਰੀਮੀਅਰ ਐਲੀਸਨ ਰੈੱਡਫੋਰਡ ਵੱਲੋਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਗਿਆ ਹੈ। ਸੱਤਾਧਾਰੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੂੰ ਇਸ ਨਾਲ ਕਾਫੀ ਝਟਕਾ ਲੱਗਿਆ ਹੈ। ਇਸ ਝਟਕੇ ਤੋਂ ਬਾਅਦ ਸਿਆਸੀ ਦਲ ਦੇ ਮੈਂਬਰ ਵਿਧਾਨ ਸਭਾ ਵਿੱਚ ਇੱਕਠੇ ਹੋਏ ਤਾਂ ਕਿ ਰੈੱਡਫੋਰਡ ਦੀ ਥਾਂ ਉੱਤੇ ਕਿਸੇ ਅੰਤਰਿਮ ਆਗੂ ਦੀ ਚੋਣ ਦਾ ਮੁੱਦਾ ਵਿਚਾਰਿਆ ਜਾ ਸਕੇ। ਰੈੱਡਫੋਰਡ ਵੱਲੋਂ ਆਪਣੇ ਸਫਰ ਉੱਤੇ ਕੀਤੇ ਗਏ ਖਰਚਿਆਂ ਤੇ ਸਰਕਾਰ ਨੂੰ ਕਥਿਤ ਤੌਰ ਉੱਤੇ ਮਿਲ ਰਹੀ ਗਲਤ ਸੇਧ ਕਰਕੇ ਪਾਰਟੀ ਵਿੱਚ ਲੰਮੇ ਸਮੇਂ ਤੋਂ ਲੜਾਈ ਚੱਲ ਰਹੀ ਸੀ। ਇਸ ਅਸਤੀਫੇ ਦਾ ਇੱਕ ਮਤਲਬ ਦੂਜੀ ਪਾਰਟੀ ਦੀ ਦਿਨੋਂ ਦਿਨ ਮਜ਼ਬੂਤ ਹੋ ਰਹੀ ਸਥਿਤੀ ਨੂੰ ਵੀ ਮੰਨਿਆ ਜਾ ਰਿਹਾ ਹੈ। ਪਿਛਲੇ ਸਮੇਂ ਦੌਰਾਨ ਫਜ਼ੂਲ ਖਰਚੀ ਅਤੇ ਆਪਣੇ ਵਤੀਰੇ ਕਾਰਨ ਰੈਡਫੋਰਡ ਵਿਵਾਦਾਂ ਵਿਚ ਘਿਰੀ ਹੋਈ ਸੀ।

ਉਧਰ ਐਲਬਰਟਾ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਕਾਕਸ ਨੇ ਡਿਪਟੀ ਪ੍ਰੀਮੀਅਰ ਡੇਵ ਹੈਂਨਕੁੱਕ ਨੂੰ ਪਾਰਟੀ ਦਾ ਕੰਮ ਚਲਾਊ ਲੀਡਰ ਅਤੇ ਐਲਬਰਟਾ ਦਾ ਪ੍ਰੀਮੀਅਰ ਚੁਣ ਲਿਆ ਗਿਆ ਹੈ। ਹੈਨਕੁੱਕ ਨੇ ਸਭ ਤੋਂ ਜ਼ਿਆਦਾ ਸਮਾਂ ਕੈਬਨਿਟ ਵਿਚ ਮਨਿਸਟਰ ਵਜੋਂ ਸੇਵਾਵਾਂ ਨਿਭਾਈਆਂ ਹਨ ਅਤੇ ਉਹ ਇਸ ਵੇਲੇ ਡਿਪਟੀ ਪ੍ਰੀਮੀਅਰ ਹੈ। ਹੈਂਨਕੁੱਕ ਨੇ ਕਿਹਾ ਕਿ ਉਹ ਇਹ ਜ਼ਿੰਮੇਵਾਰੀ ਵਕਤੀ ਤੌਰ 'ਤੇ ਹੀ ਨਿਭਾਉਣਗੇ ਅਤੇ ਪੱਕੇ ਤੌਰ 'ਤੇ ਪ੍ਰੀਮੀਅਰ ਬਣਨ ਵਿਚ ਦਿਲਚਸਪੀ ਨਹੀਂ ਰੱਖਦੇ।

# ਫਰਸਟ ਕਲਾਸ ਸਟੈਂਪ ਹੋਈ ਮਹਿੰਗੀ

ਓਟਵਾ (ਨਦਬ) : ਕੈਨੇਡਾ ਵਿੱਚ ਫਰਸਟ ਕਲਾਸ ਚਿੱਠੀ ਭੇਜਣ ਦਾ ਖਰਚਾ 35 ਫੀ ਸਦੀ ਵੱਧ ਹੋਣ ਜਾ ਰਿਹਾ ਹੈ। ਕੈਨੇਡਾ ਪੋਸਟ ਵੱਲੋਂ ਸਟੈਂਪ ਦੀ ਕੀਮਤ 63 ਸੈਂਟ ਤੋਂ ਵਧਾ ਕੇ 85 ਸੈਂਟ ਕੀਤੀ ਜਾ ਰਹੀ ਹੈ। ਇਹ ਵਧੀ ਹੋਈ ਕੀਮਤ ਉਸ ਸਮੇਂ ਲਾਗੂ ਹੋਵੇਗੀ ਜਦੋਂ ਥੋਕ ਦੇ ਭਾਅ ਸਟੈਂਪ ਖਰੀਦੀਆਂ ਜਾਣਗੀਆਂ ਪਰ ਜੇ ਕਿਸੇ ਨੇ ਇੱਕ ਫਰਸਟ ਕਲਾਸ ਸਟੈਂਪ ਖਰੀਦਣੀ ਹੋਵੇਗੀ ਤਾਂ ਉਸ ਨੂੰ ਉਹ ਇੱਕ ਡਾਲਰ ਵਿੱਚ ਪਵੇਗੀ। ਕੈਨੇਡਾ ਪੋਸਟ ਨੇ ਆਖਿਆ ਕਿ ਪਰਮਾਨੈਂਟ ਸਟੈਂਪਸ, ਜਿਨ੍ਹਾਂ ਉੱਤੇ ਪੀ ਲਿਖਿਆ ਹੋਵੇਗਾ ਉਨ੍ਹਾਂ ਨੂੰ ਤਾਂ ਹੀ ਸਵੀਕਾਰਿਆ ਜਾਵੇਗਾ ਜੇ ਉਹ ਘੱਟ ਕੀਮਤ ਉੱਤੇ ਖਰੀਦੀਆਂ ਗਈਆਂ ਹੋਣਗੀਆਂ। ਕੈਨੇਡਾ ਪੋਸਟ ਵੱਲੋਂ ਕੀਮਤਾਂ ਵਿੱਚ ਵਾਧੇ ਦਾ ਐਲਾਨ ਦਸੰਬਰ ਵਿੱਚ ਕੀਤਾ ਗਿਆ ਸੀ।

# ਮਿਲਵੁੱਡਜ਼ ਐਲ.ਆਰ.ਟੀ. ਪ੍ਰਾਜੈਕਟ ਨੂੰ ਮਿਲੇਗੀ 600 ਮਿਲੀਅਨ ਡਾਲਰ ਦੀ ਸਹਾਇਤਾ



ਐਡਮਿੰਟਨ (ਨਦਬ) : ਸਿਟੀ ਕੌਂਸਲਰ ਅਮਰਜੀਤ ਸੋਹੀ ਨੇ ਐਲ.ਆਰ.ਟੀ. ਪ੍ਰਾਜੈਕਟ ਨੂੰ ਮਿਲੀ ਮਨਜ਼ੂਰੀ 'ਤੇ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਪ੍ਰਾਜੈਕਟ ਉਨ੍ਹਾਂ ਦੀ ਸਖਤ ਮਿਹਨਤ ਦਾ ਨਤੀਜਾ ਹੈ। ਸੋਹੀ ਨੇ ਕਿਹਾ ਕਿ ਇਸ ਪ੍ਰਾਜੈਕਟ ਨੂੰ ਮਨਜ਼ੂਰੀ ਮਿਲਣ ਉਪਰੰਤ ਅਜਿਹਾ ਲੱਗ ਰਿਹਾ ਹੈ ਕਿ ਉਨ੍ਹਾਂ ਦੀ ਆਵਾਜ਼ ਨੂੰ ਸਰਕਾਰ ਨੇ ਗੰਭੀਰਤਾ ਨਾਲ ਲਿਆ ਅਤੇ ਮੰਗ ਨੂੰ ਪ੍ਰਵਾਨ ਕਰ ਲਿਆ। ਓਧਰ ਐਡਮਿੰਟਨ ਦੇ ਮੇਅਰ ਇਵੇਸਨ ਨੇ ਕਿਹਾ ਕਿ ਸ਼ਹਿਰ ਵਾਸੀ ਇਹ ਸੁਣ ਕੇ ਬਹੁਤ ਨਾਰਾਜ਼ ਸਨ ਜਦੋਂ ਇਹ ਸਾਹਮਣੇ ਆਇਆ ਕਿ ਅਲਬਰਟਾ ਸਰਕਾਰ ਇਸ ਪ੍ਰਾਜੈਕਟ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ। ਪਰ ਸਰਕਾਰ ਨੇ ਲੋਕਾਂ ਦੀ ਪ੍ਰਤੀਕਿਰਿਆ ਨੂੰ ਗੰਭੀਰਤਾ ਨਾਲ ਲਿਆ ਹੈ।

☛ ਬਾਕੀ ਸਫ਼ਾ 41 'ਤੇ



**ਕੌਂਸਲਰ ਸੋਹੀ ਨੇ ਕਿਹਾ ਮਿਹਨਤ ਦਾ ਫ਼ਲ ਮਿਲਿਆ**

# ਵਿੱਤ ਮੰਤਰੀ ਫਲਾਹਰਟੀ ਵਲੋਂ ਅਸਤੀਫ਼ਾ



ਓਟਵਾ (ਨਦਬ) ਫ਼ੈਡਰਲ ਵਿੱਤ ਮੰਤਰੀ ਜਿਮ ਫ਼ਲਾਹਰਟੀ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਫ਼ਲਾਹਰਟੀ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਆਪਣੇ ਅਸਤੀਫ਼ਾ ਬਾਰੇ ਜਾਣੂ ਕਰਵਾ ਦਿੱਤਾ ਸੀ। ਇਹ ਫੈਸਲਾ ਮੈਂ ਆਪਣੇ ਪਰਿਵਾਰ ਨਾਲ ਸਾਲ ਦੇ ਸ਼ੁਰੂ ਵਿਚ ਹੀ ਲੈ ਲਿਆ ਸੀ ਅਤੇ ਹੁਣ ਮੈਂ ਪ੍ਰਾਈਵੇਟ ਸੈਕਟਰ ਵਿਚ ਕੰਮ ਕਰਾਂਗਾ। ਪਰ ਫਲਾਹਰਟੀ ਦੇ ਬਿਆਨ ਵਿਚ ਇਹ ਸਪੱਸ਼ਟ ਨਹੀਂ ਕਿ ਉਨ੍ਹਾਂ ਨੇ ਐਮ.ਪੀ. ਵਜੋਂ ਵੀ ਅਸਤੀਫ਼ਾ ਦਿੱਤਾ ਹੈ ਜਾਂ ਨਹੀਂ। ਯਾਦ ਰਹੇ ਕਿ ਫਲ਼ਾਹਰਟੀ 2006 ਤੋਂ ਫੈਡਰਲ ਵਿੱਤ ਮੰਤਰੀ ਰਹੇ ਹਨ ਅਤੇ ਉਨ੍ਹਾਂ ਨੇ ਇਸ ਸਾਲ ਦੇ ਬਜਟ ਵਿਚ ਫੈਡਰਲ ਬਜਟ ਨੂੰ ਸੰਤੁਲਤ ਕਰਨ ਦਾ ਵਾਅਦਾ ਕੀਤਾ ਸੀ। ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਫਲਾਹਰਟੀ ਦੇ ਅਸਤੀਫ਼ੇ 'ਤੇ ਆਪਣਾ ਬਿਆਨ ਦਿੰਦਿਆਂ ਕਿਹਾ ਕਿ ਫਲ਼ਾਹਰਟੀ ਨੇ ਆਪਣੇ 20 ਸਾਲਾਂ ਦੇ ਰਾਜਨੀਤਕ ਸਫ਼ਰ ਦੌਰਾਨ ਬਿਹਤਰੀਨ ਕਾਰਗੁਜ਼ਾਰੀ ਦਿਖਾਈ ਹੈ ਅਤੇ ਉਹ ਆਪਣੇ ਦੇਸ਼ ਨੂੰ ਬੇਹਤਰ ਵਿੱਤੀ ਸਥਿਤੀ ਵਿਚ ਛੱਡ ਕੇ ਜਾ ਰਹੇ ਹਨ।

# ਜੋਈ ਓਲੀਵਰ ਹੋਣਗੇ ਕਨੇਡਾ ਦੇ ਅਗਲੇ ਵਿੱਤ ਮੰਤਰੀ



ਓਟਵਾ (ਨਦਬ) : ਕੁਦਰਤੀ ਵਸੀਲਿਆਂ ਦੇ ਵਿਕਾਸ ਬਾਰੇ ਮੰਤਰੀ ਜੋਈ ਓਲੀਵਰ ਕਨੇਡਾ ਦੇ ਅਗਲੇ ਵਿੱਤ ਮੰਤਰੀ ਹੋਣਗੇ। 2011 ਵਿਚ ਹਾਊਸ ਆਫ ਕਾਮਨਜ਼ ਲਈ ਚੁਣੇ ਗਏ ਓਲੀਵਰ ਨੂੰ ਜਲਦ ਹੀ ਮੰਤਰੀ ਮੰਡਲ ਵਿਚ ਸ਼ਾਮਲ ਕਰ ਲਿਆ ਗਿਆ ਸੀ। ਉਨ੍ਹਾਂ ਨੂੰ ਕੁਦਰਤੀ ਵਸੀਲਿਆਂ ਦੇ ਵਿਕਾਸ ਬਾਰੇ ਮੰਤਰਾਲਾ ਸੌਂਪਿਆ ਗਿਆ ਸੀ। ਸਿਆਸਤ ਵਿਚ ਦਾਖ਼ਲ ਹੋਣ ਤੋਂ ਪਹਿਲਾਂ 73 ਸਾਲਾ ਓਲੀਵਰ ਓਨਟਾਰੀਓ ਸਕਿਊਰਿਟੀਜ਼ ਕਮਿਸ਼ਨ ਵਿਚ ਅਗਜ਼ੈਕਟਿਵ ਡਾਇਰੈਕਟਰ ਸਨ। ਇਸ ਤੋਂ ਇਲਾਵਾ ਉਨ੍ਹਾਂ ਨੂੰ ਇਨਵੈਸਟਮੈਂਟ ਡੀਲਰਜ਼ ਐਸੋਸੀਏਸ਼ਨ ਆਫ ਕਨੇਡਾ ਦਾ ਸੀਈਓ ਵੀ ਨਿਯੁਕਤ ਕ੍ਰੀਤਾ ਗਿਆ ਸੀ। ਟੋਰਾਂਟੋ ਤੋਂ ਐਮ.ਪੀ. ਰਹੇ ਓਲੀਵਰ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਫਾਇਨਾਂਸ਼ੀਅਲ ਮੈਨੇਜਮੈਂਟ ਫਰਮ ਮੈਰਿਲ ਲਿੰਚ ਵਿਚ ਇਨਵੈਸਟਮੈਂਟ ਬੈਂਕਿੰਗ ਰਾਹੀਂ ਕੀਤੀ ਸੀ।

# ਮੈਡੀਕਲ ਕਾਰਨਾਂ ਲਈ ਮਰੀਜ਼ ਆਪਣੇ ਵਾਸਤੇ ਉਗਾ ਸਕਦੇ ਹਨ ਮੈਰੀਜੁਆਨਾ : ਅਦਾਲਤ



ਵੈਨਕੂਵਰ (ਨਦਬ) : ਕੰਜ਼ਰਵੇਟਿਵ ਸਰਕਾਰ ਵੱਲੋਂ ਮੈਡੀਕਲ ਮੈਰੀਜੁਆਨਾ ਪੌਦਿਆਂ ਨੂੰ ਮਰੀਜ਼ਾਂ ਦੀ ਬੇਸਮੈਂਟ ਵਿੱਚੋਂ ਕੱਢ ਕੇ ਕਮਰਸ਼ੀਅਲ ਫਸਿਲਿਟੀਜ਼ ਦਾ ਜਾਮਾ ਪਹਿਨਾਉਣ ਦੀ ਯੋਜਨਾ ਨੂੰ ਉਸ ਸਮੇਂ ਵੱਡਾ ਧੱਕਾ ਲੱਗਿਆ ਜਦੋਂ ਫੈਡਰਲ ਕੋਰਟ ਦੇ ਜੱਜ ਨੇ ਇਹ ਫੈਸਲਾ ਦੇ ਦਿੱਤਾ ਕਿ ਜਿਸ ਕਿਸੇ ਕੋਲ ਮੈਰੀਜੁਆਨਾ ਉਗਾਉਣ ਦਾ ਲਾਇਸੰਸ ਹੈ ਉਹ ਅਜਿਹਾ ਕਰਨਾ ਜਾਰੀ ਰੱਖ ਸਕਦਾ ਹੈ। ਜੱਜ ਮਾਈਕਲ ਮੈਨਸਨ ਵੱਲੋਂ ਫੈਸਲਾ ਸੁਣਾਇਆ ਗਿਆ ਹੈ ਕਿ ਮੌਜੂਦਾ ਨਿਯਮਾਂ ਤਹਿਤ ਮੈਡੀਕਲ ਕਾਰਨਾਂ ਕਰਕੇ ਮੈਰੀਜੁਆਨਾ ਰੱਖਣ ਤੇ ਜਾਂ ਫਿਰ ਆਪਣੇ ਲਈ ਜਾਂ ਕਿਸੇ ਹੋਰ ਲਈ ਘਰ ਵਿੱਚ ਮੈਡੀਕਲ ਮੈਰੀਜੁਆਨਾ ਉਗਾਉਣ ਵਾਲਿਆਂ ਨੂੰ ਉਨ੍ਹਾਂ ਨਵੇਂ ਰੈਗੂਲੇਸ਼ਨਜ਼ ਤੋਂ ਛੋਟ ਹੋਵੇਗੀ ਜਿਨ੍ਹਾਂ ਵਿੱਚ ਇਸ ਤਰ੍ਹਾਂ ਦੇ ਰੁਝਾਨ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਮਰੀਜ਼ਾਂ ਦੇ ਇੱਕ ਗਰੁੱਪ ਨੇ ਆਪਣੇ ਕੇਸ ਦੀ ਸੁਣਵਾਈ ਤੋਂ ਪਹਿਲਾਂ ਯਥਾਸਥਿਤੀ ਬਰਕਰਾਰ ਰੱਖਣ ਲਈ ਅਦਾਲਤ ਨੂੰ ਹੁਕਮ ਦੇਣ ਦੀ ਗੁਹਾਰ ਲਾਈ ਸੀ। ਦੂਜੇ ਪਾਸੇ ਪਿਛਲੇ ਸਾਲ ਫੈਡਰਲ ਸਰਕਾਰ ਨੇ ਮੈਡੀਕਲ ਕਾਰਨਾਂ ਕਰਕੇ ਘਰਾਂ ਵਿੱਚ ਉਗਾਈ ਜਾਣ ਵਾਲੀ ਮੈਰੀਜੁਆਨਾ ਦੀ ਗਲਤ ਵਰਤੋਂ ਰੋਕਣ ਲਈ ਇਸ ਸਾਰੀ ਪ੍ਰਕਿਰਿਆ ਨੂੰ ਨਵਾਂ ਰੰਗਰੂਪ ਦੇਣ ਦਾ ਉਪਰਾਲਾ ਸ਼ੁਰੂ ਕੀਤਾ ਸੀ। ਫੈਡਰਲ ਸਰਕਾਰ ਦਾ ਕਹਿਣਾ ਸੀ ਕਿ ਮੌਜੂਦਾ ਸਿਸਟਮ ਕਾਬੂ ਤੋਂ ਬਾਹਰ ਹੋ ਚੁੱਕਿਆ ਹੈ ਤੇ ਇਸ ਦੀ ਆੜ ਵਿੱਚ ਕਈ ਮੁਜਰਮ ਆਪਣਾ ਉੱਲੂ ਸਿੱਧਾ ਕਰ ਰਹੇ ਹਨ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਅਦਾਲਤ ਦੇ ਇਸ ਨਵੇਂ ਹੁਕਮ ਨਾਲ ਨਵੇਂ ਲਾਇਸੰਸਿੰਗ ਸਿਸਟਮ ਉੱਤੇ ਕੋਈ ਅਸਰ ਨਹੀਂ ਪਵੇਗਾ।


SAHARA INSURANCE GROUP

ਸੁਪਰ ਵੀਜ਼ਾ ਇੰਸ਼ੋਰੈਂਸ ਲਈ ਅੱਜ ਹੀ ਕਾਲ ਕਰੋ



Truck Loan Insurance

Life Insurance
Mortgage Insurance
Disability Insurance
Visitor Insurance
RESP, RRSP
Retirement Planning
Dental Insurance

DEEP GREWAL
204-996-2571



Unit # F-10, 1833 INKSTER BLVD, WINNIPEG, MB R2X 1R3
Fax: (204) 480-8708 deepgrewal12@gmail.com www.saharainsurancegroup.ca



Maple DENTAL CLINIC

ਦੰਦਾਂ ਦੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਲਈ ਫ਼ੋਨ ਕਰੋ
ਤੁਹਾਡਾ ਬਿਲ ਸਿੱਧਾ ਇੰਸ਼ੋਰੈਂਸ ਕੰਪਨੀ ਨੂੰ ਭੇਜ ਸਕਦੇ ਹਾਂ।



Cosmetic and preventive Dentistry including:

Cleaning, Invisalign, Fillings, Root Canals, TMJ
Crowns & Bridges, Partial & Full Dentures, Sports & Night Guards, Teeth Whitening, Extractions

Take Home Whitening Kits
with new patient exams & cleaning !

Clinic Hours:
Monday & Friday: 9 am to 5 pm
Tuesday, Wednesday & Thursday: 11 am to 7 pm
Saturday: 8 am to 2 pm

Dr. Sandeep Dhaliwal
DMD

4444-3° Ave NW Edmonton, AB T°L 3S1
780-440-5001
www. mapledentalclinic.ca
Email : mapledent@shaw.ca

# Komagata Maru Centennial Commemoration 2014

**A Tribute to Patriots and Heroes of the Komagata Maru Movement**



Organizer

**Progressive Peoples Foundation of Edmonton (PPFE)**

&

**Punjab United Sports & Heritage Association of Edmonton (PUSHA)**



## 7th Shaheed Bhagat Singh Sports Tournament

Dedicated to Shaheed Bhagat Singh and his co-patriots Raj Guru & Sukhdev

To provide a platform for our youth to play Soccer with a mission to strengthen community participation & infuse leadership spirit among them.



## Saturday June 28 & Sunday June 29, 2014

**Tournament Registration**

***Last date: April 19, 2014***

(Fee will be $30, but after the last date of Registration the Fee will be $40.)

@Pollard Meadows School (1751 48 St NW Edmonton AB)

**First day of Camp: May 3, 2014**

Camp Day & Time: Every Saturday 2 to 4 pm

For More Information Contact :

Dalbir Sangione: 780 995 5475
Mohinder Banga: 780 913 1820
Iqbal Mahal: 780 995 7035
Gurvarinder Gill: 780 497 8801
Gurcharan Brar: 780 265 3752
Bakhash Sangha: 780 660 7520
Kirtmeet Kohar: 780 200 5328
Kamaljit Sidhu: 780 499 9913: Raju Virk: 780 298 4499
Dr. P.R Kalia: 780 485 2989: Gursewak Mann: 587 920 7710
Jagdev Sohi: 780 940 9941: Navtej Bains: 780 200 2872
Joginder Randhawa: 780 914 6251; Usha Bhachhu: 780 200 3078
Surinder Deol: 780 239 9038; Parminder Sooch: 780 297 6105
Jasvir Deol 780 906 4497; Kuldip Dhaliwal: 780 278 0627

# ਕਾਮਾਗਾਟਾ ਮਾਰੂ ਸ਼ਤਾਬਦੀ ਨੂੰ ਸਮਰਪਤ 'ਕੌਮਾਂਤਰੀ ਮਹਿਲਾ ਦਿਵਸ'



ਐਡਮਿੰਟਨ (ਕਿਰਤਮੀਤ) : ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਆਫ਼ ਐਡਮਿੰਟਨ (ਪੀ.ਪੀ.ਐਫ਼.ਈ.) ਵਲੋਂ ਕਾਮਾਗਾਟਾ ਮਾਰੂ ਸ਼ਤਾਬਦੀ ਨੂੰ ਸਮਰਪਤ ਤੀਸਰਾ ਕੌਮਾਂਤਰੀ ਮਹਿਲਾ ਦਿਵਸ ਪੀ.ਸੀ.ਏ. ਹਾਲ ਵਿਖੇ ਮਨਾਇਆ ਗਿਆ। ਇਸ ਵਿਚ ਬੁਲਾਰਿਆਂ ਨੇ ਸਮਾਜਕ ਵਿਕਾਸ ਅੰਦਰ ਔਰਤ ਦੇ ਇਤਿਹਾਸਕ ਰੋਲ ਅਤੇ ਅਜੋਕੀਆਂ ਪ੍ਰਸਥਿਤੀਆਂ ਅੰਦਰ ਔਰਤ ਦੀ ਦਿਸ਼ਾ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਕਾਮਾਗਾਟਾ ਮਾਰੂ ਦੇ ਸ਼ਹੀਦਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਦੀ ਸ਼ੁਰੂਆਤ ਕਰਦਿਆਂ ਫਾਊਂਡੇਸ਼ਨ ਦੇ ਸਰਗਰਮ ਮੈਂਬਰ ਮੈਡਮ ਬਖ਼ਸ਼ ਸੰਘਾ ਨੇ ਕਿਹਾ ਕਿ ਔਰਤਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਦੀ ਲੋੜ ਹੈ। ਸਮਾਜ ਨੂੰ ਔਰਤਾਂ ਪ੍ਰਤੀ ਆਪਣਾ ਨਜ਼ਰੀਆ ਬਦਲਣ ਦੀ ਲੋੜ ਹੈ। ਬਖ਼ਸ਼ ਸੰਘਾ ਨੇ ਕਿਹਾ ਕਿ ਨਾਰੀ ਮੁਕਤੀ ਅੰਦੋਲਨ ਕੇਵਲ ਔਰਤ ਦਾ ਅੰਦੋਲਨ ਹੀ ਨਹੀਂ ਹੈ ਸਗੋਂ ਇਸ ਅੰਦੋਲਨ ਵਿਚ ਮਰਦ ਦਾ ਵੀ ਪੂਰਾ ਪੂਰਾ ਸਾਥ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਔਰਤ, ਮਰਦ ਦੀ ਵਿਰੋਧੀ ਨਹੀਂ ਹੈ ਬਲਕਿ ਮਰਦ ਪ੍ਰਧਾਨ ਸਮਾਜ ਨੂੰ ਬਦਲਣ ਵਾਸਤੇ ਮਰਦ ਦਾ ਸਾਥ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਔਰਤ ਅੱਜ ਘਰ ਅੰਦਰ ਰੱਖੀ ਹੋਈ ਸਜਾਵਟੀ ਵਸਤੂ ਨਹੀਂ ਸਗੋਂ ਹਰ ਖੇਤਰ ਵਿਚ ਮਰਦ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਸਾਥ ਦੇ ਰਹੀ ਹੈ ਪਰ ਔਰਤ ਨੂੰ ਉਸ ਦਾ ਬਣਦਾ ਸਥਾਨ ਉਦੋਂ ਤਕ ਨਹੀਂ ਮਿਲੇਗਾ ਜਦੋਂ ਤਕ ਔਰਤ ਦਾ ਮੰਡੀਕਰਨ ਬੰਦ ਨਹੀਂ ਹੁੰਦਾ। ਇਹ ਹੀ ਨਾਰੀ ਮੁਕਤੀ ਦੀ ਪਹਿਲੀ ਸ਼ਰਤ ਹੈ।

ਚਰਚਾ ਨੂੰ ਅੱਗੇ ਤੋਰਦਿਆਂ ਇਸ ਸਮਾਗਮ ਵਿਚ ਮੈਡਮ ਨਿਰਲੇਪ ਰਾਏ ਨੇ ਕਿਹਾ ਕਿ ਕਨੇਡੀਅਨ ਅੰਕੜਿਆਂ ਮੁਤਾਬਕ ਕਨੇਡਾ ਵਰਗੇ ਵਿਕਸਤ ਦੇਸ਼ਾਂ ਵਿਚ ਅੱਜ ਵੀ ਔਰਤਾਂ ਘਰੇਲੂ ਹਿੰਸਾ ਅਤੇ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਔਰਤ ਨੂੰ ਸਿਰਫ਼ ਦੇਹ ਦੀ ਦ੍ਰਿਸ਼ਟੀ ਤੋਂ ਦੇਖਣਾ ਔਰਤ ਦੀ ਤੌਹੀਨ ਹੈ। ਉਨ੍ਹਾਂ ਕਿਹਾ ਕਿ ਔਰਤ ਸਿਰਫ਼ ਦੇਹ ਨਹੀਂ ਸ੍ਰਿਸ਼ਟੀ ਹੈ ਤੇ ਇਸ ਸੰਸਾਰ ਦੀ ਸਾਰੀ ਕਾਰਜਸ਼ਕਤੀ ਔਰਤ ਦੀ ਤਾਕਤ ਵਿਚ ਲੁਕੀ ਹੋਈ ਹੈ। ਉਨ੍ਹਾਂ ਨਾਲ ਹੀ ਜੋੜਿਆ ਕਿ ਔਰਤ ਦੀਆਂ ਮੁਸੀਬਤਾਂ ਦੀ ਅਸਲ ਜੜ੍ਹ ਮਰਦ ਪ੍ਰਧਾਨ ਸਮਾਜ ਦੀ ਉਹ ਮਾਨਸਿਕਤਾ ਹੈ ਜਿਸ ਤਹਿਤ ਔਰਤ ਨੂੰ ਸਦਾ ਹੀ ਤੀਸਰੇ ਦਰਜੇ 'ਤੇ ਰੱਖਿਆ ਜਾਂਦਾ ਹੈ।

ਅਰਵਿੰਦ ਸੇਖੋਂ, ਊਸ਼ਾ ਭੱਚੂ, ਮੈਡਮ ਪਨੂੰ, ਜਰਨੈਲ ਕੌਰ ਧਾਲੀਵਾਲ ਨੇ ਸਾਂਝੇ ਤੌਰ 'ਤੇ ਕਿਹਾ ਕਿ ਔਰਤਾਂ ਲਈ ਆਜ਼ਾਦੀ ਮਨਪਸੰਦ ਪਹਿਰਾਵਾ ਤੇ ਖਾਣ ਪੀਣ ਨਹੀਂ, ਔਰਤ ਵਲੋਂ ਲਏ ਗਏ ਫ਼ੈਸਲਿਆਂ ਨੂੰ ਮਾਨਤਾ ਦੇਣੀ ਹੀ ਉਸ ਦੀ ਅਸਲ ਆਜ਼ਾਦੀ ਹੈ। ਉਨ੍ਹਾਂ ਕਿਹਾ ਕਿ ਅਫ਼ਸੋਸ ਇਹ ਹੈ ਕਿ ਔਰਤ ਆਪਣੇ ਫ਼ੈਸਲੇ ਲੈਣ ਦੀ ਤਾਕਤ ਨੂੰ ਜਗ੍ਹਾ ਨਹੀਂ ਰਹੀ। ਉਨ੍ਹਾਂ ਕਿਹਾ ਕਿ ਇਸਤਰੀ ਸਮਾਜ ਇਸ ਸਮੁੱਚੇ ਮਨੁੱਖੀ ਸਮਾਜ ਦਾ ਸਭ ਤੋਂ ਮਹੱਤਵਪੂਰਨ ਅੰਗ ਹੈ ਪਰ ਇਸ ਦੇ ਬਾਵਜੂਦ ਇਸਤਰੀ ਨੂੰ 'ਜਿਵੇਂ ਹੈ ਉਵੇਂ ਹੀ' ਰੱਖੇ ਜਾਣ ਦੀਆਂ ਸਾਜ਼ਿਸ਼ਾਂ ਰਚੀਆਂ ਜਾਂਦੀਆਂ ਹਨ। ਇਸ ਵਰਤਾਰੇ ਦਾ ਤੋੜ ਨਾਰੀ ਅੰਦੋਲਨ ਵਿਚ ਪਿਆ ਹੈ, ਜਿਸ ਨੂੰ ਤਿੱਖਾ ਕੀਤੇ ਬਿਨਾਂ ਮਸਲੇ ਹੱਲ ਨਹੀਂ ਹੋ ਸਕਦੇ। ਬੁਲਾਰਿਆਂ ਨੇ ਕਿਹਾ ਕਿ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਔਰਤ ਹੀ ਔਰਤ ਦੀ ਦੁਸ਼ਮਣ ਹੈ ਪਰ ਸੱਚ ਇਹ ਹੈ ਕਿ ਇਹ ਵੀ ਮਰਦ ਪ੍ਰਧਾਨ ਸਮਾਜ ਦੀ ਸਾਜ਼ਿਸ਼ ਹੀ ਹੈ ਕਿ ਔਰਤ ਨੂੰ ਔਰਤ ਦੀ ਦੁਸ਼ਮਣ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਜਦਕਿ ਔਰਤ ਜੇ ਇਸ ਤਰ੍ਹਾਂ ਦਾ ਕੋਈ ਫ਼ੈਸਲਾ ਲੈਂਦੀ ਹੈ, ਜੋ ਔਰਤ ਦੇ ਹੱਕ ਵਿਚ ਨਹੀਂ ਜਾਂਦਾ ਤਾਂ ਉਹ ਫ਼ੈਸਲਾ ਵੀ ਮਰਦ ਪ੍ਰਧਾਨ ਸਮਾਜ ਦੇ ਭਾਰੀ ਦਬਾਅ ਕਰ ਕੇ ਹੀ ਲਿਆ ਜਾਂਦਾ ਹੈ। ਇਸੇ ਕਰ ਕੇ ਕੁੜੀ ਦੇ ਜਨਮ ਸਮੇਂ ਸਭ ਤੋਂ ਪਹਿਲਾਂ ਔਰਤ ਵਲੋਂ ਹੀ ਅਫ਼ਸੋਸ ਜਿਤਾਇਆ ਜਾਂਦਾ ਹੈ।

## ਟਰੱਕ ਡਰਾਈਵਰਾਂ ਤੇ ਸਰਕਾਰ ਵਿਚਾਲੇ ਕਰਾਰ ਸਿਰੇ ਚੜ੍ਹਿਆ, ਹੜਤਾਲ ਖ਼ਤਮ

ਵਿਕਟੋਰੀਆ (ਨਦਬ) : ਲੰਮੇ ਸਮੇਂ ਤੋਂ ਚੱਲੀ ਆ ਰਹੀ ਹੜਤਾਲ ਨੂੰ ਖ਼ਤਮ ਕਰਨ ਲਈ ਕੈਨੇਡਾ ਦੀ ਸਭ ਤੋਂ ਵੱਡੀ ਬੰਦਰਗਾਹ ਨਾਲ ਜੁੜੇ ਟਰੱਕ ਡਰਾਈਵਰ ਆਖਿਰਕਾਰ ਰਾਜ਼ੀ ਹੋ ਗਏ ਹਨ। ਟਰੱਕ ਡਰਾਈਵਰਾਂ ਦੀ ਇਸ ਵੱਡੀ ਪੱਧਰ ਉੱਤੇ ਕੀਤੀ ਗਈ ਹੜਤਾਲ ਕਾਰਨ ਸੈਂਕੜੇ ਮਿਲੀਅਨ ਡਾਲਰ ਦਾ ਮਾਲ ਵੈਨਕੂਵਰ ਦੀ ਇਸ ਬੰਦਰਗਾਹ ਉੱਤੇ ਰੁਕਿਆ ਪਿਆ ਸੀ। ਇਸ ਹੜਤਾਲ ਕਾਰਨ ਪ੍ਰੋਵਿੰਸ਼ੀਅਲ ਤੇ ਫੈਡਰਲ ਸਰਕਾਰਾਂ ਦੇ ਵੀ ਭਾਅ ਦੀ ਬਣੀ ਹੋਈ ਸੀ। ਬੀਸੀ ਦੀ ਪ੍ਰੀਮੀਅਰ ਕ੍ਰਿਸਟੀ ਕਲਾਰਕ ਨੇ ਆਖਿਆ ਕਿ ਇਸ ਕਰਾਰ ਦਾ ਭਾਵ ਹੈ ਕਿ ਹੁਣ ਸਾਡੀ ਬੰਦਰਗਾਹ ਉੱਤੇ ਵੀ ਕੰਮ ਸ਼ੁਰੂ ਹੋ ਜਾਵੇਗਾ। ਕਲਾਰਕ ਤੇ ਉਸ ਦੇ ਦੋ ਹੋਰ ਮੰਤਰੀਆਂ ਟਰਾਂਸਪੋਰਟੇਸ਼ਨ ਮੰਤਰੀ ਟੌਡ ਸਟੋਨ ਤੇ ਜੌਬਜ਼ ਮੰਤਰੀ ਸਰਲੇ ਬੌਂਡ ਨੂੰ ਟਰੱਕ ਡਰਾਈਵਰਾਂ ਨਾਲ ਹੱਥ ਮਿਲਾਉਂਦਿਆਂ ਤੇ ਇਸ ਕਰਾਰ ਉੱਤੇ ਸਹੀ ਪਾਉਂਦਿਆਂ ਵੇਖਿਆ ਗਿਆ। ਕਲਾਰਕ ਨੇ ਆਖਿਆ ਕਿ ਸਾਨੂੰ ਦੋਵਾਂ ਧਿਰਾਂ ਨੂੰ ਇੱਕਜੁੱਟ ਹੋ ਕੇ ਬੈਠਣ ਤੇ ਇੱਕ ਦੂਜੇ ਦਾ ਮਸਲਾ ਸਮਝ ਕੇ ਹੱਲ ਕਰਨ ਵਿੱਚ ਬਹੁਤਾ ਸਮਾਂ ਨਹੀਂ ਲੱਗਿਆ ਤੇ ਇਸੇ ਗੱਲ ਦੀ ਕਮੀ ਕਾਰਨ ਇਹ ਹੜਤਾਲ ਚੱਲ ਰਹੀ ਸੀ। ਕਲਾਰਕ ਨੇ ਆਖਿਆ ਕਿ ਇਸ ਤੋਂ ਭਾਵ ਹੈ ਕਿ ਸਰਕਾਰ ਨੂੰ ਇਸ ਹਫਤੇ ਜਾਰੀ ਕੀਤਾ ਗਿਆ ਬੈਕ ਟੂ ਵਰਕ ਕਾਨੂੰਨ ਵਾਪਿਸ ਲੈਣਾ ਹੋਵੇਗਾ।


ਡਰਾਈਵਰਾਂ ਦੀ ਲੋੜ

ਏ.ਕੇ. ਨਿੱਝਰ ਟਰੱਕਿੰਗ ਲਿਮ. ਕੰਪਨੀ ਨੂੰ ਲੌਂਗ ਹਾਲ, ਸੈਂਡ ਐਂਡ ਗਰੈਵਲ ਟਰੱਕਾਂ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਘੱਟੋ ਘੱਟ ਤਿੰਨ ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ। ਵਧੀਆ ਤਨਖ਼ਾਹ।



ਸੰਪਰਕ : 780-271-5061

Email : v.nijjar@yahoo.ca



Emergency Service 24x7

Free Estimate with Treatment

GOLDEN ARROW PEST CONTROL INC.



CALL @ 780 462 6669

Specializing in:
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.

PROFESSIONAL CERTIFIED SERVICE PROVIDER FOR:
&

* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts

ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।

M.S. (Sunny)
Expert Certified Service Technician
780 243 6705

908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com





ਇਸਤਰੀਆਂ ਅਤੇ ਮਰਦਾਂ ਦੇ ਹਰ ਕਿਸਮ ਦੇ ਕਪੜਿਆਂ ਨੂੰ ਠੀਕ ਕਰਵਾਉਣ (Alternation) ਲਈ ਸੰਪਰਕ ਕਰੋ। ਮਰਦਾਂ ਦੇ ਪਜਾਮੇ ਕੁੜਤੇ, ਪਠਾਣੀ ਸੂਟ, ਨਾਈਟ ਸੂਟ ਸਿਲਾਉਣ ਲਈ ਮਿਲੋ

ਰਵੀ ਵਰਮਾ

780-995-4461

# ਅਲਬਰਟਾ ਸਰਕਾਰ ਵਲੋਂ ਬਜਟ ਪੇਸ਼

ਐਡਮਿੰਟਨ- ਪਿਛਲੇ ਦਿਨੀਂ ਅਲਬਰਟਾ ਸਰਕਾਰ ਵੱਲੋਂ 2014 ਦਾ ਬਜਟ ਪੇਸ਼ ਕੀਤਾ ਗਿਆ, ਜਿਸਨੂੰ ਲੈ ਕੇ ਸੂਬੇ ਵਿੱਚ ਚੌਤਰਫ਼ੀ ਬਹਿਸ ਛਿੜੀ ਹੋਈ ਹੈ। ਸਰਕਾਰ ਦਾ ਕਹਿਣਾ ਹੈ ਕਿ ਇਹ ਪੂਰੀ ਤਰ੍ਹਾਂ ਸੰਤੁਲਤ ਬਜਟ ਹੈ ਤੇ ਇਸਨੂੰ ਲੰਮੇ ਵਿਚਾਰ ਵਟਾਂਦਰੇ ਤੋਂ ਬਾਅਦ ਆਖ਼ਰੀ ਸ਼ਕਲ ਦਿੱਤੀ ਗਈ ਹੈ। ਦੂਜੇ ਪਾਸੇ ਮਾਹਿਰਾਂ ਦਾ ਕਹਿਣਾ ਹੈ ਕਿ ਬਜਟ ਵਿਚ ਬਹੁਤ ਸਾਰੀਆਂ ਊਣਤਾਈਆਂ ਹਨ ਸਰਕਾਰ ਜਾਂ ਵਿੱਤ ਮੰਤਰਾਲੇ ਵਲੋਂ ਉਨ੍ਹਾਂ ਨੂੰ ਲੈ ਕੇ ਸੰਤੁਲਤ ਵਿਚਾਰ ਵਟਾਂਦਰਾ ਕੀਤਾ ਜਾਣਾ ਚਾਹੀਦਾ ਸੀ ਪਰ ਅਜਿਹਾ ਨਹੀਂ ਕੀਤਾ ਗਿਆ। ਮਾਹਿਰਾਂ ਦਾ ਕਹਿਣਾ ਹੈ ਕਿ ਸਰਕਾਰ ਦੀ ਆਰਥਕ ਵਿਕਾਸ ਬਾਰੇ ਦਲੀਲ ਇਹ ਹੈ ਕਿ ਸੂਬੇ ਦਾ ਮਾਲੀਆ ਪਿਛਲੇ ਸਾਲਾਂ ਵਿੱਚ ਵਧਿਆ ਹੈ, ਜੇਕਰ ਸੱਚਮੁੱਚ ਅਜਿਹਾ ਹੈ ਤਾਂ ਫਿਰ ਸਰਕਾਰ ਨੂੰ ਵਿਕਾਸ ਦੇ ਮੁਢਲੇ ਕਾਰਜਾਂ ਲਈ ਕਰਜ਼ਾ ਕਿਉਂ ਚੁੱਕਣਾ ਪੈ ਰਿਹਾ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਸਮੇਂ ਦੌਰਾਨ ਸੂਬੇ ਵਿਚ ਤੇਲ ਤੋਂ ਆਉਣ ਵਾਲੇ ਮਾਲੀਏ 'ਚ ਲਗਾਤਾਰ ਵਾਧਾ ਹੋਇਆ ਹੈ ਪਰ ਇਸਦੇ ਬਾਵਜੂਦ ਸਰਕਾਰ ਸਿੱਖਿਆ, ਸਿਹਤ ਅਤੇ ਅਜਿਹੇ ਹੋਰ ਬੁਨਿਆਦੀ ਕਾਰਜਾਂ ਦੇ ਨਾਂ 'ਤੇ ਕਰਜ਼ਾ ਚੁੱਕ ਰਹੀ ਹੈ। ਇਹੀ ਨਹੀਂ ਸਰਕਾਰ ਵਲੋਂ ਕਿਹਾ ਗਿਆ ਸੀ ਕਿ ਇਸ ਵਾਰ ਦਾ ਬਜਟ ਮਾਡਲ ਬਜਟ ਹੋਵੇਗਾ, ਪਰ ਹੁਣ ਜਦ ਬਜਟ ਸਾਹਮਣੇ ਆ ਗਿਆ ਹੈ ਤਾਂ ਸਪੱਸ਼ਟ ਹੋ ਗਿਆ ਹੈ ਕਿ ਸਰਕਾਰ ਦੇ ਵਿੱਤੀ ਅੰਦਾਜ਼ੇ ਕਾਫ਼ੀ ਹੱਦ ਤਕ ਗਲਤ ਸਾਬਤ ਹੋਏ ਹਨ। ਇਸ ਸਬੰਧੀ ਸੂਬੇ ਦੇ ਵਿੱਤ ਮੰਤਰੀ ਡੌਗ ਹੌਰਨਰ ਦਾ ਕਹਿਣਾ ਹੈ ਕਿ ਪਿਛਲੇ ਸਾਲ ਨਾਲੋਂ ਇਸ ਵਾਰ ਖਰਚ ਦੇ ਬਜਟ ਵਿਚ ਇਕ ਬਿਲੀਅਨ ਦਾ ਵਾਧਾ ਕੀਤਾ ਗਿਆ ਹੈ, ਬਜਟ 'ਚ ਕੀਤੇ ਗਏ ਇਸ ਵਾਧੇ ਨਾਲ ਵੱਧ ਅਧਿਆਪਕ, ਨਰਸਾਂ ਅਤੇ ਡਾਕਟਰ ਭਰਤੀ ਕੀਤੇ ਜਾਣਗੇ, ਇਸ ਤੋਂ ਇਲਾਵਾ ਖੇਡ ਖੇਤਰ ਵਿਚ ਵੀ ਕੁੱਝ ਵੱਖਰਾ ਕੀਤਾ ਜਾ ਸਕੇਗਾ। ਵਿੱਤ ਮੰਤਰੀ ਨੇ ਬਜਟ ਪੇਸ਼ ਕਰਨ ਤੋਂ ਪਹਿਲਾਂ ਕੀਤੀ ਗਈ ਕਾਨਫਰੰਸ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਸੀ ਕਿ ਸਮੁੱਚੇ ਰੂਪ ਵਿਚ ਸਾਡਾ ਬਜਟ ਸੰਤੁਲਤ ਹੈ ਤੇ ਅਸੀਂ ਬਿਲਕੁੱਲ ਸੁਰੱਖਿਅਤ ਹਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅੱਜ ਸੂਬੇ ਦੀ ਹਾਲਤ ਹਰ ਨਜ਼ਰੀਏ ਤੋਂ ਬਿਹਤਰ ਹੈ।

ਜੇਕਰ ਕਰਜ਼ ਬਾਰੇ ਸਰਕਾਰ ਦੇ ਨਜ਼ਰੀਏ ਦੀ ਗੱਲ ਕਰੀਏ ਤਾਂ ਸਰਕਾਰ ਦਾ ਕਹਿਣਾ ਹੈ ਕਿ ਇਕੱਲੇ ਟੈਕਸ ਨਾਲ ਆਬਾਦੀ ਦੇ ਹਿਸਾਬ ਮੁਤਾਬਕ ਮੁੱਢਲੀਆਂ ਸਹੂਲਤਾਂ ਨੂੰ ਸੰਤੁਲਤ ਨਹੀਂ ਰੱਖਿਆ ਜਾ ਸਕਦਾ। ਇਹੀ ਕਾਰਣ ਹੈ ਕਿ ਇਸ ਸਾਲ ਸਰਕਾਰ ਵੱਲੋਂ ਮੁੱਢਲੀਆਂ ਸਹੂਲਤਾਂ ਲਈ ਲਿਆ ਗਿਆ ਕਰਜ਼ 421 ਮਿਲੀਅਨ ਡਾਲਰ ਹੋ ਜਾਵੇਗਾ ਤੇ ਇਸ ਹਿਸਾਬ ਨਾਲ ਇਹ ਕਰਜ਼ 2017 ਤਕ 820 ਮਿਲੀਅਨ ਡਾਲਰ ਹੋਵੇਗਾ। ਕਰਜ਼ ਪਿੱਛੇ ਸਰਕਾਰ ਦੀ ਇੱਕ ਹਾਸੋਹੀਣੀ ਦਲੀਲ ਇਹ ਵੀ ਹੈ ਕਿ ਕਰਜ਼ 'ਤੇ ਵਿਆਜ਼ ਦੀ ਦਰ ਬਹੁਤ ਘੱਟ ਹੈ, ਜੇਕਰ ਵਿਆਜ਼ ਦਰ ਵਧਦੀ ਹੈ ਤਾਂ ਸਰਕਾਰ ਕਰਜ਼ ਚੁੱਕਣਾ ਬੰਦ ਕਰ ਦੇਵੇਗੀ।

ਸਰਕਾਰ ਦਾ ਕਹਿਣਾ ਹੈ ਕਿ ਅਲਬਰਟਾ ਦੀ ਆਬਾਦੀ ਵਿਚ ਹੋ ਰਿਹਾ ਲਗਾਤਾਰ ਵਾਧਾ ਇਸਦੇ ਆਰਥਕ ਵਿਕਾਸ ਦਾ ਬਹੁਤਾ ਵੱਡਾ ਕਾਰਣ ਹੈ। ਇਹੀ ਕਾਰਣ ਹੈ ਕਿ ਅਲਬਰਟਾ ਨੇ ਪਿਛਲੇ ਦੋ ਸਾਲਾਂ ਦੌਰਾਨ ਦੂਜੇ ਸੂਬਿਆਂ ਤੋਂ ਵੱਧ ਆਰਥਕ ਵਿਕਾਸ ਕੀਤਾ ਹੈ ਤੇ ਉਮੀਦ ਹੈ ਕਿ 2014 'ਚ ਵੀ ਅਜਿਹਾ ਹੋਵੇਗਾ। ਸੂਬਾ ਸਰਕਾਰ ਨੂੰ ਉਮੀਦ ਹੈ ਕਿ ਇਸ ਸਾਲ 44 ਬਿਲੀਅਨ ਡਾਲਰ ਮਾਲੀਏ ਦੇ ਰੂਪ ਵਿਚ ਇਕੱਠੇ ਹੋਣਗੇ, ਇਤਿਹਾਸ ਵਿਚ ਇੰਨਾ ਮਾਲੀਆ ਪਹਿਲਾਂ ਕਦੇ ਇਕੱਠਾ ਨਹੀਂ ਹੋਇਆ। ਇਸ ਨਾਲ ਸੂਬੇ ਵਿਚ ਵੱਡੇ ਪੱਧਰ 'ਤੇ ਵਿਕਾਸ ਹੋਵੇਗਾ। ਇਹੀ ਕਾਰਣ ਹੈ ਕਿ ਸਰਕਾਰ ਇਸ ਬਜਟ ਨੂੰ ਮਾਡਲ ਬਜਟ ਦੱਸ ਰਹੀ ਹੈ ਪਰ ਇਸਦੇ ਬਾਵਜੂਦ ਬਜਟ ਵਿਚ ਊਣਤਾਈਆਂ ਇੰਨੀਆਂ ਹਨ ਕਿ ਬਜਟ ਨੂੰ ਲੈ ਕੇ ਵੱਡੀ ਪੱਧਰ 'ਤੇ ਅਲੋਚਨਾ ਹੋ ਰਹੀ ਹੈ।



## ਬਜਟ ਦੀਆਂ ਮੁੱਖ ਵਿਸ਼ੇਸ਼ਤਾਵਾਂ

- >> ਕੋਈ ਨਵਾਂ ਟੈਕਸ ਨਹੀਂ।
- >> 2.6 ਬਿਲੀਅਨ ਡਾਲਰ ਅਪਰੇਟਿੰਗ ਸਰਪਲੱਸ ਤੇ 1.1 ਬਿਲੀਅਨ ਕੰਸੋਲੀਡੇਟਡ ਸਰਪਲੱਸ।
- >> 14.5 ਬਿਲੀਅਨ ਡਾਲਰ ਅਸਲ ਕਰਜ਼ਾ।
- >> 24 ਬਿਲੀਅਨ ਡਾਲਰ ਬਚਤ ਵਿਚ।
- >> 2.1 ਬਿਲੀਅਨ ਡਾਲਰ ਪੋਸਟ ਸੈਕੰਡਰੀ 'ਤੇ ਖਰਚਿਆ ਜਾਵੇਗਾ।
- >> ਸਿਵਲ ਮੁਲਾਜ਼ਮਾਂ ਲਈ ਕੁੱਝ ਨਵਾਂ ਨਹੀਂ।
- >> ਇਕ ਬਿਲੀਅਨ ਡਾਲਰ ਕਨੇਡਾ ਹੈਲਥ ਟ੍ਰਾਂਸਫਰ।
- >> 667 ਮਿਲੀਅਨ ਡਾਲਰ ਅਗਲੇ ਤਿੰਨ ਸਾਲਾਂ ਵਿਚ ਗ੍ਰੀਨ ਟ੍ਰਿਪ ਲਈ।
- >> 1.2 ਬਿਲੀਅਨ ਤਿੰਨ ਸਾਲਾਂ ਵਿਚ ਪ੍ਰੀਮੀਅਰ ਵੱਲੋਂ ਕੀਤੇ ਗਏ ਵਾਅਦੇ ਅਨੁਸਾਰ ਨਵੇਂ ਸਕੂਲਾਂ 'ਤੇ ਖਰਚੇ ਜਾਣਗੇ।
- >> ਆਉਂਦੇ ਦਸ ਸਾਲਾਂ ਤਕ ਅਲਬਰਟਾ ਫਿਊਚਰ ਫੰਡ ਦੋ ਬਿਲੀਅਨ ਡਾਲਰ ਹੋਵੇਗਾ।



ਇਸ ਬਜਟ ਨੇ ਅਲਬਟਾ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਹੈ, ਬਜਟ ਦਾ ਖ਼ਾਸਾ ਅਜਿਹਾ ਹੈ ਕਿ ਇਸ ਨਾਲ ਅਮੀਰ ਹੋਰ ਅਮੀਰ ਹੋਵੇਗਾ ਤੇ ਗਰੀਬ ਹੋਰ ਗਰੀਬ ਹੋਵੇਗਾ। ਉਨ੍ਹਾਂ ਕਿਹਾ ਕਿ ਬਜਟ ਵਿਚ ਪ੍ਰੀਮੀਅਰ ਦਫ਼ਤਰ ਦੇ ਖਰਚ ਵਿਚ ਮਿਲੀਅਨ ਡਾਲਰਾਂ ਦਾ ਵਾਧਾ ਕੀਤਾ ਗਿਆ ਹੈ ਜੋ ਪੂਰੀ ਤਰ੍ਹਾਂ ਅਣਉਚਿਤ ਹੈ।

**ਐਨਡੀਪੀ ਆਗੂ ਬਰੇਨ ਮੈਸਨ**



ਇਸ ਵਾਰ ਸਰਕਾਰ ਵੱਲੋਂ ਕਰਜ਼ ਅਧਾਰਤ ਬਜਟ ਪੇਸ਼ ਕੀਤਾ ਗਿਆ ਹੈ, ਜਦੋਂਕਿ ਹੁਣ ਕਰਜ਼ ਲੈਣ ਦਾ ਵੇਲਾ ਨਹੀਂ ਹੈ।

**ਲਿਬਰਲ ਆਗੂ ਰਾਜ ਸ਼ਰਮਨ**



ਅਗਲੇ ਤੀਹ ਸਾਲਾਂ ਤਕ ਇਸ ਸਰਕਾਰ ਨੇ ਸਾਨੂੰ ਕਰਜ਼ ਹੇਠ ਦੱਬ ਦਿੱਤਾ ਹੈ ਤੇ ਕਰਜ਼ ਵਿਚ ਲਿਆ ਬਹੁਤ ਸਾਰਾ ਧਨ ਫਜ਼ੂਲ ਵਹਾਇਆ ਜਾ ਰਿਹਾ ਹੈ।

**ਵਾਈਲਡਰੋਜ਼ ਆਗੂ ਡੇਨੀਅਲ ਸਮਿਥ**



ਉਨ੍ਹਾਂ ਨੂੰ ਟੀਆਰਆਈਪੀ ਦੇ ਪ੍ਰੋਗਰਾਮਾਂ ਵਿਚ ਵਾਧੇ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆ ਰਹੀ ਤੇ ਨਾ ਹੀ ਐਲਆਰਟੀ ਦੀਆਂ ਯੋਜਨਾਵਾਂ 'ਚ ਵਿਸਥਾਰ ਦੀ ਕੋਈ ਸੰਭਾਵਨਾ ਹੈ।

**ਕੈਲਗਰੀ ਮੇਅਰ ਨਹੀਦ ਨੈਨਸੀ**



ਮੈਂ ਇਸ ਬਜਟ ਨੂੰ ਲੈ ਕੇ ਬਿਲਕੁੱਲ ਉਤਸ਼ਾਹਤ ਨਹੀਂ ਹਾਂ ਤੇ ਇਸ ਵਿਚ ਜਸ਼ਨ ਮਨਾਉਣ ਲਈ ਕੁੱਝ ਵੀ ਨਹੀਂ ਹੈ।

**ਐਡਮਿੰਟਨ ਮੇਅਰ ਡੌਨ ਇਵਸਨ**

ਪਾਰਕਲੈਂਡ ਇੰਸਟੀਟਿਊਟ ਦੀ ਪੜਚੋਲੀਆ ਰਿਪੋਰਟ 'ਤੇ ਆਧਾਰਤ

# ਬਜਟ ਵਿਚ ਨਹੀਂ ਬਰਾਬਰਤਾ ਦਾ ਸੰਕਲਪ

ਸ਼ਾਨੌਨ ਸਟੂਡੈਨ ਬੌਵਰ
stundenbower@ualberta.ca
780-492-6112

ਗਰੈੱਗ ਫਲੈਨਾਗਨ
greg.flanagan@uleth.ca
403-978-7245

**ਸੂਬੇ ਵਿਚ ਆਰਥਕ ਨਾਬਰਾਬਰੀ ਸਿਖ਼ਰ 'ਤੇ**
**---**
**ਪ੍ਰੋਗਰੈਸਿਵ ਇਨਕਮ ਟੈਕਸ ਪ੍ਰਣਾਲੀ ਅਪਣਾਉਣ ਦੀ ਲੋੜ**

ਪਿਛਲੇ ਦਿਨੀਂ 2014 ਦੇ ਬਜਟ 'ਤੇ ਪਾਰਕਲੈਂਡ ਇੰਸਟੀਟਿਊਟ ਵੱਲੋਂ ਇੱਕ ਪੜਚੋਲੀਆ ਰਿਪੋਰਟ ਜਾਰੀ ਕੀਤਾ ਗਈ, ਜਿਸ ਵਿਚ ਅੰਕੜਿਆਂ ਨੂੰ ਆਧਾਰ ਬਣਾ ਕੇ ਦੱਸਿਆ ਗਿਆ ਹੈ ਕਿ ਇਸ ਸਾਲ ਦੇ ਬਜਟ ਵਿਚ ਸੂਬਾ ਸਰਕਾਰ ਉਹਨਾਂ ਮਸਲਿਆਂ ਨੂੰ ਬਜਟ ਦੇ ਕਲਾਵੇ ਵਿਚ ਨਹੀਂ ਲਿਆ ਸਕੀ, ਜਿਹੜੇ ਬਜਟ ਵਿਚ ਵਿਸ਼ੇਸ਼ ਤੌਰ 'ਤੇ ਵਿਚਾਰੇ ਜਾਣੇ ਚਾਹੀਦੇ ਸਨ। ਬਜਟ ਵਿਚ ਸਭ ਤੋਂ ਵੱਡੀ ਊਣਤਾਈ ਇਹ ਹੈ ਕਿ ਇਸ ਵਿਚ ਬਰਾਬਰਤਾ ਦਾ ਸੰਕਲਪ ਨਹੀਂ ਹੈ। ਕਹਿਣ ਦਾ ਭਾਵ ਇਹ ਹੈ ਕਿ ਇਹ ਬਜਟ ਅਮੀਰ-ਗਰੀਬ ਵਿਚਲਾ ਪਾੜਾ ਪੂਰਦਾ ਨਹੀਂ ਸਗੋਂ ਵਿਸਥਾਰਦਾ ਹੈ। ਇਸ ਤੋਂ ਇਲਾਵਾ ਸਿਹਤ, ਸਿੱਖਿਆ ਵਰਗੇ ਵਿਸਾਲ ਖੇਤਰ ਬਜਟ ਵਿਚ ਅਣਗੌਲੇ ਕੀਤੇ ਗਏ ਹਨ। ਜੇਕਰ ਬਜਟ ਬਾਰੇ ਸਮੁੱਚੇ ਰੂਪ ਵਿਚ ਗੱਲ ਕਰਨੀ ਹੋਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਇਹ ਖੁਸ਼ਹਾਲੀ ਅਤੇ ਸੂਬੇ ਦੀ ਭਲਾਈ ਵਾਲਾ ਬਜਟ ਨਹੀਂ ਹੈ।

ਜਿਹੜੀ ਪੜਚੋਲੀਆ ਰਿਪੋਰਟ ਪਾਰਕਲੈਂਡ ਇੰਸਟੀਟਿਊਟ ਵੱਲੋਂ ਜਾਰੀ ਕੀਤੀ ਗਈ ਹੈ ਉਸਨੂੰ ਅਰਥ ਸਾਸ਼ਤਰੀ ਗ੍ਰੈਗ ਫਲੈਂਗਨ ਅਤੇ ਖੋਜ ਨਿਰਦੇਸ਼ਕ ਸ਼ੈਨਨ ਸਟੱਨਡਨ ਬੋਵਰ ਵੱਲੋਂ 'ਪ੍ਰੋਗਰੈਸਿਵ ਇਨਕਮ ਟੈਕਸ ਇਨ ਅਲਬਰਟਾ' ਨਾਂ ਦੇ ਸਿਰਲੇਖ ਹੇਠ ਸਾਂਝੇ ਤੌਰ 'ਤੇ ਤਿਆਰ ਕੀਤਾ ਗਿਆ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਭਾਵੇਂ 1999 ਵਿੱਚ ਨਿਸਚਿਤ ਮਾਪਦੰਡਾਂ ਦੇ ਹਿਸਾਬ ਨਾਲ ਸੂਬੇ ਦੇ ਲੋਕਾਂ ਵਿੱਚ ਆਰਥਿਕ ਪਾੜਾ ਭਾਵ ਅਮੀਰ-ਗਰੀਬ ਵਿਚਲਾ ਫਰਕ ਕਾਫ਼ੀ ਸੀ ਪਰ ਫਿਰ ਵੀ ਇਹ ਰਾਸ਼ਟਰੀ ਦਰ ਤੋਂ ਥੱਲੇ ਸੀ, ਪਰ 2011 ਵਿੱਚ ਇਹ ਪਾੜਾ ਬੜੇ ਹੀ ਨਾਟਕੀ ਢੰਗ ਨਾਲ ਵਧਿਆ ਤੇ ਇਸ ਖੇਤਰ ਵਿੱਚ ਅਲਬਰਟਾ ਸਿਖ਼ਰ 'ਤੇ ਆ ਗਿਆ। ਫਲੈਂਗਨ ਅਤੇ ਸਟੱਨਡਨ ਬੋਵਰ ਅਨੁਸਾਰ ਵੱਡੇ ਪੱਧਰ 'ਤੇ ਆਰਥਿਕ ਨਾਬਰਾਬਰੀ ਪਹਿਲੀ ਵਾਰੀ 2000 ਵਿੱਚ 10 ਪ੍ਰਤੀਸ਼ਤ ਸਿੰਗਲ ਇਨਕਮ ਟੈਕਸ ਰਾਹੀਂ ਸਾਹਮਣੇ ਲਿਆਂਦੀ ਗਈ, ਜਿਸਨੂੰ ਕਿ ਫਲੈਟ ਟੈਕਸ ਵੀ ਕਿਹਾ ਜਾਂਦਾ ਹੈ। ਇਸ ਟੈਕਸ ਨੇ ਦੋ ਵਰਤਾਰੇ ਸਪੱਸ਼ਟ ਤੌਰ 'ਤੇ ਸਾਹਮਣੇ ਲਿਆਂਦੇ ਇੱਕ ਸਰਕਾਰ ਦਾ ਮਾਲੀਆ ਘਟਾ ਦਿੱਤਾ, ਦੂਜਾ ਆਰਥਿਕ ਨਾਬਰਾਬਰੀ ਵਧਾ ਦਿੱਤੀ। ਇਸ ਮਾਮਲੇ ਵਿਚ ਜੇਕਰ ਅੰਕੜਿਆਂ ਅਨੁਸਾਰ ਗੱਲ ਕੀਤੀ ਜਾਵੇ ਤਾਂ ਸਪੱਸ਼ਟ ਹੁੰਦਾ ਹੈ ਫਲੈਟ ਟੈਕਸ ਪ੍ਰਣਾਲੀ ਲਾਗੂ ਹੋਣ ਨਾਲ ਪਚੱਤਰ ਹਜ਼ਾਰ ਡਾਲਰ ਪ੍ਰਤੀ ਸਾਲ ਕਮਾਉਣ ਵਾਲਿਆਂ ਲਈ ਟੈਕਸ ਦੀ ਦਰ ਵਿਚ 4.6 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ ਤੇ ਇਸ ਤੋਂ ਉੱਤੇ ਕਮਾਉਣ ਵਾਲੇ 4.6 ਪ੍ਰਤੀਸ਼ਤ ਦੀ ਛੋਟ ਦਾ ਅਨੰਦ ਮਾਣ ਰਹੇ ਹਨ। ਜੇ ਸਮੁੱਚੇ ਰੂਪ ਵਿਚ ਗੱਲ ਕਰੀਏ ਤਾਂ ਫਲੈਟ ਟੈਕਸ ਪ੍ਰਣਾਲੀ ਨੇ ਉਹਨਾਂ ਲੋਕਾਂ ਨੂੰ ਟੈਕਸ ਤੋਂ ਰਾਹਤ ਦਿੱਤੀ ਹੈ ਜਿਨ੍ਹਾਂ ਨੂੰ ਵੱਧ ਟੈਕਸ ਦੇਣਾ ਚਾਹੀਦਾ ਹੈ ਤੇ ਜਿਨ੍ਹਾਂ ਨੂੰ ਰਾਹਤ ਦੇਣੀ ਚਾਹੀਦੀ ਸੀ, ਉਨ੍ਹਾਂ 'ਤੇ ਵੱਧ ਭਾਰ ਪਾਇਆ ਗਿਆ ਹੈ। ਇਸ ਤਰ੍ਹਾਂ ਸੂਬੇ ਵਿਚ ਆਮ ਲੋਕਾਂ ਨੂੰ ਜੀਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ, ਇਹਨਾਂ ਆਮ ਲੋਕਾਂ ਲਈ ਬਿਲ ਭਰਨਾ ਪਹਾੜ ਨੂੰ ਸਰ ਕਰਨ ਵਰਗਾ ਕੰਮ ਹੋ ਗਿਆ ਹੈ। ਇਸ ਤਰ੍ਹਾਂ ਫਲੈਂਗਨ ਅਤੇ ਸਟੱਨਡਨ ਬੋਵਰ ਦੋਵਾਂ ਹੀ ਵਿਦਵਾਨਾਂ ਦੀ ਇਹ ਰਾਇ ਹੈ ਕਿ ਜੇਕਰ ਸੂਬੇ ਵਿਚ ਆਰਥਿਕ ਨਾਬਰਾਬਰੀ ਖਤਮ ਕਰਨੀ ਹੈ ਤਾਂ ਫਲੈਟ ਟੈਕਸ ਪ੍ਰਣਾਲੀ ਨੂੰ ਨਿਸਚਿਤ ਤੌਰ 'ਤੇ ਖਤਮ ਕਰਨਾ ਹੋਵੇਗਾ ਤੇ ਇਸ ਦੀ ਥਾਂ 'ਤੇ ਪ੍ਰੋਗਰੈਸਿਵ ਇਨਕਮ ਟੈਕਸ ਪ੍ਰਣਾਲੀ ਲਿਆਂਦੀ ਜਾਵੇ, ਇਸ ਨਾਲ ਜਿੱਥੇ ਸੂਬੇ ਆਰਥਿਕ ਨਾਬਰਾਬਰੀ ਘਟੇਗੀ ਉੱਥੇ ਸੂਬੇ ਦੀ ਆਮਦਨ ਵੀ ਸਥਾਈ ਹੋਵੇਗੀ।

J. Oza & Associates
Immigration Services
Office : 204-480-1891, 204-227-0720
Unit 10 – 998 Keewatin Street, Winnipeg

- PNP
- Family & Spouse Sponsership
- Super/ Vistor Visa
- Study & Work Permit
- Affidavits
- Free Passport Photo with all secvices
- ਇਮੀਗਰੇਸ਼ਨ ਅਤੇ ਪਾਸਪੋਰਟ ਫੋਟੋ ਲਈ ਮਿਲੋ

Email : info@thecicg.com

Licensed Immigration Advocate & Practitioner
Member of ICCRC & Commis-sioner for Oaths.

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

### ਚੋਣਾਂ ਦਾ ਕਣਕ ਦੀ ਵਾਢੀ 'ਤੇ ਵੀ ਪਏਗਾ ਅਸਰ



ਲੋਕ ਸਭਾ ਚੋਣਾਂ ਕਰ ਕੇ ਐਤਕੀਂ ਪਰਵਾਸੀ ਮਜ਼ਦੂਰ ਵਾਢੀ ਦੇ ਸੀਜ਼ਨ ਵਿਚ ਪੰਜਾਬ ਨਹੀਂ ਪੁੱਜਣਗੇ। ਮਜ਼ਦੂਰਾਂ ਦੀ ਆਮਦ ਘਟਣ ਕਰ ਕੇ ਕਿਸਾਨ ਹੁਣ ਤੋਂ ਹੀ ਇੰਤਜ਼ਾਮ ਕਰਨ ਲੱਗੇ ਹਨ। ਇਸ ਵਾਰ ਬਾਰਸ਼ ਤੇ ਝੱਖੜ ਕਾਰਨ ਕਣਕ ਦੀ ਫ਼ਸਲ ਕਾਫ਼ੀ ਡਿੱਗੀ ਹੈ, ਜਿਸ ਕਰ ਕੇ ਹੱਥੀਂ ਵਾਢੀ ਕਰਾਉਣ ਲਈ ਕਿਸਾਨਾਂ ਦੀ ਮਜ਼ਦੂਰਾਂ 'ਤੇ ਟੇਕ ਹੈ। ਤੂੜੀ ਦੇ ਭਾਅ 800 ਰੁਪਏ ਪ੍ਰਤੀ ਕੁਇੰਟਲ ਤੱਕ ਪੁੱਜ ਗਏ ਹਨ, ਇਸ ਲਈ ਵੀ ਕਿਸਾਨ ਹੱਥੀਂ ਵਾਢੀ ਕਰਾਉਣ ਦੇ ਰੌਂਅ ਵਿਚ ਹਨ। ਬਿਹਾਰ ਅਤੇ ਉਤਰ ਪ੍ਰਦੇਸ਼ ਵਿਚ 10 ਅਪਰੈਲ ਤੋਂ ਵੋਟਾਂ ਪੈ ਰਹੀਆਂ ਹਨ ਜੋ ਕਿ ਕਈ ਗੇੜਾਂ ਵਿਚ ਪੈਣ ਨਾਲ12 ਮਈ ਤੱਕ ਚੱਲਣਗੀਆਂ। ਪਰਵਾਸੀ ਮਜ਼ਦੂਰ ਨਾ ਆਉਣ ਕਾਰਨ ਖਰੀਦ ਕੇਂਦਰਾਂ ਵਿਚ ਵੀ ਮਜ਼ਦੂਰਾਂ ਦੀ ਕਮੀ ਹੋ ਸਕਦੀ ਹੈ। ਇਸ ਨਾਲ ਦਿਹਾੜੀ ਵਿਚ ਵਾਧਾ ਵੀ ਹੋ ਸਕਦਾ ਹੈ। ਖੇਤੀ ਮਾਹਰ ਡਾ. ਜੀ.ਐਸ. ਰੋਮਾਣਾ ਦਾ ਕਹਿਣਾ ਹੈ ਕਿ ਲੋਕ ਸਭਾ ਚੋਣਾਂ ਕਾਰਨ ਪਰਵਾਸੀ ਮਜ਼ਦੂਰ ਘੱਟ ਆਉਣੇ ਹਨ। ਜਾਣਕਾਰੀ ਅਨੁਸਾਰ ਪੰਜਾਬ ਵਿਚ ਪਹਿਲੀ ਅਪਰੈਲ ਤੋਂ ਕਣਕ ਦੀ ਸਰਕਾਰੀ ਖ਼ਰੀਦ ਸ਼ੁਰੂ ਹੋਣੀ ਹੈ। ਜ਼ਿਲ੍ਹਾ ਮੰਡੀ ਅਫ਼ਸਰ ਗੁਰਸੇਵਕ ਸਿੰਘ ਦਾ ਕਹਿਣਾ ਹੈ ਕਿ ਖਰੀਦ ਕੇਂਦਰਾਂ ਵਿਚ ਐਤਕੀਂ ਕਣਕ ਅਪ੍ਰੈਲ ਦੇ ਦੂਸਰੇ ਹਫ਼ਤੇ ਆਉਣ ਦਾ ਅਨੁਮਾਨ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ 11 ਅਪ੍ਰੈਲ ਤੋਂ ਮੰਡੀਆਂ ਵਿਚ ਕਣਕ ਦੀ ਆਮਦ ਸ਼ੁਰੂ ਹੋਈ ਸੀ। ਵਪਾਰੀਆਂ ਮੁਤਾਬਕ ਮੰਡੀਆਂ ਵਿਚ ਵੀ ਪਰਵਾਸੀ ਮਜ਼ਦੂਰਾਂ ਦੀ ਜ਼ਰੂਰਤ ਰਹਿੰਦੀ ਹੈ ਪਰ ਇਸ ਵਾਰ ਸਥਾਨਕ ਲੇਬਰ 'ਤੇ ਹੀ ਨਿਰਭਰ ਹੋਣਾ ਪਵੇਗਾ।

ਪਤਾ ਲੱਗਾ ਹੈ ਕਿ ਬਿਹਾਰ ਵਿਚ ਸਿਆਸੀ ਧਿਰਾਂ ਵਲੋਂ ਮਜ਼ਦੂਰਾਂ ਨੂੰ ਰੋਕਿਆ ਜਾ ਰਿਹਾ ਹੈ। ਬਿਹਾਰ ਵਿਚ ਛੇ ਪੜਾਵਾਂ ਵਿਚ ਚੋਣ ਹੋ ਰਹੀ ਹੈ। ਬਠਿੰਡਾ ਵਿਚ ਰਹਿ ਰਹੀ ਪਰਵਾਸੀ ਮਹਿਲਾ ਰੇਖਾ ਨੇ ਦੱਸਿਆ ਕਿ ਉਸ ਦਾ ਪਰਿਵਾਰ ਕਈ ਸਾਲਾਂ ਤੋਂ ਇੱਥੇ ਰਹਿ ਰਿਹਾ ਹੈ ਪਰ ਐਤਕੀਂ ਉਹ ਵੋਟਾਂ ਪਾਉਣ ਵਾਸਤੇ ਬਿਹਾਰ ਜਾ ਰਹੇ ਹਨ। ਉਸ ਨੇ ਦੱਸਿਆ ਕਿ ਉਸ ਦੇ ਦੋ ਰਿਸ਼ਤੇਦਾਰ ਪਰਿਵਾਰ ਵੀ ਜਾ ਰਹੇ ਹਨ।

### ਡੇਰਿਆਂ 'ਚ 'ਮੱਥਾ ਰਗੜਦੀਆਂ' ਰਾਜਸੀ ਧਿਰਾਂ

ਸਰਹੱਦੀ ਜ਼ਿਲ੍ਹੇ ਤਰਨ ਤਾਰਨ ਅੰਦਰ ਗੁਰਧਾਮਾਂ ਦੀ ਕਾਰ ਸੇਵਾ ਕਰ ਰਹੇ ਡੇਰਿਆਂ ਦੇ ਸ਼ਰਧਾਲੂਆਂ ਦੀ ਗਿਣਤੀ ਲੱਖਾਂ ਤਕ ਹੋ ਜਾਣ ਅਤੇ ਨਾਲ ਹੀ ਇਨ੍ਹਾਂ ਡੇਰਿਆਂ ਪ੍ਰਤੀ ਲੋਕਾਂ ਵਿਚ ਖਾਸ ਵਿਸ਼ਵਾਸ ਹੋਣ ਕਾਰਨ ਚੋਣਾਂ ਲੜਨ ਵਾਲੇ ਉਮੀਦਵਾਰ ਇਨ੍ਹਾਂ ਡੇਰਿਆਂ ਤੱਕ ਪਹੁੰਚ ਕਰ ਕੇ ਪ੍ਰਬੰਧਕਾਂ ਦੀ ਹਮਾਇਤ ਹਾਸਲ ਕਰਨ ਵੱਲ ਉਚੇਚਾ ਯਤਨ ਕਰਦੇ ਹਨ।

ਜ਼ਿਲ੍ਹੇ ਦੇ ਕੁਝ ਡੇਰੇ ਅਜਿਹੇ ਹਨ, ਜਿਨ੍ਹਾਂ ਦੇ ਮੁਖੀ ਇਥੇ ਹੀ ਰਹਿਣ ਕਾਰਨ ਉਨ੍ਹਾਂ ਦਾ ਮੁੱਖ ਦਫ਼ਤਰ ਵੀ ਇਸ ਜ਼ਿਲ੍ਹੇ ਅੰਦਰ ਹੀ ਹੈ ਜਦੋਂਕਿ ਡੇਰਾ ਰਾਧਾ ਸੁਆਮੀ, ਸੰਤ ਨਿਰੰਕਾਰੀ ਮੰਡਲ, ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ, ਸੁਲ੍ਹਾ-ਕੁਲ ਆਦਿ ਡੇਰਿਆਂ ਦੇ ਸੈਂਟਰ ਵੀ ਜ਼ਿਲ੍ਹੇ ਵਿਚ ਕੰਮ ਕਰਦੇ ਆ ਰਹੇ ਹਨ, ਜਿਥੇ ਸਬੰਧਤ ਡੇਰਿਆਂ ਨਾਲ ਜੁੜੇ ਸ਼ਰਧਾਲੂ ਧਾਰਮਕ ਇਕੱਤਰਤਾਵਾਂ ਕਰਦੇ ਹਨ।

ਲਿਹਾਜ਼ਾ, ਉਮੀਦਵਾਰਾਂ ਦੀ ਕੋਸ਼ਿਸ਼ ਰਹਿੰਦੀ ਹੈ ਕਿ ਉਹ ਡੇਰਿਆਂ ਦੀ ਹਮਾਇਤ ਰਾਹੀਂ ਵੋਟਾਂ ਥੋਕ ਵਿਚ ਹਾਸਲ ਕਰ ਸਕਣ। ਕਈ ਥਾਈਂ ਲੋਕ ਆਪਣੇ ਸਮੂਹਕ ਮਸਲਿਆਂ ਜਾਂ ਵਿਵਾਦਾਂ ਦਾ ਹੱਲ ਡੇਰਿਆਂ ਦੇ ਮੁਖੀਆਂ ਰਾਹੀਂ ਹੀ ਕਰਵਾਉਂਦੇ ਹਨ ਜਦੋਂਕਿ ਕਈ ਹੋਰਨਾਂ ਥਾਵਾਂ 'ਤੇ ਪਿੰਡਾਂ ਵਿਚ ਪੰਚਾਇਤਾਂ ਦੇ ਗਠਨ ਵਿਚ ਡੇਰਿਆਂ ਜਾਂ ਉਨ੍ਹਾਂ ਦੇ ਮੁਖੀਆਂ ਦੀ ਭੂਮਿਕਾ ਅਹਿਮ ਰਹਿੰਦੀ ਹੈ। ਉਂਜ, ਬਹੁਤੇ ਡੇਰੇ ਖੁੱਲ੍ਹੇ ਤੌਰ 'ਤੇ ਰਾਜਸੀ ਧਿਰ ਬਣਨ ਤੋਂ ਗੁਰੇਜ਼ ਕਰਦੇ ਆਏ ਹਨ।

### ਸਨਅਤੀ ਅਦਾਰਿਆਂ ਨੂੰ ਗੱਫ਼ੇ, ਮੰਡੀ ਬੋਰਡ ਨੂੰ ਧੱਕੇ

ਪੰਜਾਬ ਮੰਡੀ ਬੋਰਡ ਨੂੰ ਛੋਟਾਂ ਮਹਿੰਗੀਆਂ ਪੈ ਰਹੀਆਂ ਹਨ। ਮੰਡੀ ਬੋਰਡ ਦੀ ਆਮਦਨ ਨੂੰ ਕੁਝ ਸਨਅਤੀ ਫਰਮਾਂ ਸੱਟ ਮਾਰ ਰਹੀਆਂ ਹਨ। ਇਹ ਉਹ ਫਰਮਾਂ ਹਨ, ਜਿਨ੍ਹਾਂ ਨੂੰ ਪੰਜਾਬ ਸਰਕਾਰ ਨੇ ਰਿਆਇਤਾਂ ਦੇ ਗੱਫੇ ਦਿੱਤੇ ਹੋਏ ਹਨ। ਪੰਜਾਬ ਸਰਕਾਰ ਨੇ ਪਿਛਲੇ ਸੱਤ ਵਰ੍ਹਿਆਂ ਵਿਚ ਰਾਜ ਵਿਚ 16 ਸਨਅਤੀ ਫਰਮਾਂ ਨੂੰ 106.00 ਕਰੋੜ ਰੁਪਏ ਦੀਆਂ ਛੋਟਾਂ ਦੇ ਦਿੱਤੀਆਂ ਹਨ। ਮੰਡੀ ਬੋਰਡ ਦੀ ਆਮਦਨ ਦਾ ਕੁਝ ਹਿੱਸਾ ਇਨ੍ਹਾਂ ਛੋਟਾਂ ਅਤੇ ਰਿਆਇਤਾਂ ਵਿਚ ਚਲਾ ਜਾਣ ਲੱਗਾ ਹੈ। ਧੂਰੀ ਅਤੇ ਖਮਾਣੋਂ ਦੀਆਂ ਦੋ ਸਨਅਤੀ ਇਕਾਈਆਂ ਨੂੰ ਸਭ ਤੋਂ ਵੱਡੀਆਂ ਛੋਟਾਂ ਪ੍ਰਾਪਤ ਹਨ। ਪੰਜਾਬ ਮੰਡੀ ਬੋਰਡ ਤੋਂ ਆਰ.ਟੀ.ਆਈ ਤਹਿਤ ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਵਲੋਂ ਸੂਬਾਈ ਸਨਅਤੀ ਨੀਤੀ 2003 ਦੇ ਤਹਿਤ ਖੇਤੀ ਸੈਕਟਰ ਵਿਚ ਪ੍ਰਾਈਵੇਟ ਨਿਵੇਸ਼ ਨੂੰ ਉਤਸ਼ਾਹਤ ਕਰਨ ਵਾਸਤੇ ਇਹ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ। ਇਸ ਨੀਤੀ ਤਹਿਤ ਫਰਮਾਂ ਨੂੰ ਇਕ ਤੋਂ ਦੋ ਫੀਸਦੀ ਤੱਕ ਮਾਰਕੀਟ ਫੀਸ ਤੋਂ ਛੋਟ ਦੇ ਦਿੱਤੀ ਜਾਂਦੀ ਹੈ ਜੋ ਕਿ ਕਰੋੜਾਂ ਵਿਚ ਬਣ ਜਾਂਦੀ ਹੈ। ਇਹ ਛੋਟਾਂ 10 ਵਰ੍ਹਿਆਂ ਲਈਆਂ ਦਿੱਤੀਆਂ ਗਈਆਂ ਹਨ। ਛੋਟਾਂ ਵਾਲੀ ਸਨਅਤੀ ਫਰਮ ਵਲੋਂ ਕਿਸਾਨਾਂ ਤੋਂ ਸਿੱਧੀ ਖ਼ਰੀਦੀ ਜਿਣਸ 'ਤੇ ਕੋਈ ਮਾਰਕੀਟ ਫੀਸ ਨਹੀਂ ਦਿੱਤੀ ਜਾਂਦੀ। ਬੁਨਿਆਦੀ ਤੌਰ 'ਤੇ ਨਰਮਾ ਕਪਾਹ ਅਤੇ ਬਾਸਮਤੀ ਦੀ ਖਰੀਦ 'ਤੇ ਇਹ ਛੋਟਾਂ ਦਿੱਤੀਆਂ ਗਈਆਂ ਹਨ।

ਮੈਸਰਜ਼ ਕੇ.ਆਰ.ਬੀ.ਐਲ ਧੂਰੀ ਅਤੇ ਮੈਸਰਜ਼ ਲਕਸ਼ਮੀ ਓਵਰਸੀਜ਼ ਖਮਾਣੋਂ ਵਲੋਂ ਤਾਂ ਸਾਲ 2006-07 ਤੋਂ ਇਹ ਛੋਟਾਂ ਲਈਆਂ ਜਾ ਰਹੀਆਂ ਹਨ। ਸਭ ਤੋਂ ਵੱਧ ਰਿਆਇਤਾਂ ਕੇ.ਆਰ.ਬੀ.ਐਲ ਧੂਰੀ ਨੂੰ ਮਿਲੀਆਂ ਹਨ। ਇਸ ਫਰਮ ਨੇ ਬਾਸਮਤੀ ਜੀਰੀ ਤੇ ਕਰੀਬ 38.31 ਕਰੋੜ ਰੁਪਏ ਦੀ ਰਿਆਇਤ ਸੱਤ ਵਰ੍ਹਿਆਂ ਵਿਚ ਲਈ ਹੈ। ਦੂਸਰੇ ਨੰਬਰ ਤੇ ਖਮਾਣੋਂ ਦੀ ਲਕਸ਼ਮੀ ਓਵਰਸੀਜ਼ ਹੈ ਜਿਸ ਨੂੰ ਇਨ੍ਹਾਂ ਵਰ੍ਹਿਆਂ ਦੌਰਾਨ ਬਾਸਮਤੀ ਦੀ ਖਰੀਦ 'ਤੇ 25.20 ਕਰੋੜ ਦਾ ਛੋਟ ਦੇ ਰੂਪ ਵਿਚ ਫਾਇਦਾ ਮਿਲਿਆ ਹੈ। ਜ਼ਿਲ੍ਹਾ ਫਿਰੋਜ਼ਪੁਰ ਦੀ ਭਗਵਤੀ ਲੈਕਟੋ ਲਿਮਟਡ ਨੂੰ ਲੰਘੇ ਚਾਰ ਵਰ੍ਹਿਆਂ ਵਿਚ ਕਰੀਬ 6.77 ਕਰੋੜ ਰੁਪਏ ਦੀ ਮਾਰਕੀਟ ਫੀਸ ਤੋਂ ਛੋਟ ਮਿਲੀ ਹੈ। ਬਠਿੰਡਾ ਦੀ ਮੈਸਰਜ਼ ਕਿਸਾਨ ਫੈਟਸ ਨੂੰ ਨਰਮੇ ਦੀ ਖਰੀਦ 'ਤੇ ਡੇਢ ਫੀਸਦੀ ਮਾਰਕੀਟ ਫੀਸ ਤੋਂ ਛੋਟ ਦਿੱਤੀ ਗਈ ਹੈ। ਕਿਸਾਨ ਫੈਟਸ ਸਾਲ 2009-10 ਤੋਂ ਸਾਲ 2012-13 ਤੱਕ 4.24 ਕਰੋੜ ਰੁਪਏ ਦੀ ਰਿਆਇਤ ਪ੍ਰਾਪਤ ਕਰ ਚੁੱਕੀ ਹੈ। ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਦੇ ਇਕ ਆਗੂ ਦੀ ਮੈਸਰਜ਼ ਚਹਿਲ ਸਪਿੰਨਟੈਕਸ ਨੂੰ ਇਕ ਫੀਸਦੀ ਮਾਰਕੀਟ ਫੀਸ ਤੋਂ ਛੋਟ ਮਿਲ ਰਹੀ ਹੈ ਅਤੇ ਉਹ ਤਿੰਨ ਵਰ੍ਹਿਆਂ ਵਿਚ 1.98 ਕਰੋੜ ਰੁਪਏ ਦੀ ਰਿਆਇਤ ਪ੍ਰਾਪਤ ਕਰ ਚੁੱਕੀ ਹੈ। ਇਸੇ ਤਰ੍ਹਾਂ ਮੌੜ ਮੰਡੀ ਦੀ ਪ੍ਰਤਾਪ ਸਪਿੰਨਟੈਕਸ ਲਿਮ. 2.52 ਕਰੋੜ ਰੁਪਏ ਦੀ ਮਾਰਕੀਟ ਫੀਸ ਦੀ ਛੋਟ ਤਿੰਨ ਵਰ੍ਹਿਆਂ ਵਿਚ ਲੈ ਚੁੱਕੀ ਹੈ। ਮੌੜ ਮੰਡੀ ਦੀ ਹੀ ਰਾਮਾਕ੍ਰਿਸਨਾ ਸਪਿੰਨਟੈਕਸ 47.55 ਲੱਖ ਅਤੇ ਹਰੀ ਸਪਿੰਨਟੈਕਸ 48.51 ਲੱਖ ਰੁਪਏ ਦੀ ਛੋਟ ਲੈ ਚੁੱਕੀਆਂ ਹਨ। ਸਾਲ 2011- 12 ਤੱਕ ਤਾਂ ਸਿਰਫ਼ 10 ਫਰਮਾਂ ਨੂੰ ਹੀ ਇਹ ਛੋਟਾਂ ਦਿੱਤੀਆਂ ਗਈਆਂ ਸਨ ਜਦੋਂ ਕਿ ਸਾਲ 2012-13 ਵਿਚ ਇਨ੍ਹਾਂ ਫਰਮਾਂ ਦੀ ਗਿਣਤੀ 16 ਹੋ ਗਈ ਹੈ।

ਮੈਸਰਜ਼ ਲਕਸ਼ਮੀ ਓਵਰਸੀਜ਼ ਖਮਾਣੋਂ ਅਤੇ ਧੂਰੀ ਦੀ ਕੇ.ਆਰ.ਬੀ.ਐਲ ਨੂੰ ਤਾਂ ਸੌ ਫੀਸਦੀ ਮਾਰਕੀਟ ਫੀਸ ਤੋਂ ਛੋਟ ਵੀ ਮਿਲੀ ਹੈ। ਪਿਛਲੇ ਮਾਲੀ ਸਾਲ ਵਿਚ ਗੁਰਦਾਸਪੁਰ, ਅੰਮ੍ਰਿਤਸਰ, ਸੰਗਰੂਰ ਅਤੇ ਤਰਨ ਤਾਰਨ ਦੀਆਂ ਫਰਮਾਂ ਵੀ ਛੋਟਾਂ ਲੈਣ ਵਾਲਿਆਂ ਵਿਚ ਸ਼ੁਮਾਰ ਹੋ ਗਈਆਂ ਹਨ। ਦੂਜੇ ਪਾਸੇ ਪੰਜਾਬ ਮੰਡੀ ਬੋਰਡ ਦੀ ਮਾਲੀ ਹਾਲਤ ਬਦਤਰ ਹੁੰਦੀ ਜਾ ਰਹੀ ਹੈ ਅਤੇ ਕਰਜ਼ੇ ਦਾ ਭਾਰ ਵੀ ਵਧਣ ਲੱਗਾ ਹੈ। ਲਿੰਕ ਸੜਕਾਂ ਦੀ ਮੁਰੰਮਤ ਖਾਤਰ ਮਾਰਕੀਟ ਕਮੇਟੀਆਂ ਵਲੋਂ ਕਰਜ਼ੇ ਚੁੱਕੇ ਜਾ ਰਹੇ ਹਨ। ਪੰਜਾਬ ਮੰਡੀ ਬੋਰਡ ਦੇ ਸਕੱਤਰ ਦੀਪਇੰਦਰ ਸਿੰਘ ਦਾ ਕਹਿਣਾ ਸੀ ਕਿ ਪੰਜਾਬ ਸਰਕਾਰ ਦੀ ਖੇਤੀ ਵਿਭਿੰਨਤਾ ਦੀ ਪਾਲਸੀ ਤਹਿਤ ਬਾਸਮਤੀ ਨੂੰ ਦੋ ਫੀਸਦੀ ਅਤੇ ਨਰਮੇ ਨੂੰ ਇਕ ਫੀਸਦੀ ਮਾਰਕੀਟ ਫੀਸ ਤੋਂ ਛੋਟ ਦਿੱਤੀ ਗਈ ਹੈ ਜਿਸ ਦੀ ਭਰਪਾਈ ਲਈ ਸਰਕਾਰ ਤਰਫ਼ੋਂ ਮੰਡੀ ਬੋਰਡ ਨੂੰ ਕੋਈ ਮਾਲੀ ਮਦਦ ਨਹੀਂ ਦਿੱਤੀ ਜਾਂਦੀ ਹੈ। ਉਨ੍ਹਾਂ ਆਖਿਆ ਕਿ ਭਾਵੇਂ ਇਸ ਨਾਲ ਮੰਡੀ ਬੋਰਡ ਦੀ ਆਮਦਨ ਪ੍ਰਭਾਵਤ ਹੁੰਦੀ ਹੈ ਪਰ ਕਿਸਾਨਾਂ ਦੀ ਭਲਾਈ ਦੇ ਮੱਦੇਨਜ਼ਰ ਅਜਿਹੇ ਕਦਮ ਚੁੱਕੇ ਜਾਂਦੇ ਹਨ। ਉਨ੍ਹਾਂ ਆਖਿਆ ਕਿ ਕਿਸਾਨਾਂ ਦੇ ਹਿਤ ਸੁਰੱਖਿਅਤ ਕਰਨ ਵਾਸਤੇ ਉਹ ਛੋਟਾਂ ਲੈਣ ਵਾਲੀਆਂ ਫਰਮਾਂ 'ਤੇ ਸ਼ਰਤਾਂ ਲਗਾਏ ਜਾਣ ਦੀ ਵਿਵਸਥਾ ਵੀ ਕਰਨਗੇ।

### ਅਕਾਲੀ ਦਲ ਤੇ ਕਾਂਗਰਸ ਕਰੋੜਪਤੀਆਂ 'ਤੇ ਮਿਹਰਬਾਨ

ਪੰਜਾਬ ਵਿਚ ਪ੍ਰਮੁੱਖ ਸਿਆਸੀ ਧਿਰਾਂ ਨੇ ਐਤਕੀਂ ਲੋਕ ਸਭਾ ਚੋਣ ਅਖਾੜੇ ਵਿਚ ਕਰੋੜਪਤੀ ਉਮੀਦਵਾਰ ਉਤਾਰੇ ਹਨ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਤੋਂ ਇਲਾਵਾ ਕਾਂਗਰਸ ਦਾ ਕੋਈ ਵੀ ਉਮੀਦਵਾਰ ਕਰੋੜਪਤੀ ਤੋਂ ਘੱਟ ਨਹੀਂ। ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਦੀ ਸਭ ਤੋਂ ਅਮੀਰ ਉਮੀਦਵਾਰ ਬਠਿੰਡਾ ਹਲਕੇ ਤੋਂ ਹਰਸਿਮਰਤ ਕੌਰ ਬਾਦਲ ਹੈ ਜਿਸ ਕੋਲ 60 ਕਰੋੜ ਰੁਪਏ ਦੀ ਚੱਲ-ਅਚੱਲ ਸੰਪਤੀ ਹੈ। ਕਾਂਗਰਸ ਦਾ ਸਭ ਤੋਂ ਅਮੀਰ ਉਮੀਦਵਾਰ ਅੰਮ੍ਰਿਤਸਰ ਤੋਂ ਕੈਪਟਨ ਅਮਰਿੰਦਰ ਸਿੰਘ ਹੈ, ਜਿਸ ਕੋਲ 45.71 ਕਰੋੜ ਰੁਪਏ ਦੀ ਸੰਪਤੀ ਹੈ। ਇਹ ਅੰਕੜੇ ਲੋਕ ਸਭਾ ਜਾਂ ਵਿਧਾਨ ਸਭਾ ਚੋਣਾਂ ਵੇਲੇ ਉਮੀਦਵਾਰਾਂ ਵਲੋਂ ਦਾਖ਼ਲ ਵੇਰਵਿਆਂ 'ਤੇ ਆਧਾਰਤ ਹਨ।



ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਵਿਚੋਂ ਸਭ ਤੋਂ ਘੱਟ ਸੰਪਤੀ ਫਰੀਦਕੋਟ ਤੋਂ ਅਕਾਲੀ ਉਮੀਦਵਾਰ ਪਰਮਜੀਤ ਕੌਰ ਗੁਲਸ਼ਨ ਦੀ 1.42 ਕਰੋੜ ਰੁਪਏ ਦੀ ਹੈ ਜਦੋਂ ਕਿ ਕਾਂਗਰਸ ਦੇ ਫਤਹਿਗੜ੍ਹ ਸਾਹਿਬ ਤੋਂ ਉਮੀਦਵਾਰ ਸਾਧੂ ਸਿੰਘ ਧਰਮਸੋਤ ਦੀ ਸੰਪਤੀ ਇਕ ਕਰੋੜ ਦੇ ਆਸ-ਪਾਸ ਹੈ। ਦੂਜੇ ਪਾਸੇ ਫਤਹਿਗੜ੍ਹ ਸਾਹਿਬ ਤੋਂ ਅਕਾਲੀ ਦਲ ਦਾ ਉਮੀਦਵਾਰ ਕੁਲਵੰਤ ਸਿੰਘ ਕਰੋੜਾਂਪਤੀ ਹੈ।

ਹੁਸ਼ਿਆਰਪੁਰ ਤੋਂ ਭਾਜਪਾ ਉਮੀਦਵਾਰ ਵਿਜੇ ਸਾਂਪਲਾ ਅਤੇ ਜਲੰਧਰ ਤੋਂ ਕਾਂਗਰਸ ਦੇ ਉਮੀਦਵਾਰ ਸੰਤੋਖ ਸਿੰਘ ਚੌਧਰੀ ਦੀ ਸੰਪਤੀ ਦੇ ਵੇਰਵੇ ਪ੍ਰਾਪਤ ਨਹੀਂ ਹੋ ਸਕੇ ਹਨ। ਪੰਜਾਬ ਵਿਚ ਦੋ ਅਹਿਮ ਵਕਾਰੀ ਸੀਟਾਂ ਹਨ। ਪਹਿਲੀ ਬਠਿੰਡਾ ਸੰਸਦੀ ਹਲਕੇ ਦੀ ਹੈ। ਇਸ ਸੀਟ ਤੋਂ ਪੀਪਲਜ਼ ਪਾਰਟੀ ਅਤੇ ਕਾਂਗਰਸ ਦੇ ਸਾਂਝੇ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਦੀ ਸੰਪਤੀ 28.70 ਕਰੋੜ ਰੁਪਏ ਹੈ ਜਦੋਂ ਕਿ ਹਰਸਿਮਰਤ ਕੌਰ ਬਾਦਲ ਦੀ ਸੰਪਤੀ 60 ਕਰੋੜ ਰੁਪਏ ਹੈ। ਦੂਸਰਾ ਹਲਕਾ ਅੰਮ੍ਰਿਤਸਰ ਹੈ ਜਿਥੋਂ ਭਾਜਪਾ ਦੇ ਉਮੀਦਵਾਰ ਅਰੁਣ ਜੇਤਲੀ ਦੀ ਸੰਪਤੀ 23.14 ਕਰੋੜ ਰੁਪਏ ਹੈ ਜਦੋਂ ਕਿ ਕੈਪਟਨ ਅਮਰਿੰਦਰ ਸਿੰਘ ਦੀ 45.71 ਕਰੋੜ ਰੁਪਏ ਦੀ ਹੈ।

ਪਟਿਆਲਾ ਤੋਂ ਕਾਂਗਰਸੀ ਉਮੀਦਵਾਰ ਪ੍ਰਨੀਤ ਕੌਰ ਦੀ ਸੰਪਤੀ 42 ਕਰੋੜ ਰੁਪਏ ਹੈ ਜਦੋਂ ਕਿ ਅਕਾਲੀ ਉਮੀਦਵਾਰ ਦੀਪਿੰਦਰ ਸਿੰਘ ਢਿੱਲੋਂ ਦੀ ਸੰਪਤੀ ਕਰੀਬ 5 ਕਰੋੜ ਰੁਪਏ ਹੈ। ਫਰੀਦਕੋਟ ਤੋਂ ਕਾਂਗਰਸ ਦੇ ਉਮੀਦਵਾਰ ਜੋਗਿੰਦਰ ਸਿੰਘ ਪੰਜਗਰਾਈ ਦੀ ਸੰਪਤੀ 2.47 ਕਰੋੜ ਰੁਪਏ ਹੈ। ਫਿਰੋਜ਼ਪੁਰ ਹਲਕੇ ਤੋਂ ਕਾਂਗਰਸੀ ਉਮੀਦਵਾਰ ਸੁਨੀਲ ਜਾਖੜ ਦੀ ਸੰਪਤੀ 6.84 ਕਰੋੜ ਰੁਪਏ ਜਦੋਂ ਕਿ ਅਕਾਲੀ ਉਮੀਦਵਾਰ ਸ਼ੇਰ ਸਿੰਘ ਘੁਬਾਇਆ ਦੀ ਸੰਪਤੀ 3.19 ਕਰੋੜ ਰੁਪਏ ਹੈ। ਲੁਧਿਆਣਾ ਹਲਕੇ ਤੋਂ ਕਾਂਗਰਸੀ ਉਮੀਦਵਾਰ ਰਵਨੀਤ ਸਿੰਘ ਬਿੱਟੂ 2.18 ਕਰੋੜ ਰੁਪਏ ਦੀ ਸੰਪਤੀ ਦਾ ਮਾਲਕ ਹੈ ਜਦੋਂ ਕਿ ਅਕਾਲੀ ਉਮੀਦਵਾਰ ਮਨਪ੍ਰੀਤ ਸਿੰਘ ਇਆਲੀ ਕੋਲ 16.18 ਕਰੋੜ ਰੁਪਏ ਦੀ ਸੰਪਤੀ ਹੈ। ਜਲੰਧਰ ਤੋਂ ਅਕਾਲੀ ਉਮੀਦਵਾਰ ਪਵਨ ਕੁਮਾਰ ਟੀਨੂੰ ਦੀ ਸੰਪਤੀ 2.22 ਕਰੋੜ ਰੁਪਏ ਹੈ। ਆਨੰਦਪੁਰ ਸਾਹਿਬ ਤੋਂ ਅਕਾਲੀ ਉਮੀਦਵਾਰ ਪ੍ਰੇਮ ਸਿੰਘ ਚੰਦੂਮਾਜਰਾ ਦੀ ਸੰਪਤੀ 2.95 ਕਰੋੜ ਰੁਪਏ ਹੈ ਜਦੋਂਕਿ ਕਾਂਗਰਸੀ ਉਮੀਦਵਾਰ ਅੰਬਿਕਾ ਸੋਨੀ ਦੀ ਸੰਪਤੀ 17.59 ਕਰੋੜ ਰੁਪਏ ਹੈ। ਕਿਸੇ ਹਲਕੇ ਵਿਚ ਅਕਾਲੀ ਉਮੀਦਵਾਰ ਪੈਸੇ ਪੱਖੋਂ ਤਕੜਾ ਹੈ ਅਤੇ ਕਿਸੇ ਹਲਕੇ ਵਿਚ ਕਾਂਗਰਸੀ ਉਮੀਦਵਾਰ। ਇਨ੍ਹਾਂ ਉਮੀਦਵਾਰਾਂ ਦੀ ਸੰਪਤੀ ਵਿਚ ਪਿਛਲੇ ਸਮੇਂ 'ਚ ਹੋਰ ਵੀ ਵਾਧਾ ਹੋਇਆ ਹੋਵੇਗਾ, ਜਿਸ ਦੇ ਤੱਥ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਮਗਰੋਂ ਸਾਹਮਣੇ ਆਉਣਗੇ। ਹਲਕਾ ਗੁਰਦਾਸਪੁਰ ਤੋਂ ਭਾਜਪਾ ਉਮੀਦਵਾਰ ਵਿਨੋਦ ਖੰਨਾ ਕੋਲ 35.17 ਕਰੋੜ ਰੁਪਏ ਦੀ ਸੰਪਤੀ ਹੈ ਜਦੋਂ ਕਿ ਉਨ੍ਹਾਂ ਦੇ ਵਿਰੋਧੀ ਕਾਂਗਰਸੀ ਉਮੀਦਵਾਰ ਪ੍ਰਤਾਪ ਸਿੰਘ ਬਾਜਵਾ ਕੋਲ 6.80 ਕਰੋੜ ਰੁਪਏ ਦੀ ਜਾਇਦਾਦ ਹੈ। ਹੁਸ਼ਿਆਰਪੁਰ ਤੋਂ ਚੋਣ ਲੜ ਰਹੇ ਕਾਂਗਰਸੀ ਉਮੀਦਵਾਰ ਮਹਿੰਦਰ ਸਿੰਘ ਕੇ.ਪੀ ਕੋਲ 4.81 ਕਰੋੜ ਰੁਪਏ ਦੀ ਸੰਪਤੀ ਹੈ।

### ਨਾ ਲੈਪਟਾਪ ਦਿੱਤੇ ਤੇ ਨਾ ਬੁਢਾਪਾ ਪੈਨਸ਼ਨ ਵਧਾਈ

9.5 ਲੱਖ ਤੋਂ ਜ਼ਿਆਦਾ ਬਜ਼ੁਰਗਾਂ, ਅੰਗਹੀਣਾਂ, ਵਿਧਵਾਵਾਂ ਅਤੇ ਬੇਸਹਾਰਾ ਬੱਚਿਆਂ ਦੀਆਂ ਅੱਖਾਂ ਇਸ ਗੱਲ ਦਾ ਇੰਤਜ਼ਾਰ ਕਰ ਰਹੀਆਂ ਹਨ ਕਿ ਸ਼ਾਇਦ ਇਸ ਮਹੀਨੇ ਉਨ੍ਹਾਂ ਨੂੰ 250 ਰੁਪਏ ਦੀ ਬਜਾਏ 500 ਰੁਪਏ ਪੈਨਸ਼ਨ ਮਿਲੇ। ਦੋ ਸਾਲ ਪਹਿਲਾਂ ਤਕ ਉਨ੍ਹਾਂ ਨੇ 250 ਰੁਪਏ ਤੋਂ 400 ਰੁਪਏ ਹੋਣ ਦਾ ਇੰਤਜ਼ਾਰ ਸੀ, ਕਿਉਂਕਿ 2007 ਵਿਚ ਸ਼੍ਰੋਮਣੀ ਅਕਾਲੀ ਦਲ ਨੇ ਵਾਅਦਾ ਕੀਤਾ ਸੀ ਕਿ ਪੈਨਸ਼ਨ 400 ਰੁਪਏ ਕਰ ਦਿੱਤੀ ਜਾਵੇਗੀ। ਪਰ ਅਜਿਹਾ ਹੋਇਆ ਨਹੀਂ। 2012 ਵਿਚ ਇਕ ਵਾਰ ਫਿਰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਚੋਣਾਂ ਤੋਂ ਠੀਕ ਪਹਿਲਾਂ ਆਪਣਾ ਚੋਣ ਮੈਨੀਫੈਸਟੋ ਜਾਰੀ ਕਰਦੇ ਹੋਏ ਕਿਹਾ ਕਿ ਬਜ਼ੁਰਗਾਂ ਦੀ ਪੈਨਸ਼ਨ 500 ਰੁਪਏ ਕਰ ਦਿੱਤੀ ਜਾਵੇਗੀ। ਇਸ ਵਾਅਦੇ ਨੂੰ ਦੋ ਸਾਲ ਪੂਰੇ ਹੋ ਗਏ ਹਨ ਪਰ ਫ਼ਿਲਹਾਲ ਇਹ ਵਾਅਦਾ ਪੂਰਾ ਕਰਨ ਤੋਂ ਸਰਕਾਰ ਨੇ ਸਾਫ਼ ਇਨਕਾਰ ਕਰ ਦਿੱਤਾ ਹੈ।

ਪੈਨਸ਼ਨ ਵਾਧੇ ਤੋਂ ਇਲਾਵਾ ਕਈ ਅਜਿਹੇ ਵਾਅਦੇ ਹਨ ਜੋ ਸਰਕਾਰ ਨੇ ਪੂਰੇ ਨਹੀਂ ਕੀਤੇ। ਪਿਛਲੇ ਦੋ ਸਾਲਾਂ ਵਿਚ ਬਾਰ੍ਹਵੀਂ ਕਲਾਸ ਦੇ 2.80 ਲੱਖ ਬੱਚੇ ਲੈਪਟਾਪ ਮਿਲਣ ਦੀ ਆਸ ਕਰਦੇ ਹੋਏ ਪਾਸ ਹੋ ਗਏ। 3.39 ਲੱਖ ਬੇਰੁਜ਼ਗਾਰ, ਜਿਹੜੇ ਰੁਜ਼ਗਾਰ ਦਫ਼ਤਰਾਂ ਵਿਚ ਰਜਿਸਟਰਡ ਹਨ, ਨੂੰ ਇਕ ਹਜ਼ਾਰ ਰੁਪਏ ਮਹੀਨੇ ਬੇਰੁਜ਼ਗਾਰੀ ਭੱਤਾ ਮਿਲਣ ਦਾ ਇੰਤਜ਼ਾਰ ਹੈ। ਸ਼ਹਿਰਾਂ ਦੇ ਲੋਕ ਆਪਣੇ ਮੋਬਾਈਲਾਂ ਦੀ ਸੈਟਿੰਗ ਕਰਨ 'ਚ ਲੱਗੇ ਹੋਏ ਹਨ ਕਿ ਸ਼ਾਇਦ ਵਾਈ-ਫ਼ਾਈ ਨਾਲ ਜੁੜ ਸਕਣ ਪਰ ਇਹ ਵਾਅਦੇ ਪੂਰੇ ਹੋਣੇ ਤਾਂ ਦੂਰ, ਸਰਕਾਰ ਇਨ੍ਹਾਂ ਤੋਂ ਹੀ ਮੁਕਰਨ ਲੱਗੀ ਹੈ। ਚੋਣ ਮੈਨੀਫ਼ੈਸਟੋ ਕਮੇਟੀ ਦੇ ਚੇਅਰਮੈਨ ਅਤੇ ਪਾਰਟੀ ਦੇ ਮੁੱਖ ਸਕੱਤਰ ਸੁਖਦੇਵ ਸਿੰਘ ਢੀਂਡਸਾ ਮੰਨਦੇ ਹਨ ਕਿ ਕਈ ਵਾਅਦੇ ਸਰਕਾਰ ਪੂਰੇ ਨਹੀਂ ਕਰ ਸਕੀ ਪਰ ਸਾਡੇ ਕੋਲ ਅਜੇ ਸਮਾਂ ਹੈ, ਸਾਰੇ ਵਾਅਦੇ ਪੂਰੇ ਕੀਤੇ ਜਾਣਗੇ। ਸਿਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਇਸ ਸੈਸ਼ਨ ਵਿਚ ਤਾਂ ਟੈਬਲੇਟ ਦੇਣਾ ਮੁਸ਼ਕਲ ਹੈ। ਅਗਲੇ ਸਾਲ ਹੀ ਦੇਖਾਂਗੇ। ਸਾਨੂੰ ਵਿੱਤ ਵਿਭਾਗ ਨੇ ਪੈਸਾ ਹੀ ਜਾਰੀ ਨਹੀਂ ਕੀਤਾ। ਸਮਾਜ ਕਲਿਆਣ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਨੇ ਕਿਹਾ ਕਿ ਬਜ਼ੁਰਗਾਂ ਦੀ ਪੈਨਸ਼ਨ 250 ਤੋਂ ਵਧਾ ਕੇ 500 ਰੁਪਏ ਕਰਨ ਦੀ ਸਰਕਾਰ ਦੀ ਫ਼ਿਲਹਾਲ ਕੋਈ ਯੋਜਨਾ ਨਹੀਂ ਹੈ।



# Unbalanced Nature

**Jabir Singh**

*There were times in the early era of humans where every aspect of the nature was balanced but along with the passage of time and invention of resources and things, nature started moving to the unbalancing side. There is no comparison between today's technology and all the era of early humans. So, what are the factors that influence this unbalance of the nature?*

*It was rightly said by a wise poet that of humans keep playing with resources provided by nature, the extinction of human race is not very far. This land the Earth, we did not harried it from our ancestors but borrowed from our future generation. Industrialization where on one hand is important for the economic strength of a country, on the other hand is a threat to the ecological balance of the nature due ti deforestation and soil erosion. There are a lot of unsettling things happening around the world these days. Strange, changeable, and often violent weather is occurring with increasing regularity. Earthquakes, massive volcano eruptions, and rising sea levels. Thousands of birds dropping dead for no apparent reason. Scores of fish dying. It cannot be accidental, one is tempted to conclude, that the percentage of salt in our bloodstream is roughly the same as the percentage of salt in the oceans of the world. The long and intricate process by which evolution helped to shape the complex interrelationship of all living and nonliving things may be explicable in purely scientific terms, but the simple fact of the living world and our place on it evokes awe, wonder, a sense of mystery--a spiritual response when one reflects on its deeper meaning Technically, today we are constructing sky rocket building, for the sake of what, nothing but on our own graves, humans are responsible for the unbalancing of the nature and for the threat of extinctions of its own race. Global warming, unpredictable monsoon rains, unpredictable lava explosions, are just the example that proves that the nature has been disturbed and it's not a good thing. We have ben to moon and mars, but on the other land, we are lacking our attention to our own earth where we have been residing for thousands of ears. So sustainable development should come into the act and every human has the responsibility to protect our nature and to use the limited resources in a limit as much as possible, otherwise there will be consequences that will not be overcame.*

# Why Kids Cheat and How to Stop It

**Rose Garrett**

*These days, it seems like cheating is everywhere, from the baseball diamond to the classroom. With stories of professional dishonesty and performance-enhancing drugs permeating the adult world, it's no wonder that studies show academic cheating among children and teens on the rise. But while cheating on a test or plagiarizing an essay may seem a quick way to get a leg up, students are actually holding themselves back from the type of meaningful learning that will serve them best in life.So how can parents keep kids from cheating in a society that seems to stress winning at any cost?, the trick is to diminish the motivations that drive cheating in the first place."Kids cheat when they become stressed," that as the pressure to get good grades and high test scores increases, so does the incidence of cheating. that although children who cheat in school do not fit any defined profile, they're usually students "who are much more focused on getting good grades and extrinsically motivated rather than intrinsically motivated by a desire to learn."That means that the more pressure students feel, the more likely they are to resort to cheating. And although pen-and-paper notes and other familiar methods are still very much in use, cell phones and PDAs have opened up new opportunities for students gunning for top grades. "Obviously with more technology there are more methods kids use to cheat. Browsing the Internet during a test, texting solutions or taking photos of answer sheets and messaging them to friends are all possible in the digital age, and enforcement of no phone policies can be tough for teachers.*

*Using technology as a cheating aid may be new, but cheating has been around a long time, and it probably won't go away anytime soon. However, there are things that parents can do to help make sure their children get the most out of their education by getting past the impulse to cheat.Take Pressure Off,Kids often cheat because they see it as the only way to measure up to high expectations. Although it's good to expect the most from your kids, make it clear that you expect them to do their best, not be the best.Avoid Extrinsic Motivation,Praising your child every time he comes home with a good grade is standard parenting procedure, but make sure that you're sending the right message. Avoid punishing your child for low grades and rewarding him for high ones. Instead, emphasize the concept of effort by recognizing the hard work he put into his work, and encouraging better effort in problem areas. Talk About It,"One of the most important things parents can do is talk to kids about how they are feeling academically and whether they are feeling stressed.*

*Opening up a dialogue about tough classes does more than inform you about where your child is struggling: he'll know that you're on his side when it comes to that killer math test or demanding paper, and be more likely to come to you with problems rather then dealing with them the wrong way. Prep for Peer Pressure,Whether your child is involved in cheating or not, she will feel pressure to participate from peers at school, from friends asking to copy a last minute lab report to students passing notes across her desk during a test. Make sure she knows that by saying "No" now, she's not only helping herself, but helping others in the long run.Know the News,Sports stars, politicians, and high-powered businesspeople are constantly in the news over all kinds of misbehavior, from doping and lying to insider trading and fraud. Use these cases as "teachable moments" to talk about moral values, and emphasize that even though some people act dishonestly to get ahead, it's still not okay for you or your child to do the same.Set a Good Example,*

*Think your teen doesn't notice what you do? Think again. Younger kids may mimic a parent's behavior, but older adolescents will jump on hypocrisy wherever they see it. it's best to be a role model for your kids, and that means putting the brakes on "white" lies and shortcuts to get what you want the easy way. Be sure to share personal stories about cheating and lying with your child, too: it's important to show that you're not so perfect after all! Although pressure to perform is an increasing focus for students, your child shouldn't feel that cheating is the only way to get ahead. Through hard work, good communication, and a desire to learn, your child will become a better learner and a better citizen for life.*

# Hold a Mirror To Your Life!

**Yog Rahi Gupta**

Most of us hate criticism. We like being surrounded by yes men. Quite often I see photos of some people standing surrounded by politicians, and VIP'S leaning over for a photo. These are the people who will not tolerate criticism, but unfortunately that is what causes their downfall. They cannot tolerate holding a mirror to themselves. Two brothers fulfilled their mother's last wish by hiring a small plane to carry them out to sea where they might scatter her ashes. One of two pilots opened the cockpit door and the brothers immediately emptied the contents of the urn into the wind. But a stiff breeze blew the ashes back into the cabin, dusting the four startled occupants. A moment's stunned silence, and then one of the young men sighed,"Just like Mom-she was always all over everyone." Maybe she was a critical person. But children, especially, often feel as if parents are "always all over them" when all those parents usually want is for their children to be the best they can be.

A humorist once said, "Honest criticism is hard to take, particularly from a relative, a friend, an acquaintance or a stranger." Most of us would rather be ruined by praise than saved by criticism. Few of us enjoy the experience when others point out areas of improvement. I even get calls about my radio show with CKJS. After all, who wants to hear what they don't want to hear? Criticism is hard to take and we all would opt for praise over criticism anytime. Encouragement is often more effective than criticism. A person will work harder and with more enthusiasm when they are encouraged. You can get the best out of others if more time was spent pointing out what they did right than what they did wrong. But that said-honest feedback is a necessity. To shy away from fair criticism, spoken by someone trusted, may be a great mistake. Those who are wise will occasionally seek out somebody they trust to hold a mirror before them in order to see themselves more accurately.

To know the truth and to see ourselves clearly, as reflected in the eyes of a friend, is an immeasurable gift. The surprising truth is that when you gaze at yourself in the mirror, you will see far more than your flaws. You also will see the beauty that is uniquely you; beauty that others see clearly and you may hardly know exists. That is also part of the truth about you. If you're courageous enough, allow someone to hold a mirror before you. Plato says,"The un- examined life is not worth living." But a life properly examined makes living worthwhile! Yog Rahi Gupta is Winnipeg based free-lance journalist and also a host of Voice of India weekly program every Sunday from 5 to 6 PM @Radio CKJS 810 AM.)

# 11 ਸਾਲਾ ਅਭਿਨਵ ਨੇ ਫ਼ੇਸਬੁੱਕ ਦੇ ਮੁਕਾਬਲੇ ’ਚ ਤਿਆਰ ਕੀਤੀ iplayandchat.com




ਸੰਨ 1998 ਵਿਚ ਹਰਿਆਣੇ ਦੇ ਜ਼ਿਲ੍ਹਾ ਫ਼ਤਿਆਬਾਦ ਦੇ ਪਿੰਡ ਨਿੱਕੂਆਣਾ (ਨੇੜੇ ਰਤੀਆ) ਤੋਂ ਸੁਪਨਿਆਂ ਦੀ ਪੰਡ ਬੰਨ੍ਹ ਕੇ ਢਿੱਲੋਂ ਪਰਿਵਾਰ ਹੋਰਨਾਂ ਪਰਿਵਾਰਾਂ ਵਾਂਗ ਕਨੇਡਾ ਆ ਗਿਆ ਸੀ। ਮਿਹਨਤ ਕੀਤੀ, ਕਈ ਪਾਪੜ ਵੇਲੇ ਪਰ ਅਖ਼ੀਰ ਟੈਕਸੀ ਚਲਾਉਣ ਨੂੰ ਪਹਿਲ ਦਿੱਤੀ ਅਤੇ ਹੁਣ ਟੈਕਸੀ ਦੇ ਮਾਲਕ ਹਨ। ਆਪਣਾ ਘਰ ਹੈ, ਖ਼ੁਸ਼ਹਾਲ ਪਰਿਵਾਰ ਹੈ। ਜ਼ਿੰਦਗੀ ਦੇ ਇਨ੍ਹਾਂ ਝਮੇਲਿਆਂ ਦੌਰਾਨ ਢਿੱਲੋਂ ਪਰਿਵਾਰ ਨੇ ਆਪਣੇ ਬੱਚਿਆਂ ਦੀਆਂ ਉਡਾਰੀਆਂ ’ਤੇ ਕਦੇ ਰੋਕਾਂ ਨਹੀਂ ਲਾਈਆਂ, ਸਗੋਂ ਉਨ੍ਹਾਂ ਖੰਭਾਂ ਦੇ ਨੂੰ ਪਰਵਾਜ਼ ਭਰਨ ਲਈ ਪੂਰਾ ਅੰਬਰ ਦਿੱਤਾ। ਬਲਤੇਜ ਤੇ ਮਨਦੀਪ ਢਿੱਲੋਂ ਨੇ ਆਪਣੇ ਅਧੂਰੇ ਸੁਪਨਿਆਂ ਨੂੰ ਕਦੇ ਬੱਚਿਆਂ ਰਾਹੀਂ ਪੂਰਾ ਹੁੰਦਾ ਨਹੀਂ ਵੇਖਿਆ। ਹਾਂ, ਇਹ ਜ਼ਰੂਰ ਪ੍ਰਣ ਕੀਤਾ ਕਿ ਇਹ ਜੋ ਵੀ ਕਰਨਾ ਚਾਹੁਣ ਕਰ ਲੈਣ, ਪਰ ਕੋਈ ਵੀ ਅਜਿਹਾ ਕੰਮ ਨਹੀਂ ਕਰਨ ਦੇਣਾ, ਜਿਸ ਨੂੰ ਸਮਾਜ ਪ੍ਰਵਾਨ ਨਾ ਕਰੇ। ਬਲਤੇਜ ਤੇ ਮਨਦੀਪ ਢਿੱਲੋਂ ਦਾ ਬੇਟਾ ਅਭਿਨਵ ਢਿੱਲੋਂ ਸ਼ੁਰੂ ਤੋਂ ਹੀ ਸਮਾਜ ਸੇਵਾ ਦੇ ਕੰਮਾਂ ਵਿਚ ਆਪਣੀ ਦਿਲਚਸਪੀ ਦਿਖਾਉਂਦਾ ਰਿਹਾ ਹੈ। ਉਹ ਕੰਪਿਊਟਰ ’ਤੇ ਕਈ ਵਾਰ ਕਈ-ਕਈ ਘੰਟੇ ਬਿਤਾਉਂਦਾ।ਇਹ ਸਭ ਦੇਖਦਿਆਂ ਇਕ ਡਰ ਬਲਤੇਜ ਤੇ ਮਨਦੀਪ ਢਿੱਲੋਂ ਦੇ ਦਿਲ ਵਿਚ ਕਿਤੇ ਨਾ ਕਿਤੇ ਘਰ ਬਣਾ ਕੇ ਬੈਠਾ ਸੀ ਕਿ ਉਨ੍ਹਾਂ ਦਾ ਬੇਟਾ ਅਭਿਨਵ ‘ਕੰਪਿਊਟਰੀ ਕੀੜਾ’ ਨਾ ਬਣ ਜਾਵੇ ਜਾਂ ਕੰਪਿਊਟਰ ਰਾਹੀਂ ਕੋਈ ਅਜਿਹਾ ਕੰਮ ਨਾ ਕਰ ਬੈਠੇ ਜਿਸ ਨਾਲ ਉਨ੍ਹਾਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਵੇ। ਪਰ ਅਭਿਨਵ ਢਿੱਲੋਂ ਨੇ ਮਹਿਜ਼ 11 ਸਾਲ ਦੀ ਉਮਰ ਵਿਚ ਇਕ ਕੰਪਨੀ ਦਾ ਸੀ.ਈ.ਓ. ਬਣ ਕੇ ਅਤੇ ਵੈਬਸਾਈਟ ਤਿਆਰ ਕਰ ਕੇ ਨਾ ਸਿਰਫ਼ ਬਲਤੇਜ ਤੇ ਮਨਦੀਪ ਦਾ ਸਿਰ ਮਾਣ ਨਾਲ ਉੱਚਾ ਕੀਤਾ, ਬਲਕਿ ਉਹ ਸਮੁੱਚੇ ਭਾਰਤੀਆਂ ਦੇ ਸਿਰ ਦਾ ਤਾਜ ਬਣ ਗਿਆ। ਇਸ ਦੇ ਨਾਲ ਹੀ ਅਭਿਨਵ ਢਿੱਲੋਂ ਨੇ ਆਪਣੇ ਉਦਮ ਨਾਲ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਲਿਆਕਤ ਉਮਰ ਦੀ ਮੁਹਤਾਜ ਨਹੀਂ ਹੁੰਦੀ। ਇੱਥੇ ਇਹ ਦੱਸਣਾ ਬਣਦਾ ਹੈ ਕਿ ਰਿਕਾਰਡ ਵਿਚ ਇਸ ਤਰ੍ਹਾਂ ਦੀ ਕਿਸੇ ਵੀ ਸੰਸਥਾ ਵਲੋਂ ਪੁਸ਼ਟੀ ਨਹੀਂ ਕੀਤੀ ਗਈ। 2011 ਵਿਚ ਜਾਰੀ ਕੀਤੇ ਗਏ ਰਿਕਾਰਡ ਅਨੁਸਾਰ ਇੰਗਲੈਂਡ ਦਾ ਹਰਲੀ ਜੋਰਡੀਅਨ ਦੁਨੀਆ ਦਾ ਸਭ ਤੋਂ ਛੋਟਾ ਸੀ.ਈ.ਓ. ਸੀ, ਉਸ ਵੇਲੇ ਉਸ ਦੀ ਉਮਰ ਅੱਠ ਸਾਲ ਸੀ। ਇੱਥੇ ਵਿਸ਼ੇਸ਼ ਤੌਰ ’ਤੇ ਅਸੀਂ ਪਾਠਕਾਂ ਨੂੰ ਇਹ ਵੀ ਦੱਸ ਦੇਣਾ ਚਾਹੁੰਦੇ ਹਾਂ ਕਿ ਇਸ ਵੇਲੇ ਹਰਲੀ ਦੀ ਉਮਰ ਵੀ ਗਿਆਰਾਂ ਸਾਲ ਹੋ ਗਈ ਹੈ।

### ਅਭਿਨਵ ਦਾ ਸ਼ੁਰੂਆਤੀ ਦੌਰ

ਅਭਿਨਵ ਜਦੋਂ ਵੀ ਆਪਣੇ ਦੋਸਤਾਂ ਜਾਂ ਰਿਸ਼ਤੇਦਾਰਾਂ ਵਿਚ ਬੈਠਾ ਹੁੰਦਾ ਤਾਂ ਸੋਸ਼ਲ ਵੈੱਬਸਾਈਟ ‘ਫੇਸਬੁੱਕ’ ਜਾਂ ਟਵੀਟਰ ਬਾਰੇ ਆਮ ਚਰਚਾ ਸੁਣਦਾ। ਇਨ੍ਹਾਂ ਸੋਸ਼ਲ ਵੈੱਬਸਾਈਟਾਂ ਦੀ ਦਿਨ ਪ੍ਰਤੀ ਦਿਨ ਦੋਸਤਾਂ ਵਿਚ ਹੁੰਦੀ ਗੱਲਬਾਤ ਨੇ ਅਭਿਨਵ ਨੂੰ ਪ੍ਰਭਾਵਤ ਕੀਤਾ ਅਤੇ ਉਸ ਨੇ ਵੀ ਆਪਣਾ ਅਕਾਊਂਟ ਫੇਸਬੁੱਕ ’ਤੇ ਬਣਾਉਣ ਦਾ ਮਨ ਬਣਾ ਲਿਆ। ਸਾਈਟ ਖੋਲ੍ਹੀ ਕਾਫ਼ੀ ਵਧੀਆ ਲੱਗੀ ਪਰ ਜਦੋਂ ਉਹ ਅਕਾਊਂਟ ਬਣਾਉਣ ਲੱਗਾ ਤਾਂ ਉਸ ਨੂੰ ‘ਮਾਈਨਰ’ ਭਾਵ ਛੋਟੀ ਉਮਰ ਕਹਿ ਕੇ ਮਨ੍ਹਾ ਕਰ ਦਿੱਤਾ ਗਿਆ। ਅਭਿਨਵ ਨੂੰ ਇਹ ਸਮਝ ਨਹੀਂ ਆਈ ਕਿ ਹੁਣ ਉਹ ਕੀ ਕਰੇ। ਉਸ ਦੀ ਉਮਰ ਦੇ ਬੱਚੇ ਆਪਣੀਆਂ ਭਾਵਨਾਵਾਂ ਹੋਰਨਾਂ ਨਾਲ ਕਿਵੇਂ ‘ਸ਼ੇਅਰ’ ਕਰਨ। ਅਖ਼ੀਰ ਉਸ ਨੇ ‘ਮਾਈਨਰਜ਼’ ਭਾਵ ਛੋਟੇ ਬੱਚਿਆਂ ਲਈ ਕੋਈ ਅਜਿਹੀ ਵੈੱਬਸਾਈਟ ਤਿਆਰ ਕਰਨ ਦਾ ਪ੍ਰਣ ਕਰ ਲਿਆ। ਇਸ ਪ੍ਰਣ ਤੋਂ ਪਹਿਲਾਂ ਉਸ ਨੇ ਫੇਸਬੁੱਕ ਚੰਗੀ ਤਰ੍ਹਾਂ ਵੇਖੀ। ਇਸ ਦੇ ਕੰਮ-ਕਾਰ ਅਤੇ ਹੋਰਨਾਂ ਚੀਜ਼ਾਂ ਨੂੰ ਤਿਆਰ ਕਰਨ ਵਾਲੇ ਫੇਸਬੁੱਕ ਦੇ ਸੀ.ਈ.ਓ. ਮਾਰਕ ਜ਼ੁਕਬਰਗ ਤੋਂ ਉਹ ਬਹੁਤ ਪ੍ਰਭਾਵਤ ਹੋਇਆ।

ਪਹਿਲਾਂ ਪਹਿਲ ਉਸ ਨੇ ਆਈ ਫ਼ੋਨ ’ਤੇ ਗੇਮ ਬਣਾਈ। ਉਪਰੰਤ ‘ਸਕੂਲ ਜ਼ੋਨ’ ਬਣਾਉਣ ਬਾਰੇ ਵਿਚਾਰ ਕੀਤਾ, ਜਦੋਂ ਉਸ ਨੇ ਸਕੂਲ ਜ਼ੋਨ ਬਾਰੇ ਆਪਣੇ ਦੋਸਤਾਂ ਨਾਲ ਵਿਚਾਰ-ਵਟਾਂਦਰਾ ਕੀਤਾ ਤਾਂ ਉਨ੍ਹਾਂ ਦਾ ਪਹਿਲਾ ‘ਰਿਐਕਸ਼ਨ’ ਸੀ ਇਹ ਤਾਂ ਸਭ ਕੁਝ ਸਾਨੂੰ ਉਪਲਬਧ ਹੈ, ਇਸ ਵਿਚ ਨਵਾਂ ਕੀ? ਤਾਂ ਅਭਿਨਵ ਨੇ ਆਪਣੇ ਉਸੇ ਫ਼ੈਸਲੇ, ਜਿਸ ਵਿਚ ਉਸ ਨੇ ਛੋਟੇ ਬੱਚਿਆਂ ਲਈ ਫੇਸਬੁੱਕ ਵਾਂਗ ਸੋਸ਼ਲ ਸਾਈਟ ਬਣਾਉਣ ਬਾਰੇ ਸੋਚਿਆ ਸੀ, ਨੂੰ ਪੂਰਾ ਕਰਨ ਦਾ ਹੀ ਮਨ ਬਣਾ ਲਿਆ। ਪਰ ਫਿਰ ਇਹ ਸਵਾਲ ਵੀ ਆਪਣੇ ਆਪ ਨੂੰ ਕੀਤਾ ਕਿ ਫੇਸਬੁੱਕ ਤਾਂ ਹੈ ਪਰ ਉਹ ਅਜਿਹਾ ਕੀ ਕਰੇ ਕਿ ਜਿਸ ਦਾ ਫ਼ਾਇਦਾ ਉਸ ਦੀ ਉਮਰ ਦੇ ਬੱਚਿਆਂ ਨੂੰ ਮਿਲ ਸਕੇ। ਕਈ ਦਿਨ ਸੋਚਣ ਤੋਂ ਬਾਅਦ ਉਸ ਨੇ ਫ਼ੈਸਲਾ ਕੀਤਾ ਕਿ iplayandchat.com ਨਾਮ ਦੀ ਵੈੱਬਸਾਈਟ ਬਣਾਈ ਜਾਵੇ। ਇਹ ਅਜਿਹੀ ਸੋਸ਼ਲ ਸਾਈਟ ਹੋਵੇ ਜਿਸ ’ਤੇ ਬੱਚੇ ਆਪਣੀਆਂ ਮਨਪਸੰਦ ਗੇਮਾਂ ਖੇਡ ਸਕਣ, ਇਸ ਦੇ ਹੋਰਨਾਂ ਮੈਂਬਰਾਂ ਭਾਵ ਦੋਸਤਾਂ ਨਾਲ ਵੈੱਬਚੈਟਿੰਗ ਅਤੇ ਚੈਟਿੰਗ ਕਰ ਸਕਣ, ਆਪਣੀਆਂ ਵੀਡੀਓਜ਼ ਅਪਲੋਡ ਕਰ ਸਕਣ, ਆਪਣੀਆਂ ਤਸਵੀਰਾਂ ਹੋਰਨਾਂ ਨਾਲ ਸ਼ੇਅਰ ਕਰ ਸਕਣ। ਭਾਵ ਫੇਸਬੁੱਕ ਤੋਂ ਇਕ ਕਦਮ ਅੱਗੇ ਅਤੇ ਆਜ਼ਾਦ ਖ਼ਿਆਲਾਂ ਦੀ ਉਡਾਰੀ ਮਾਰ ਸਕਣ।

### ਵੈੱਬਸਾਈਟ ਦੀ ਤਿਆਰੀ

ਮੈਕੀਵਨ ਐਲੀਮੈਂਟਰੀ ਸਕੂਲ ਐਡਮਿੰਟਨ ਦੇ ਗ੍ਰੇਡ 6 ਦੇ ਅਭਿਨਵ ਢਿੱਲੋਂ ਦਾ ਜਨਮ 21 ਫ਼ਰਵਰੀ 2003 ਨੂੰ ਹੋਇਆ। ਵੈੱਬਸਾਈਟ ਬਣਾਉਣ ਵੇਲੇ ਉਸ ਦੀ ਉਮਰ ਸਿਰਫ਼ 11 ਸਾਲ ਦੀ ਸੀ ਅਤੇ ਹੁਣ ਉਹ ਸਭ ਤੋਂ ਛੋਟੀ ਉਮਰ ਦਾ ਕੰਪਨੀ ਦਾ ਸੀ.ਈ.ਓ. ਹੈ। ਇਹ ਸਫਲਤਾ ਪ੍ਰਾਪਤ ਕਰਨ ਲਈ ਉਸ ਨੂੰ ਕਈ ਮਹੀਨੇ ਲੱਗੇ। ਹਰ ਰੋਜ਼ ਕੰਪਿਊਟਰ ’ਤੇ ਕਈ-ਕਈ ਘੰਟੇ ਲਾਉਣੇ ਪਏ। ਵੈੱਬਸਾਈਟ ਤਿਆਰ ਕਰਨ ਲਈ ਫ਼ੋਟੋਸ਼ਾਪ ਸਿੱਖਿਆ, ਕੋਡਿੰਗ-ਡੀ ਕੋਡਿੰਗ ਦੀ ਸਿਖਲਾਈ ਲਈ। ਪਰ ਇਹ ਸਾਰੀ ਸਿਖਲਾਈ ਬਿਨਾਂ ਕਿਸੇ ਦੀ ਮਦਦ ਦੇ ਹਾਸਲ ਕੀਤੀ। ਨਾ ਹੀ ਘਰਵਾਲਿਆਂ ਤੋਂ ਅਤੇ ਨਾ ਹੀ ਸਕੂਲ ਪੱਧਰ ’ਤੇ ਹੀ ਕੋਈ ਮਦਦ ਲਈ। ਵੈੱਬਸਾਈਟ ਬਣਾ ਕੇ ਉਹ ਸਾਰਿਆਂ ਨੂੰ ਇਕੋ ਵਾਰ ਅਚੰਭਿਤ ਕਰਨਾ ਚਾਹੁੰਦਾ ਸੀ, ਖਾਸ ਤੌਰ ’ਤੇ ਆਪਣੇ ਪਰਿਵਾਰਕ ਮੈਂਬਰਾਂ ਨੂੰ। ਪਰ ਵੈੱਬਸਾਈਟ ਤਿਆਰ ਕਰਨ ਲਈ ਆਰਥਕ ਮਦਦ ਦੀ ਜ਼ਰੂਰਤ ਸੀ, ਕਈ ਸਾਫ਼ਟਵੇਅਰ ਖ਼ਰੀਦਣ ਲਈ ਪੈਸਾ ਚਾਹੀਦਾ ਸੀ। ਅਖ਼ੀਰ ਉਸ ਨੇ ਫ਼ੈਸਲਾ ਕੀਤਾ ਕਿ ਇਹ ਸੁਪਨਾ ਉਸ ਨੂੰ ਆਪਣੇ ਮਾਂ-ਬਾਪ ਨਾਲ ਸਾਂਝਾ ਕਰਨਾ ਹੀ ਪਵੇਗਾ। ਜਦੋਂ ਉਸ ਨੇ ਮਾਂ-ਬਾਪ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੂੰ ਇਹ ਨਾਰਮਲ ਹੀ ਲੱਗਾ ਪਰ ਉਨ੍ਹਾਂ ਪੈਸੇ ਦੇਣ ਲਈ ਕੋਈ ਆਨਾਕਾਨੀ ਨਾ ਕੀਤੀ। ਆਰਥਕ ਮਦਦ ਤੋਂ ਬਾਅਦ ਜਦੋਂ ਉਸ ਨੇ ਇਹ ਵੈੱਬਸਾਈਟ 80 ਫ਼ੀਸਦੀ ਤਕ ਬਣਾ ਲਈ ਤਾਂ ਹੁਣ ਇਕ ਹੋਰ ਸਮੱਸਿਆ ਉਸ ਦੇ ਸਾਹਮਣੇ ਆ ਖੜ੍ਹੀ ਹੋਈ। ਇਹ ਸਮੱਸਿਆ ਸੀ ਕਿ ਇਸ ਵੈੱਬਸਾਈਟ ’ਤੇ ਪਾਈਆਂ ਜਾਣ ਵਾਲੀਆਂ ਗੇਮਾਂ ਅਤੇ ਹੋਰ ਵੀਡੀਓਜ਼ ਨੂੰ ਅਪਲੋਡ ਕਰਨ ਅਤੇ ਉਨ੍ਹਾਂ ਦੀ ਚੋਣ ਕਰਨ ਵਾਸਤੇ ਬਹੁਤ ਸਮਾਂ ਚਾਹੀਦਾ ਸੀ। ਇਹ ਸਾਰਾ ਕੁਝ ਉਹ ਇਕੱਲਿਆਂ ਨਹੀਂ ਕਰ ਸਕਦਾ ਸੀ, ਜਿਸ ਕਰ ਕੇ ਉਸ ਨੇ ਆਪਣਾ ਇਹ ਸੁਪਨਾ ਆਪਣੇ ਸਹਿਪਾਠੀਆਂ ਨਾਲ ਸਾਂਝਾ ਕੀਤਾ।

### ਪੜ੍ਹਾਈ ਤੇ ਖੇਡਾਂ

ਅਭਿਨਵ ਸ਼ੁਰੂ ਦੀ ਪੜ੍ਹਾਈ ਤੋਂ ਲੈ ਕੇ ਹੁਣ ਤਕ ਵਧੀਆ ਨੰਬਰ ਹੀ ਲੈਂਦਾ ਰਿਹਾ ਹੈ। ਇਸੇ ਕਰ ਕੇ ਹੁਣ ਉਹ ਪ੍ਰੀ-ਐਡਵਾਂਸ ਪਲੇਸਮੈਂਟ ’ਚ ਜਾਣ ਦੀ ਤਿਆਰੀ ਕਰ ਰਿਹਾ ਹੈ। ਖੇਡਾਂ ਦੇ ਮਾਮਲੇ ਵਿਚ ਵੀ ਉਹ ਅੱਵਲ ਰਿਹਾ ਹੈ। ਕਰਾਟੇ ਵਿਚ ਉਹ ਬਲੈਕ ਬੈਲਟ ਦੇ ਨੇੜੇ ਹੈ। ਵੈੱਬਸਾਈਟ ਬਣਾਉਣ ਤੱਕ ਜਾਂ ਅੱਗੇ ਵੀ ਉਸ ਨੇ ਇਹ ਪ੍ਰਣ ਕੀਤਾ ਸੀ ਕਿ ਇਸ ਕੰਪਿਊਟਰ ਦੇ ਸ਼ੌਕ ਨੂੰ ਕਦੇ ਵੀ ਪੜ੍ਹਾਈ ਅਤੇ ਖੇਡਾਂ ਵਿਚ ਅੜਚਣ ਨਹੀਂ ਬਣਨ ਦੇਵੇਗਾ।

### ਅਭਿਨਵ ਦਾ ਸੁਪਨਾ

ਅਭਿਨਵ ਦੇ ਸੁਪਨੇ ਬਾਰੇ ਸੁਣ ਕੇ ਕੋਈ ਅਚੰਭਾ ਨਹੀਂ ਹੋਇਆ ਪਰ ਉਹ ਆਪਣਾ ਸੁਪਨਾ ਕਿਉਂ ਪੂਰਾ ਕਰਨਾ ਚਾਹੁੰਦਾ ਹੈ, ਇਹ ਸੁਣ ਕੇ ਜ਼ਰੂਰ ਅਚੰਭਾ ਹੋਇਆ। ਕਿਉਂਕਿ ਜਦੋਂ ਅਭਿਨਵ ਨੂੰ ਪੁਛਿਆ ਕਿ ਉਹ ਭਵਿੱਖ ਵਿਚ ਕੀ ਬਣਨਾ ਚਾਹੁੰਦਾ ਹੈ ਤਾਂ ਉਸ ਨੇ ਬੜੇ ਹੀ ਸਹਿਜ ਭਾਵ ਨਾਲ ਕਿਹਾ ਕਿ ‘ਰੌਕਿਟ ਸਾਇੰਟਿਸਟ’। ਸੁਣ ਕੇ ਲੱਗਾ ਕਿ ਇਹ ਬੱਚਾ ‘ਰੌਕਿਟ ਸਾਇੰਟਿਸਟ’ ਬਣ ਜਾਵੇਗਾ। ਪਰ ਜਦੋਂ ਉਸ ਨੂੰ ਇਹ ਪੁੱਛਿਆ ਕਿ ‘ਰੌਕਿਟ ਸਾਇੰਟਿਸਟ’ ਹੀ ਕਿਉਂ? ਤਾਂ ਉਸ ਨੇ ਕਿਹਾ ਕਿ ਸਕੂਲ ਵਿਚ, ਘਰ ਵਿਚ ਜਾਂ ਕਿਸੇ ਵੀ ਕੰਮ ਨੂੰ ਸਮਝਣ ਜਾਂ ਪੂਰਾ ਕਰਨ ਵਿਚ ਦਿੱਕਤ ਆਉਂਦੀ ਤਾਂ ਸਮਝਾਉਣ ਵਾਲਾ ਇਹੀ ਕਹਿੰਦਾ ਹੈ ਕਿ “ਇਹ ਕਿਹੜੀ ‘ਰੌਕਿਟ ਸਾਇੰਸ’ ਹੈ, ਜੋ ਸਮਝ ਨਹੀਂ ਆਈ।” ਇਸੇ ਕਰ ਕੇ ਇਸ ਰੌਕਿਟ ਸਾਇੰਸ ਨੂੰ ਸਮਝਣ ਅਤੇ ਇਸ ਸਵਾਲ ਨੂੰ ਖ਼ਤਮ ਕਰਨ ਲਈ ਰੌਕਿਟ ਸਾਇੰਟਿਸਟ ਹੀ ਬਣਨਾ ਹੈ।

### ਅਭਿਨਵ ਦਾ ਮਾਪਿਆਂ ਨੂੰ ਸੁਨੇਹਾ

ਸੁਨੇਹੇ ਬਾਰੇ ਪੁਛਣ ’ਤੇ ਅਭਿਨਵ ਨੇ ਕਿਹਾ, ‘ਮੈਂ ਕੋਈ ਸੁਨੇਹਾ ਨਹੀਂ ਦੇਣਾ ਚਾਹੁੰਦਾ, ਬੇਨਤੀ ਕਰਨਾ ਚਾਹੁੰਦਾ ਹਾਂ। ਉਮੀਦ ਹੈ ਕਿ ਹਰ ਮਾਂ-ਬਾਪ ਮੇਰੀ ਇਸ ਬੇਨਤੀ ਨੂੰ ਸਵੀਕਾਰ ਕਰਨਗੇ। ਉਸ ਨੇ ਕਿਹਾ ਕਿ “ਉਹ ਦੁਨੀਆ ਦੇ ਸਾਰੇ ਮਾਪਿਆਂ ਜਾਂ ਪਰਿਵਾਰ ਵਾਲਿਆਂ ਨੂੰ ਬੇਨਤੀ ਕਰਨਾ ਚਾਹੁੰਦਾ ਹੈ ਕਿ ਉਨ੍ਹਾਂ ਦਾ ਬੱਚਾ ਜੋ ਵੀ ਸੁਪਨੇ ਸਜਾਉਣਾ ਚਾਹੁੰਦਾ ਹੈ ਜਾਂ ਉਹ ਜੋ ਵੀ ਬਣਨਾ ਚਾਹੁੰਦਾ ਹੈ, ਉਸ ਨੂੰ ਬਣਨ ਦਿੱਤਾ ਜਾਵੇ। ਬੱਚਿਆਂ ਦੀਆਂ ਭਾਵਨਾਵਾਂ ਨੂੰ ਕਦੇ ਵੀ ਨਾ ਮਰਨ ਦਿਓ। ਜੇਕਰ ਬੱਚਾ ਟੈਕਸੀ ਡਰਾਈਵਰ, ਬੱਸ ਡਰਾਈਵਰ ਬਣਨਾ ਚਾਹੁੰਦਾ ਹੈ ਤਾਂ ਬਣਨ ਦਿਓ, ਕਿਉਂਕਿ ਜੇਕਰ ਡਰਾਈਵਰ ਨਹੀਂ ਹੋਣਗੇ ਤਾਂ ਆਵਾਜਾਈ ਦੇ ਸਾਧਨ ਕਿਵੇਂ ਚੱਲਣਗੇ। ਜੇਕਰ ਬੱਚਾ ਫ਼ੋਟੋਗ੍ਰਾਫ਼ਰ ਬਣਨਾ ਚਾਹੁੰਦਾ ਹੈ ਤਾਂ ਬਣਨ ਦਿਓ ਕਿਉਂਕਿ ਜੇਕਰ ਫ਼ੋਟੋਗ੍ਰਾਫ਼ਰ ਨਾ ਹੁੰਦੇ ਤਾਂ ਅੱਜ ਸਾਨੂੰ ਜੰਗਲੀ ਜੀਵਾਂ, ਚੰਦਰਮਾ, ਮੰਗਲ ਗ੍ਰਹਿ ਜਾਂ ਕੁਦਰਤੀ ਨਜ਼ਾਰਿਆਂ ਦੀਆਂ ਤਸਵੀਰਾਂ ਵੇਖਣ ਨੂੰ ਨਾ ਮਿਲਦੀਆਂ। ਜੇਕਰ ਬੱਚਾ ਲੇਖਕ ਬਣਨਾ ਚਾਹੁੰਦਾ ਹੈ ਤਾਂ ਬਣਨ ਦਿਓ ਕਿਉਂਕਿ ਜੇਕਰ ਲੇਖਕ ਨਾ ਹੁੰਦੇ ਤਾਂ ਸਾਨੂੰ ਸਾਡਾ ਮਾਣਮੱਤਾ ਇਤਿਹਾਸ ਪ੍ਰਾਪਤ ਨਾ ਹੁੰਦਾ। ਇਸ ਲਈ ਬੱਚਿਆਂ ਦੇ ਸੁਪਨਿਆਂ ਨੂੰ ਨਾ ਮਰਨ ਦਿਓ। ਉਨ੍ਹਾਂ ਦੀਆਂ ਖ਼ਵਾਹਿਸ਼ਾਂ ਦਾ ਗਲ਼ਾ ਨਾ ਘੁੱਟੋ। ਬੱਚਿਆਂ ਨੂੰ ਪੈਸੇ ਕਮਾਉਣ ਵਾਲੀ ਮਸ਼ੀਨ ਨਾ ਸਮਝੋ। ਹਾਂ ਇਹ ਠੀਕ ਹੈ ਕਿ ਪੈਸੇ ਜ਼ਰੂਰੀ ਹਨ ਪਰ ਸਮਾਜ ਨੂੰ ਵਧੀਆ ਬਣਾਉਣ ਲਈ ਬੱਚਿਆਂ ਦੀ ਪਰਿਵਾਰ ਨਾਲ ਸਾਂਝ ਅਤੇ ਉਨ੍ਹਾਂ ਦਾ ਚੰਗਾ ਮਨੁੱਖ ਵੀ ਹੋਣਾ ਜ਼ਰੂਰੀ ਹੈ।

## ਪਰਿਵਾਰ ਦਾ ਸਹਿਯੋਗ

“ਜਦੋਂ ਅਖ਼ਬਾਰਾਂ ਵਾਲਿਆਂ ਮੇਰੇ ਬੇਟੇ ਅਭਿਨਵ ਨਾਲ ਮੁਲਾਕਾਤ (ਇੰਟਰਵਿਊ) ਕਰਨ ਲਈ ਫ਼ੋਨ ਕਰਨੇ ਸ਼ੁਰੂ ਕੀਤੇ ਤਾਂ ਮੈਨੂੰ ਇਹ ਗੱਲ ਸਮਝ ਨਹੀਂ ਆਈ ਕਿ ਇਸ ਨੇ ਅਜਿਹਾ ਕਿਹੜਾ ‘ਮਾਅਰਕਾ’ ਮਾਰ ਲਿਆ ਕਿ ਇਸ ਉਮਰ ਵਿਚ ਹੀ ਐਨਾ ਮਸ਼ਹੂਰ ਹੋ ਗਿਆ। ਪਰ ਜਦੋਂ ਹੁਣ ਮੈਨੂੰ ਇਸ ਦੀ ਸਫਲਤਾ ਬਾਰੇ ਪੂਰੀ ਤਰ੍ਹਾਂ ਗਿਆਨ ਹੋ ਗਿਆ ਹੈ ਤਾਂ ਮੈਂ ਇਹ ਕਹਿ ਸਕਦਾ ਹਾਂ ਕਿ ‘ਪਿਤਾ ਲਈ ਇਸ ਤੋਂ ਵੱਡੀ ਖੁਸ਼ੀ ਦੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਉਹ ਆਪਣੇ ਬੇਟੇ ਨੂੰ ਆਪਣੇ ਵਰਗਾ ਨਹੀਂ ਬਲਕਿ ਖ਼ੁਦ ਆਪਣੇ ਬੇਟੇ ਵਰਗਾ ਬਣਨਾ ਚਾਹੁੰਦਾ ਹੈ। ਹਾਂ ਮੈਂ ਅਭਿਨਵ ਬਣਨਾ ਚਾਹੁੰਦਾ ਹਾਂ”

**ਅਭਿਨਵ ਦੇ ਪਿਤਾ ਬਲਤੇਜ ਢਿੱਲੋਂ**

“ਮਾਂ-ਪਿਉ ਬੱਚਿਆਂ ਲਈ ਹਮੇਸ਼ਾ ਚੰਗਾ ਸੋਚਦੇ ਹਨ, ਪਰ ਕਈ ਵਾਰ ਉਨ੍ਹਾਂ ਦੀ ਭਲਾਈ ਸੋਚਦੇ-ਸੋਚਦੇ ਬੱਚਿਆਂ ਦੇ ‘ਆਜ਼ਾਦ ਖ਼ਿਆਲਾਂ’ ਨੂੰ ਰੋਕ ਦਿੰਦੇ ਹਨ। ਉਨ੍ਹਾਂ ਦੀਆਂ ਖ਼ਵਾਹਿਸ਼ਾਂ ਨੂੰ ਪਿੰਜਰੇ ਵਿਚ ਬੰਦ ਕਰ ਕੇ, ਆਪਣੀਆਂ ਇਛਾਵਾਂ ਉਨ੍ਹਾਂ ’ਤੇ ਭਾਰੂ ਕਰ ਦਿੰਦੇ ਹਨ। ਮਾਂ-ਪਿਉ ਆਪਣੀਆਂ ਅਧੂਰੀਆਂ ਖ਼ਵਾਹਿਸ਼ਾਂ ਨੂੰ ਬੱਚਿਆਂ ’ਤੇ ਜਬਰੀ ਥੋਪ ਕੇ ਆਪਣੇ ਟੁੱਟੇ ਸੁਪਨਿਆਂ ਨੂੰ ਖੰਭ ਲਾਉਣ ਦੀ ਕੋਸ਼ਿਸ਼ ਕਰਦੇ ਹਨ, ਜੋ ਕਿ ਸਰਾਸਰ ਗ਼ਲਤ ਹੈ।”

**ਅਭਿਨਵ ਦੀ ਮਾਂ ਮਨਦੀਪ ਢਿੱਲੋਂ**

“ਮੈਨੂੰ ਇਹ ਤਾਂ ਨਹੀਂ ਪਤਾ ਕਿ ਇਸ ਨੇ ਪੜ੍ਹਾਈ ਵਿਚ ਕਿਹੜੀ ਪ੍ਰਾਪਤੀ ਕੀਤੀ ਹੈ, ਪਰ ਮੈਨੂੰ ਇਸ ’ਤੇ ਮਾਣ ਹੈ ਕਿ ਇਸ ਨੇ ਜੋ ਵੀ ਕੀਤਾ ਹੈ, ਉਹ ਸਮਾਜ ਦੀ ਭਲਾਈ ਲਈ ਹੀ ਕੀਤਾ ਹੋਵੇਗਾ।”

**ਅਭਿਨਵ ਦੀ ਦਾਦੀ ਨਸੀਬ ਢਿੱਲੋਂ**

## ਸੰਪਰਕ

iplayandchat.com/contactus
ਬਲਤੇਜ ਸਿੰਘ ਢਿੱਲੋਂ
780-885-3600

ਮੁਲਾਕਾਤੀ
ਕਿਰਤਮੀਤ ਕੁਹਾੜ
780-200-5328
kirtmeetsingh@gmail.com



## ਦੋਸਤਾਂ ਦਾ ਸਹਿਯੋਗ



ਕਰੀਬ ਕਰੀਬ ਆਪਣੇ ਪੂਰੇ ਹੋ ਚੁੱਕੇ ਸੁਪਨੇ ਨੂੰ ਮੰਜ਼ਿਲ ਤਕ ਪਹੁੰਚਾਉਣ ਲਈ ਦੋਸਤਾਂ ਦਾ ਸਹਾਰਾ ਲੈਣ ਦਾ ਫ਼ੈਸਲਾ ਅਭਿਨਵ ਨੂੰ ਸਹੀ ਲੱਗਾ। ਉਸ ਨੇ ਆਪਣੇ ਸਕੂਲ ਦੇ ਕਈ ਦੋਸਤਾਂ ਨਾਲ ਇਸ ਨੂੰ ਸਾਂਝਾ ਕੀਤਾ, ਜਿਸ ਵਿਚੋਂ ਕਈਆਂ ਨੇ ਹਾਂ ਤਾਂ ਕਰ ਦਿੱਤੀ ਪਰ ਕੁਝ ਦਿਨਾਂ ਬਾਅਦ ਉਨ੍ਹਾਂ ਵਿਚੋਂ ਕਈਆਂ ਦੇ ਮਾਪਿਆਂ ਨੂੰ ਇਹ ਸੁਪਨਾ ‘ਵੇਸਟਿੰਗ ਆਫ਼ ਟਾਈਮ’ (ਸਮੇਂ ਦੀ ਬਰਬਾਦੀ) ਲੱਗਾ। ਕਈ ਬੱਚਿਆਂ ਨੂੰ ਉਨ੍ਹਾਂ ਦੀ ਮਰਜ਼ੀ ਤੋਂ ਬਿਨਾਂ ਇਸ ਪ੍ਰੋਜੈਕਟ ਤੋਂ ਉਨ੍ਹਾਂ ਦੇ ਮਾਪਿਆਂ ਨੇ ਦੂਰ ਕਰ ਦਿੱਤਾ। ਅਖ਼ੀਰ ਉਸ ਦੇ ਤਿੰਨ ਦੋਸਤਾਂ ਜਸਕੀਰਤ ਸਿੰਘ ਸੱਗੂ, ਮਾਰਕ ਸਿੰਘ ਅਤੇ ਰਾਹਿਨ ਸਿੰਘ ਨੇ ਅਭਿਨਵ ਦੇ ਫ਼ੈਸਲੇ ’ਤੇ ਫੁੱਲ ਚੜ੍ਹਾਉਂਦਿਆਂ ਉਸ ਦੀ ਹਰ ਤਰ੍ਹਾਂ ਨਾਲ ਮਦਦ ਕਰਨ ਦਾ ਪ੍ਰਣ ਕੀਤਾ। ਇਨ੍ਹਾਂ ਦੋਸਤਾਂ ਨੇ ਵੈੱਬਸਾਈਟ ਨੂੰ ਰੋਜ਼ਾਨਾ ਅੱਪਡੇਟ ਕਰਨ ਦੇ ਨਾਲ-ਨਾਲ ਨਵੀਆਂ ਗੇਮਾਂ, ਵੀਡੀਓਜ਼ ਅਤੇ ਹੋਰ ਸਮਗਰੀ ਪੂਰੀ ਕਰਨ ਵਿਚ ਮਦਦ ਕੀਤੀ। ਅਖ਼ੀਰ ਉਨ੍ਹਾਂ ਨੇ ਫ਼ਰਵਰੀ 2014 ਦੇ ਅਖ਼ੀਰ ਵਿਚ ‘iplayandchat.com’ ਨੂੰ ਲੋਕਾਂ ਦੇ ਸਨਮੁਖ ਕਰ ਦਿੱਤਾ।

# ALBERTA CARPET CENTRE LTD.

FLOOR COVERING CARPET LINO TILES GRANITE SLATE AREA RUGS HARDWOOD & LAMINATE

4238 99 St. Edmonton

GLASS MOSAICS STARTING AT 4.99/SF (4260 SF IN STOCK)

CARPET REM UNDER 7' x 12' ONLY 00.50 ¢/SQ FT
CARPET REM OVER 7' x 12' ONLY 00.89 ¢/SQ FT

MILLION DOLLAR INVENTORY REDUCTION SALE

PATTERNED CARPET 1.99/ SQ FT ( 11000+ S.Y IN STOCK)
100% BCF NYLON ONLY $ 1.39/SQ FT (1150 S.Y IN STOCK)
BERBER 0.79 ¢/SQ FT (8000 S.Y IN STOCK)

SEVERAL PATTERNS TO CHOOSE
PATTERNED COMMERTIAL CARPET (3500+ S.Y IN STOCK)
100 % BCF NYLON STARTING AT 1.39/SF
TEXTURED CARPET 100% BCF NYLON

MAPLEHARDWOOD 4/4 x 5/8" 3.99 / SF (4,000 SF IN STOCK)

HUGE SELECTION OF TILES TO CHOOSE
TILES STARTING AT $ 1.29 / SF (OVER 350,000 SF IN STOCK)
CERAMIC 13.5" x 13.5" 1.29/SF (8870 IN STOCK) 2 COLORS TO CHOOSE
PORCELEIN TILE 13" x 13" 1.79/ SF (20,239 SF IN STOCK) 4 COLORS TO CHOOSE

SUPER BLOWOUT SALE!

CALL BALBIR SINGH JAGGI
780 435 9410
Fax: 780 435 2596

# ROCKY'S PIZZA

Phone 780-423-2323
4227 - 23 Ave Edmonton, AB T6L 5Z8

Now Open - Take Out and Delivery
Hockey Game Day Specials
Open until 11:00 PM Weekdays & 12:00 AM Friday & Saturday




Lunch & Dinner Buffet





# ALL INDIA

RESTAURANT & SWEETS

780-463-7770 • 4249 - 23 Ave Edmonton, AB T6L 5Z8 • www.allindiarestaurant.ca

# A-WIN Insurance

## What we Offer

- Home
- Auto Insurance
- RV Insurance
- Travel Insurance
- Emergency Road Services
- Auto Mobile Warranty Services
- Commercial Insurance
- D & O Coverage
- E & O Insurance

ਕਾਰ, ਮੋਟਰਸਾਈਕਲ, ਘਰ, ਕੰਡੋਮੀਨੀਅਮ,
ਕਿਰਾਏਦਾਰ, ਟਰੱਕ, ਲੌਂਗਹਾਲ , ਗਰੈਵਲ,
ਕਮਰਸ਼ੀਅਲ, ਬਿਜ਼ਨਸ, ਟਰੈਵਲ ਅਤੇ
ਮੈਡੀਕਲ ਇੰਸ਼ੋਰੈਂਸ

ਹਰ ਤਰ੍ਹਾਂ ਦੀ **ਇੰਸ਼ੋਰੈਂਸ** ਲਈ ਫ਼ੋਨ ਕਰੋ

Quick Quotes When You Need Them



Discounts up to 60%
Payment Options available

## Western Canada's

Biggest Brokers Team, designed to serve Canadian's with solutions for your personal and professional insurance needs.

## When Time and Money Matters

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.







A-WIN: MAKING LIFE EASY

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ
ਵਿਚ ਗੱਲਬਾਤ ਕਰ ਸਕਦੇ ਹਾਂ।

We Provide Services In English, Punjabi, Hindi & Urdu.

PROVIDING PEACE OF MIND
100 YEARS & BEYOND
SMI SASKATCHEWAN MUTUAL INSURANCE COMPANY

**Edmonton: 780-465-6900**
ਜਸਵੀਰ ਦਿਓਲ, ਨਵਤੇਜ ਬੈਂਸ, ਰਮਨ ਗਿੱਲ, ਰਾਜਬੀਰ ਸਿੰਘ, ਮਨਿੰਦਰ ਕੌਰ, ਜ਼ੌਸ਼ ਡੈਨੀਅਲ, ਅਮਨ ਖਰੌੜ

**Calgary: 403-775-2100**
ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

## ADVANCED Roofing Systems Ltd.

RESIDENTIAL COMMERCIAL

- Residential/Commercial Insurance Claims
- Asphalt & Specialty Shingles
- Siding, Soffits, Fascia
- 2 Ply Membranes (SBS)
- Cedar Shakes
- New & Re-Roof Specialists
- Condominiums Welcome
- Steep Roofs Welcome
- Licenced & Insured
- Pine Shake Replacement
- Roof Top Snow removel
- FREE Estimates




Gill Olson (Manager)

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

## Gurkeerat Holding Ltd.



- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873

## G DRIVING SCHOOL LTD.

Authorised teach Certification Course



Gurcharan Singh Garcha (M.Sc. M.Ed.)

EDMONTON'S NO. 1 DRIVING SCHOOL

ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ ਭਰੋਸੇਮੰਦ ਨਾਮ G DRIVING SCHOOL

Services available in English, Punjabi, Hindi & Urdu




- Male & Female Instructors are available
- VEHICLE PROVIDE FOR ROAD TEST
- Free Pickup & Drop Off in Edmonton & Area

9866-41 Ave. Edmonton AB T6E 5L6
Ph. : Off 780-229-1332, Cell : 780-907-0332, Fax : 780-229-0593
E-mail : info@gdrivingshool.com, www.gdrivingschool.com

## PIZZA 99



ਪਰਮਜੀਤ ਸਿੰਘ ਬਾਠ

*Serving for over 16 years*



Call (780) 450-9900

ਮਸਾਲੇਦਾਰ ਮੱਛੀ ਦੇ ਪਕੌੜੇ, ਵਧੀਆ ਸਰਵਿਸ, ਵਧੀਆ ਫੂਡ, ਵਾਜਬ ਕੀਮਤਾਂ ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ

FREE DELIVERY Millwoods ONLY

Buy any Pizza at regular price & get Second Pizza of equal or less value Free or Chicken wings Free and 3rd Pizza Half Price.

www.pizza99.com

Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm

RENNET FREE CHEESE
1543 Millwoods Road East, Edmonton AB.

## Sidhu Stucco Ltd.

Residential & Commercial

ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।

Stucco is a versatile, beautiful, durable and fire resistant cladding.



All kind of Stucco
Acrylic & Rain Screen

Harinder Dhaliwal
(780) 297-9165

## Red Deer Econo Lodge Inn & Suites

EconoLodge BY CHOICE HOTELS

www.choicehotels.com

Reservations 1-877-424-6423



403-346-4188
Cell: 403-505-4188
Email: econolodgereddeer@shaw.ca



Varinder Sidhu
President

37433 Highway 2 South, East Side Gasoline Alley
Red Deer, Alberta T4E 1B3

## $299,900

Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900

SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800

2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage



$375,000



ਫਾਇਨਾਂਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ

FINANCING AVAILABLE
No Down Payment, No Problem
Call Rennie @ 780-966-1688
rennie1688@gmail.com

## CONSERVATIVE PARTY OF CANADA NOMINATION ELECTIONS 2014

for 2015 Federal Elections



Vote & Support



# Mohinder BANGA

Running for

Nomination Elections 2014

From Edmonton-Wetaskiwin

as a Member of Parliament (MP)

for Conservative Party of Canada

*Iqbal Mahal @ 780-995-7035, Kashmir Gill @ 780-951-2772*

*or Mohinder Banga @ 780-913-1820*




## S&M MEATS

*Quality with Taste*

Takeout
Catering Services Available

ਦਿਲਾਵਰ ਸਿੰਘ ਸਮਰਾ

Open 7 DAYS a Week



Ph : (403) 280-1926

Unit 208, 30
Country Hills Landing
NW Calgary, AB

# ਹਰਿਮੰਦਰ ਕੌਰ ਢਿੱਲੋਂ ਦੀ ਕਿਤਾਬ 'ਧਰਤ ਤੇ ਫੁੱਲ' ਲੋਕ ਅਰਪਣ



ਕੈਲਗਰੀ (ਸੁੱਖਪਾਲ ਪਰਮਾਰ) ਪੰਜਾਬੀ ਲਿਖਾਰੀ ਸਭਾ ਦੀ ਮਾਰਚ ਮਹੀਨੇ ਦੀ ਮੀਟਿੰਗ ਕੋਸੋ ਦੇ ਹਾਲ ਵਿੱਚ ਹਰੀਪਾਲ ਦੀ ਪ੍ਰਧਾਨਗੀ ਹੇਠ ਹੋਈ। ਸਭਾ ਦੇ ਸੱਕਤਰ ਸੁੱਖਪਾਲ ਪਰਮਾਰ ਨੇ 'ਜੀ ਆਇਆਂ' ਨੂੰ ਕਿਹਾ ਤੇ ਆਉਣ ਵਾਲੇ ਦਿਨਾਂ ਵਿੱਚ ਹੋਣ ਜਾ ਰਹੇ ਸਮਾਗਮਾਂ ਬਾਰੇ ਜਾਣਕਾਰੀ ਦਿੱਤੀ। ਉਪਰੰਤ ਗੀਤਕਾਰ ਬਲਵੀਰ ਗੋਰਾ ਅਤੇ ਤ੍ਰੈਲੋਚਨ ਸੈਂਭੀ ਨੇ ਆਪਣੇ ਗੀਤਾਂ ਰਾਹੀਂ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਯਾਦ ਕੀਤਾ। ਮਾਸਟਰ ਭਜਨ ਗਿੱਲ ਨੇ ਉਨ੍ਹਾਂ ਦੀ ਜੀਵਨੀ ਵਾਰੇ ਚਾਨਣਾ ਪਾਇਆ। ਇਸ ਉਪਰੰਤ ਜਗਵੰਤ ਗਿੱਲ, ਸੁਰਿਦਰ ਗੀਤ, ਮਹਿੰਦਰਪਾਲ ਐਸ ਪਾਲ, ਗੁਰਚਰਨ ਹੇਅਰ ਅਤੇ ਬਲਜਿੰਦਰ ਸੰਘਾ ਨੇ ਸ਼ਾਨਦਾਰ ਰਚਨਾਵਾਂ ਸੁਣਾਈਆਂ। ਇਸ ਮੌਕੇ ਹਰਮਿੰਦਰ ਕੌਰ ਢਿੱਲੋਂ ਦੀ ਪਲੇਠੀ ਕਿਤਾਬ 'ਧਰਤੀ ਤੇ ਫੁੱਲ' ਦੀ ਘੁੰਡ ਚੁਕਾਈ ਰਸਮ ਹੋਈ। ਗੁਰਮੀਤ ਕੋਰ ਸਰਪਾਲ ਅਤੇ ਮਹਿੰਦਰਪਾਲ ਐਸ ਪਾਲ ਨੇ ਕਿਤਾਬ ਸਬੰਧੀ ਪਰਚੇ ਪੜ੍ਹੇ। ਹਰਮਿੰਦਰ ਕੋਰ ਢਿੱਲੋਂ ਨੇ ਆਪਣੀ ਨਿੱਜੀ ਜ਼ਿੰਦਗੀ ਦੇ ਪੱਲ ਸਾਂਝੇ ਕੀਤੇ ਅਤੇ ਕਿਤਾਬ ਵਿੱਚੋਂ ਕਵਿਤਾਵਾਂ ਅਤੇ ਗੀਤ ਸੁਣਾਏ। ਹੋਰਨਾਂ ਬੁਲਾਰਿਆਂ ਵਿਚ ਅਵਿਨਾਸ਼ ਅਵੀ, ਡਾ. ਸਪੂੰਰਨ ਸਿੰਘ ਚਾਨੀਆ, ਗੁਰਚਰਨ ਕੌਰ ਥਿੰਦ, ਰਵੀ ਪ੍ਰਕਾਸ਼ ਜਨਾਗਲ, ਰਣਜੀਤ, ਸੋਮਾ, ਜੋਗਿੰਦਰ ਸੰਘਾ, ਹਰਚਰਨ ਕੋਰ ਬਾਸੀ ਸ਼ਾਮਲ ਸਨ। ਫੋਟੋਗ੍ਰਾਫੀ ਦੀ ਸੇਵਾ ਬਲਜਿੰਦਰ (ਬਿੱਟੂ) ਸੰਘਾ ਅਤੇ ਲਾਡੀ ਗੋਵਿੰਦਪੁਰੀ ਨੇ ਨਿਭਾਈ। ਹਾਜ਼ਰ ਸੱਜਣਾਂ ਵਿੱਚ ਸਰਬਜੀਤ ਕੌਰ ਮਾਨ, ਰਾਮਰਣਜੀਤ ਸਿੰਘ ਮਾਨ, ਤਰਸੇਮ ਗੋਸਲ, ਹਰਪਾਲ ਬਾਸੀ, ਜਸਵਿਦਰ ਜੱਜ, ਹਰਨੇਕ ਬੰਧਨੀ, ਸੁੱਖਵਿੰਦਰ ਥਿੰਦ, ਬਲਵੀਰ ਸਿੰਘ, ਗੁਰਦੀਪ ਕੌਰ, ਗੁਰਬਚਨ ਕੌਰ, ਅਵਤਾਰ ਸਿੰਘ, ਦੇਵਿੰਦਰ ਮਲਹਾਂਸ, ਰਿਸ਼ੀ ਨਾਗਰ (ਰੈਡ,ਐਫ,ਐਮ) ਹਰਚਰਨ ਸਿੰਘ ਪਰਹਾਰ (ਸਿੱਖ ਵਿਰਸਾ) ਮਨਜੀਤ ਪਿਆਸਾ, ਹਰਦੇਵ ਮਾਨ, ਤਰਸੇਮ ਪਰਹਾਰ, ਰਣਧੀਰ ਬਾਸੀ, ਹਰਜੀਤ ਸਰੋਆ, ਹੈਪੀਂ ਮਾਨ, ਮੰਗਲ ਚੱਠਾ ਸ਼ਾਮਲ ਸਨ। ਆਉਣ ਵਾਲੇ ਸਮਾਗਮਾਂ ਬਾਰੇ ਕੋਈ ਵੀ ਯਾਣਕਾਰੀ ਲੈਣੀ ਹੋਵੇ ਤਾ ਸਭਾ ਦੇ ਪ੍ਰਧਾਨ ਹਰੀਪਾਲ 403-714-4816 ਜਾਂ ਜਨਰਲ ਸਕੱਤਰ ਸੁੱਖਪਾਲ ਪਰਮਾਰ ਨਾਲ 403-830-2374 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੀ.ਪੀ.ਐਫ.ਈ. ਵਲੋਂ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਕੰਪਿਊਟਰ ਸਮੱਗਰੀ ਭੇਟ



ਜਲੰਧਰ (ਨਦਬ) ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਐਡਮਿੰਟਨ, ਕਨੇਡਾ ਤੋਂ ਜਸਬੀਰ ਦਿਓਲ ਅਤੇ ਕਸ਼ਮੀਰ ਬਦੇਸ਼ਾ ਦੀ ਅਗਵਾਈ 'ਚ ਆਏ ਵਫ਼ਦ ਨੇ ਦੇਸ਼ ਭਗਤ ਯਾਦਗਾਰ ਹਾਲ ਪਹੁੰਚ ਕੇ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਹਾਲ ਦੀ ਸੇਵਾ ਹਿਤ ਮੁਕੰਮਲ ਕੰਪਿਊਟਰ, ਫੋਟੋ ਸਟੇਟ ਮਸ਼ੀਨ, ਪ੍ਰਿੰਟਰ ਅਤੇ ਸਕੈਨਰ ਭੇਟ ਕਰ ਕੇ ਗ਼ਦਰ ਲਹਿਰ ਦੇ ਪੂਰਵਜਾਂ ਅਤੇ ਵਿਸ਼ੇਸ਼ ਕਰ ਕੇ ਕਾਮਾਗਾਟਾ ਮਾਰੂ-ਬਜਬਜ ਘਾਟ ਸਾਕੇ ਦੀ 100ਵੀਂ ਵਰ੍ਹੇਗੰਢ ਮੌਕੇ ਨਿਵੇਕਲੇ ਅਦਬ ਭਰੇ ਅੰਦਾਜ਼ 'ਚ ਸ਼ਰਧਾਂਜ਼ਲੀ ਭੇਟ ਕੀਤੀ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ, ਜਨਰਲ ਸਕੱਤਰ ਡਾ. ਰਘਬੀਰ ਕੌਰ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਖਜ਼ਾਨਚੀ ਸੀਤਲ ਸਿੰਘ ਸੰਘਾ, ਟਰੱਸਟੀ ਮੰਗਤ ਰਾਮ ਪਾਸਲਾ ਅਤੇ ਡਾ. ਕਰਮਜੀਤ ਸਿੰਘ ਨੇ ਆਏ ਵਫ਼ਦ ਨੂੰ ਜੀ ਆਇਆਂ ਕਿਹਾ।

ਕਮੇਟੀ ਦੇ ਆਗੂਆਂ ਨੇ ਕਿਹਾ ਕਿ ਸਾਡੇ ਲਈ ਇਹ ਗੌਰਵਮਈ ਗੱਲ ਹੈ ਕਿ ਵਤਨੋਂ ਦੂਰ ਬੈਠੇ ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਅਤੇ 'ਨਵੀਂ ਦੁਨੀਆ' ਅਖ਼ਬਾਰ ਦਾ ਪਰਿਵਾਰ, ਗ਼ਦਰੀ ਸੰਗਰਾਮੀਆਂ ਦੇ ਮਹਾਨ ਵਿਰਸੇ ਨੂੰ ਅਜੋਕੇ ਪ੍ਰਸੰਗ 'ਚ ਪ੍ਰਫੁੱਲਤ ਕਰਨ ਲਈ ਸੰਘਰਸ਼ਸ਼ੀਲ ਹੈ। ਉਨ੍ਹਾਂ ਕਿਹਾ ਕਿ ਆਪਣੀ ਮਿਹਨਤ ਵਿਚੋਂ ਅਜਿਹਾ ਯੋਗਦਾਨ ਪਾਉਣਾ ਦੇਸ਼ ਭਗਤ ਯਾਦਗਾਰ ਹਾਲ ਵਰਗੀ ਸੰਸਥਾ ਦੇ ਚੱਲ ਰਹੇ ਕਾਰਜਾਂ ਨੂੰ ਬੜਾਵਾ ਦੇਣ 'ਚ ਅਮੁੱਲਾ ਯੋਗਦਾਨ ਹੈ। ਕਨੇਡਾ ਤੋਂ ਆਏ ਜਸਬੀਰ ਦਿਓਲ ਅਤੇ ਕਸ਼ਮੀਰ ਬਦੇਸ਼ਾ ਨੇ ਇਸ ਮੌਕੇ ਦੇਸ਼ ਭਗਤ ਕਮੇਟੀ ਨੂੰ ਵਿਸ਼ਵਾਸ ਦੁਆਇਆ ਕਿ ਉਨ੍ਹਾਂ ਦੀ ਸੰਸਥਾ, ਕਮੇਟੀ ਦੀ ਅਗਵਾਈ 'ਚ ਅਜਿਹੇ ਉੱਦਮ ਅਤੇ ਕਨੇਡਾ ਦੀ ਧਰਤੀ 'ਤੇ ਸਰਗਰਮੀਆਂ ਵਿਚ ਤਾਲਮੇਲ ਬਣਾਈ ਰੱਖਣ ਲਈ ਹਰ ਸੰਭਵ ਯਤਨ ਕਰੇਗੀ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਗੁਰਮੀਤ ਢੱਡਾ, ਚਰੰਜੀ ਲਾਲ ਕੰਗਣੀਵਾਲ, ਦਰਸ਼ਨ ਸਿੰਘ ਤਾਤਲਾ, ਹਰਭਜਨ ਹੁੰਦਲ, ਸੁਲੱਖਣ ਸਰਹੱਦੀ, ਮੱਖਣ ਕੁਹਾੜ ਅਤੇ ਕੁਲਤਾਰ ਸਿੰਘ ਕੁਲਤਾਰ ਮੌਜੂਦ ਸਨ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਜਸਬੀਰ ਦਿਓਲ ਅਤੇ ਕਸ਼ਮੀਰ ਬਦੇਸ਼ਾ ਨੂੰ ਪੁਸਤਕਾਂ ਦੇ ਸੈਟ ਨਾਲ ਸਨਮਾਨਤ ਕੀਤਾ।

# ਵਿਸ਼ਵ ਰੰਗ ਮੰਚ ਦਿਹਾੜੇ 'ਤੇ 'ਜਾਗੋ' ਲੋਕ ਅਰਪਣ



ਜਲੰਧਰ (ਨਦਬ) ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਵੱਲੋਂ ਲੋਕ ਸਰੋਕਾਰਾਂ ਅਤੇ ਲੋਕ ਸੰਗਰਾਮ ਨੂੰ ਸਮਰਪਤ ਗੀਤਾਂ ਦੀ ਆਡੀਓ ਸੀ.ਡੀ. 'ਜਾਗੋ' ਇੱਥੋਂ ਦੇ ਦੇਸ਼ ਭਗਤ ਯਾਦਗਾਰ ਹਾਲ 'ਚ ਲੋਕ ਅਰਪਣ ਕੀਤੀ ਗਈ। ਵਿਸ਼ਵ ਰੰਗ ਮੰਚ ਦਿਹਾੜੇ 'ਤੇ ਪੰਜਾਬ ਲੋਕ ਸਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਦੇ ਲਿਖੇ ਸੱਤ ਗੀਤਾਂ ਨਾਲ ਪਰੋਈ 'ਜਾਗੋ' ਸੀ.ਡੀ. ਜਾਰੀ ਕਰਨ ਸਮੇਂ ਅਮੋਲਕ ਸਿੰਘ, ਬਲਵਿੰਦਰ ਮੰਗੂਵਾਲ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ, ਜਨਰਲ ਸਕੱਤਰ ਡਾ. ਰਘਬੀਰ ਕੌਰ, ਖਜ਼ਾਨਚੀ ਸੀਤਲ ਸਿੰਘ ਸੰਘਾ, ਟਰੱਸਟੀ ਮੰਗਤ ਰਾਮ ਪਾਸਲਾ, ਗੁਰਮੀਤ ਢੱਡਾ, ਚਰੰਜੀ ਲਾਲ ਕੰਗਣੀਵਾਲ, ਡਾ. ਕਰਮਜੀਤ ਸਿੰਘ, ਬਲਵਿੰਦਰ ਕੌਰ ਬਾਂਸਲ, ਗੁਰਦੀਪ ਸਿੰਘ, ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਐਡਮਿੰਟਨ ਕਨੇਡਾ ਤੋਂ ਜਸਬੀਰ ਦਿਓਲ ਅਤੇ ਕਸ਼ਮੀਰ ਬਦੇਸ਼ਾ ਤੋਂ ਇਲਾਵਾ ਉੱਘੇ ਕਵੀ ਹਰਭਜਨ ਹੁੰਦਲ, ਸੁਲੱਖਣ ਸਰਹੱਦੀ, ਮੱਖਣ ਕੁਹਾੜ, ਕੁਲਤਾਰ ਸਿੰਘ ਕੁਲਤਾਰ, ਇਤਿਹਾਸਕਾਰ ਦਰਸ਼ਨ ਸਿੰਘ ਤਾਤਲਾ ਹਾਜ਼ਰ ਸਨ।

'ਜਾਗੋ' ਸੀ.ਡੀ. 'ਚ 'ਜਾਗੋ ਪਿੰਡ ਪਿੰਡ ਆਈ, ਇਹ ਸੁਨੇਹਾ ਲੈ ਕੇ ਆਈ, ਸੁੱਤੀ ਜਾਗੇ ਇਹ ਲੋਕਾਈ, ਰੁੱਤ ਜਾਗਣੇ ਦੀ ਆਈ, ਗੂਹੜੀ ਨੀਂਦ ਸੁੱਤੇ ਲੋਕਾਂ ਨੂੰ ਜਗਾ ਦਿਓ, ਪਿੰਡਾਂ ਨੂੰ ਜਗਾਓ ਪਿੰਡਾਂ ਨੂੰ ਹਿਲਾ ਦਿਓ' ਨਾਲ ਗੀਤ-ਮਾਲਾ ਦਾ ਆਗਾਜ਼ ਹੁੰਦਾ ਹੈ। 'ਜਾਗੋ' ਦੇ ਗੀਤਾਂ ਨੂੰ ਆਵਾਜ਼ ਨਵਦੀਪ ਧੌਲਾ ਅਤੇ ਜਸਵੰਤ ਦੀਵਾਨਾ ਨੇ ਦਿੱਤੀ ਹੈ। ਇਨ੍ਹਾਂ ਮੁੱਖ ਆਵਾਜ਼ਾਂ ਨਾਲ ਸੰਗਤ ਕੀਤੀ ਹੈ ਜਗਰਾਜ ਧੌਲਾ, ਆਸ਼ਮੀਨ, ਜੈਸਮੀਨ, ਸੰਜਨਾ, ਮੱਦੀ ਮਾਹਲ ਅਤੇ ਗੁਰੀ ਸਿੰਘ ਨੇ। 'ਜਾਗੋ' ਦੀਆਂ ਧੁੰਨਾਂ ਤਿਆਰ ਕੀਤੀਆਂ ਲੋਕ ਬੰਧੂ, ਨਵਦੀਪ ਧੌਲਾ ਅਤੇ ਜਸਵੰਤ ਦੀਵਾਨਾ ਨੇ। ਪਲਸ ਮੰਚ ਦੀ ਇਕਾਈ ਬਠਿੰਡਾ ਅਤੇ ਧੌਲਾ ਦੇ ਆਗੂਆਂ ਲੋਕ ਬੰਧੂ ਅਤੇ ਨਵਦੀਪ ਧੌਲਾ ਦਾ ਕਹਿਣਾ ਸੀ ਕਿ 'ਜਾਗੋ' ਹੱਥੋ ਹੱਥੀ ਘਰ ਘਰ ਜਾਏਗੀ ਕਿਉਂਕਿ ਲੋਕ-ਮਾਰੂ ਸਭਿਆਚਾਰ ਦੇ ਪ੍ਰਦੂਸ਼ਣ ਦੇ ਬਦਲ 'ਚ ਇਹ ਸਫਲ ਉੱਦਮ ਹੈ।

# ਅਰਪਨ ਲਿਖਾਰੀ ਸਭਾ ਵਲੋਂ ਇਸਤਰੀ ਦੀ ਦਸ਼ਾ 'ਤੇ ਵਿਚਾਰਾਂ

ਕੈਲਗਰੀ (ਨਦਬ): ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮੀਟਿੰਗ ਕੋਸੋ ਹਾਲ ਵਿਚ ਸਤਨਾਮ ਸਿੰਘ ਢਾਅ ਅਤੇ ਗੁਰਚਰਨ ਕੌਰ ਥਿੰਦ ਦੀ ਪ੍ਰਧਾਨਗੀ ਹੇਠ ਹੋਈ। ਸਭਾ ਦੇ ਸਕੱਤਰ ਇਕਬਾਲ ਖ਼ਾਨ ਨੇ ਆਏ ਸਾਹਿਤਕ ਰਸੀਆਂ ਨੂੰ ਜੀ ਆਇਆਂ ਆਖਿਆ ਨਾਲ ਹੀ ਅੰਤਰਰਾਸ਼ਟਰੀ ਇਸਤਰੀ ਦਿਵਸ ਬਾਰੇ ਗੱਲਬਾਤ ਕੀਤੀ। ਇਕਬਾਲ ਨੇ ਰਾਜਗੁਰੂ, ਸੁਖਦੇਵ ਅਤੇ ਭਗਤ ਸਿੰਘ ਦੀ ਕਰਬਾਨੀ ਨੂੰ ਸੀਸ ਝੁਕਾਉਦਿਆਂ, ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸਟੇਜ ਦੀ ਜ਼ਿੰਮੇਵਾਰੀ ਸੰਭਾਲੀ। ਦੋ ਪਰਿਵਾਰਾਂ (ਧਨੋਆ ਅਤੇ ਸਿੱਧੂ) ਦੇ ਨੌਜਵਾਨ ਬੱਚਿਆਂ ਦੇ ਅਚਾਨਕ ਵਿਛੋੜਾ ਦੇ ਜਾਣ ਦੀ ਸੂਚਨਾ ਵੀ ਸਾਂਝੀ ਕੀਤੀ। ਸ਼ੋਕ ਮਤਾ ਪਾਇਆ ਗਿਆ ਅਤੇ ਦੁਖੀ ਪਰਿਵਾਰਾਂ ਨਾਲ ਦੁੱਖ ਦਾ ਇਜ਼ਹਾਰ ਕੀਤਾ ਗਿਆ। ਹਰਮਿੰਦਰ ਕੌਰ ਢਿੱਲੋਂ ਨੇ ਇਸਤਰੀ ਦਿਵਸ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਆਪਣੀ ਸੁਰੀਲੀ ਆਵਾਜ਼ ਵਿਚ ਗੀਤ ਸੁਣਾਇਆ। ਪਰਮਿੰਦਰ ਗਰੇਵਾਲ ਨੇ ਸਰੀਰ ਦੀ ਹਲਕੀ ਕਸਰਤ ਅਤੇ ਵਧੀਆ ਸਿਹਤਮੰਦ ਖੁਰਾਕ ਬਾਰੇ ਗੱਲਬਾਤ ਕੀਤੀ। ਨਰਿੰਦਰ ਢਿੱਲੋਂ ਨੇ ਇਸਤਰੀ ਦੀ ਦਸ਼ਾ, ਉਸ ਨਾਲ ਹੋ ਰਹੇ ਜਬਰ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਹਰਨੇਕ ਬੱਧਨੀ ਨੇ ਗ਼ਜ਼ਲ਼ ਨਾਲ ਆਪਣੀ ਹਾਜ਼ਰੀ ਲਗਵਾਈ। ਇਸ ਪਿੱਛੋਂ ਰੇਡੀਓ ਐਫ਼.ਐਮ. ਦੇ ਹੋਸਟ ਰਿਸ਼ੀ ਨਾਗਰ ਨੇ ਕਨੇਡਾ ਵਰਗੇ ਸਭਿਅਕ ਦੇਸ਼ ਬਾਰੇ ਪਿਛਲੇ ਤਿੰਨਾਂ ਸਾਲਾਂ ਦੇ ਅੰਕੜੇ ਸਾਹਮਣੇ ਰੱਖ ਕੇ ਸਰੋਤਿਆਂ ਨੂੰ ਹੈਰਾਨ ਕਰ ਦਿੱਤਾ ਕਿ ਇਸਤਰੀ ਦੀ ਦੁਰਦਸ਼ਾ ਇਕੱਲੇ ਪਛੜੇ ਮੁਲਕਾਂ ਵਿਚ ਹੀ ਨਹੀਂ ਹੁੰਦੀ ਸਗੋਂ ਕਨੇਡਾ ਵਰਗੇ ਦੇਸ਼ ਵਿਚ ਵੀ ਸਭ ਅੱਛਾ ਨਹੀਂ ਹੈ। ਗੁਰਚਰਨ ਕੌਰ ਥਿੰਦ ਨੇ ਵੀ ਕਿਹਾ ਕਿ ਸਾਨੂੰ ਆਪਣੀਆਂ ਬੱਚੀਆਂ ਨੂੰ ਆਪਣੇ ਘਰਾਂ ਤੋਂ ਹੀ ਬਰਾਬਰੀ ਦਾ ਦਰਜਾ ਦੇਣਾ ਚਾਹੀਦਾ ਹੈ। ਡਾ. ਹਰਭਜਨ ਸਿੰਘ ਢਿੱਲੋਂ ਨੇ ਆਖਿਆ ਕਿ ਸਮਾਜ ਵਿਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਮਿਡਲ ਕਲਾਸ ਦਾ ਵੱਡਾ ਰੋਲ ਹੁੰਦਾ ਹੈ। ਕਈ ਥਾਈਂ ਇਸਤਰੀ ਵੀ ਧੱਕਾ ਕਰ ਰਹੀ ਹੈ। ਕੇਸਰ ਸਿੰਘ 'ਨੀਰ' ਨੇ ਆਪਣੇ ਮਿੱਤਰ ਹਰਕੋਮਲ ਬਰਿਆਰ ਦੀ ਨਵੀਂ ਆਈ ਪੁਸਤਕ 'ਜਾਗੋ ਨਹੀਂ ਆਈ' ਵਿਚੋਂ ਵਿਅੰਗ-ਗੀਤ ਸੁਣਾਇਆ। ਜਸਬੀਰ ਸਹੋਤਾ ਨੇ ਰੁਬਾਈ ਸੁਣਾਈ। ਡੈਨ ਸਿੱਧੂ ਨੇ ਦੀਪ ਮੰਗਲ਼ੀ ਦੀ ਹਾਸ ਵਿਅੰਗ ਦੀ ਕਵਿਤਾ 'ਬਾਦਲ ਸਾਹਿਬ ਨਾਲ ਫੋਟੋ' ਸਰੋਤਿਆਂ ਨਾਲ ਸਾਂਝੀ ਕੀਤੀ।



ਗੁਰਚਰਨ ਕੌਰ ਨੇ ਦੱਸਿਆ ਕਿ ਰੇਡੀਓ ਸਭਰੰਗ ਵਲੋਂ ਜੇਨਿਸਿਸ ਸੈਂਟਰ ਵਿਚ 20 ਅਪ੍ਰੈਲ ਨੂੰ 12 ਵਜੇ ਵਿਸਾਖੀ ਮੇਲਾ ਮਨਾਇਆ ਜਾ ਰਿਹਾ ਹੈ। ਇਸ ਮੌਕੇ ਅਰਪਨ ਲਿਖਾਰੀ ਸਭਾ ਦੇ ਮੀਤ ਪ੍ਰਧਾਨ ਕੇਸਰ ਸਿੰਘ ਨੀਰ ਨੂੰ ਸਨਮਾਨਤ ਕੀਤਾ ਜਾਵੇਗਾ। ਡਾ. ਮਨਜੀਤ ਸਿੰਘ ਸੋਹਲ, ਚਰਨ ਸਿੰਘ, ਰਾਜਿੰਦਰ ਹੁੰਦਲ, ਜਗਵੰਤ ਗਿੱਲ, ਸਤਨਾਮ ਸਿੰਘ ਢਾਅ ਨੇ ਵੀ ਆਪਣੇ ਵਿਚਾਰ ਰੱਖੇ। ਢਾਅ ਨੇ ਰਾਜ ਗੁਰੂ, ਸੁਖਦੇਵ ਅਤੇ ਭਗਤ ਸਿੰਘ ਹੋਰਾਂ ਦੀ ਕੁਰਬਾਨੀ ਬਾਰੇ ਖੁੱਲ੍ਹ ਕੇ ਵਿਚਾਰ ਪ੍ਰਗਟ ਕੀਤੇ ਅਤੇ ਸ਼ਰਧਾ ਦੇ ਫ਼ੁੱਲ ਭੇਟ ਕੀਤੇ। ਉਨ੍ਹਾਂ ਆਖਿਆ ਕਿ ਅੱਜ ਸਾਡੇ ਵਿਚੋਂ ਦੇਸ਼ ਭਗਤੀ ਦਾ ਜਜ਼ਬਾ ਹੀ ਗਾਇਬ ਹੈ।




# ਸੈਮੀਨਾਰ ਭਾਰਤੀ ਪੂੰਜੀਪਤੀਆਂ ਨੇ ਅੰਗਰੇਜ਼ੀ ਸਾਮਰਾਜ ਨਾਲ ਮਿਲ ਕੇ ਸੱਤਾ ਹਥਿਆਈ



ਕੈਲਗਰੀ (ਨਦਬ) : ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਇਥੇ ਕੋਸੋ ਹਾਲ ਵਿਖੇ 23 ਮਾਰਚ ਸਬੰਧੀ ਸੈਮੀਨਾਰ ਕੀਤਾ ਗਿਆ। ਪ੍ਰਧਾਨ ਸੋਹਨ ਮਾਨ ਨੇ ਕਿਹਾ ਕਿ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਸਿੰਘ ਨੇ 1857 ਦੇ ਗ਼ਦਰ ਅਤੇ ਗ਼ਦਰ ਪਾਰਟੀ ਦੀ ਮਹਾਨ ਵਿਰਾਸਤ ਤੋਂ ਸਿਖਦੇ ਹੋਏ ਗੁਰੀਲੇ ਹਥਿਆਰਬੰਦ ਯੁੱਧ ਰਾਹੀਂ ਗੋਰੇ ਸਾਮਰਾਜ ਤੋਂ ਭਾਰਤ ਨੂੰ ਆਜ਼ਾਦ ਕਰਾ ਕੇ ਸਮਾਜਵਾਦੀ ਤਰਜ਼ ’ਤੇ ਲੁੱਟ ਰਹਿਤ-ਸਮਾਜਕ, ਆਰਥਕ ਅਤੇ ਰਾਜਨੀਤਕ ਬਰਾਬਰੀ ਵਾਲਾ ਸਮਾਜ ਸਿਰਜਣ ਦਾ ਸੁਪਨਾ ਲਿਆ ਸੀ। ਅਫ਼ਸੋਸ ਕਿ ਅਸਲ ਆਜ਼ਾਦੀ ਆਉਣ ਦੀ ਥਾਂ ਸੱਤਾ ਤਬਦੀਲੀ ਨਾਲ ਭਾਰਤੀ ਪੂੰਜੀਪਤੀਆਂ ਦੀ ਅਗਵਾਈ ਕਰਦੀ ਕਾਂਗਰਸ ਨੇ ਅੰਗਰੇਜ਼ ਸਾਮਰਾਜ ਨਾਲ ਮਿਲ ਕੇ ਸੱਤਾ ਹਥਿਆ ਲਈ, ਤਾਂ ਹੀ ਭਾਰਤ ਦੇ ਕਰੋੜਾਂ ਲੋਕਾਂ ਦਾ ਜਿਉਣਾ ਮੁਹਾਲ ਹੈ। ਤਸੱਲੀ ਦੀ ਗੱਲ ਇਹ ਹੈ ਕਿ ਪਛੜੇ ਇਲਾਕਿਆਂ ਵਿਚ ਲੋਕ ਕਾਰਪੋਰੇਟ ਜਗਤ ਅਤੇ ਭਾਰਤੀ ਸਰਕਾਰ ਦੇ ਜ਼ੁਲਮਾਂ ਅਤੇ ਲੁੱਟ ਖ਼ਿਲਾਫ਼ ਸ਼ਹੀਦਾਂ ਤੋ ਪ੍ਰੇਰਨਾ ਲੈ ਕੇ ਉਸ ਲੜਾਈ ਨੂੰ ਅੱਗੇ ਤੋਰ ਰਹੇ ਹਨ।

ਸੈਮੀਨਾਰ ਦਾ ਵਿਲੱਖਣ ਅਤੇ ਨਵੇਕਲਾ ਪੱਖ ਇਹ ਰਿਹਾ ਕਿ ਵਿਸ਼ੇਸ਼ ਸੱਦੇ ’ਤੇ ਪੁੱਜੇ ਰਿਸ਼ੀ ਨਾਗਰ ਇੰਚਾਰਜ ਰੇਡੀਓ ਰੈੱਡ.ਐਫ.ਐਮ. ਕੈਲਗਰੀ ਨੇ ਭਗਤ ਸਿੰਘ ਨਾਲ ਸ਼ਹੀਦੀ ਪ੍ਰਾਪਤ ਕਰ ਚੁੱਕੇ ਰਾਜਗੁਰੂ ਬਾਰੇ ਉਹ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ ਜੋ ਸਰੋਤਿਆਂ ਅਤੇ ਪਾਠਕਾਂ ਨੂੰ ਕਦੇ ਸੁਣਨ-ਪੜ੍ਹਨ ਨੂੰ ਨਹੀਂ ਮਿਲੀ ਸੀ। ਰਿਸ਼ੀ ਨੇ ਆਪਣੇ ਸੰਬੋਧਨ ਵਿਚ ਦੱਸਿਆ ਕਿ ਰਾਜਗੁਰੂ ਦਾ ਅਸਲ ਨਾਮ ਹਰੀ ਰਾਮ ਸੀ। ਉਨ੍ਹਾਂ ਦੇ ਪਿਤਾ ਦਾ ਨਾਮ ਸ਼ਿਵਰਾਜ ਅਤੇ ਮਾਤਾ ਦਾ ਨਾਮ ਪੁਤਲੀ ਸੀ। ਭਾਵੇਂ ਪਹਿਲਾਂ ਉਹ ਜਿਮਨਾਸਟਕ ਅਤੇ ਪਹਿਲਵਾਨੀ ਵਿਚ ਰੁਚੀ ਰੱਖਦੇ ਸਨ। ਸ਼ਹੀਦਾਂ ’ਚੋਂ ਸਭ ਤੋਂ ਛੋਟੀ ਉਮਰ ਦਾ ਮਾਣ ਹਾਸਲ ਕਰਨ ਵਾਲਾ ਇਹ ਨੌਜਵਾਨ ਆਰ. ਐਸ. ਐਸ. ਦਾ ਸਫ਼ਰ ਤੈਅ ਕਰ ਕੇ ਕਰਾਂਤੀਕਾਰੀਆਂ ਦੇ ਪ੍ਰਭਾਵ ਵਿਚ ਆਇਆ। ਜੰਗੇ ਆਜ਼ਾਦੀ ਦਾ ਜਾਂਬਾਜ਼ ਘੁਲਾਟੀਆ ਬਣਿਆ। ਸੁਭਾਅ ਦਾ ਬਹੁਤ ਤੱਤਾ ਅਤੇ ਜਜ਼ਬਾਤੀ ਹੋਣ ਕਾਰਨ ਜਥੇਬੰਦੀ ਨੇ ਐਕਸ਼ਨ ਕਰਨ ਦੀ ਥਾਂ ਥੁਸ ਦੀ ਡਿਊਟੀ ਸਾਮਾਨ ਇੱਧਰ-ਉਧਰ ਪਹੁੰਚਾਉਣ ਵਿਚ ਲਾਈ ਹੋਈ ਸੀ। ਪਰ ਸੁਭਾਅ ਮੁਤਾਬਕ ਉਹ ਬਦੋਬਦੀ ਸਾਂਡਰਸ ਦੇ ਕਤਲ ਸਮੇਂ ਵੀ ਸ਼ਾਮਲ ਹੋ ਗਿਆ ਸੀ। ਉਸ ਦੀ ਗ੍ਰਿਫ਼ਤਾਰੀ 1929 ਨੂੰ ਪੂਨੇ ਵਿਚ ਹੋਈ ਸੀ। ਉਨ੍ਹਾਂ ਗ਼ਦਰੀ ਵਰਾਂਗਣ ਦੁਰਗਾ ਭਾਬੀ ਨਾਲ ਜਲੰਧਰ ਵਿਖੇ ਹੋਈ ਮੁਲਾਕਾਤ ਦੇ ਪਲ ਵੀ ਸਾਂਝੇ ਕੀਤੇ।

ਪੱਤਰਕਾਰ ਰਮਨਜੀਤ ਸਿੱਧੂ ਨੇ ਕਿਹਾ ਕਿ ਭਾਰਤੀ ਲੋਕਾਂ ਦੀ ਵੱਡੀ ਗਿਣਤੀ ਨੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨਾਲ ਦਗ਼ਾ ਕੀਤਾ ਹੈ। ਸਾਡੀਆਂ ਸਰਕਾਰਾਂ ਨੇ ਸ਼ਹੀਦਾਂ ਦੇ ਵਿਚਾਰਾਂ ਨੂੰ ਬੜੀ ਚਲਾਕੀ ਨਾਲ ਆਮ ਲੋਕਾਂ ਵਿਚ ਜਾਣ ਤੋਂ ਰੋਕਿਆ ਹੈ। ਸ਼ਹੀਦਾਂ ਨੂੰ ਬੁੱਤਾਂ ਅਤੇ ਹਾਰਾਂ ਜੋਗੇ ਬਣਾ ਕੇ ਰੱਖ ਦਿੱਤਾ ਹੈ। ਉਨ੍ਹਾਂ ਦੇ ਵਿਚਾਰਾਂ ਦਾ ਸਮਾਜ ਸਿਰਜਣ ਦੀ ਲੋੜ ਹੈ। ਸਿੱਖ ਵਿਰਸੇ ਦੇ ਸੰਪਾਦਕ ਤੇ ਮੀਡੀਆ ਕਲੱਬ ਕੈਲਗਰੀ ਦੇ ਪ੍ਰਧਾਨ ਹਰਚਰਨ ਪਰਹਾਰ ਨੇ ਕਿਹਾ ਕਿ ਸ਼ਹੀਦਾਂ ਦੇ ਵਿਚਾਰਾਂ ਦਾ ਸਮਾਜ ਨਾ ਸਿਰਜਣ ਪਿੱਛੇ ਜਿਥੇ ਹੋਰ ਬਹੁਤ ਸਾਰੇ ਕਾਰਨ ਹਨ, ਉਥੇ ਧਰਮ ਵੀ ਬਹੁਤ ਵੱਡੀ ਰੁਕਾਵਟ ਬਣੇ ਹੋਏ ਹਨ। ਪੰਜਾਬੀ ਲਿਖਾਰੀ ਸਭਾ ਦੇ ਆਗੂ ਗੁਰਬਚਨ ਬਰਾੜ ਨੇ ਕਿਹਾ ਕਿ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ, ਕੈਲਗਰੀ ਨੂੰ ਲੋਕ ਮਸਲੇ ਆਪਣੇ ਹੱਥ ਲੈਣੇ ਚਾਹੀਦੇ ਹਨ।

ਹਰਨੇਕ ਬੱਧਨੀ, ਤਰਲੋਚਨ ਸੈਹਬੀ ਅਤੇ ਜਤਿੰਦਰ ਸਵੈਚ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਨਿਭਾ ਰਹੇ ਮਾ. ਭਜਨ ਗਿੱਲ ਨੇ ਆਪਣੀ ਪੰਜਾਬ ਫੇਰੀ ਦੀਆਂ ਯਾਦਾਂ ਸਾਂਝੀਆਂ ਕੀਤੀਆਂ।

## ਕਨੇਡੀਅਨ ਏਜੰਸੀਆਂ ਦੇ ਨਾਂਅ ’ਤੇ ਠੱਗੀ ਮਾਰਨ ਵਾਲੇ ਸਰਗਰਮ

ਐਡਮਿੰਟਨ (ਨਦਬ) : ਦੇਸ਼ ਦੇ ਵੱਖ-ਵੱਖ ਸ਼ਹਿਰਾਂ ਖਾਸਕਰ ਐਡਮਿੰਟਨ ਸ਼ਹਿਰ ਵਿਚ ਅੱਜਕਲ੍ਹ ਕਨੇਡੀਅਨ ਏਜੰਸੀਆਂ ਦੇ ਨਾਂਅ ’ਤੇ ਠੱਗੀ ਮਾਰਨ ਵਾਲੇ ਗਿਰੋਹ ਕਾਫ਼ੀ ਸਰਗਰਮ ਹਨ। ਇਹ ਗਿਰੋਹ ਇਥੋਂ ਦੇ ਇੰਮੀਗ੍ਰਾਂਟਸ ਨੂੰ ਡਿਪੋਰਟ ਕਰਨ ਦੀਆਂ ਧਮਕੀਆਂ ਦੇ ਕੇ ਉਨ੍ਹਾਂ ਤੋਂ ਮੋਟੀਆਂ ਰਕਮਾਂ ਬਟੋਰ ਰਿਹਾ ਹੈ। ਇਨ੍ਹਾਂ ਦੀ ਇਸ ਸਰਗਰਮੀ ਨੂੰ ਦੇਖਦਿਆਂ ਪੁਲੀਸ ਨੇ ਇੰਮੀਗ੍ਰਾਂਟਸ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਅਜਿਹੇ ਲੋਕਾਂ ਤੋਂ ਪੂਰੀ ਤਰ੍ਹਾਂ ਸੁਚੇਤ ਰਹਿਣ। ਇਸ ਸਬੰਧੀ ਰੇਡੀਓ ਸੁਰਸੰਗਮ ਐਡਮਿੰਟਨ ਵਲੋਂ ਸੱਦੀ ਮੀਡੀਆ ਐਸੋਸੀਏਸ਼ਨ ਆਫ਼ ਐਡਮਿੰਟਨ ਦੇ ਸਹਿਯੋਗ ਨਾਲ ਇਕ ਲੋਕ ਮਿਲਣੀ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਧੋਖਾਧੜੀ ਕਰਨ ਵਾਲੇ ਲੋਕਾਂ ਵਲੋਂ ਕੀਤੇ ਜਾ ਰਹੇ ਫ਼ੋਨ ਤੇ ਈਮੇਲਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇੰਮੀਗ੍ਰਾਂਟਸ ਵਲੋਂ ਪੁਲੀਸ ਨੂੰ ਦਿੱਤੀਆਂ ਸ਼ਿਕਾਇਤਾਂ ਵਿਚ ਦੱਸਿਆ ਗਿਆ ਹੈ ਕਿ ਉਨ੍ਹਾਂ ਨੂੰ ਕੁਝ ਲੋਕਾਂ ਵਲੋਂ ਫ਼ੋਨ ਆ ਰਹੇ ਹਨ ਜਿਨ੍ਹਾਂ ਵਿਚ ਦਾਅਵਾ ਕੀਤਾ ਜਾਂਦਾ ਹੈ ਕਿ ਉਹ ਕਨੇਡਾ ਰੈਵਨਿਊ ਏਜੰਸੀ, ਕਨੇਡੀਅਨ ਸਕਿਊਰਿਟੀ ਇੰਟੈਲੀਜੈਂਸ ਸਰਵਿਸ, ਇੰਮੀਗ੍ਰੇਸ਼ਨ ਕਨੇਡਾ ਜਾਂ ਪੁਲੀਸ ਸੇਵਾ ਤੋਂ ਬੋਲ ਰਹੇ ਹਨ। ਈ.ਪੀ.ਐਸ. ਅਧਿਕਾਰੀ ਨੋਰੇਨ ਰੇਮਤੁੱਲਾ ਨੇ ਦੱਸਿਆ ਕਿ ਫ਼ੋਨ ਕਰਨ ਵਾਲੇ ਇੰਮੀਗ੍ਰਾਂਟਸ ਨੂੰ ਇਹ ਕਹਿ ਕੇ ਧਮਕਾਉਂਦੇ ਹਨ ਕਿ ਉਨ੍ਹਾਂ ਨੇ ਆਪਣੇ ਟੈਕਸ ਠੀਕ ਢੰਗ ਨਾਲ ਅਦਾ ਨਹੀਂ ਕੀਤੇ ਜਾਂ ਉਨ੍ਹਾਂ ਆਪਣੇ ਆਪ ਨੂੰ ਏਲੀਅਨ ਇੰਮੀਗ੍ਰਾਂਟਸ ਵਜੋਂ ਰਜਿਸਟਰਡ ਨਹੀਂ ਕਰਵਾਇਆ। ਇਹ ਨੌਸਰਬਾਜ਼ ਆਪਣੇ ਸ਼ਿਕਾਰ ਨੂੰ ਗ੍ਰਿਫ਼ਤਾਰ ਕਰਨ, ਜੇਲ੍ਹ ਭੇਜਣ, ਇੰਮੀਗ੍ਰੇਸ਼ਨ ਰੱਦ ਕਰਨ ਅਤੇ ਜਲਾਵਤਨ ਕਰਨ ਦੀਆਂ ਧਮਕੀਆਂ ਦਿੰਦੇ ਹਨ। ਪੁਲੀਸ ਨੇ ਐਡਮਿੰਟਨ ਵਿਚਲੇ ਇੰਮੀਗ੍ਰਾਂਟਸ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਨੇ ਇਸ ਤਰ੍ਹਾਂ ਦੇ ਨੌਸਰਬਾਜ਼ਾਂ ਨੂੰ ਫ਼ੰਡ ਦਿੱਤੇ ਹਨ ਤਾਂ ਉਹ ਤੁਰੰਤ ਪੁਲੀਸ ਨੂੰ ਰਿਪੋਰਟ ਕਰਨ ਅਤੇ ਹੋਰ ਜਾਣਕਾਰੀ ਦੇਣ ਲਈ ਫ਼ੋਨ ਨੰਬਰ 780-423-4567 ਜਾਂ 377 ’ਤੇ ਮੋਬਾਈਲ ਰਾਹੀਂ ਸੰਪਰਕ ਕਰਨ। ਕੋਈ ਵੀ ਸੂਚਨਾ 1-800-222-8477 ’ਤੇ ਵੀ ਦਿੱਤੀ ਜਾ ਸਕਦੀ ਹੈ।

# ‘ਆਪ’ ਦੀ ਹਮਾਇਤ ਵਿਚ ਇਕੱਠੇ ਹੋਏ ਐਡਮਿੰਟਨ ਵਾਸੀ

### ਭਗਵੰਤ ਮਾਨ, ਫੂਲਕਾ ਅਤੇ ਡਾਕਟਰ ਗਾਂਧੀ ਨੇ ਸਕਾਇਪ ’ਤੇ ਕੀਤਾ ਸੰਬੋਧਨ

ਐਡਮਿੰਟਨ (ਨਦਬ) : ਮਹਾਰਾਜਾ ਬੈਂਕੁਇਟ ਹਾਲ ਵਿਚ ਆਮ ਆਦਮੀ ਪਾਰਟੀ ਦੇ ਐਡਮਿੰਟਨ ਵਾਲੰਟੀਅਰ ਗਰੁੱਪ ਵਲੋਂ ਆਮ ਆਦਮੀ ਪਾਰਟੀ ਦੀ ਹਮਾਇਤ ਲਈ ਕਾਨਫ਼ਰੰਸ ਕੀਤੀ ਗਈ। ਇਸ ਵਿਚ ਵੱਡੀ ਸੰਖਿਆ ਵਿਚ ਐਡਮਿੰਟਨ ਵਾਸੀ ਸ਼ਾਮਲ ਹੋਏ। ਵੱਖੋ-ਵੱਖ ਬੁਲਾਰਿਆਂ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਭਾਰਤ ਨੂੰ ਭ੍ਰਿਸ਼ਟਾਚਾਰ ਅਤੇ ਨਸ਼ਿਆਂ ਤੋਂ ਮੁਕਤ ਕਰਾਉਣ ਤੇ ਆਮ ਆਦਮੀ ਨੂੰ ਬਣਦੇ ਹੱਕ ਦੁਆਉਣ ਲਈ ਹੁਣ ਇਕੋ ਇਕ ਤਰੀਕਾ ਹੈ ਕਿ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀ ਭਰਵੀਂ ਹਮਾਇਤ ਕਰ ਕੇ ਭਾਰਤ ਦੀ ਪਾਰਲੀਮੈਂਟ ਵਿਚ ਪਹੁੰਚਾਇਆ ਜਾਵੇ। ਇਸ ਮੌਕੇ ਸੰਗਰੂਰ ਤੋਂ ਪਾਰਟੀ ਦੇ ਉਮੀਦਵਾਰ ਭਗਵੰਤ ਮਾਨ, ਪਟਿਆਲਾ ਤੋਂ ਉਮੀਦਵਾਰ ਡਾ. ਧਰਮਵੀਰ ਗਾਂਧੀ ਅਤੇ ਲੁਧਿਆਣਾ ਤੋਂ ਐਚ.ਐਸ. ਫੂਲਕਾ ਨੇ ਸਕਾਇਪ ਰਾਹੀਂ ਸੰਬੋਧਨ ਕੀਤਾ। ਇਨ੍ਹਾਂ ਆਗੂਆਂ ਨੇ ਕਿਹਾ ਕਿ ਉਹ ਮੌਜੂਦਾ ਹਾਕਮਾਂ ਵਲੋਂ ਕਦਮ-ਕਦਮ ’ਤੇ ਖੜੀਆਂ ਕੀਤੀਆਂ ਜਾ ਰਹੀਆਂ ਮੁਸ਼ਕਲਾਂ ਦੇ ਬਾਵਜੂਦ ਚੋਣਾਂ ਦੇ ਮੁਹਾਜ਼ ’ਤੇ ਡਟੇ ਹੋਏ ਹਨ ਅਤੇ ਸਾਬਤਕਦਮੀ ਨਾਲ ਅੱਗੇ ਵੱਧ ਰਹੇ ਹਨ। ਇਨ੍ਹਾਂ ਉਮੀਦਵਾਰਾਂ ਨੇ ਐਡਮਿੰਟਨ ਵਿਚ ਬੈਠੇ ਪ੍ਰਵਾਸੀ ਭਾਰਤੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਨੂੰ ਆਪਣੀ ਮਿੱਟੀ ਨਾਲ ਮੋਹ ਹੈ ਤੇ ਜੋ ਆਪਣੇ ਦੇਸ਼ ਪ੍ਰਤੀ ਫ਼ਿਕਰਮੰਦ ਹਨ।



ਐਡਮਿੰਟਨ ਵਲੰਟੀਅਰ ਗਰੁੱਪ ਦੇ ਕੋਆਰਡੀਨੇਟਰ ਹਰਨੇਕ ਸਿੰਘ ਮਠਾਰੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਿਰਫ਼ ਆਮ ਆਦਮੀ ਪਾਰਟੀ ਕੋਲ ਹੀ ਪੂਰਨ ਸਵਰਾਜ ਦਾ ਇਕੋ ਇਕ ਪ੍ਰੋਗਰਾਮ ਹੈ, ਜਿਸ ਤਹਿਤ ਹਾਸ਼ੀਏ ’ਤੇ ਧੱਕ ਦਿੱਤੇ ਬਹੁਗਿਣਤੀ ਭਾਰਤੀਆਂ ਦੀ ਵਧੀਆ ਜ਼ਿੰਦਗੀ ਜਿਊਣ ਦਾ ਸੁਪਨਾ ਸਾਕਾਰ ਹੋ ਸਕਦਾ ਹੈ। ਟਰਾਂਟੋ ਤੋਂ ਰੇਡੀਓ ਨਗਾਰਾ ਅਤੇ ਵਿਜ਼ਨ ਟੀ.ਵੀ. ਪ੍ਰੋਗਰਾਮ ਮੁਲਾਕਾਤ ਦੇ ਸੰਚਾਲਕ ਚਰਨਜੀਤ ਬਰਾੜ ਨੇ ਕਿਹਾ ਕਿ ਇਸ ਇਕੱਠ ਨੇ ਸਾਬਤ ਕਰ ਦਿੱਤਾ ਹੈ ਕਿ ਵਿਦੇਸ਼ਾਂ ਵਿਚ ਬੈਠੇ ਭਾਰਤੀਆਂ ਨੂੰ ਆਪਣੀ ਮਾਂ ਭੂਮੀ ਦਾ ਦਰਦ ਸਤਾਉਂਦਾ ਰਹਿੰਦਾ ਹੈ। ਭਾਰਤ ਅਤੇ ਪੰਜਾਬ ਦੇ ਲੋਕਾਂ ਦੀਆਂ ਦੁੱਖ ਤਕਲੀਫ਼ਾਂ ਨੂੰ ਆਮ ਆਦਮੀ ਪਾਰਟੀ ਹੀ ਦੂਰ ਕਰ ਸਕਦੀ ਹੈ। ਪ੍ਰੋਗਰਾਮ ਦੀ ਸ਼ੁਰੂਆਤ ਸ਼ਹੀਦ ਭਗਤ ਸਿੰਘ ਦੀ ਸੋਚ ਨੂੰ ਸਮਰਪਤ ਗੀਤ ਸੰਗੀਤ ਨਾਲ ਕੀਤੀ ਗਈ। ਉਸ ਤੋਂ ਬਾਅਦ ਆਮ ਆਦਮੀ ਪਾਰਟੀ ਅਤੇ ਕੇਜਰੀਵਾਲ ਦੇ ਉਭਾਰ ਸਬੰਧੀ ਇਕ ਡਾਕੂਮੈਂਟਰੀ ਵੀ ਵਿਖਾਈ ਗਈ। ਸਮੁੱਚੇ ਪ੍ਰੋਗਰਾਮ ਦੀ ਜ਼ਿੰਮੇਵਾਰੀ ਦੀਦਾਰ ਬਾਜਵਾ ਨੇ ਬਾਖ਼ੂਬੀ ਨਿਭਾਈ।

# ਮਿਲਵੁੱਡਜ਼ ਕਲਚਰਲ ਸੁਸਾਇਟੀ ਦਾ 31ਵਾਂ ਸਥਾਪਨਾ ਦਿਵਸ ਧੂਮ ਧਾਮ ਨਾਲ ਮਨਾਇਆ

ਐਡਮਿੰਟਨ (ਨਦਬ) : ਇਥੇ ਮਿਲਵੁੱਡਜ਼ ਕਲਚਰਲ ਸੁਸਾਇਟੀ ਦੇ 31ਵੇਂ ਸਥਾਪਨਾ ਦਿਵਸ ਮੌਕੇ ਮਨੋਹਰ ਸਿੰਘ ਧਾਲੀਵਾਲ ਮੁੱਖ ਮਹਿਮਾਨ ਵਜੋਂ ਪੁੱਜੇ। ਅਲਬਰਟਾ ਵਿਧਾਨ ਸਭਾ ਦੇ ਸਪੀਕਰ ਜਵਸਡੈਸਕੀ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਇਸ ਸੰਸਥਾ ਨਾਲ ਕਾਫ਼ੀ ਲੰਮੇ ਸਮੇਂ ਤੋਂ ਜੁੜੇ ਹੋਏ ਹਨ ਅਤੇ ਇਥੇ ਜਿਸ ਤਰ੍ਹਾਂ ਦੀਆਂ ਸੀਨੀਅਰਜ਼ ਨੂੰ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ, ਉਹ ਬਹੁਤ ਸ਼ਲਾਘਾਯੋਗ ਹਨ। ਐਸੋਸੀਏਟ ਮਨਿਸਟਰ ਨਰੇਸ਼ ਭਾਰਦਵਾਜ ਨੇ ਅਲਬਰਟਾ ਸਰਕਾਰ ਵਲੋਂ ਮੁੱਖ ਮਹਿਮਾਨ ਮਨੋਹਰ ਸਿੰਘ ਧਾਲੀਵਾਲ ਅਤੇ ਸੁਸਾਇਟੀ ਦੇ ਪ੍ਰਧਾਨ ਅਜੈਬ ਸਿੰਘ ਮਾਨ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ। ਇਸ ਮੌਕੇ ਵਿਧਾਇਕ ਪੀਟਰ ਸੰਧੂ, ਵਿਧਾਇਕ ਸੁਹੇਲ ਕਾਦਰੀ, ਕੌਂਸਲਰ ਅਮਰਜੀਤ ਸੋਹੀ, ਸਾਬਕਾ ਵਿਧਾਇਕ ਭਾਰਤ ਅਗਨੀਹੋਤਰੀ, ਸਾਬਕਾ ਵਿਧਾਇਕ ਰਾਜ ਪੰਨੂੰ, ਲਿਬਰਲ ਫੈਡਰਲ ਨੌਮੀਨੇਸ਼ਨ ਚੋਣ ਲੜ ਰਹੇ ਵਰਿੰਦਰ ਭੁੱਲਰ, ਪੀ.ਸੀ. ਪਾਰਟੀ ਵੈਟਾਸਕੀਵਿਨ ਫ਼ੈਡਰਲ ਨੌਮੀਨੇਸ਼ਨ ਚੋਣ ਦੇ ਉਮੀਦਵਾਰ ਮਹਿੰਦਰ ਬੰਗਾ ਸਮੇਤ ਭਾਰਤੀ ਗਿਣਤੀ ’ਚ ਭਾਈਚਾਰੇ ਦੇ ਨੁਮਾਇੰਦੇ ਅਤੇ ਹੋਰ ਲੋਕ ਪਹੁੰਚੇ ਹੋਏ ਸਨ।



New Location of
K.P. ACCOUNTING & TAX SERVICES
SAVE YOUR TAX
FOR FAST REFUND USE E-FILES
- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ
ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ

Ph. : 780-469-2677 Fax : 780-469-2026
9218 34 Ave in Plaza 34


Kapil Sharma

ਨਵੀਂ ਦੁਨੀਆ

## ਸੰਪਾਦਕੀ

# ਚੋਣ ਤਮਾਸ਼ੇ 'ਚੋਂ ਲੋਕ ਮਸਲੇ ਗ਼ਾਇਬ

ਭਾਰਤ ਵਿਚ ਇਕ ਵਾਰ ਫੇਰ ਚੋਣ ਤਮਾਸ਼ੇ ਦਾ ਪਿੜ ਬੱਝ ਗਿਆ ਹੈ। ਭਾਰਤ ਵਿਚ ਜਮਹੂਰੀ ਢੰਗ ਨਾਲ ਮਹਿਜ਼ ਵੋਟਾਂ ਹੀ ਪੈਂਦੀਆਂ ਹਨ ਪਰ ਰਾਜ ਕਰਨ ਵਾਲੇ ਕੁਝ ਕੁ ਪਰਿਵਾਰ ਹੀ ਹਨ ਜੋ ਪਰਿਵਾਰਵਾਦ ਦੀ ਵੇਲ ਲਗਾਤਾਰ ਵਧਾ ਰਹੇ ਹਨ। ਜਮਹੂਰੀ ਪ੍ਰਣਾਲੀ ਵਿਚ ਤਬਦੀਲੀ ਸਿਰਫ਼ ਏਨੀ ਹੀ ਆਈ ਹੈ ਕਿ ਹੁਣ ਖੇਤਰੀ ਪਾਰਟੀਆਂ ਵੀ ਕੇਂਦਰੀ ਸਿਆਸਤ ਵਿਚ ਆਪਣੀ ਨੁੱਕ ਬਣਾਉਣ ਵਿਚ ਸਫ਼ਲ ਹੋ ਰਹੀਆਂ ਹਨ। ਇਸ ਸਿਆਸੀ ਪਿੜ ਵਿਚ ਨਵਾਂ-ਨਵਾਂ ਅਰਵਿੰਦ ਕੇਜਰੀਵਾਲ ਦਾ ਚਿਹਰਾ ਵੀ ਸ਼ਾਮਲ ਹੋਇਆ ਹੈ। ਲੋਕ ਸਭਾ ਚੋਣਾਂ ਵਿਚ ਉਹਦੀ 'ਆਮ ਆਦਮੀ ਪਾਰਟੀ' ਕਿੰਨਾ ਕੁ ਅਸਰ ਕਰਦੀ ਹੈ, ਇਹ ਤਾਂ ਜਲਦੀ ਹੀ ਪਤਾ ਲੱਗ ਜਾਵੇਗਾ ਪਰ ਇਸ ਨੇ ਦੂਜੀਆਂ ਪਾਰਟੀਆਂ ਨੂੰ ਜ਼ਰੂਰ ਵਖ਼ਤ ਪਾਇਆ ਹੋਇਆ ਹੈ। ਸਾਰੀਆਂ ਸਿਆਸੀ ਧਿਰਾਂ ਆਪੋ-ਆਪਣੇ ਰਾਗ ਅਲਾਪ ਰਹੀਆਂ ਹਨ।

ਇਸ ਮਾਹੌਲ ਵਿਚ ਦੇਖਣਾ ਇਹ ਬਣਦਾ ਹੈ ਕਿ ਸਿਆਸੀ ਧਿਰਾਂ ਕਿਹੜੇ ਕਿਹੜੇ ਮੁੱਦੇ ਉਭਾਰ ਰਹੀਆਂ ਹਨ। ਕਾਂਗਰਸ ਦੀ ਅਗਵਾਈ ਵਾਲੀ ਕੇਂਦਰ ਵਿਚਲੀ ਯੂ.ਪੀ.ਏ. ਸਰਕਾਰ ਦੇ ਮੰਤਰੀਆਂ ਨੇ ਜਿਸ ਤਰ੍ਹਾਂ ਘੁਟਾਲੇ ਦਰ ਘੁਟਾਲੇ ਕੀਤੇ ਹਨ, ਇਸਨੇ ਲੋਕਾਂ ਦੇ ਗੁੱਸੇ ਨੂੰ ਪਾਰੇ ਵਾਂਗ ਚੜ੍ਹਾ ਦਿੱਤਾ ਹੈ। ਰਹਿੰਦੀ ਕਸਰ ਉਸ ਦੀਆਂ ਨੀਤੀਆਂ ਨੇ ਪੂਰੀ ਕੀਤੀ ਜਿਸ ਕਾਰਨ ਮਹਿੰਗਾਈ ਅਤੇ ਭ੍ਰਿਸ਼ਟਾਚਾਰ ਸਿਖ਼ਰ 'ਤੇ ਹੈ। ਦੂਜੀ ਅਹਿਮ ਮੁਸ਼ਕਲ ਮੁਲਕ ਵਿਚ ਜ਼ਾਤ-ਪਾਤ ਤੇ ਧਰਮ ਦੇ ਨਾਂਅ 'ਤੇ ਹੋਏ ਦੰਗਿਆਂ ਦੀ ਹੈ, ਜਿਨ੍ਹਾਂ ਨੇ ਪਾਰਟੀਆਂ ਪ੍ਰਤੀ ਲੋਕਾਂ ਦਾ ਮੋਹ ਭੰਗ ਕੀਤਾ। ਇਸੇ ਲਈ ਬਾਕੀ ਸਿਆਸੀ ਧਿਰਾਂ ਜਿੱਥੇ ਭ੍ਰਿਸ਼ਟਾਚਾਰ ਨੂੰ ਆਧਾਰ ਬਣਾ ਕੇ ਪ੍ਰਚਾਰ ਕਰ ਰਹੀਆਂ ਹਨ, ਉੱਥੇ ਕਾਂਗਰਸ ਫ਼ਿਰਕੂ ਦੰਗਿਆਂ ਦੀ ਕੰਨੀ ਫੜਦੀ ਨਜ਼ਰ ਆ ਰਹੀ ਹੈ, ਇਹ ਵੱਖਰੀ ਗੱਲ ਹੈ ਕਿ ਉਹ ਵੀ ਇਸ ਤੋਂ ਬਰੀ ਨਹੀਂ ਹੈ। ਪਰ ਅਸਲ ਲੋਕ- ਮੁੱਦੇ ਕਾਂਗਰਸ, ਭਾਜਪਾ ਅਤੇ ਖੇਤਰੀ ਪਾਰਟੀਆਂ ਦੇ ਏਜੰਡੇ 'ਚੋਂ ਲਗਭਗ ਖਾਰਜ ਹੀ ਹੋ ਚੁੱਕੇ ਹਨ, ਬੱਸ ਭ੍ਰਿਸ਼ਟਾਚਾਰ ਤੇ ਫ਼ਿਰਕੂ ਦੰਗਿਆਂ ਦੇ ਦੋ ਮੁੱਦੇ ਹੀ ਚੋਣ ਮੈਦਾਨ ਵਿਚ ਭੜਥੂ ਪਾ ਰਹੇ ਹਨ। ਸਤਾਪ੍ਰਸਤ ਸਿਆਸੀ ਧਿਰਾਂ ਵਿਕਾਸ ਦਾ ਦਮ ਵੀ ਭਰਦੀਆਂ ਆ ਰਹੀਆਂ ਹਨ ਪਰ ਇਹ ਨਹੀਂ ਦਸਦੀਆਂ ਕਿ ਇਹ ਵਿਕਾਸ ਤਾਂ ਅਮੀਰਾਂ ਦਾ ਹੀ ਹੋਇਆ ਹੈ। ਆਲੀਸ਼ਾਨ ਇਮਾਰਤਾਂ ਨੂੰ ਹੀ ਵਿਕਾਸ ਦੱਸਿਆ ਜਾ ਰਿਹਾ ਹੈ। ਆਮ ਲੋਕਾਂ ਵੱਲ ਕਿਸੇ ਦੀ ਤੱਵਜੋ ਨਹੀਂ ਜੋ ਹਾਲੇ ਵੀ ਅਜਿਹੀਆਂ ਗੰਦੀਆਂ ਥਾਵਾਂ 'ਤੇ ਰਹਿ ਰਹੇ ਹਨ, ਜਿੱਥੋਂ ਅੰਦਾਜ਼ਾ ਲਾਉਣਾ ਮੁਸ਼ਕਲ ਹੁੰਦਾ ਹੈ ਕਿ ਕੱਚੀ ਸੜਕ ਛੱਪੜ ਦਾ ਰੂਪ ਧਾਰ ਚੁੱਕੀ ਹੈ ਜਾਂ ਛੱਪੜ ਵਿਚ ਲੋਕਾਂ ਨੇ ਰੈਣ-ਬਸੇਰਾ ਕੀਤਾ ਹੈ।

ਇਸ 'ਚ ਕੋਈ ਸ਼ੱਕ ਨਹੀਂ ਕਿ ਭ੍ਰਿਸ਼ਟਾਚਾਰ, ਮਹਿੰਗਾਈ ਅਤੇ ਫ਼ਿਰਕਾਪ੍ਰਸਤੀ ਅੱਜ ਅਹਿਮ ਮੁੱਦੇ ਹਨ ਪਰ ਬੁਨਿਆਦੀ ਮਸਲਿਆਂ ਦੀ ਗੱਲ ਹੀ ਨਹੀਂ ਹੋ ਰਹੀ। ਮੁਲਕ ਦੇ ਸਭ ਤੋਂ ਅਹਿਮ ਮਸਲੇ ਗ਼ਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ, ਸਿੱਖਿਆ ਅਤੇ ਸਿਹਤ ਆਦਿ ਹਨ। ਗ਼ਰੀਬੀ ਦੂਰ ਕਰਨ ਦਾ ਤਾਂ ਸੱਤਾ ਸਿਆਸਤ ਕੋਲ ਸੌਖਾ ਹੱਲ ਹੈ, ਬੱਸ ਅੰਕੜਿਆਂ ਰਾਹੀਂ ਹੀ ਦੱਸ ਦਿੱਤਾ ਜਾਂਦਾ ਹੈ ਕਿ ਗ਼ਰੀਬੀ ਦੀ ਦਰ ਘੱਟ ਰਹੀ ਹੈ। ਇਹ ਨਹੀਂ ਦੱਸਿਆ ਜਾਂਦਾ ਕਿ ਸਮਾਜਕ ਵਿਵਸਥਾ ਨਾਲ ਜੂਝਦੇ-ਜੂਝਦੇ ਗ਼ਰੀਬ ਹੀ ਮਰਦੇ-ਮੁੱਕਦੇ ਜਾ ਰਹੇ ਹਨ। ਜੇਕਰ ਅੰਕੜੇ ਦੀ ਵੀ ਗੱਲ ਕਰੀਏ ਤਾਂ ਕੇਂਦਰ ਸਰਕਾਰ ਅਨੁਸਾਰ 2012 ਤਕ ਮੁਲਕ ਵਿਚ ਕਰੀਬ 26.90 ਕਰੋੜ ਗ਼ਰੀਬ ਹਨ ਪਰ ਸਰਕਾਰੀ ਪੈਮਾਨਿਆਂ ਨੂੰ ਮਾਹਰ ਪੂਰੀ ਤਰ੍ਹਾਂ ਰੱਦ ਕਰਦੇ ਹਨ। ਸੰਸਾਰ ਬੈਂਕ ਦੀ ਰਿਪੋਰਟ ਮੰਨੀਏ ਤਾਂ ਦੁਨੀਆ ਦੇ ਕੁੱਲ 1.20 ਅਰਬ ਗ਼ਰੀਬਾਂ ਵਿਚੋਂ ਲਗਭਗ 33 ਫ਼ੀਸਦੀ ਭਾਰਤ ਵਿਚ ਹਨ। ਗ਼ਰੀਬੀ ਤੋਂ ਹੇਠਲੀ ਲਕੀਰ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।

ਦਰਅਸਲ, ਅਮੀਰਾਂ ਨੇ ਮੁਲਕ ਦੇ ਕੁਦਰਤੀ ਖਜ਼ਾਨਿਆਂ 'ਤੇ ਪੂਰੀ ਤਰ੍ਹਾਂ ਜੱਫ਼ਾ ਮਾਰ ਲਿਆ ਹੈ ਕਿ ਗ਼ਰੀਬਾਂ ਤਕ ਉਨ੍ਹਾਂ ਦਾ ਹਿੱਸਾ ਪਹੁੰਚਦਾ ਹੀ ਨਹੀਂ। ਰੁਜ਼ਗਾਰ ਦੇ ਮੌਕੇ ਹੀ ਪੈਦਾ ਨਹੀਂ ਕੀਤੇ ਜਾ ਰਹੇ। ਮਹਿੰਗਾਈ ਵਧਦੀ ਜਾ ਰਹੀ ਹੈ ਪਰ ਗ਼ਰੀਬ ਦੀ ਜੇਬ ਸੁੰਗੜਦੀ ਜਾ ਰਹੀ ਹੈ। ਸਰਕਾਰ ਦੀਆਂ ਨਿੱਜੀਕਰਨ, ਵਪਾਰੀਕਰਨ ਤੇ ਸੰਸਾਰੀਕਰਨ ਦੀਆਂ ਨੀਤੀਆਂ ਨੇ ਮੁਲਕ ਨੂੰ ਤਬਾਹੀ ਵੱਲ ਵਧਾਇਆ ਹੈ। ਸਿੱਖਿਆ ਦਾ ਵੀ ਪੂਰੀ ਤਰ੍ਹਾਂ ਵਪਾਰੀਕਰਨ ਕਰ ਦਿੱਤਾ ਗਿਆ ਹੈ। ਸਾਡਾ ਸਿਹਤ ਖੇਤਰ ਵੀ ਬੁਰੀ ਤਰ੍ਹਾਂ ਨਾਸਾਜ਼ ਹੈ। ਕਹਿਣ ਨੂੰ ਤਾਂ ਇੱਥੇ ਪੰਜ ਤਾਰਾ ਹਸਪਤਾਲ ਖੁੱਲ੍ਹ ਰਹੇ ਹਨ, ਜਿਨ੍ਹਾਂ ਨੂੰ ਮੁਲਕ ਦੀ ਤਰੱਕੀ ਵਿਚ ਸ਼ੁਮਾਰ ਕੀਤਾ ਜਾ ਰਿਹਾ ਹੈ ਪਰ ਇਹ ਚੋਣਵੇਂ ਲੋਕਾਂ ਦੇ ਇਲਾਜ ਲਈ ਹਨ, ਆਮ ਲੋਕ ਤਾਂ ਇਲਾਜ ਖੁਣੋਂ ਹੀ ਮਰ ਰਹੇ ਹਨ। ਇਹ ਤਾਂ ਮੋਟੇ-ਮੋਟੇ ਮਸਲੇ ਹਨ। ਹਜ਼ਾਰਾਂ ਮਸਲੇ ਤਾਂ ਇਨ੍ਹਾਂ ਮਸਲਿਆਂ ਕਾਰਨ ਹੀ ਪੈਦਾ ਹੋ ਰਹੇ ਹਨ। ਲੋਕ ਦੋ ਬੂੰਦ ਪਾਣੀ ਲਈ ਹਫ਼ ਰਹੇ ਹਨ ਤੇ ਇਨ੍ਹਾਂ ਦੇ ਹਿੱਸੇ ਦਾ ਪਾਣੀ ਪਾਈਪਾਂ ਰਾਹੀਂ ਸਿੱਧਾ ਅਮੀਰਾਂ ਦੀਆਂ ਕੋਠੀਆਂ ਤਕ ਜੋੜ ਦਿੱਤਾ ਗਿਆ ਹੈ। ਆਮ ਲੋਕ ਹਨੇਰੇ ਵਿਚ ਟੱਕਰਾਂ ਮਾਰਦੇ ਫਿਰ ਰਹੇ ਹਨ ਤੇ ਬਿਜਲੀ ਖ਼ਾਸ ਲੋਕਾਂ ਦੇ ਘਰਾਂ ਵਿਚ ਟਿਮਟਿਮਾ ਰਹੀ ਹੈ। ਪਰ ਸਿਆਸੀ ਧਿਰਾਂ ਲਈ ਇਹ ਮਸਲੇ ਫ਼ਿਕਰ ਨਹੀਂ ਪੈਦਾ ਕਰਦੇ, ਉਹ ਤਾਂ ਆਪਣੇ-ਆਪਣੇ 'ਰਾਜੇ' ਲਈ ਛਤਰੀ ਤਾਣੀ ਖੜ੍ਹੀਆਂ ਹਨ। ਆਪਣੇ ਆਪਣੇ 'ਰਾਜੇ' ਨੂੰ ਸਿੰਘਾਸਣ 'ਤੇ ਬਿਰਾਜਮਾਨ ਕਰਾਉਣ ਲਈ ਲੋਕਾਂ ਦੀਆਂ ਮੁਢਲੀਆਂ ਜ਼ਰੂਰਤਾਂ ਹੀ ਭੁੱਲ ਬੈਠੀਆਂ ਹਨ। ਰਵਾਇਤੀ ਖੱਬੀਆਂ ਧਿਰਾਂ ਜ਼ਰੂਰ ਇਨ੍ਹਾਂ ਮਸਲਿਆਂ ਨੂੰ ਆਪਣੇ ਏਜੰਡੇ 'ਤੇ ਰੱਖ ਰਹੀਆਂ ਹਨ ਪਰ ਸਿਆਸੀ ਜੋੜ-ਤੋੜ ਦੇ ਚਲਦਿਆਂ ਇਹ ਵੀ ਟਪਲਾ ਖਾ ਜਾਂਦੀਆਂ ਹਨ। ਭਾਰਤੀ ਅਵਾਮ ਨੂੰ ਹੀ ਚੇਤੇ ਰੱਖਣਾ ਚਾਹੀਦਾ ਹੈ ਕਿ ਸੱਤਾ ਸਿਆਸਤ ਤਕ ਆਵਾਜ਼ ਦਰਬਾਰੀ ਰਾਗ ਨਹੀਂ ਪਹੁੰਚਉਂਦੇ ਸਗੋਂ ਬੰਦ ਮੁੱਠੀਆਂ ਦੇ ਨਾਅਰੇ ਹੀ ਪਹੁੰਚਾਇਆ ਕਰਦੇ ਹਨ। ਮੌਜੂਦਾ ਸਤਾ ਪ੍ਰਸਤ ਸਿਆਸੀ ਧਿਰਾਂ ਖ਼ਿਲਾਫ਼ ਚਿਣਗ ਸੁਲਗਦੀ ਤਾਂ ਹੈ, ਪਰ ਇਸਨੂੰ ਮੱਚਦੀ ਲਾਟ ਵਿਚ ਤਬਦੀਲ ਕਰਨ ਲਈ ਲੋਕ-ਪੱਖੀ ਨਜ਼ਰੀਏ ਵਾਲੀ ਵਿਸ਼ਾਲ ਲਾਮਬੰਦੀ ਜ਼ਰੂਰੀ ਹੈ।

# ਗੁਆਚ ਰਿਹਾ ਹੈ ਭਾਰਤ ਦਾ ਚਰਿੱਤਰ



**ਸਲੀਮ ਖ਼ਾਨ**
(ਫ਼ਿਲਮ ਕਹਾਣੀ ਲੇਖਕ)

ਇਸ ਦੇਸ਼ ਵਿਚ ਚਰਿੱਤਰ ਗੁਆਚ ਰਿਹਾ ਹੈ। ਇਸ ਤਰ੍ਹਾਂ ਸਮਝੋ ਕਿ ਹੁਣ ਦੁੱਧ ਵਿਚ ਦੁੱਧ ਹੀ ਨਹੀਂ ਹੈ। ਇਕ ਸਮਾਂ ਸੀ ਜਦੋਂ ਗ਼ਰੀਬ ਆਦਮੀ ਜਿਸ ਕੋਲ ਪੈਸੇ ਨਹੀਂ ਹੁੰਦੇ ਸਨ, ਉਹ ਚੋਰੀ ਕਰਦਾ ਸੀ। ਛੋਟੀ-ਮੋਟੀ ਚੋਰੀ। ਦੋ-ਢਾਈ ਸੌ ਰੁਪਏ ਦੀ ਚੋਰੀ। ਕਿਸੇ ਦੀ ਘੜੀ ਚੋਰੀ ਕਰ ਲਈ, ਕਿਸੇ ਦਾ ਪਰਸ ਮਾਰ ਲਿਆ। ਫਿਰ ਫੜਿਆ ਜਾਂਦਾ ਸੀ। ਉਸ ਦੀ ਹਾਲਤ ਪਤਾ ਲਗਦੀ ਸੀ ਤਾਂ ਮਾਲੂਮ ਹੁੰਦਾ ਸੀ ਕਿ ਉਹ ਭੁੱਖਾ ਮਰ ਰਿਹਾ ਸੀ। ਜਿਵੇਂ ਫ਼ਿਲਮ 'ਦੀਵਾਰ' ਵਿਚ ਉਹ ਬੱਚਾ ਬਰੈੱਡ ਚੋਰੀ ਕਰ ਕੇ ਭੱਜਿਆ ਸੀ। ਉਹ ਉਸ ਦੀ ਮਜਬੂਰੀ ਹੁੰਦੀ ਸੀ, ਜੋ ਆਪਣੀ ਮਸੂਮੀਅਤ ਵਿਚ ਸਮਝਦੇ ਸਨ ਕਿ ਅਪਰਾਧ ਕਰ ਕੇ ਵੀ ਬਚ ਜਾਵਾਂਗੇ। ਹੁਣ ਤਾਂ ਵੱਡੇ ਚੋਰ ਚੋਰੀ ਕਰ ਰਹੇ ਹਨ, ਜਿਨ੍ਹਾਂ ਕੋਲ ਕਰੋੜਾਂ ਰੁਪਏ ਹਨ। ਜਿਨ੍ਹਾਂ ਕੋਲ ਐਨਾ ਪੈਸਾ ਹੈ ਕਿ ਖ਼ੁਦ ਉਨ੍ਹਾਂ ਨੂੰ ਅੰਦਾਜ਼ਾ ਨਹੀਂ ਹੈ। ਅਸੀਂ ਕਦੇ ਇਹ ਗੱਲ ਨਹੀਂ ਸੁਣੀ ਸੀ ਕਿ ਇਕ ਆਦਮੀ ਕੋਲ ਕਰੋੜਾਂ ਰੁਪਏ ਹਨ ਅਤੇ ਉਸ ਦਾ ਢਿੱਡ ਨਹੀਂ ਭਰ ਰਿਹਾ। ਉਹ ਚੋਰੀ ਕਰ ਰਿਹਾ ਹੈ। ਘੁਟਾਲੇ ਕਰ ਰਿਹਾ ਹੈ। ਇਸ ਲਈ ਮੈਂ ਕਹਿ ਰਿਹਾ ਹਾਂ ਕਿ ਹੁਣ ਚਰਿੱਤਰ ਨਹੀਂ ਰਿਹਾ, ਚਰਿੱਤਰ ਦਾ ਹਨਨ ਹੋ ਚੁੱਕਾ ਹੈ।

ਅੱਜ ਦੇਸ਼ ਦੇ ਨੇਤਾ ਭ੍ਰਿਸ਼ਟ ਹਨ, ਅਫ਼ਸਰ ਭ੍ਰਿਸ਼ਟ ਹਨ, ਪੁਲੀਸ ਭ੍ਰਿਸ਼ਟ ਹੈ। ਦੁੱਖ ਇਹ ਹੈ ਕਿ ਹੁਣ ਇਹੀ ਗੱਲ ਆਮ ਆਦਮੀ ਵਿਚ ਵੀ ਆ ਗਈ ਹੈ। ਉਸ ਨੂੰ ਜਦੋਂ ਮੌਕਾ ਮਿਲਦਾ ਹੈ, ਉਹ ਚੋਰੀ ਕਰ ਲੈਂਦਾ ਹੈ। ਸਾਨੂੰ ਲਗਦਾ ਜ਼ਰੂਰ ਹੈ ਕਿ ਕੁਝ ਲੋਕ ਸੜਕਾਂ 'ਤੇ ਉਤਰ ਰਹੇ ਹਨ, ਆਪਣੇ ਅਧਿਕਾਰਾਂ ਲਈ ਲੜ ਰਹੇ ਹਨ ਪਰ ਉਨ੍ਹਾਂ ਦਾ ਆਪਣਾ ਏਜੰਡਾ ਹੈ। ਉਹ ਸੱਤਾ 'ਚ ਪਹੁੰਚ ਕੇ ਏਹੀ ਕੰਮ ਕਰਨ ਲਗਦੇ ਹਨ। ਧਿਆਨ ਨਾਲ ਦੇਖੋ, ਤਾਂ ਉਨ੍ਹਾਂ ਦਾ ਸਿਰਫ਼ ਇਕ ਮਕਸਦ ਹੁੰਦਾ ਹੈ ਕਿ ਜਿਹੜੇ ਕੁਰਸੀ 'ਤੇ ਹਨ, ਉਨ੍ਹਾਂ ਨੂੰ ਹਟਾ ਕੇ ਖ਼ੁਦ ਬੈਠ ਜਾਓ। ਬੈਠ ਕੇ ਉਹ ਕੀ ਕਰਦੇ ਹਨ? ਉਹੀ, ਜੋ ਪਹਿਲੇ ਵਿਅਕਤੀ ਕਰਦੇ ਸਨ। ਇਸ ਦੇਸ਼ ਦੀ ਜਨਤਾ ਦਾ ਹੁਣ ਤਕ ਦਾ ਅਨੁਭਵ ਇਹੀ ਹੈ। ਪੁਰਾਣੇ ਗਏ ਤਾਂ ਨਵੇਂ ਆ ਕੇ ਵੀ ਪੁਰਾਣੇ ਲੋਕਾਂ ਵਰਗਾ ਕੰਮ ਕਰਨ ਲੱਗੇ।

> ਅੱਜ ਦੇਸ਼ ਦੇ ਨੇਤਾ ਭ੍ਰਿਸ਼ਟ ਹਨ, ਅਫ਼ਸਰ ਭ੍ਰਿਸ਼ਟ ਹਨ, ਪੁਲੀਸ ਭ੍ਰਿਸ਼ਟ ਹੈ। ਦੁੱਖ ਇਹ ਹੈ ਕਿ ਹੁਣ ਇਹੀ ਗੱਲ ਆਮ ਆਦਮੀ ਵਿਚ ਵੀ ਆ ਗਈ ਹੈ। ਉਸ ਨੂੰ ਜਦੋਂ ਮੌਕਾ ਮਿਲਦਾ ਹੈ, ਉਹ ਚੋਰੀ ਕਰ ਲੈਂਦਾ ਹੈ। ਸਾਨੂੰ ਲਗਦਾ ਜ਼ਰੂਰ ਹੈ ਕਿ ਕੁਝ ਲੋਕ ਸੜਕਾਂ 'ਤੇ ਉਤਰ ਰਹੇ ਹਨ, ਆਪਣੇ ਅਧਿਕਾਰਾਂ ਲਈ ਲੜ ਰਹੇ ਹਨ ਪਰ ਉਨ੍ਹਾਂ ਦਾ ਆਪਣਾ ਏਜੰਡਾ ਹੈ। ਉਹ ਸੱਤਾ 'ਚ ਪਹੁੰਚ ਕੇ ਏਹੀ ਕੰਮ ਕਰਨ ਲਗਦੇ ਹਨ।

ਇਸ ਦੇਸ਼ ਦੇ ਰਾਸ਼ਟਰੀ ਚਰਿੱਤਰ 'ਤੇ ਕਦੇ ਮੈਨੂੰ ਬਹੁਤ ਮਾਣ ਸੀ। ਉਹ ਚਰਿੱਤਰ ਹੁਣ ਦਿਖਦਾ ਹੀ ਨਹੀਂ ਹੈ। ਫ਼ਿਲਹਾਲ ਮੈਨੂੰ ਅਜਿਹਾ ਕੋਈ ਸਿਤਾਰਾ, ਕੋਈ ਲੀਡਰ ਨਜ਼ਰ ਨਹੀਂ ਆਉਂਦਾ, ਜਿਸ ਤੋਂ ਉਮੀਦ ਕੀਤੀ ਜਾ ਸਕੇ। ਫਿਰ ਕੋਈ ਆਦਮੀ ਅਗਰ ਇਕੱਲਾ ਆ ਵੀ ਜਾਏ, ਤਾਂ ਉਹ ਕਰੇਗਾ ਕੀ? ਦੂਜੇ ਲੋਕ ਉਸ ਨੂੰ ਕੁਝ ਕਰਨ ਦੇਣਗੇ? ਬੜੀ ਮੁਸ਼ਕਲ ਹੈ। ਜੇਕਰ ਕੋਈ ਕੱਟੜ ਵਿਅਕਤੀ ਆਵੇਗਾ ਤਾਂ ਉਸ ਨੂੰ ਦੁਨੀਆ ਖਾਰਜ ਕਰ ਦੇਵੇਗੀ। ਜੇਕਰ ਕੋਈ ਉਦਾਰ ਆ ਗਿਆ ਤਾਂ ਉਸ ਨੂੰ ਕੱਟੜ ਲੋਕ ਨਹੀਂ ਰਹਿਣ ਦੇਣਗੇ। ਇਹ 'ਕੈਚ ਟਵੰਟੀ ਟੂ ਸਿਚੁਏਸ਼ਨ' ਹੈ।

ਇਸ ਦੁਨੀਆ ਵਿਚ ਜਦੋਂ ਕੋਈ ਪਰਿਵਰਤਨ ਆਇਆ ਹੈ, ਤਾਂ ਕੇਵਲ ਇਕ ਆਦਮੀ ਦੀ ਵਿਚਾਰਕ ਅਗਵਾਈ ਦੇ ਕਾਰਨ। ਪਰਿਵਰਤਨ ਦੇ ਦੌਰ ਵਿਚ ਪੂਰੀ ਦੁਨੀਆ ਇਕ ਆਦਮੀ ਦੇ ਪਿਛੇ ਚਲੀ ਹੈ। ਚਾਹੇ ਉਹ ਬੁੱਧ ਰਹੇ ਹੋਣ, ਈਸਾ ਮਸੀਹ ਰਹੇ ਹੋਣ ਜਾਂ ਫਿਰ ਕੋਈ ਹੋਰ। ਬਾਅਦ ਵਿਚ ਮਾਰਕਸ, ਮਹਾਤਮਾ ਗਾਂਧੀ ਅਤੇ ਮਾਓਤਸੇ ਤੁੰਗ ਆਏ। ਦੁਨੀਆ ਦੀ ਐਨੀ ਵੱਡੀ ਆਬਾਦੀ ਵਿਚ ਅਸੀਂ ਇਕ ਆਦਮੀ ਵੀ ਉਨ੍ਹਾਂ ਵਰਗੇ ਪੈਦਾ ਨਹੀਂ ਕਰ ਸਕੇ। ਅਜਿਹਾ ਆਦਮੀ ਦੇ ਜਿਸ ਦੇ ਕੁਝ ਅਸੂਲ ਹੋਣ, ਜਿਸ ਦੇ ਪਿਛੇ ਲੋਕ ਚੱਲਣ, ਜਿਨ੍ਹਾਂ ਦੇ ਕਹਿਣ 'ਤੇ ਮਰਨ ਲਈ ਤਿਆਰ ਹੋ ਜਾਣ। ਸਤਾਪ੍ਰਸਤ ਪਾਰਟੀਆਂ ਅਤੇ ਕਮੇਟੀਆਂ ਨਾਲ ਦੁਨੀਆ ਅਤੇ ਸਮਾਜ ਵਿਚ ਕੁਝ ਨਹੀਂ ਬਦਲਦਾ। ਜੋ ਹਲਚਲ ਹੁੰਦੀ ਹੈ, ਬਹੁਤ ਘੱਟ ਹੁੰਦੀ ਹੈ। ਤਾਂ ਮੈਂ ਕਿਸ ਤਰ੍ਹਾਂ ਮੰਨ ਲਵਾਂ ਕਿ ਇਹ ਲੋਕ ਕੁਝ ਬਦਲਣਗੇ।

ਭੀੜ ਵਿਚ ਆਦਮੀ ਦਾ ਪਰਛਾਵਾਂ ਤਕ ਗੁੰਮ ਹੋ ਜਾਂਦਾ ਹੈ। ਇਸ ਸਮੇਂ ਇਹੀ ਹਾਲਾਤ ਹਨ। ਕਿਤੇ ਉਮੀਦ ਨਜ਼ਰ ਨਹੀਂ ਆ ਰਹੀ। ਅਜਿਹਾ ਲਗਦਾ ਹੈ ਜਿਵੇਂ ਹਨੇਰੇ ਦਾ ਸੰਘਣਾ ਕੋਹਰਾ ਛਾਇਆ ਹੋਵੇ। ਪੂਰੀ ਦੁਨੀਆ ਵਿਚ ਕਿਤੇ ਕੋਈ ਆਦਮੀ ਨਹੀਂ ਦਿਖ ਰਿਹਾ, ਜੋ ਬਦਲਾਅ ਲਿਆ ਸਕੇ। ਅਸਲ ਵਿਚ ਇਹ ਬਹੁਤ ਹੀ ਡਰਾਉਣਾ ਦ੍ਰਿਸ਼ ਹੈ। ਭ੍ਰਿਸ਼ਟਾਚਾਰ, ਚੋਰੀ, ਅਤੇ ਰਿਸ਼ਵਤ ਸਾਡੀ ਵਿਵਸਥਾ ਦਾ ਅੰਗ ਬਣ ਚੁੱਕੇ ਹਨ। ਹਿੰਦੁਸਤਾਨ ਵਿਚ ਬੇਈਮਾਨ ਆਦਮੀ ਦੀ ਪਰਿਭਾਸ਼ਾ ਬਦਲ ਚੁੱਕੀ ਹੈ। ਅੱਜ ਕਿਹਾ ਜਾਂਦਾ ਹੈ ਕਿ ਪੈਸੇ ਤਾਂ ਸਾਰੇ ਖਾਂਦੇ ਹਨ ਪਰ ਬੇਈਮਾਨ ਆਦਮੀ ਉਹ ਹੈ ਜੋ ਪੈਸੇ ਲੈ ਕੇ ਵੀ ਕੰਮ ਨਹੀਂ ਕਰਦਾ। ਇਸ ਦੇਸ਼ ਵਿਚ ਅੱਜ 75 ਸਾਲ ਹੋਣ ਦੇ ਬਾਅਦ ਮੈਨੂੰ ਇਹ ਪਰਿਭਾਸ਼ਾ ਮਿਲੀ ਹੈ। ਜਦਕਿ ਮੈਂ ਪਹਿਲਾਂ ਸਮਝਦਾ ਸੀ ਕਿ ਜਿੰਨਾ ਮੈਨੂੰ ਮਿਲਣਾ ਸੀ, ਮਿਲ ਚੁੱਕਾ ਹੈ।

ਅੱਜ ਪੈਸੇ 'ਤੇ ਲੋਕਾਂ ਦਾ ਈਮਾਨ ਡੋਲ ਗਿਆ ਹੈ। ਇਹ ਮੈਂ ਨਹੀਂ ਕਹਿ ਰਿਹਾ, ਇਹ ਤਾਂ ਸ਼ਾਸਤਰਾਂ ਵਿਚ ਲਿਖਿਆ ਹੈ। ਕਲਯੁੱਗ ਵਿਚ ਇਹੀ ਹੋਣ ਵਾਲਾ ਸੀ। ਇਸ ਦਾ ਪੱਧਰ ਇਹ ਹੈ ਕਿ ਅੱਜ ਪਿੰਡਾਂ ਤਕ ਵਿਚ ਭ੍ਰਿਸ਼ਟਾਚਾਰ ਪਹੁੰਚ ਗਿਆ ਹੈ। ਅਸੀਂ ਪੇਂਡੂ ਸਵਰਾਜ ਦੀ ਗੱਲ ਕਰਦੇ ਹਾਂ। ਉਥੇ ਤੁਸੀਂ ਸਰਪੰਚ ਜਾਂ ਕਿਸੇ ਬਾਬੂ ਨਾਲ ਬਗ਼ੈਰ ਪੈਸੇ ਦੇ ਕਿਸੇ ਕੰਮ ਲਈ ਕਾਗ਼ਜ਼ 'ਤੇ ਦਸਤਖ਼ਤ ਲੈ ਕੇ ਦਿਖਾਓ। ਪਿੰਡਾਂ ਵਾਲਿਆਂ ਨੂੰ ਸਮਝਿਆ ਜਾਂਦਾ ਹੈ ਕਿ ਉਹ ਬਹੁਤ ਸਿੱਧੇ-ਸਾਦੇ ਹੁੰਦੇ ਹਨ ਪਰ ਪੰਚਾਇਤ ਰਾਜ ਦੀ ਹਕੀਕਤ ਬਹੁਤ ਵੱਖ ਹੈ। ਇਥੇ ਪੈਸੇ ਤੋਂ ਲੈ ਕੇ ਪਾਣੀ ਤਕ ਦੀ ਚੋਰੀ ਚਲ ਰਹੀ ਹੈ। ਉਨ੍ਹਾਂ ਨੂੰ ਨਾ ਪਿੰਡਾਂ ਵਿਚ ਸਕੂਲ ਖੋਲ੍ਹਣ ਵਿਚ ਦਿਲਚਸਪੀ ਹੈ ਅਤੇ ਨਾ ਹੀ ਹਸਪਤਾਲ ਖੋਲ੍ਹਣ ਵਿਚ। ਉਨ੍ਹਾਂ ਦੀ ਦਿਲਚਸਪੀ ਹੈ, ਸਿਰਫ਼ ਆਪਣੀ ਜੇਬ ਭਰਨ ਵਿਚ। ਅਜਿਹੀ ਤਰੱਕੀ ਨਾਲ, ਜਿਸ ਨਾਲ ਸਾਰਿਆਂ ਦਾ ਫ਼ਾਇਦਾ ਹੁੰਦਾ ਹੈ, ਉਨ੍ਹਾਂ ਨੂੰ ਤਕਲੀਫ਼ ਹੁੰਦੀ ਹੈ। ਉਹ ਕੇਵਲ ਖ਼ੁਦ ਦਾ ਭਲਾ ਚਾਹੁੰਦੇ ਹਨ।

ਜਿਥੋਂ ਤਕ ਰਾਜਨੀਤਕ ਪਾਰਟੀਆਂ ਦੀ ਗੱਲ ਹੈ, ਤਾਂ ਬਹੁਤ ਹੈਰਾਨੀ ਹੁੰਦੀ ਹੈ ਕਿ ਅੱਜ ਸਾਡੇ ਕੋਲ ਸੱਚੇ ਬਦਲ ਨਹੀਂ ਹਨ। ਵਾਰ-ਵਾਰ ਉਹੀ ਪਾਰਟੀਆਂ ਅਤੇ ਉਹੀ ਚਿਹਰੇ ਸਾਹਮਣੇ ਆਉਂਦੇ ਹਨ। ਚੋਣਾਂ ਵਿਚ ਚਿਹਰਾ ਤਾਂ ਬਦਲ ਜਾਂਦਾ ਹੈ ਪਰ ਉਸ ਦਾ ਚਰਿੱਤਰ ਉਹੀ ਬਣਿਆ ਰਹਿੰਦਾ ਹੈ। ਇਹ ਅਜੀਬ ਬਦਲਹੀਣਤਾ ਦਾ ਦੌਰ ਹੈ। ਸਭ ਕੁਝ ਸਿਰਫ਼ ਪੈਸੇ ਲਈ ਹੋ ਰਿਹਾ ਹੈ। ਪਰ ਅੰਤ ਵਿਚ ਮੈਂ ਤੁਹਾਨੂੰ ਫ਼ਿਲਮ 'ਤ੍ਰਿਸ਼ੂਲ' ਦਾ ਇਕ ਡਾਈਲਾਗ ਯਾਦ ਕਰਵਾਉਂਦਾ ਹਾਂ। ਬਾਪ ਨੂੰ ਬੇਟਾ ਕਹਿੰਦਾ ਹੈ, ''ਜਿਸ ਪੈਸੇ ਲਈ ਤੁਸੀਂ ਮੇਰੀ ਮਾਂ ਨੂੰ ਛੱਡਿਆ ਸੀ, ਅੱਜ ਉਸੇ ਪੈਸੇ ਨੇ ਤੁਹਾਨੂੰ। ਦੁਨੀਆ ਵਿਚ ਅੱਜ ਤੁਹਾਡੇ ਤੋਂ ਕੰਗਾਲ ਨਹੀਂ ਕੋਈ।'' ਮੈਂ ਇਹ ਨਹੀਂ ਕਹਿੰਦਾ ਕਿ ਕੋਈ ਮੇਰੀਆਂ ਗੱਲਾਂ ਨਾਲ ਸਹਿਮਤ ਹੋਵੇ। ਆਖ਼ਰ ਕੋਈ ਆਪਣੇ ਭਰਮ ਵਿਚ ਰਹਿਣਾ ਚਾਹੁੰਦਾ ਹੈ ਤਾਂ ਉਹ ਰਹਿ ਸਕਦਾ ਹੈ। ਅਤੇ ਜੇਕਰ ਕਿਸੇ ਨੂੰ ਇਹ ਲਗਦਾ ਹੈ ਕਿ ਇਕ ਦਿਨ ਸਫ਼ੇਦ ਘੋੜੇ 'ਤੇ ਬੈਠ ਕੇ ਕੋਈ ਰਾਜਕੁਮਾਰ ਆਏਗਾ ਅਤੇ ਸਭ ਕੁਝ ਠੀਕ ਹੋ ਜਾਵੇਗਾ ਤਾਂ ਉਸ ਨੂੰ ਇਹ ਸੁਪਨਾ ਦੇਖਣ ਦਾ ਵੀ ਹੱਕ ਹੈ।

ਸੰਪਾਦਕੀ ਬੋਰਡ ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ
ਸਲਾਹਕਾਰ ਬੋਰਡ ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਕਿਰਤਮੀਤ ਕੁਹਾੜ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਸੁਰਿੰਦਰ ਮਾਵੀ (ਵਿਨੀਪੈਗ ਪ੍ਰਤੀਨਿਧੀ)
ਜਗਤਾਰ ਸਾਲਮ (ਵਿਸ਼ੇਸ਼ ਪ੍ਰਤੀਨਿਧੀ)

2nd Floor 3448 – 93 Street NW,
Edmonton T6E 6A4,
Alberta (Canada)
Phone : 780 465 9118
Fax: 780 465 0661
e-mail: info@nawidunia.com
http://www.facebook.com/NawiDunia

ਲੇਖਕਾਂ ਦੀਆਂ ਰਚਨਾਵਾਂ ਅਤੇ ਇਸ਼ਤਿਹਾਰਾਂ ਵਿਚ ਵਪਾਰਕ ਅਦਾਰਿਆਂ ਵਲੋਂ ਕੀਤੇ ਦਾਅਵਿਆਂ ਨਾਲ 'ਨਵੀਂ ਦੁਨੀਆ' ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਬਜਟ 2014 : ਹਾਰਪਰ ਸਰਕਾਰ ਵਲੋਂ ਨੈਸ਼ਨਲ ਹੈਲਥ ਕੇਅਰ ਨੂੰ ਤਬਾਹ ਕਰਨ ਦੀ ਯੋਜਨਾ

**ਮਾਈਕਲ ਮੈਕਬੇਨ**

ਦੇਸ਼ ਭਰ ਵਿਚ ਸਿਹਤ ਦੇ ਖੇਤਰ ਵਿਚ ਰਾਸ਼ਟਰੀ ਪੱਧਰ ‘ਤੇ ਇੱਕ ਮਿਆਰ ਕਾਇਮ ਕਰਨ ਲਈ ਫੈਡਰਲ ਸਰਕਾਰ ਵੱਲੋਂ ਸਾਰੇ ਸੂਬਿਆਂ ਨੂੰ ਫੈਡਰਲ ਟ੍ਰਾਂਸਫਰ ਪ੍ਰਣਾਲੀ ਰਾਹੀਂ ਫੰਡ ਮੁਹੱਈਆ ਕਰਵਾਏ ਜਾਂਦੇ ਹਨ। ਗਿਆਰਾਂ ਫਰਵਰੀ ਨੂੰ ਇਸ ਮਸਲੇ ਨੂੰ ਲੈ ਕੇ ਪ੍ਰਧਾਨ ਮੰਤਰੀ ਹਾਰਪਰ ਨੇ ਮੋੜ ਕੱਟਦਿਆਂ ਨਵੇਂ ਵਿਚਾਰ ਪੇਸ਼ ਕੀਤੇ ਹਨ ਅਤੇ ਇਨ੍ਹਾਂ ਨਵੇਂ ਵਿਚਾਰਾਂ ਤੇ ਨਵੀਆਂ ਨੀਤੀਆਂ ਰਾਹੀਂ ਸਿਹਤ ਦੇ ਖੇਤਰ ਵਿਚ ਰਾਸ਼ਟਰੀ ਪੱਧਰ ਦੇ ਮਿਆਰ ਵਾਲੇ ਸਿਧਾਂਤ ਨੂੰ ਖਾਰਜ ਕਰ ਦਿੱਤਾ ਹੈ। ਦੇਸ਼ ਦੇ ਵਿੱਤ ਮੰਤਰੀ ਵੱਲੋਂ 2014 ਦੇ ਪੇਸ਼ ਕੀਤੇ ਗਏ ਬਜਟ ਵਿੱਚ ਪੰਨਾ ਨੰਬਰ 279 ‘ਤੇ ਇਸ ਗੱਲ ਦਾ ਜ਼ਿਕਰ ਹੈ ਕਿ ਭਵਿੱਖ ਵਿਚ ਸਿਹਤ ਸੇਵਾਵਾਂ ਨੂੰ ਲੈ ਕੇ ਬਜਟ ਵਿਚ ਕਿਸੇ ਖ਼ਾਸ ਸੂਬੇ ਨੂੰ ਵੱਖਰੀਆਂ ਸ਼ਰਤਾਂ ਦੇ ਆਧਾਰ ‘ਤੇ ਵੱਖਰੀਆਂ ਰਿਆਇਤਾਂ ਦੇਣੀਆਂ ਸੰਭਵ ਨਹੀਂ ਹਨ। ਸੌਖੇ ਸ਼ਬਦਾਂ ਵਿਚ ਇਸਦਾ ਅਰਥ ਇਹ ਬਣਦਾ ਹੈ ਕਿ ਪਹਿਲਾਂ ਸਰਕਾਰ ਵੱਲੋਂ ਕਿਸੇ ਵੀ ਸੂਬੇ ਦੀਆਂ ਸਿਹਤ ਦੇ ਖੇਤਰ ਵਿਚ ਸਥਿਤੀਆਂ ਨੂੰ ਦੇਖ ਕੇ ਉਸਨੂੰ ਫੰਡ ਮੁਹੱਈਆ ਕਰਵਾਇਆ ਜਾਂਦਾ ਸੀ, ਤਾਂ ਜੋ ਸਿਹਤ ਦੇ ਖੇਤਰ ਵਿਚ ਉਹ ਵੀ ਦੂਜਿਆਂ ਦਾ ਮੁਕਾਬਲਾ ਕੁੱਝ ਚੰਗਾ ਕਰ ਸਕੇ ਤੇ ਰਾਸ਼ਟਰੀ ਪੱਧਰ ‘ਤੇ ਇਸ ਖੇਤਰ ਵਿਚ ਮਿਆਰ ਇੱਕੋ ਜਿਹਾ ਹੋਵੇ। ਪਰ ਹੁਣ ਅਜਿਹਾ ਨਹੀਂ ਹੋਵੇਗਾ। ਨਵੀਂ ਨੀਤੀ ਤਹਿਤ ਕਨੇਡਾ ਹੈਲਥ ਵੱਲੋਂ ਕਿਸੇ ਵੀ ਸੂਬੇ ਨੂੰ ਪ੍ਰਤੀ ਵਿਅਕਤੀ ਦੇ ਹਿਸਾਬ ਨਾਲ ਫੰਡ ਮੁਹੱਈਆ ਕਰਵਾਇਆ ਜਾਵੇਗਾ। ਸਿੱਧੇ ਤੌਰ ‘ਤੇ ਇਸਦਾ ਮਤਲਬ ਇਹ ਹੈ ਕਿ ਜਿਨ੍ਹਾਂ ਸੂਬਿਆਂ ਦੀ ਜਨਸੰਖਿਆ ਘੱਟ ਹੈ, ਉਸਦੇ ਖਾਤੇ ਵਿਚ ਘੱਟ ਧਨ ਜਾਵੇਗਾ ਤੇ ਜਿਸ ਸੂਬੇ ਦੀ ਜਨਸੰਖਿਆ ਜ਼ਿਆਦਾ ਹੈ ਉਸਨੂੰ ਵੱਧ ਧਨ ਪ੍ਰਾਪਤ ਹੋਵੇਗਾ। ਇਸ ਨਾਲ ਨਵੀਂ ਸਮੱਸਿਆ ਇਹ ਪੈਦਾ ਹੋਵੇਗੀ ਕਿ ਜਿਹੜੇ ਸੂਬਿਆਂ ਦੀ ਜਨਸੰਖਿਆ ਤਾਂ ਘੱਟ ਹੈ ਪਰ ਵਿਰਲ ਬਹੁਤ ਜ਼ਿਆਦਾ ਹੈ, ਉਹਨਾਂ ਸੂਬਿਆਂ ਲਈ ਸਿਹਤ ਸੇਵਾਵਾਂ ਦਾ ਪ੍ਰਬੰਧ ਕਰਨਾ ਇੱਕ ਵੱਡੀ ਚੁਣੌਤੀ ਹੋਵੇਗੀ।

ਫੈਡਰਲ ਸਰਕਾਰ ਦੀ ਇਸ ਨੀਤੀ ਨਾਲ ਸੂਬਿਆਂ ਵਿਚ ਸਿਹਤ ਸੇਵਾਵਾਂ ਦੇ ਖੇਤਰ ਵਿਚ ਵੱਡੇ ਪੱਧਰ ‘ਤੇ ਅੰਤਰ ਹੋਵੇਗਾ, ਭਾਵ ਕਿ ਇਸ ਖੇਤਰ ਵਿਚ ਸਾਰੇ ਸੂਬਿਆਂ ਦੇ ਵੱਖੋ-ਵੱਖਰੇ ਨਤੀਜੇ ਹੋਣਗੇ। ਦੁੱਖ ਵਾਲੀ ਗੱਲ ਇਹ ਹੈ ਕਿ ਇਸ ਨੀਤੀ ਨਾਲ ਦੇਸ਼ ਵਿਚ ਸਿਹਤ ਸੇਵਾਵਾਂ ਦੇ ਖੇਤਰ ਵਿਚ ਜਿਹੜੇ ਰਾਸ਼ਟਰੀ ਟੀਚੇ ਦੀ ਗੱਲ ਕੀਤੀ ਜਾਂਦੀ ਹੈ, ਉਸਦੀ ਕੋਈ ਸੰਭਾਵਨਾ ਨਹੀਂ ਰਹਿ ਜਾਵੇਗੀ। ਫੈਡਰਲ ਸਰਕਾਰ ਦੀ ਇਸ ਨੀਤੀ ਨੂੰ ਧਿਆਨ ‘ਚ ਰੱਖਦਿਆਂ ਪ੍ਰੀਮੀਅਰਾਂ ਨੇ ਅੰਦਾਜ਼ਾ ਲਾਇਆ ਹੈ ਕਿ ਆਉਂਦੇ ਪੰਜ ਸਾਲਾਂ ਵਿਚ ਸਿਹਤ ਸੇਵਾਵਾਂ ਲਈ ਸੂਬਿਆਂ ਨੂੰ ਦਿੱਤੇ ਜਾਂਦੇ ਫੰਡਾਂ ਵਿਚ ਵੱਡੇ ਪੱਧਰ ਦਾ ਅੰਤਰ ਹੋ ਸਕਦਾ ਹੈ ਤੇ ਸੰਭਾਵਨਾ ਇਹ ਬਣਦੀ ਹੈ ਕਿ ਸ਼ਾਇਦ ਇਹ ਅੰਤਰ 16.5 ਬਿਲੀਅਨ ਨੂੰ ਛੂਹ ਜਾਵੇ। ਇੱਥੇ ਇਹ ਵਿਸ਼ੇਸ਼ ਤੌਰ ‘ਤੇ ਦੱਸਣਯੋਗ ਹੈ ਕਿ ਇਸ ਨੀਤੀ ਤੋਂ ਸਭ ਤੋਂ ਵੱਧ ਲਾਭ ਅਲਬਰਟਾ ਸੂਬੇ ਨੂੰ ਪੁੱਜੇਗਾ ਕਿਉਂਕਿ ਅਲਬਰਟਾ ਵਿਚ ਨੌਜਵਾਨਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇਸ ਮਾਮਲੇ ਨੂੰ ਲੈ ਕੇ ਜਸਟਿਸ ਐਮਿਟ ਹਾਲ ਨੇ ਆਪਣੇ ਇੱਕ ਲੇਖ ਵਿਚ ਲਿਖਿਆ ਹੈ ਕਿ ਨੈਸ਼ਨਲ ਹੈਲਥ ਕੇਅਰ ਸਿਸਟਮ ਨੂੰ ਸੁਚਾਰੂ ਰੂਪ ਦੇਣ ਲਈ ਹੁਣ ਇੱਕ ਵੱਡੇ ਮੰਚ ਦੀ ਜਰੂਰਤ ਹੈ, ਇਸ ਤੋਂ ਬਾਅਦ ਹੀ ਰਾਸ਼ਟਰੀ ਪੱਧਰ ‘ਤੇ ਸਿਹਤ ਦੇ ਖੇਤਰ ਵਿਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਜਾ ਸਕਦੀਆਂ ਹਨ। ਫੈਡਰਲ ਸਰਕਾਰ ਨੂੰ ਫੰਡ ਮੁਹੱਈਆ ਕਰਵਾਉਣ ਲਈ ਅਜਿਹੀ ਨੀਤੀ ਅਪਣਾਉਣੀ ਚਾਹੀਦੀ ਹੈ ਜਿਹੜੀ ਸੂਬਿਆਂ ਦੀ ਸਮਰੱਥਾ ਅਨੁਸਾਰ ਹੋਵੇ। ਦੱਸਣਾ ਬਣਦਾ ਹੈ ਕਿ ਜਸਟਿਸ ਐਮਿਟ ਹਾਲ ਅਜਿਹਾ ਵਿਅਕਤੀ ਹੈ ਜਿਸਨੇ ਕਨੇਡਾ ਦੇ ਨੈਸ਼ਨਲ ਹੈਲਥ ਕੇਅਰ ਦਾ ਮੂਲ ਢਾਂਚਾ ਘੜਿਆ ਹੈ।

ਜ਼ਿਕਰਯੋਗ ਹੈ ਕਿ ਫੈਡਰਲ ਸਰਕਾਰ ਦਾ ਸਿਹਤ ਦੇ ਖੇਤਰ ਵਿਚ ਇਹ ਨੀਤੀਗਤ ਬਦਲਾਅ ਕੋਈ ਅਰਥ ਨਹੀਂ ਰੱਖਦਾ। ਅਸਲ ਵਿਚ ਇਹ ਇੱਕ ਪਿਛਾਂਹਖਿੱਚੂ ਸਿਧਾਂਤ ਦੀ ਥਾਂ ‘ਤੇ ਦੂਜੇ ਪਿਛਾਂਹਖਿੱਚੂ ਨੂੰ ਲਾਗੂ ਕਰਨਾ ਹੈ। ਜੇ ਇਸ ਸਰਕਾਰ ਦੇ ਇਸ ਨੀਤੀਗਤ ਬਦਲਾਅ ਨੂੰ ਸਿੱਧਾ ਸਮਝਣਾ ਹੋਵੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ 2017 ਦੇ ਸ਼ੁਰੂ ਵਿਚ ਹੈਲਥ ਟ੍ਰਾਂਸਫਰ ਵਿਚ ਜਦੋਂ ਛੇ ਪ੍ਰਤੀਸ਼ਤ ਦਾ ਸਾਲਾਨਾ ਵਾਧਾ ਹੋ ਜਾਵੇਗਾ ਤਾਂ ਇਸ ਦੀ ਥਾਂ ‘ਤੇ ਇਹ ਨਵੀਂ ਨੀਤੀ ਲਿਆਂਦੀ ਜਾਵੇਗੀ। ਇਹ ਉਸ ਸਮੇਂ ਹੋਵੇਗਾ ਜਦੋਂ ਲੋਕ ਆਰਥਕ ਮੰਦਵਾੜੇ ਦੀ ਚਪੇਟ ਵਿਚ ਆਏ ਹੋਣਗੇ ਤੇ ਬੇਰੁਜ਼ਗਾਰੀ ਸਿਖ਼ਰ ‘ਤੇ ਹੋਵੇਗੀ, ਅਜਿਹੇ ਸਮੇਂ ਵਿਚ ਸਿਹਤ ਸੇਵਾਵਾਂ ਦੀ ਸਭ ਤੋਂ ਵੱਧ ਜਰੂਰਤ ਹੁੰਦੀ ਹੈ ਤੇ ਉਸ ਸਮੇਂ ਸਰਕਾਰ ਵੱਲੋਂ ਇਸ ਖੇਤਰ ਦੇ ਫੰਡ ਘਟਾ ਦਿੱਤੇ ਜਾਣਗੇ ਤੇ ਇਸ ਨੀਤੀ ‘ਤੇ ਚਲਦਿਆਂ ਅਗਲੇ ਦਹਾਕੇ ਵਿਚ ਫੈਡਰਲ ਸਰਕਾਰ ਆਪਣੇ ਫੰਡਾਂ ਵਿਚ 36 ਬਿਲੀਅਨ ਡਾਲਰ ਦਾ ਕੱਟ ਲਾ ਦੇਵੇਗੀ।

ਲੱਗਣ ਵਾਲੇ ਕੱਟਾਂ ਕਾਰਣ ਭਵਿੱਖ ਵਿਚ 2010-11 ਦੇ ਮੁਕਾਬਲੇ 20.4 ਪ੍ਰਤੀਸ਼ਤ ਫੰਡਾਂ ਵਿਚ ਕਟੌਤੀ ਹੋ ਜਾਵੇਗੀ ਤੇ ਆਉਂਦੇ 25 ਸਾਲਾਂ ਵਿਚ ਇਹ ਫੰਡ 12 ਪ੍ਰਤੀਸ਼ਤ ਘਟਾ ਦਿੱਤੇ ਜਾਣਗੇ। ਪਾਰਲੀਮੈਂਟਰੀ ਬਜਟ ਦਫ਼ਤਰ ਅਨੁਸਾਰ ਇਤਿਹਾਸ ਵਿਚ ਫੈਡਰਲ ਸਰਕਾਰ ਵੱਲੋਂ ਸਿਹਤ ਦੇ ਖੇਤਰ ਵਿਚ ਇਹ ਸਭ ਤੋਂ ਘੱਟ ਨਿਵੇਸ਼ ਹੋਵੇਗਾ। ਨੈਸ਼ਨਲ ਮੈਡੀਕੇਅਰ ਮੁਹਿੰਮ ਜੋ ਕਿ ਹੁਣ ਸੂਬਿਆਂ ਅਤੇ ਕਨੇਡਾ ਸਰਕਾਰ ਦੇ ਆਪਸੀ ਸਹਿਯੋਗ ਨਾਲ ਚੱਲ ਰਹੀ ਹੈ, ਆਉਣ ਵਾਲੇ ਸਮੇਂ ਵਿਚ ਫੈਡਰਲ ਸਰਕਾਰ ਇਸ ‘ਚ ਆਪਣਾ ਪੰਜਾਹ ਪ੍ਰਤੀਸ਼ਤ ਯੋਗਦਾਨ ਵੀ ਬੜੀ ਮੁਸ਼ਕਿਲ ਨਾਲ ਪਾਵੇਗੀ।

ਇਸ ਖੇਤਰ ਵਿਚ ਫੈਡਰਲ ਸਰਕਾਰ ਦੇ ਫੰਡਾਂ ਦਾ ਲਗਾਤਾਰ ਸੁੰਘੜਦਾ ਜਾਣਾ ਇਸ ਗੱਲ ਨੂੰ ਤਸਦੀਕ ਕਰਦਾ ਹੈ ਕਿ ਕਨੇਡਾ ਸਰਕਾਰ ਕਨੇਡਾ ਹੈਲਥ ਐਕਟ ਤੋਂ ਭੱਜ ਰਹੀ ਹੈ। ਅਜਿਹੀ ਹਾਲਤ ਵਿਚ ਸਿਹਤ ਦੇ ਖੇਤਰ ਵਿਚ ਇੱਕ ਮਿਆਰ ਪੈਦਾ ਕਰਨ ਲਈ ਵਿੱਢੀਆਂ ਗਈਆਂ ਯੋਜਨਾਵਾਂ ਬਹੁਤਾ ਚਿਰ ਹੋਂਦ ਵਿਚ ਨਹੀਂ ਰਹਿ ਸਕਣਗੀਆਂ। ਜੇਕਰ ਹਾਲਾਤ ਇਹ ਹੋ ਗਏ ਤਾਂ ਫਿਰ ਦੇਸ਼ ਵਿਚ ਉਹ ਵਿਅਕਤੀ ਹੀ ਇਲਾਜ਼ ਕਰਵਾ ਸਕੇਗਾ, ਜਿਸ ਦੀ ਜੇਬ ਵਿਚ ਧਨ ਹੋਵੇਗਾ। ਇੱਥੇ ਸਾਡਾ ਸਪੱਸ਼ਟ ਕਹਿਣਾ ਇਹ ਹੈ ਕਿ ਅਜਿਹੇ ਹਾਲਾਤ ਪੈਦਾ ਹੋਣ ਤੋਂ ਪਹਿਲਾਂ ਇਸ ਮਾਮਲੇ ਵਿਚ ਕਨੇਡਾ ਸਰਕਾਰ ਨੂੰ ਗੰਭੀਰ ਚਿੰਤਨ ਕਰਨਾ ਹੋਵੇਗਾ। ਜੇਕਰ ਸਿਹਤ ਦੇ ਖੇਤਰ ਦੇ ਮੌਜੂਦਾ ਹਾਲਾਤ ‘ਤੇ ਨਜ਼ਰ ਮਾਰੀ ਜਾਵੇ ਤਾਂ ਸੀਨੀਅਰ ਨਾਗਰਿਕਾਂ ਲਈ ਇਸ ਖੇਤਰ ਵਿਚ ਵੱਡੇ ਪੱਧਰ ‘ਤੇ ਸੁਧਾਰਾਂ ਦੀ ਜਰੂਰਤ ਹੈ, ਪਰ ਜਿਹੜੀਆਂ ਨੀਤੀਆਂ ਨੂੰ ਲੈ ਕੇ ਹਾਰਪਰ ਸਰਕਾਰ ਚੱਲ ਰਹੀ ਹੈ, ਉਨ੍ਹਾਂ ਨੂੰ ਦੇਖਦਿਆਂ ਅਸੀਂ ਸਪੱਸ਼ਟ ਕਹਿ ਸਕਦੇ ਹਾਂ ਕਿ ਸੂਬਾਈ ਸਰਕਾਰਾਂ ਇਸ ਖੇਤਰ ਵਿਚ ਕੁੱਝ ਨਹੀਂ ਕਰ ਸਕਣਗੀਆਂ। ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਜਦੋਂ ਕਨੇਡਾ ਸਰਕਾਰ ਇਸ ਖੇਤਰ ‘ਚੋਂ ਆਪਣਾ ਹੱਥ ਖਿੱਚ ਲਵੇਗੀ ਤਾਂ ਇੱਥੇ ਬਜ਼ੁਰਗਾਂ ਤੇ ਪੈਨਸ਼ਨਰਾਂ ਦੀ ਕੀ ਹਾਲਤ ਹੋਵੇਗੀ, ਉਹ ਕਿਵੇਂ ਆਪਣਾ ਇਲਾਜ਼ ਕਰਵਾਉਣਗੇ। ਇਹ ਸੋਚ ਕੇ ਹੀ ਸਾਡੇ ਰੌਂਗਟੇ ਖੜੇ ਹੋ ਜਾਂਦੇ ਹਨ।

# ਕੋਸੋਵੋ ਤੇ ਕਰੀਮੀਆ : ਪੱਛਮ ਦੇ ਦੂਹਰੇ ਮਾਪਦੰਡ, ਮੌਕਾਪ੍ਰਸਤੀ, ਪਾਖੰਡ ਅਤੇ ਦੰਭ

**ਡਾ. ਸਵਰਾਜ ਸਿੰਘ**

ਅੱਜ-ਕੱਲ ਪੱਛਮੀ ਦੇਸ਼ ਰੂਸ ਵੱਲੋਂ ਕਰੀਮੀਆ ਨੂੰ ਆਪਣੇ ਨਾਲ ਰਲਾਉਣ ਅਤੇ ਯੂਕਰੇਨ ਦੀ ਖੁਦਮੁਖਤਿਆਰੀ ਅਤੇ ਸੁਤੰਤਰਤਾ ਨੂੰ ਉਲੰਘਣ ਬਾਰੇ ਬਹੁਤ ਰੌਲਾ ਪਾ ਰਹੇ ਹਨ। ਪੰਜਾਬੀ ਦੀ ਕਹਾਵਤ ‘ਛੱਜ ਤਾਂ ਬੋਲੇ ਛਾਨਣੀ ਕੀ ਬੋਲੇ’ ਉਨਾਂ ’ਤੇ ਲਾਗੂ ਹੁੰਦੀ ਹੈ, ਇਹ ਉਹੀ ਦੇਸ਼ ਹਨ ਜਿਨਾਂ ਨੇ ਯੂਗੋਸਲਾਵੀਆ ’ਤੇ ਹਮਲਾ ਕਰਕੇ ਕੋਸੋਵੋ ਨੂੰ ਸਰਬੀਆ ਨਾਲੋਂ ਵੱਖਰਾ ਕਰ ਦਿੱਤਾ ਸੀ। ਜਿੰਨੀ ਤਬਾਹੀ ਯੂਗੋਸਲਾਵੀਆ ਦੀ ਕੀਤੀ ਗਈ ਅਤੇ ਜਿੰਨਾ ਖੂਨ-ਖ਼ਰਾਬਾ ਕੋਸੋਵੋ ਅਤੇ ਯੂਗੋਸਲਾਵੀਆ ਵਿਚ ਹੋਇਆ, ਜੇ ਉਸ ਦੀ ਤੁਲਨਾ ਅਸੀਂ ਕਰੀਮੀਆ ਅਤੇ ਯੂਕਰੇਨ ਨਾਲ ਕਰੀਏ ਤਾਂ ਹੈਰਾਨੀ ਹੁੰਦੀ ਹੈ ਕਿ ਤੁਲਨਾਮਿਕ ਤੌਰ ’ਤੇ ਰੂਸੀ ਫੌਜਾਂ ਨੇ ਕਿੰਨਾ ਸੰਜਮ ਵਰਤਿਆ ਹੈ ਅਤੇ ਇੰਨੀ ਵੱਡੀ ਇਤਿਹਾਸਕ ਤਬਦੀਲੀ ਲਗਭਗ ਸ਼ਾਂਤੀਪੂਰਵਕ ਢੰਗ ਨਾਲ ਕਰ ਦਿੱਤੀ। ਇਹ ਸੱਚਮੁੱਚ ਹੈਰਾਨ ਕਰਨ ਵਾਲੀ ਗੱਲ ਹੈ, ਇਸ ਦੀ ਤੁਲਨਾ ਵਿਚ ਜੋ ਕੁਝ ਕੋਸੋਵੋ ਤੇ ਸਰਬੀਆ ਵਿਚ ਵਾਪਰਿਆ ਉਹ ਕਿੰਨਾ ਕੁ ਭਿਆਨਕ ਅਤੇ ਤਬਾਹਕੁੰਨ ਸੀ, ਸ਼ਾਇਦ ਉਸ ਦਾ ਅੰਦਾਜ਼ਾ ਲਾਉਣਾ ਵੀ ਮੁਸ਼ਕਲ ਹੈ।

ਅਮਰੀਕਾ ਵਿਚ ਰਹਿੰਦਿਆਂ ਮੈਨੂੰ ਯੂਗੋਸਲਾਵੀਆ ਦੇ ਪਿਛੋਕੜ ਵਾਲੇ ਲੋਕਾਂ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ। ਉਨਾਂ ਦੱਸਿਆ ਕਿ ਅਮਰੀਕਾ ਨੇ ਉਨਾਂ ਦੇ ਦੇਸ਼ ’ਤੇ ਹਮਲੇ ਕਰਕੇ ਲਗਭਗ ਪੂਰੀ ਤਰਾਂ ਉਸ ਨੂੰ ਤਬਾਹ ਕਰ ਦਿੱਤਾ ਹੈ। ਸੜਕਾਂ, ਪੁਲ ਅਤੇ ਇਮਾਰਤਾਂ ਢਾਹ ਦਿੱਤੀਆਂ ਹਨ। ਕੋਸੋਵੋ ਵਿਚ ਇੰਨਾ ਕਤਲੇਆਮ ਹੋਇਆ ਕਿ ਸਾਲਾਂ ਬਾਅਦ ਵੀ ਉਥੇ ਕਈ ਯੁਗਾਂ ਤੋਂ ਇਕੱਠੀਆਂ ਦੱਬੀਆਂ ਹੋਈਆਂ ਲਾਸ਼ਾਂ (ਜਨਤਕ ਕਬਰਾਂ) ਮਿਲਦੀਆਂ ਰਹੀਆਂ। ਇਨਾਂ ਦੇਸ਼ਾਂ ਨੇ ਕਿੰਨੀ ਕੁ ਦੂਜੇ ਦੇਸ਼ਾਂ ਦੀ ਸਿਰਮੌਰਤਾ ਅਤੇ ਸੁਤੰਤਰਤਾ ਦਾ ਸਤਿਕਾਰ ਕੀਤਾ ਹੈ, ਉਸ ਦਾ ਅੰਦਾਜ਼ਾ ਵੀਅਤਨਾਮ, ਲਾਉਸ, ਕੰਬੋਡੀਆ, ਇਰਾਕ, ਅਫਗਾਨਿਸਤਾਨ, ਸੁਮਾਲੀਆ, ਲਿਬੀਆ, ਸੀਰੀਆ, ਪਾਕਿਸਤਾਨ, ਮਿਸਰ ਅਤੇ ਲੈਬਨਾਨ ਵਰਗੇ ਕਈ ਹੋਰ ਦੇਸ਼ਾਂ ਤੋਂ ਲਾਇਆ ਜਾ ਸਕਦਾ ਹੈ। ਪੱਛਮੀ ਦੇਸ਼ ਆਪਣੇ ਆਪ ਨੂੰ ਇਸਾਈ ਸੱਭਿਅਤਾ ਦੀ ਪੈਦਾਵਾਰ ਦੱਸਦੇ ਹਨ। ਲਗਭਗ ਇਕ ਹਜ਼ਾਰ ਸਾਲ ਇਹ ਦੇਸ਼ ਜੇਰੂਸ਼ਲਮ ਵਿਚ ਮੁਸਲਮਾਨਾਂ ਨਾਲ ਲੜਦੇ ਰਹੇ ਜਿਸ ਨੂੰ ਅਸੀਂ ਕਰੂਸੇਡਸ ਕਹਿੰਦੇ ਹਾਂ। ਹੁਣ ਵੀ ਉਹ ਕਰੂਸੇਡ ਦਾ ਹਵਾਲਾ ਦੇਣੋਂ ਨਹੀਂ ਹਟਦੇ, 2003 ਵਿਚ ਪ੍ਰਧਾਨ ਬੁਸ਼ ਨੇ ਜਦੋਂ ਇਰਾਕ ’ਤੇ ਹਮਲਾ ਕੀਤਾ ਤਾਂ ਉਸ ਦੀ ਤੁਲਨਾ ਕਰੂਸੇਡ ਨਾਲ ਕੀਤੀ, ਪਰ ਕੀ ਸਚਮੁਚ ਪੱਛਮੀ ਦੇਸ਼ ਇਸਾਈ ਧਰਮ ਨੂੰ ਸਮਰਪਿਤ ਹਨ? 1853-1856 ਵਿਚ ਕਰੀਮੀਆ ਦੀ ਲੜਾਈ ਵਿਚ ਜਦੋਂ ਰੂਸ ਇਸਾਈਆਂ ਦੇ ਹੱਕਾਂ ਲਈ ਇਕ ਮੁਸਲਿਮ ਰਾਜ ਨਾਲ ਲੜ ਰਿਹਾ ਸੀ ਤਾਂ ਕਰੂਸੇਡਜ਼ ਵਿਚ ਸਭ ਤੋਂ ਵੱਧ ਯੋਗਦਾਨ ਪਾਉਣ ਵਾਲੇ ਦੇਸ਼ ਫਰਾਂਸ ਅਤੇ ਇੰਗਲੈਂਡ ਇਸਾਈਆਂ ਵਿਰੁੱਧ ਮੁਸਲਮਾਨ ਰਾਜ ਨਾਲ ਰਲਕੇ ਲੜ ਰਹੇ ਸਨ।

☛ ਬਾਕੀ ਸਫ਼ਾ 41 ’ਤੇ

ਧੁਖ਼ਦਾ ਕਾਲਮ

# ‘ਅਸੀਂ ਤਾਂ ਤਿਣਕਿਆਂ ਨੂੰ ਫਿਰ ਉਹੀ ਤਰਤੀਬ ਦੇਣੀ ਹੈ’

**ਸੁਸ਼ੀਲ ਦੁਸਾਂਝ +91-97813-60066**

ਇਨ੍ਹੀ ਦਿਨੀਂ ਇੰਸਟੀਚਿਊਟ ਫਾਰ ਡਿਵੈਲਪਮੈਂਟ ਐਂਡ ਕਮਿਨੀਕਿਊਸ਼ਨ ਦਾ ਉਹ ਸਰਵੇ ਆਇਆ ਹੈ, ਜਿਸ ਮੁਤਾਬਕ ਪੰਜਾਬ ਦੇ ਚਾਰ ਸਰਹੱਦੀ ਜ਼ਿਲ੍ਹਿਆਂ ਵਿਚ 77 ਫੀਸਦੀ ਨਸ਼ਾ ਕਰਨ ਵਾਲਿਆਂ ਦੀ ਉਮਰ 11 ਤੋਂ 18 ਸਾਲ ਦੇ ਦਰਮਿਆਨ ਹੈ। ਚਾਰ ਸਰਹੱਦੀ ਜਿਲ੍ਹਿਆਂ ਗੁਰਦਾਸਪੁਰ, ਅਮ੍ਰਿਤਸਰ, ਤਰਨਤਾਰਨ ਅਤੇ ਫਿਰੋਜਪੁਰ ਦੇ 80 ਪਿੰਡਾਂ ਵਿਚ ਵੱਖ-ਵੱਖ ਉਮਰ ਦੇ 1527 ਬੱਚਿਆਂ ਨਾਲ ਗੱਲਬਾਤ ਕੀਤੀ ਗਈ। ਇਹ ਸਾਰੇ ਹੀ ਕੋਈ ਨਾ ਕੋਈ ਨਸ਼ਾ ਕਰਦੇ ਹਨ। ਫਿਰੋਜਪੁਰ ਦੇ ਤਾਂ 10 ਫੀਸਦੀ ਬੱਚੇ ਅਜਿਹੇ ਹਨ ਜਿਹਨਾਂ ਨੇ 10 ਸਾਲ ਦੀ ਉਮਰ ਤੋਂ ਪਹਿਲਾਂ ਹੀ ਨਸ਼ਾ ਕਰਨਾ ਸ਼ੁਰੂ ਕਰ ਦਿੱਤਾ ਸੀ।

ਕੁਝ ਸਮਾਂ ਪਹਿਲਾਂ ‘ਜਨਰੇਸ਼ਨ ਸੇਵੀਅਰ ਐਸੋਸੀਏਸ਼ਨ’ ਅਤੇ ‘ਬਚਪਨ’ ਵਲੋਂ ਆਇਆ ਸਰਵੇਖਣ ਤਾਂ ਹੋਰ ਵੀ ਹਿਲਾ ਦੇਣ ਵਾਲਾ ਹੈ। ਸਰਵੇਖਣ ਮੁਤਾਬਕ ਤੀਜੀ ਤੋਂ ਅੱਠਵੀਂ ਜਮਾਤ ਤੱਕ ਪੜ੍ਹਦੇ ਪੇਂਡੂ ਸਕੂਲਾਂ ਦੇ 44 ਫੀਸਦੀ ਬੱਚੇ ਬੀੜੀਆਂ, ਸਿਗਰਟਾਂ ਅਤੇ ਜਰਦੇ ਦੇ ਆਦੀ ਹੋ ਚੁੱਕੇ ਹਨ। ਇਹ ਇਕ ਸਰਵੇਖਣ ਹੈ। ਇਹਦੇ ਤੋਂ ਪਹਿਲਾਂ ਵੀ ਬਹੁਤ ਸਾਰੀਆਂ ਅਜਿਹੀਆਂ ਰਿਪੋਰਟਾਂ ਆ ਚੁੱਕੀਆਂ ਹਨ ਕਿ ਪੰਜਾਬ ਦੀ ਜੁਆਨੀ ਕਿਵੇਂ ਨਸ਼ਿਆਂ ਦੀਆਂ ਹਨੇਰੀਆਂ ਗਲੀਆਂ ਵਿਚ ਗੁਆਚਦੀ ਜਾ ਰਹੀ ਹੈ। ਪੇਂਡੂ ਖੇਤਰਾਂ ਵਿਚ ਭਾਵੇਂ ਬਹੁਤ ਹੱਦ ਤੱਕ ਹਾਲੇ ਵੀ ਰਵਾਇਤੀ ਨਸ਼ੇ ਭੰਗ, ਭੁੱਕੀ, ਪੋਸਤ, ਅਫ਼ੀਮ, ਸ਼ਰਾਬ ਆਦਿ ਹੀ ਹਨ ਪਰ ਸ਼ਹਿਰੀ ਖੇਤਰਾਂ ਅਤੇ ਪੰਜਾਬ ਦੇ ਦੁਆਬੇ ਇਲਾਕੇ ਵਿਚ ਨਸ਼ਿਆਂ ਦਾ ਬਿਲਕੁਲ ਆਧੁਨਿਕ ਨੈਟਵਰਕ ਪੂਰੀ ਤਰ੍ਹਾਂ ਫੈਲ ਚੁੱਕਾ ਹੈ। ਇਹ ਸਮੈਕ, ਹੈਰੋਇਨ ਅਤੇ ਮੈਡੀਕਲ ਸਟੋਰਾਂ ਤੋਂ ਬਿਨਾਂ ਰੋਕ-ਟੋਕ ਮਿਲਦੀਆਂ ਨਸ਼ੀਲੀਆਂ ਦਵਾਈਆਂ ਦਾ ਸੰਸਾਰ ਹੈ। ਰਵਾਇਤੀ ਨਸ਼ਿਆਂ ਦੇ ਆਦੀ ਤਾਂ ਭਾਵੇਂ ਕੁੱਝ ਸਾਲ ਕੱਢ ਹੀ ਜਾਂਦੇ ਹਨ ਪਰ ਸਮੈਕ, ਹੈਰੋਇਨ, ਨਸ਼ੀਲੀਆਂ ਦਵਾਈਆਂ, ਟੀਕਿਆਂ ਵਾਲੇ ਆਧੁਨਿਕ ਅਮਲੀਆਂ ਦੇ ਸਾਹਾਂ ਦਾ ਤਾਂ ਪਤਾ ਹੀ ਨਹੀਂ ਕਦੋਂ ਟੁੱਟ ਜਾਣ। ਰੋਜ਼ ਆਪਣੇ ਆਲੇ-ਦੁਆਲੇ ਵਾਪਰਦੇ ਹਾਦਸਿਆਂ ਦੀ ਜੜ੍ਹ ਵਿਚ ਕਿਤੇ ਨਾ ਕਿਤੇ ਨਸ਼ੇ ਹੀ ਬੈਠੇ ਹੋਏ ਹਨ

ਨਸ਼ਿਆਂ ਦੇ ਲਗਾਤਾਰ ਵਧਦੇ ਜਾ ਰਹੇ ਇਸ ਨੈਟਵਰਕ ਬਾਰੇ ਸਭ ਜਾਣਦੇ ਹੀ ਹਨ, ਇਸ ਲਈ ਇਹਦੇ ਵਿਸਥਾਰ ਵਿਚ ਨਾ ਜਾਂਦਿਆਂ ਕੁੱਝ ਇਕ ਉਨ੍ਹਾਂ ਕਾਰਨਾਂ ਵੱਲ ਝਾਤ ਮਾਰਦੇ ਹਾਂ ਜਿਹੜੇ ਇਹਦੇ ਮੂਲ ਵਿਚ ਬੈਠੇ ਹੋਏ ਹਨ। ਸਾਡੀ ਬਿਲਕੁਲ ਸਾਫ਼ ਸਮਝ ਹੈ ਕਿ ਜੇਕਰ ਇਕ ਪੜ੍ਹਿਆ ਲਿਖਿਆ ਨੌਜਵਾਨ ਅਤੇ ਖਿਡਾਰੀ ਵੀ ਨਸ਼ਿਆਂ ਨੂੰ ਅਪਣਾਉਂਦਾ ਹੈ ਤਾਂ ਇਹਦੇ ਵਿਚ ਸਾਡੀਆਂ ਗੈਰ ਵਿਗਿਆਨਕ ਸਿਖਿਆ ਅਤੇ ਖੇਡ ਨੀਤੀਆਂ ਸਿੱਧੇ ਤੌਰ ’ਤੇ ਜ਼ਿੰਮੇਵਾਰ ਹਨ। ਦੂਸਰੀ ਅਹਿਮ ਗੱਲ ਇਹ ਹੈ ਕਿ ਨਸ਼ਾ ਤੰਤਰ ਇਸ ਕਰਕੇ ਆਏ ਦਿਨ ਵੱਧ ਫੁਲ ਰਿਹਾ ਹੈ ਕਿਉਂਕਿ ਸਾਡੇ ਹਾਕਮਾਂ ਨੂੰ ਇਹ ਸਾਰਾ ਕੁੱਝ ਬਹੁਤ ਸੂਤ ਬੈਠਦਾ ਹੈ। ਹਾਕਮ ਜਾਣਦੇ ਹਨ ਕਿ ਜਿਹੜਾ ਬੰਦਾ ਆਪਣੇ ਆਪ ਬਾਰੇ ਸੋਚਣਾ ਹੀ ਬੰਦ ਕਰ ਦਵੇਗਾ, ਉਹ ਉਨ੍ਹਾਂ ਨੂੰ ਕੁੱਝ ਪੁੱਛਣ ਜਾਂ ਕਹਿਣ ਦੀ ਹਿੰਮਤ ਕਿਵੇਂ ਕਰ ਸਕਦਾ ਹੈ? ਪੰਚਾਇਤੀ ਚੋਣਾਂ ਤੋਂ ਲੈ ਕੇ ਉਪਰਲੇ ਪੱਧਰ ਤੱਕ ਦੀਆਂ ਹਰ ਤਰ੍ਹਾਂ ਦੀਆਂ ਚੋਣਾਂ ਵਿਚ ਖੁਦ ਸਿਆਸੀ ਪਾਰਟੀਆਂ-ਆਗੂਆਂ ਵਲੋਂ ਨਸ਼ਿਆਂ ਦੇ ਵੰਡੇ ਜਾਂਦੇ ਟਰਕਾਂ ਦੇ ਟਰਕ ਇਸ ਗੱਲ ਦਾ ਪ੍ਰਮਾਣ ਹੈ ਕਿ ਸਾਡੇ ਸਿਆਸੀ ਆਗੂ ਕਿਹੋ ਜਿਹਾ ਭਵਿੱਖ ਸਿਰਜਣਾ ਚਾਹੁੰਦੇ ਹਨ। ਇਸ ਤੋਂ ਜਿਆਦਾ ਹੈਰਾਨੀ ਅਤੇ ਪ੍ਰੇਸ਼ਾਨੀ ਦੀ ਗੱਲ ਕੀ ਹੋ ਸਕਦੀ ਹੈ ਕਿ ਧਾਰਮਿਕ ਜਥੇਬੰਦੀਆਂ ਦੀਆਂ ਚੋਣਾਂ ਵਿਚ ਵੀ ਨਸ਼ਿਆਂ ਦੀ ਖੁੱਲ੍ਹੀ ਵਰਤੋਂ ਹੋਣ ਲੱਗ ਪਈ ਹੈ। ਲਗਪਗ ਹਰ ਸਿਆਸੀ ਪਾਰਟੀ ਦੀ ਮਣਸ਼ਾ ਹਰ ਹੀਲੇ ਸੱਤਾ ਹਾਸਲ ਕਰਨਾ ਹੀ ਰਹਿ ਗਈ ਹੈ। ਇਨ੍ਹਾਂ ਦੀ ਇਹ ਮਣਸ਼ਾ ਸਿਰ ਹੀਣੇ ਲੋਕ ਹੀ ਪੂਰੀ ਕਰ ਸਕਦੇ ਹਨ। ਸਦਾ ਹੀ ਇਨ੍ਹਾਂ ਦੀ ਰਜ਼ਾ ਵਿਚ ਰਹਿਣ ਵਾਲੇ ਲੋਕ। ਸਾਫ ਹੈ ਕਿ ਸਿਰ ਹੀਣੇ ਲੋਕਾਂ ਦੀ ਜਮਾਤ ਪੈਦਾ ਕਰਨ ਲਈ ਸਭ ਤੋਂ ਸੌਖਾ ਹਥਿਆਰ ਨਸ਼ੇ ਹੀ ਹਨ। ਇਹੀ ਕਾਰਣ ਹੈ ਕਿ ਭ੍ਰਿਸ਼ਟ ਸਿਆਸੀ ਆਗੂਆਂ, ਅਫਸਰਸ਼ਾਹਾਂ ਅਤੇ ਸਮਗਲਰਾਂ ਦਾ ਗਠਜੋੜ ਲਗਾਤਾਰ ਪੰਜਾਬ ਦੀ ਜੁਆਨੀ ਨੂੰ ਚੂੰਡ ਚੂੰਡ ਖਾ ਰਿਹਾ ਹੈ। ਜਗਦੀਸ਼ ਭੋਲਾ ਕਾਂਡ ਨੇ ਤਾਂ ਬਹੁਤ ਕੁੱਝ ਪਾਣੀ ਵਾਂਗ ਨਿਤਾਰ ਦਿੱਤਾ ਹੈ।

ਪਿਛਲੇ ਕੁੱਝ ਮਹੀਨਿਆਂ ਤੋਂ ਲਗਾਤਾਰ ਸਮੈਕ ਅਤੇ ਹੈਰੋਇਨ ਫੜੀ ਗਈ ਹੈ। ਪਰ ਫੜੀ ਗਈ ਹੈਰੋਇਨ ਸਰਹੱਦ ਪਾਰੋਂ ਕੁਇੰਟਲਾਂ ਦੇ ਹਿਸਾਬ ਆਉਂਦੀ ਹੈਰੋਇਨ ਦਾ ਨਿੱਕਾ ਜਿਹਾ ਅੰਸ਼ ਮਾਤਰ ਹੀ ਹੈ। ਕਿਸੇ ਗੁਆਂਢੀ ਨੂੰ ਦੋਸ਼ ਦੇਣ ਤੋਂ ਪਹਿਲਾਂ ਇਹ ਸੋਚਣਾ ਬਣਦਾ ਹੈ ਕਿ ਜਿਹੜੀਆਂ ਸਰਹੱਦਾਂ ਤੋਂ ‘ਉਧਰਲੀ ਹਵਾ’ ਵੀ ਇਧਰ ਆਉਣ ਵੇਲੇ ਪੁੱਛਕੇ ਆਉਂਦੀ ਹੈ, ਉਨ੍ਹਾਂ ਸਰਹੱਦਾਂ ਤੋਂ ਕੁਇੰਟਲਾਂ ਦੀ ਕੁਇੰਟਲ ਹੈਰੋਇਨ, ਅਫ਼ੀਮ ਇਧਰ ਕਿਵੇਂ ਪਹੁੰਚ ਜਾਂਦੀ ਹੈ?

ਇਸ ਹਾਲਤ ਵਿਚ ਲੋੜ ਪੰਜਾਬ ਦੇ ਚੇਤੰਨ ਵਰਗ ਦੇ ਵਧੇਰੇ ਸਰਗਰਮ ਹੋਣ ਦੀ ਹੈ। ਬੱਚਿਆਂ ਦੇ ਮਾਪੇ, ਲੋਕ-ਪੱਖੀ ਜਥੇਬੰਦੀਆਂ ਅਤੇ ਹਰ ਚਿੰਤਨਸ਼ੀਲ ਬੰਦੇ ਦਾ ਇਹ ਫਰਜ਼ ਹੈ ਕਿ ਉਹ ਪੰਜਾਬ ਦੇ ਭਵਿੱਖ ਨੂੰ ਬਚਾਉਣ ਲਈ ਅੱਗੇ ਆਉਣ। ਸ਼ਾਇਰ ਮਿੱਤਰ ਕੁਲਵਿੰਦਰ ਕੁੱਲਾ ਦੇ ਇਸ ਆਸ ਭਰੇ ਸ਼ਿਅਰ ਨਾਲ ਆਗਿਆ ਦਿਓ-

‘ਅਸੀਂ ਤਾਂ ਤਿਣਕਿਆਂ ਨੂੰ ਫਿਰ ਉਹੀ ਤਰਤੀਬ ਦੇਣੀ ਹੈ
ਤੁਹਾਡਾ ਸੌਕ ਭਾਵੇਂ ਆਲ੍ਹਣੇ ਬਰਬਾਦ ਕਰਨਾ ਹੈ’

# ਪਰਿਵਾਰਵਾਦ ਵਿਚ ਰੰਗੀ ਪੰਜਾਬ ਦੀ ਸਿਆਸਤ



ਹਮੀਰ ਸਿੰਘ
+91-82888-35707



ਅਮਰੀਕਾ ਦੇ ਰਾਸ਼ਟਰਪਤੀ ਇਬਰਾਹਿਮ ਲਿੰਕਨ ਨੇ ਲੋਕਤੰਤਰ ਨੂੰ ਲੋਕਾਂ ਦੀ, ਲੋਕਾਂ ਵਲੋਂ ਅਤੇ ਲੋਕਾਂ ਲਈ ਸਰਕਾਰ ਕਿਹਾ ਸੀ। ਲੰਮੀ ਲੜਾਈ ਤੋਂ ਬਾਅਦ ਆਜ਼ਾਦ ਭਾਰਤ ਨੇ ਪੱਛਮੀ ਤਰਜ਼ ਦੇ ਲੋਕਤੰਤਰ ਨੂੰ ਭਾਰਤ ਵਿਚ ਲਾਗੂ ਕਰਨ ਦਾ ਫ਼ੈਸਲਾ ਕੀਤਾ, ਜਿਸ ਵਿਚ ਹਰ ਬਾਲਗ ਨੂੰ ਵੋਟ ਦਾ ਹੱਕ ਦਿੱਤਾ ਗਿਆ। ਸਪਸ਼ਟ ਹੈ ਕਿ ਦੇਸ਼ ਵਿਚ ਰਾਜ ਹੁਣ ਰਾਣੀਆਂ ਦੀ ਕੁੱਖੋਂ ਨਹੀਂ ਸਗੋਂ ਵੋਟ ਬਕਸਿਆਂ ਵਿਚੋਂ ਪੈਦਾ ਹੋਣਗੇ ਭਾਵ ਰਾਜ ਕਰਨ ਦੀ ਸ਼ਾਹੀ ਅਤੇ ਵੰਸ਼ਵਾਦੀ ਪ੍ਰਣਾਲੀ ਖ਼ਤਮ ਹੋ ਜਾਵੇਗੀ।

ਸੰਵਿਧਾਨ ਲਾਗੂ ਹੋਣ ਤੋਂ ਬਾਅਦ 64 ਸਾਲਾਂ ਦੌਰਾਨ ਰਾਜੇ ਬਣਦੇ ਤਾਂ ਵੋਟ ਪ੍ਰਣਾਲੀ ਰਾਹੀਂ ਹੀ ਰਹੇ ਪਰ ਲੋਕਤੰਤਰ ਦੇ ਇਸ ਸਫ਼ਰ ਦੌਰਾਨ ਰਾਜਾਸ਼ਾਹੀ ਅਤੇ ਵੰਸ਼ਵਾਦੀ ਸੱਤਾ ਦੀ ਧਾਰਨਾ ਨੂੰ ਖ਼ਤਮ ਨਹੀਂ ਕੀਤਾ ਜਾ ਸਕਿਆ। ਪਿਛਲੇ ਕੁਝ ਸਮੇਂ ਤੋਂ ਇਹ ਹੋਰ ਵੀ ਮਜ਼ਬੂਤ ਹੁੰਦੀ ਦਿਖਾਈ ਦੇ ਰਹੀ ਹੈ। ਦਲ-ਬਦਲੀ ਵਿਰੋਧੀ ਕਾਨੂੰਨ ਬਣਾ ਕੇ ਅੰਦਰੂਨੀ ਲੋਕਤੰਤਰ ਦੀ ਹੱਤਿਆ ਹੋਵੇ ਜਾਂ ਫਿਰ ਚੋਣਾਂ ਵਿਚ ਧਨ, ਸ਼ਕਤੀ ਅਤੇ ਨਸ਼ਿਆਂ ਦੇ ਵਰਤਾਰੇ ਨਾਲ ਨਿਯਮ ਹੀ ਅਜਿਹੇ ਬਣਾ ਦਿੱਤੇ ਗਏ ਹਨ ਕਿ ਚੋਣ ਦੰਗਲ ਵਿਚ ਕੁਝ ਗਿਣੇ-ਚੁਣੇ ਖਿਡਾਰੀ ਹੀ ਉਤਰਨ ਦਾ ਹੌਸਲਾ ਕਰ ਸਕਦੇ ਹਨ। ਇਸੇ ਲਈ ਪਾਰਟੀਆਂ ਉੱਤੇ ਕੁਝ ਪਰਿਵਾਰਾਂ ਦੀ ਪਕੜ ਹੋਰ ਪਕੇਰੀ ਹੁੰਦੀ ਜਾ ਰਹੀ ਹੈ। ਦੇਸ਼ ਦੀ ਸੱਤਾ ਉੱਤੇ ਨਹਿਰੂ-ਗਾਂਧੀ ਪਰਿਵਾਰ ਦੀਆਂ ਉਦਾਹਰਣਾਂ ਤਾਂ ਆਮ ਦਿੱਤੀਆਂ ਜਾਂਦੀਆਂ ਹਨ ਪਰ ਹੁਣ ਜੰਮੂ-ਕਸ਼ਮੀਰ ਤੋਂ ਲੈ ਕੇ ਤਾਮਿਲਨਾਡੂ ਤਕ ਖੇਤਰੀ ਪਾਰਟੀਆਂ ਵਿਚ ਵੀ ਖ਼ਾਨਦਾਨਾਂ ਦਾ ਦਬਦਬਾ ਸਪਸ਼ਟ ਦਿਖਾਈ ਦਿੰਦਾ ਹੈ। ਰਾਜਨੀਤੀ ਵਿਚ ਵਿਚਾਰਧਾਰਾ ਦਾ ਦੌਰ ਖ਼ਤਮ ਹੋ ਗਿਆ ਹੈ। ਇਸੇ ਕਰ ਕੇ ਖੇਤਰੀ ਅਤੇ ਰਾਸ਼ਟਰੀ ਪਾਰਟੀਆਂ ਦੇ ਏਜੰਡੇ ਅਤੇ ਚੋਣ ਐਲਾਨਨਾਮਿਆਂ ਦੇ ਅੰਤਰ ਵੀ ਲਗਭਗ ਖ਼ਤਮ ਹੁੰਦੇ ਜਾ ਰਹੇ ਹਨ। ਦੋਸ਼ ਸਿਰਫ਼ ਇਕ-ਦੂਜੇ ਦਾ ਏਜੰਡਾ ਚੋਰੀ ਕਰਨ ਦਾ ਹੀ ਲੱਗਦਾ ਹੈ।

ਪੰਜਾਬ ਦੀ ਹੀ ਮਿਸਾਲ ਲਈਏ ਤਾਂ ਰਾਜਨੀਤਕ ਦ੍ਰਿਸ਼ ਉੱਤੇ ਅਜਿਹਾ ਤਾਣਾ-ਬਾਣਾ ਬੁਣਿਆ ਗਿਆ ਹੈ ਕਿ ਇਸ ਸਮੇਂ ਵਿਚ ਸੂਬੇ ਦੀ ਸਿਆਸੀ ਸੱਤਾ ਦਾ ਆਨੰਦ ਇਕ ਤਰ੍ਹਾਂ ਨਾਲ ਮੁੱਠੀ ਭਰ ਪਰਿਵਾਰ ਹੀ ਮਾਣਦੇ ਆ ਰਹੇ ਹਨ। ਪੰਜਾਬ ਦੀ ਰਾਜਨੀਤਕ ਤਾਕਤ ਬਾਦਲ, ਬਰਾੜ, ਕੈਰੋਂ, ਮਜੀਠੀਏ ਅਤੇ ਪਟਿਆਲਾ ਦੇ ਸ਼ਾਹੀ ਖ਼ਾਨਦਾਨ ਦੇ ਇਰਦ-ਗਿਰਦ ਹੀ ਚੱਕਰ ਕੱਟਦੀ ਆ ਰਹੀ ਹੈ। ਬਾਕੀ ਕਈ ਹੋਰ ਛੋਟੇ ਹਿੱਸੇਦਾਰ ਵੀ ਪੈਦਾ ਹੋ ਰਹੇ ਹਨ ਪਰ ਉਨ੍ਹਾਂ ਦੀ ਸ਼ਕਤੀ ਇਨ੍ਹਾਂ ਅੰਤਰ ਸਬੰਧਤ ਪਰਿਵਾਰਾਂ ਸਹਾਰੇ ਹੀ ਹੈ।

## ਬਾਦਲ ਪਰਿਵਾਰ

ਪੰਜਵੀਂ ਵਾਰ ਮੁੱਖ ਮੰਤਰੀ ਦੀ ਗੱਦੀ ਉੱਤੇ ਬਿਰਾਜਮਾਨ ਪ੍ਰਕਾਸ਼ ਸਿੰਘ ਬਾਦਲ ਦਾ ਪਰਿਵਾਰ ਸਿਆਸੀ ਤੌਰ ਉੱਤੇ ਸੂਬੇ ਦਾ ਸਭ ਤੋਂ ਸ਼ਕਤੀਸ਼ਾਲੀ ਪਰਿਵਾਰ ਕਿਹਾ ਜਾ ਸਕਦਾ ਹੈ। ਇਸ ਸਮੇਂ ਸਿਆਸਤ ਅਤੇ ਧਾਰਮਕ ਖੇਤਰ ਦੀ ਫ਼ੈਸਲਾਕੁਨ ਸ਼ਕਤੀ ਇਸ ਪਰਿਵਾਰ ਦੇ ਹੱਥ ਵਿਚ ਹੈ। ਉਨ੍ਹਾਂ ਆਪਣੇ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਅਮਰੀਕਾ ਦੀ ਪੜ੍ਹਾਈ ਖ਼ਤਮ ਕਰਨ ਤੋਂ ਬਾਅਦ ਸੰਸਦ ਮੈਂਬਰ ਅਤੇ ਕੇਂਦਰੀ ਸਨਅਤ ਰਾਜ ਮੰਤਰੀ ਬਣਾਉਣ ਦੀ ਸਿਖਲਾਈ ਰਾਹੀਂ ਅੱਜ ਆਪਣੀ ਸਰਪ੍ਰਸਤੀ ਵਿਚ ਚੱਲ ਰਹੀ ਸ਼ਹੀਦਾਂ ਦੀ ਜਥੇਬੰਦੀ ਆਖੇ ਜਾਣ ਵਾਲੇ ਸ਼੍ਰੋਮਣੀ ਅਕਾਲੀ ਦੀ ਪ੍ਰਧਾਨਗੀ ਦੇ ਨਾਲ-ਨਾਲ ਉਪ ਮੁੱਖ ਮੰਤਰੀ ਦੀ ਕੁਰਸੀ ਤਕ ਪਹੁੰਚਾਉਣ ਵਿਚ ਕਾਮਯਾਬੀ ਹਾਸਲ ਕਰ ਲਈ। ਜੂਨੀਅਰ ਬਾਦਲ ਦੀ ਪਤਨੀ ਹਰਸਿਮਰਤ ਕੌਰ ਬਾਦਲ 15ਵੀਂ ਲੋਕ ਸਭਾ ਵਿਚ ਬਠਿੰਡਾ ਤੋਂ ਸੰਸਦ ਮੈਂਬਰ ਸੀ ਅਤੇ 16ਵੀਂ ਲੋਕ ਸਭਾ ਚੋਣ ਲਈ ਪਾਰਟੀ ਦੀ ਉਮੀਦਵਾਰ ਐਲਾਨ ਦਿੱਤੀ ਗਈ ਹੈ। ਹਰਸਿਮਰਤ ਲੋਕ ਸਭਾ ਵਿਚ ਗ਼ੈਰ ਰਸਮੀ ਤੌਰ ਉੱਤੇ ਅਕਾਲੀ ਦਲ ਦੇ ਆਗੂ ਦੀ ਭੂਮਿਕਾ ਹੀ ਨਿਭਾਉਂਦੇ ਰਹੇ ਹਨ।

ਬਾਦਲ ਨੇ ਲੰਡਨ ਤੋਂ ਪੜ੍ਹ ਕੇ ਆਏ ਆਪਣੇ ਭਤੀਜੇ ਮਨਪ੍ਰੀਤ ਸਿੰਘ ਬਾਦਲ ਨੂੰ ਗਿੱਦੜਬਾਹਾ ਉਪ ਚੋਣ ਰਾਹੀਂ ਵਿਧਾਨ ਸਭਾ ਵਿਚ ਪਹੁੰਚਾਉਣ ਵਿਚ ਸਫ਼ਲਤਾ ਪ੍ਰਾਪਤ ਕੀਤੀ ਸੀ। ਤਿੰਨ ਵਾਰ ਵਿਧਾਇਕ ਅਤੇ ਚੌਥੀ ਵਾਰ ਵਿੱਤ ਮੰਤਰੀ ਬਣੇ ਭਤੀਜੇ ਨੂੰ ਆਪਣੀ ਕਾਬਲੀਅਤ ਮੁਤਾਬਕ ਗੱਲ ਨਾ ਮੰਨਵਾ ਪਾਉਣ ਦਾ ਵਿਚਾਰ ਤੰਗ ਕਰਨ ਲੱਗ ਗਿਆ ਅਤੇ ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਉਸ ਨੇ ਆਪਣੇ ਚਚੇਰੇ ਭਾਈ ਦੇ ਮੁਕਾਬਲੇ ਉੱਤੇ ਪੀਪਲਜ਼ ਪਾਰਟੀ ਆਫ਼ ਪੰਜਾਬ ਬਣਾ ਕੇ ਉਸ ਦੀ ਕਮਾਨ ਸੰਭਾਲ ਲਈ। ਮਨਪ੍ਰੀਤ ਖ਼ੁਦ ਪਰਿਵਾਰਵਾਦ ਦੀ ਪੈਦਾਇਸ਼ ਹੈ, ਉਹ ਆਪਣੇ ਪੁੱਤਰ ਅਰਜੁਨ ਨੂੰ ਵੀ ਆਗੂ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਤਾਏ ਦੀ ਤਰਜ਼ ਉੱਤੇ ਹੀ ਆਪਣੇ ਪਿਤਾ ਗੁਰਦਾਸ ਸਿੰਘ ਬਾਦਲ ਨੂੰ ਸਰਪ੍ਰਸਤ ਬਣਾ ਲਿਆ। ਮਨਪ੍ਰੀਤ ਦੀ ਸੱਸ ਸ਼ਵਿੰਦਰ ਕੌਰ ਜੌਹਲ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਰਹਿ ਚੁੱਕੀ ਹੈ।

## ਕੈਰੋਂ ਅਤੇ ਬਰਾੜ ਪਰਿਵਾਰ ਦਾ ਸਬੰਧ

ਪ੍ਰਤਾਪ ਸਿੰਘ ਕੈਰੋਂ ਦੇ ਭਰਾ ਜਸਵੰਤ ਸਿੰਘ ਦੀ ਬੇਟੀ ਗੁਰਬਿੰਦਰ ਕੌਰ ਪੰਜਾਬ ਦੇ ਮੁੱਖ ਮੰਤਰੀ ਅਤੇ ਹਰਿਆਣਾ ਦੇ ਰਾਜਪਾਲ ਰਹੇ ਹਰਚਰਨ ਸਿੰਘ ਬਰਾੜ ਦੀ ਜੀਵਨ ਸਾਥਣ ਬਣੀ। ਗੁਰਬਿੰਦਰ ਕੌਰ ਬਰਾੜ ਵਿਧਾਇਕ ਅਤੇ ਸੰਸਦ ਮੈਂਬਰ ਵੀ ਰਹੀ। ਉਨ੍ਹਾਂ ਦੀ ਬੇਟੀ ਬਬਲੀ ਬਰਾੜ ਨੇ ਫ਼ਰੀਦਕੋਟ ਤੋਂ ਸੁਖਬੀਰ ਬਾਦਲ ਖ਼ਿਲਾਫ਼ ਲੋਕ ਸਭਾ ਦੀ ਚੋਣ ਵੀ ਲੜੀ। ਬੇਟਾ ਕੰਵਰਜੀਤ ਸਿੰਘ ਉਰਫ਼ ਸੰਨੀ ਬਰਾੜ ਦੋ ਵਾਰ ਵਿਧਾਇਕ ਰਿਹਾ। ਸੰਨੀ ਬਰਾੜ ਦੀ ਪਤਨੀ ਕਰਨ ਬਰਾੜ ਮੌਜੂਦਾ ਪੰਜਾਬ ਵਿਧਾਨ ਸਭਾ ਦੀ ਮੈਂਬਰ ਹੈ।

## ਬਾਦਲ-ਬਲਦੇਵ ਸਿੰਘ ਪਰਿਵਾਰਾਂ ਦਾ ਨਾਤਾ

ਪ੍ਰਕਾਸ਼ ਸਿੰਘ ਬਾਦਲ ਦੀ ਚਚੇਰੀ ਭੈਣ ਦੇਸ਼ ਦੇ ਰੱਖਿਆ ਮੰਤਰੀ ਰਹੇ ਬਲਦੇਵ ਸਿੰਘ ਦੇ ਬੇਟੇ ਸੁਰਜੀਤ ਸਿੰਘ ਨੂੰ ਵਿਆਹੀ ਸੀ ਅਤੇ ਸੁਰਜੀਤ ਸਿੰਘ ਦਾ ਭਰਾ ਰਵੀਇੰਦਰ ਸਿੰਘ ਪੰਜਾਬ ਵਿਧਾਨ ਸਭਾ ਦਾ ਸਪੀਕਰ ਰਿਹਾ ਹੈ। ਅੱਜ-ਕੱਲ੍ਹ ਉਹ ਅਕਾਲੀ ਦਲ 1920 ਦੇ ਪ੍ਰਧਾਨ ਹਨ।

## ਬਰਾੜ ਬਨਾਮ ਮਾਨ

ਅਮਰਿੰਦਰ ਸਿੰਘ ਦਾ ਛੋਟਾ ਭਾਈ ਮਲਵਿੰਦਰ ਸਿੰਘ ਅਤੇ ਹਰਚਰਨ ਸਿੰਘ ਬਰਾੜ ਦਾ ਬੇਟਾ ਸੰਨੀ ਬਰਾੜ ਸਾਂਢੂ ਹਨ। ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਸਮਾਣਾ ਤੋਂ ਟਿਕਟ ਨਾ ਮਿਲਣ ਦੇ ਰੋਸ ਕਾਰਨ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਸਨ। ਅਮਰਿੰਦਰ ਸਿੰਘ ਦੀ ਪਤਨੀ ਪਰਨੀਤ ਕੌਰ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਪਤਨੀ ਗੀਤਇੰਦਰ ਕੌਰ ਸਕੀਆਂ ਭੈਣਾਂ ਹਨ। ਮਾਨ ਦਾ ਬੇਟਾ ਈਮਾਨ ਸਿੰਘ ਮਾਨ ਵੀ ਕਈ ਚੋਣਾਂ ਲੜ ਚੁੱਕਿਆ ਹੈ।

ਇਕ ਵਿਸ਼ੇਸ਼ ਮਾਹੌਲ ਦੌਰਾਨ 1992 ਵਿਚ ਮੁੱਖ ਮੰਤਰੀ ਬਣੇ ਬੇਅੰਤ ਸਿੰਘ ਦੀ ਹੱਤਿਆ ਤੋਂ ਬਾਅਦ ਉਨ੍ਹਾਂ ਦੇ ਪਰਿਵਾਰ ਦਾ ਵੀ ਸੱਤਾ ਵਿਚ ਦਖ਼ਲ ਵੱਧ ਰਿਹਾ ਹੈ। ਖੇਤੀਬਾੜੀ ਇੰਸਪੈਕਟਰ ਭਰਤੀ ਹੋਇਆ ਉਨ੍ਹਾਂ ਦਾ ਬੇਟਾ ਤੇਜ ਪ੍ਰਕਾਸ਼ ਮੰਤਰੀ ਰਹਿ ਚੁੱਕਾ ਹੈ। ਬੇਅੰਤ ਸਿੰਘ ਦੀ ਬੇਟੀ ਗੁਰਕੰਵਲ ਕੌਰ ਵੀ ਮੰਤਰੀ ਅਤੇ ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਰਹੀ ਹੈ। ਪੋਤਰਾ ਰਵਨੀਤ ਸਿੰਘ ਬਿੱਟੂ ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਅਤੇ ਦੂਜਾ ਪੋਤਾ ਗੁਰਕੀਰਤ ਸਿੰਘ ਖੰਨਾ ਤੋਂ ਕਾਂਗਰਸ ਟਿਕਟ ਉੱਤੇ ਵਿਧਾਇਕ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਤਿੰਨ ਰਾਜਾਂ ਦੇ ਰਾਜਪਾਲ ਰਹਿ ਚੁੱਕੇ ਸੁਰਜੀਤ ਸਿੰਘ ਬਰਨਾਲਾ ਦੀ ਪਤਨੀ ਸੁਰਜੀਤ ਕੌਰ ਪੰਜਾਬ ਵਿਧਾਨ ਸਭਾ ਦੀ ਮੈਂਬਰ ਰਹੀ ਹੈ ਅਤੇ ਅੱਜ-ਕੱਲ੍ਹ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੀ ਪ੍ਰਧਾਨ ਹੈ। ਉਨ੍ਹਾਂ ਦਾ ਬੇਟਾ ਗਗਨਜੀਤ ਸਿੰਘ ਬਰਨਾਲਾ ਵੀ ਐੱਮ ਐੱਲ ਏ ਰਹਿ ਚੁੱਕਿਆ ਹੈ। ਬਦਲੇ ਹੋਏ ਦ੍ਰਿਸ਼ ਵਿਚ ਪਰਿਵਾਰ ਸਿਆਸਤ ਵਿਚ ਭਵਿੱਖ ਸੁਰੱਖਿਅਤ ਰੱਖਣ ਲਈ ਮੁੜ ਪਰ ਤੋਲ ਰਿਹਾ ਹੈ।

ਦੇਸ਼ ਭਗਤ ਪਰਿਵਾਰ ਦੇ ਨਾਂ ਉੱਤੇ ਖ਼ਾਨਦਾਨੀ ਰਾਜਨੀਤੀ ਦਾ ਵਿਰੋਧ ਕਰਦੀ ਆ ਰਹੀ ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਨੇ ਜਵਾਈ ਨੂੰ ਸਾਹਨੇਵਾਲ ਤੋਂ ਟਿਕਟ ਦਵਾਉਣ ਵਿਚ ਕਾਮਯਾਬੀ ਹਾਸਲ ਕਰ ਲਈ ਸੀ ਭਾਵੇਂ ਉਸ ਨੂੰ ਜਿੱਤਣ ਵਿਚ ਕਾਮਯਾਬੀ ਨਹੀਂ ਮਿਲ ਸਕੀ। ਭੱਠਲ ਦੇ ਭਰਾ ਕੁਲਦੀਪ ਸਿੰਘ ਅਤੇ ਮਨਜੀਤ ਸਿੰਘ ਵਿਧਾਇਕ ਰਹਿ ਚੁੱਕੇ ਹਨ। ਉਸ ਦਾ ਭਤੀਜਾ ਤੇ ਕੁਲਦੀਪ ਭੱਠਲ ਦਾ ਬੇਟਾ ਗੁਰੀ ਭੱਠਲ ਯੂਥ ਕਾਂਗਰਸ ਦਾ ਆਗੂ ਹੈ। ਪਰਿਵਾਰਵਾਦ ਦੀ ਇਸ ਜਕੜ 'ਚੋਂ ਲੋਕਾਂ ਦੀ, ਲੋਕਾਂ ਵਲੋਂ ਅਤੇ ਲੋਕਾਂ ਲਈ ਸਰਕਾਰ ਦਾ ਸੁਪਨਾ ਪੂਰਾ ਕਰਨ ਦਾ ਇੰਤਜ਼ਾਰ ਜਾਰੀ ਹੈ।

## ਬਾਦਲ ਅਤੇ ਮਜੀਠੀਆ ਪਰਿਵਾਰ

ਸੁਖਬੀਰ ਸਿੰਘ ਬਾਦਲ ਦਾ ਵਿਆਹ ਸੱਤਿਆਜੀਤ ਸਿੰਘ ਮਜੀਠੀਆ ਦੀ ਬੇਟੀ ਹਰਸਿਮਰਤ ਕੌਰ ਨਾਲ ਹੋਇਆ। ਹਰਸਿਮਰਤ ਦਾ ਭਾਈ ਬਿਕਰਮ ਸਿੰਘ ਮਜੀਠੀਆ ਯੂਥ ਅਕਾਲੀ ਦਲ ਦੇ ਪ੍ਰਧਾਨ ਤੋਂ ਇਲਾਵਾ ਦੂਜੀ ਵਾਰ ਐੱਮ ਐੱਲ ਏ ਬਣ ਕੇ ਮਾਲ, ਮੁੜ ਵਸੇਬਾ ਅਤੇ ਲੋਕ ਸੰਪਰਕ ਮੰਤਰੀ ਹੈ। ਬਾਦਲ ਸਰਕਾਰ ਵਿੱਚ ਉਸ ਨੂੰ ਤੀਜਾ ਸ਼ਕਤੀਸ਼ਾਲੀ ਵਿਅਕਤੀ ਮੰਨਿਆ ਜਾ ਰਿਹਾ ਹੈ। ਸੱਤਿਆਜੀਤ ਦੇ ਪਿਤਾ ਸੁਰਜੀਤ ਸਿੰਘ 1952 ਦੀ ਜਵਾਹਰਲਾਲ ਨਹਿਰੂ ਸਰਕਾਰ ਵਿੱਚ ਉਪ ਰੱਖਿਆ ਮੰਤਰੀ ਰਹੇ ਹਨ। ਸੁਰਜੀਤ ਸਿੰਘ ਦੇ ਪਿਤਾ ਸਰਦਾਰ ਬਹਾਦਰ ਸੁੰਦਰ ਸਿੰਘ ਮਜੀਠੀਆ ਅਣਵੰਡੇ ਪੰਜਾਬ ਵਿੱਚ ਸਰ ਸਿਕੰਦਰ ਹਿਯਾਤ ਖ਼ਾਨ ਦੀ ਸਰਕਾਰ ਵਿੱਚ ਮੰਤਰੀ ਸਨ। ਸੁਰਜੀਤ ਸਿੰਘ ਨਾਭਾ ਦੇ ਵਜ਼ੀਰ ਪਰਿਵਾਰ ਵਿੱਚ ਜਨਰਲ ਸ਼ਿਵੇਦਵ ਸਿੰਘ ਦੀ ਬੇਟੀ ਨੂੰ ਵਿਆਹੇ ਹੋਏ ਸਨ। ਇਸ ਖ਼ਾਨਦਾਨ 'ਚੋਂ ਗੁਰਦਰਸ਼ਨ ਸਿੰਘ ਮਾਲ ਮੰਤਰੀ ਰਹੇ ਅਤੇ ਉਨ੍ਹਾਂ ਦਾ ਬੇਟਾ ਕਾਕਾ ਰਣਦੀਪ ਸਿੰਘ ਮੌਜੂਦਾ ਵਿਧਾਇਕ ਹੈ।



## ਬਾਦਲ ਅਤੇ ਕੈਰੋਂ ਪਰਿਵਾਰਾਂ ਦਾ ਸਬੰਧ

ਬਾਦਲ ਨੇ ਆਪਣੀ ਧੀ ਪਰਨੀਤ ਕੌਰ ਟਕਸਾਲੀ ਕਾਂਗਰਸੀ ਅਤੇ ਪੰਜਾਬ ਦੇ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਜੋਂ ਯਾਦ ਕੀਤੇ ਜਾਣ ਵਾਲੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਘਰ ਵਿਆਹੀ ਸੀ। ਪ੍ਰਤਾਪ ਸਿੰਘ ਕੈਰੋਂ ਦਾ ਪੋਤਰਾ ਅਤੇ ਸੁਰਿੰਦਰ ਸਿੰਘ ਕੈਰੋਂ ਦਾ ਪੁੱਤਰ ਆਦੇਸ਼ ਪ੍ਰਤਾਪ ਸਿੰਘ ਕੈਰੋਂ ਸੰਨ 1997 ਦੀਆਂ ਚੋਣਾਂ ਵੇਲੇ ਅਕਾਲੀ ਦਲ ਵਿਚ ਸ਼ਾਮਲ ਹੋ ਗਿਆ ਅਤੇ ਅੱਜ-ਕੱਲ੍ਹ ਬਾਦਲ ਸਰਕਾਰ ਵਿਚ ਖ਼ੁਰਾਕ ਅਤੇ ਸਿਵਲ ਸਪਲਾਈ ਮੰਤਰੀ ਹੈ। ਸੁਰਿੰਦਰ ਸਿੰਘ ਕੈਰੋਂ ਵੀ ਲੋਕ ਸਭਾ ਮੈਂਬਰ ਰਹਿ ਚੁੱਕੇ ਹਨ।

## ਪਟਿਆਲਾ ਦਾ ਸ਼ਾਹੀ ਖ਼ਾਨਦਾਨ

ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਮੁੱਖ ਮੰਤਰੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਰਹੇ। ਉਨ੍ਹਾਂ ਦੀ ਪਤਨੀ ਪਰਨੀਤ ਕੌਰ ਵਿਦੇਸ਼ ਰਾਜ ਮੰਤਰੀ ਹਨ। ਅਗਲੀ ਲੋਕ ਸਭਾ ਲਈ ਵੀ ਉਹ ਕਾਂਗਰਸ ਦੇ ਉਮੀਦਵਾਰ ਹਨ। ਬੇਟਾ ਰਣਇੰਦਰ ਟਿੱਕੂ ਬਠਿੰਡਾ ਤੋਂ ਲੋਕ ਸਭਾ ਅਤੇ ਸਮਾਣਾ ਤੋਂ ਵਿਧਾਨ ਸਭਾ ਚੋਣਾਂ ਲੜ ਚੁੱਕਾ ਹੈ। ਕੈਪਟਨ ਅਮਰਿੰਦਰ ਸਿੰਘ ਦੇ ਪਿਤਾ ਮਾਹਾਰਾਜਾ ਯਾਦਵਿੰਦਰ ਸਿੰਘ ਵਿਧਾਇਕ ਰਹੇ ਅਤੇ ਉਨ੍ਹਾਂ ਦੀ ਮਾਤਾ ਮਹਿੰਦਰ ਕੌਰ ਇਕ ਵਾਰ ਕਾਂਗਰਸ ਅਤੇ ਦੂਜੀ ਵਾਰ ਜਨਤਾ ਪਾਰਟੀ ਵਲੋਂ ਰਾਜ ਸਭਾ ਮੈਂਬਰ ਰਹੀ ਅਤੇ ਕਾਂਗਰਸ ਟਿਕਟ ਉੱਤੇ ਲੋਕ ਸਭਾ ਵਿਚ ਵੀ ਨੁਮਾਇੰਦਗੀ ਕੀਤੀ। ਕਿਸਾਨ ਖ਼ੁਦਕੁਸ਼ੀਆਂ ਦਾ ਮੁੱਦਾ ਉਠਾਉਣ ਵਾਲਾ ਅਮਰਿੰਦਰ ਸਿੰਘ ਦਾ ਮਾਮਾ ਇੰਦਰਜੀਤ ਸਿੰਘ ਜੇਜੀ ਸੰਨ 1985 ਵਿਚ ਅਕਾਲੀ ਦਲ ਦੀ ਟਿਕਟ ਉੱਤੇ ਵਿਧਾਇਕ ਰਿਹਾ।



# ਪੁੱਤਰਾਂ, ਨੂੰਹਾਂ ਅਤੇ ਪਤਨੀਆਂ ਦਾ ਬੋਲਬਾਲਾ

ਇਨ੍ਹਾਂ ਵੱਡੇ ਪਰਿਵਾਰਾਂ ਤੋਂ ਬਿਨਾਂ ਪੰਜਾਬ ਦੀ ਰਾਜਨੀਤੀ ਵਿਚ ਸਹਾਇਕ ਖਿਡਾਰੀ ਵੀ ਪਰਿਵਾਰਵਾਦ ਦੀ ਸਿਆਸਤ ਵਿਚ ਡੂੰਘੇ ਉੱਤਰਦੇ ਜਾ ਰਹੇ ਹਨ।

ਪੰਜਾਬ ਸਰਕਾਰ ਦੇ ਮੰਤਰੀ ਰਹੇ ਸਤਨਾਮ ਸਿੰਘ ਬਾਜਵਾ ਦਾ ਪੁੱਤਰ ਪ੍ਰਤਾਪ ਸਿੰਘ ਬਾਜਵਾ ਸੰਸਦ ਮੈਂਬਰ ਦੇ ਨਾਲ-ਨਾਲ ਪੰਜਾਬ ਕਾਂਗਰਸ ਦਾ ਪ੍ਰਧਾਨ ਵੀ ਹੈ। ਬਾਜਵਾ ਨੇ ਆਪਣੀ ਵਿਧਾਨ ਸਭਾ ਵਾਲੀ ਸੀਟ ਤੋਂ ਪਤਨੀ ਚਰਨਜੀਤ ਕੌਰ ਨੂੰ ਵਿਧਾਇਕ ਬਣਵਾ ਲਿਆ। ਬਾਜਵਾ ਦੇ ਭਰਾ ਫਤਹਿਜੰਗ ਸਿੰਘ ਬਾਜਵਾ ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਹਨ ਅਤੇ ਵਿਧਾਨ ਸਭਾ ਚੋਣ ਵਿਚ ਵੀ ਕਿਸਮਤ ਅਜ਼ਮਾ ਚੁੱਕੇ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਜਦੋਂ ਸੰਸਦ ਵਿਚ ਗਏ ਤਾਂ ਉਨ੍ਹਾਂ ਪੰਜਾਬ ਯੂਨੀਵਰਸਿਟੀ ਵਿਚ ਪੜ੍ਹਦੇ ਆਪਣੇ ਬੇਟੇ ਪਰਮਿੰਦਰ ਸਿੰਘ ਢੀਂਡਸਾ ਨੂੰ ਸੁਨਾਮ ਦੀ ਉਪ ਚੋਣ ਲੜਾ ਕੇ ਸਰਗਰਮ ਰਾਜਨੀਤੀ ਵਿਚ ਦਾਖ਼ਲ ਕਰਵਾ ਦਿੱਤਾ। ਮੌਜੂਦਾ ਬਾਦਲ ਸਰਕਾਰ ਵਿਚ ਉਹ ਵਿੱਤ ਮੰਤਰੀ ਦੇ ਅਹੁਦੇ ਉੱਤੇ ਬਿਰਾਜਮਾਨ ਹਨ। ਸੁਖਦੇਵ ਸਿੰਘ ਢੀਂਡਸਾ ਆਪ ਕਈ ਵਾਰ ਸੂਬੇ ਦੇ ਸੀਨੀਅਰ ਮੰਤਰੀ ਰਹਿ ਚੁੱਕੇ ਹਨ ਅਤੇ ਅਗਾਮੀ ਲੋਕ ਸਭਾ ਚੋਣਾਂ ਵਿਚ ਸੰਗਰੂਰ ਤੋਂ ਮੁੜ ਅਕਾਲੀ ਦਲ ਦੇ ਉਮੀਦਵਾਰ ਐਲਾਨੇ ਜਾ ਚੁੱਕੇ ਹਨ।

ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ ਦੇ ਪਿਤਾ ਗੁਰਮੀਤ ਸਿੰਘ ਬਰਾੜ ਆਪਣੇ ਸਮੇਂ ਦੇ ਵੱਡੇ ਆਗੂ ਸਨ ਅਤੇ ਪੰਜਾਬ ਸਰਕਾਰ ਵਿਚ ਮੰਤਰੀ ਰਹੇ। ਜਗਮੀਤ ਨੇ ਆਪਣੇ ਕੋਟੇ ਦੀ ਟਿਕਟ ਦਿਵਾ ਕੇ ਭਰਾ ਰਿਪਜੀਤ ਬਰਾੜ ਨੂੰ ਵਿਧਾਇਕ ਬਣਵਾਇਆ ਅਤੇ ਪਿਛਲੀ ਵਿਧਾਨ ਸਭਾ ਚੋਣਾਂ ਵਿਚ ਜਿੱਤ ਹੱਥ ਨਹੀਂ ਲੱਗੀ।

ਦੇਸ਼ ਦੇ ਕੱਦਾਵਰ ਨੇਤਾ ਰਹੇ ਚੌਧਰੀ ਬਲਰਾਮ ਜਾਖੜ ਦੇ ਬੇਟੇ ਸੱਜਣ ਕੁਮਾਰ ਪੰਜਾਬ ਵਿਚ ਸਹਿਕਾਰਤਾ ਮੰਤਰੀ ਰਹੇ ਅਤੇ ਹੁਣ ਦੂਜਾ ਬੇਟਾ ਸੁਨੀਲ ਜਾਖੜ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦਾ ਆਗੂ ਹੈ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਦਾ ਬੇਟਾ ਵਿਧਾਇਕ ਰਹਿ ਚੁੱਕਾ ਹੈ ਅਤੇ ਯੂਥ ਅਕਾਲੀ ਦਲ ਦਾ ਆਗੂ ਤੇ ਅੱਗੋਂ ਵੀ ਟਿਕਟ ਲਈ ਜ਼ੋਰ-ਅਜ਼ਮਾਈ ਕਰਨ ਵਾਲਿਆਂ ਵਿਚ ਸ਼ਾਮਲ ਹੈ।

ਚੌਧਰੀ ਸੁੰਦਰ ਸਿੰਘ ਸੰਸਦ ਮੈਂਬਰ ਰਹੇ ਹਨ। ਉਨ੍ਹਾਂ ਦੀ ਨੂੰਹ ਸੰਤੋਸ਼ ਚੌਧਰੀ ਕੇਂਦਰ ਸਰਕਾਰ ਵਿਚ ਸਿਹਤ ਰਾਜ ਮੰਤਰੀ ਹੈ ਅਤੇ ਬੇਟਾ ਰਾਮ ਲੁਭਾਇਆ ਵੀ ਵਿਧਾਇਕ ਰਹਿ ਚੁੱਕਿਆ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਹਾਰ ਗਿਆ ਸੀ।

ਜਲੰਧਰ ਦੇ ਮਾਸਟਰ ਗੁਰਬੰਤਾ ਸਿੰਘ ਚੌਧਰੀ ਦੇ ਦੋ ਬੇਟੇ ਜਗਜੀਤ ਅਤੇ ਚੌਧਰੀ ਸੰਤੋਖ ਸਿੰਘ ਮੰਤਰੀ ਰਹੇ ਹਨ। ਸੰਤੋਖ ਸਿੰਘ ਦਾ ਬੇਟਾ ਚੌਧਰੀ ਬਿਕਰਮ ਸਿੰਘ ਪੰਜਾਬ ਯੂਥ ਕਾਂਗਰਸ ਦਾ ਪ੍ਰਧਾਨ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਮੰਤਰੀ ਰਹੇ ਸ਼ਮਸ਼ੇਰ ਸਿੰਘ ਦੂਲੋ ਦੀ ਪਤਨੀ ਹਰਬੰਸ ਕੌਰ ਦੂਲੋ ਵੀ ਮੁੱਖ ਸੰਸਦੀ ਸਕੱਤਰ ਰਹਿ ਚੁੱਕੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 27 ਸਾਲ ਪ੍ਰਧਾਨ ਰਹੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਪੈਸੇ ਦੇ ਪੱਖ ਤੋਂ ਇਮਾਨਦਾਰੀ ਦਾ ਸਾਫ਼ ਦਾਮਨ ਲੈ ਕੇ ਇਸ ਸੰਸਾਰ ਤੋਂ ਰੁਖ਼ਸਤ ਹੋਏ ਪਰ ਆਪਣੇ ਜਵਾਈ ਹਰਮੇਲ ਸਿੰਘ ਨੂੰ ਵਿਧਾਇਕ ਅਤੇ ਫਿਰ ਮੰਤਰੀ ਬਣਾ ਕੇ ਪਰਿਵਾਰਵਾਦ ਦੇ ਦੋਸ਼ ਤੋਂ ਬਚ ਨਹੀਂ ਸਕੇ। ਉਨ੍ਹਾਂ ਦੀ ਮੁਤਬੰਨੀ ਬੇਟੀ ਵੀ ਵਿਧਾਇਕ ਦੀ ਚੋਣ ਲੜ ਚੁੱਕੀ ਹੈ।

ਆਪਣੀ ਅਲੱਗ ਪਛਾਣ ਬਣਾ ਚੁੱਕੇ ਮਰਹੂਮ ਕੈਪਟਨ ਕੰਵਲਜੀਤ ਸਿੰਘ ਵੀ ਪਰਿਵਾਰਵਾਦ ਦੀ ਗ੍ਰਿਫ਼ਤ ਤੋਂ ਪਾਰ ਜਾਣ ਵਿਚ ਕਾਮਯਾਬ ਨਹੀਂ ਹੋਏ। ਬੇਟੇ ਜਸਜੀਤ ਸਿੰਘ ਬੰਨੀ ਨੂੰ ਮੁਹਾਲੀ ਤੋਂ ਟਿਕਟ ਦਿਵਾ ਦਿੱਤਾ। ਹਾਰ ਜਾਣ ਉੱਤੇ ਸਹਿਕਾਰੀ ਬੈਂਕਾਂ ਦਾ ਚੇਅਰਮੈਨ ਲਗਵਾਇਆ। ਪਿਤਾ ਦੀ ਮੌਤ ਤੋਂ ਬਾਅਦ ਉਸ ਦਾ ਵਿਧਾਇਕ ਬਣਨ ਦਾ ਸੁਪਨਾ ਪੂਰਾ ਹੋ ਗਿਆ ਸੀ ਪਰ ਦੂਜੀ ਵਾਰ ਟਿਕਟ ਤੋਂ ਜਵਾਬ ਮਿਲ ਗਿਆ।

ਕ੍ਰਿਕਟਰ ਦੇ ਗਲੈਮਰ ਰਾਹੀਂ ਰਾਜਨੀਤੀ ਵਿਚ ਆਏ ਨਵਜੋਤ ਸਿੰਘ ਸਿੱਧੂ ਨੇ ਭਾਰਤੀ ਜਨਤਾ ਪਾਰਟੀ ਲਈ ਲੋਕ ਸਭਾ ਸੀਟ ਤਿੰਨ ਵਾਰ ਜਿੱਤ ਕੇ ਦਿੱਤੀ ਅਤੇ ਵਿਧਾਨ ਸਭਾ ਚੋਣਾਂ ਵਿਚ ਪਤਨੀ ਡਾ. ਨਵਜੋਤ ਕੌਰ ਲਈ ਟਿਕਟ ਲੈਣ ਵਿਚ ਸਫ਼ਲਤਾ ਹਾਸਲ ਕਰ ਲਈ। ਡਾ. ਨਵਜੋਤ ਹੁਣ ਮੁੱਖ ਸੰਸਦੀ ਸਕੱਤਰ ਹੈ।

ਹੁਣ ਇਹ ਖ਼ਾਨਦਾਨੀ ਵਤੀਰਾ ਹੇਠਲੇ ਪੱਧਰ ਤਕ ਚਲਾ ਗਿਆ ਹੈ। ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਦਾ ਬੇਟਾ ਗੁਰਪ੍ਰੀਤ ਮਲੂਕਾ ਜ਼ਿਲ੍ਹਾ ਪ੍ਰੀਸ਼ਦ ਬਠਿੰਡਾ ਦਾ ਚੇਅਰਮੈਨ ਹੈ। ਮਲੋਟ ਤੋਂ ਸਾਬਕਾ ਮੰਤਰੀ ਸੁਜਾਨ ਸਿੰਘ ਦੇ ਵਿਧਾਇਕ ਬੇਟੇ ਹਰਪ੍ਰੀਤ ਸਿੰਘ ਦੀ ਪਤਨੀ ਜ਼ਿਲ੍ਹਾ ਪ੍ਰੀਸ਼ਦ ਮੁਕਤਸਰ ਦੀ ਚੇਅਰਮੈਨ ਹੈ ਅਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਨੂੰਹ ਉਪ ਚੇਅਰਮੈਨ ਹੈ। ਭੁਲੱਥ ਤੋਂ ਵਿਧਾਇਕ ਬੀਬੀ ਜਗੀਰ ਕੌਰ ਦਾ ਜਵਾਈ ਕਪੂਰਥਲਾ ਜ਼ਿਲ੍ਹਾ ਪ੍ਰੀਸ਼ਦ ਦਾ ਚੇਅਰਮੈਨ ਹੈ। ਵਿਧਾਇਕ ਜਥੇਦਾਰ ਤੋਤਾ ਸਿੰਘ ਦਾ ਬੇਟਾ ਵੱਡੀ ਕਾਰਪੋਰੇਸ਼ਨ ਦਾ ਚੇਅਰਮੈਨ ਲਗਾਇਆ ਹੈ।

ਗੁਰਦਾਸਪੁਰ ਜ਼ਿਲ੍ਹੇ ਨਾਲ ਹੀ ਸਬੰਧਤ ਸ਼ਰੀਫ ਸਿਆਸਤਦਾਨ ਦੇ ਤੌਰ ਉੱਤੇ ਜਾਣੇ ਜਾਂਦੇ ਗੁਰਬਚਨ ਸਿੰਘ ਬਾਜਵਾ ਦਾ ਬੇਟਾ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਵੀ ਵਿਧਾਇਕ ਹੈ ਅਤੇ ਪੰਜਾਬ ਸਰਕਾਰ ਵਿਚ ਮੰਤਰੀ ਵੀ ਰਹਿ ਚੁੱਕਾ ਹੈ।

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਮੰਤਰੀ ਰਹੇ ਸੰਤੋਖ ਸਿੰਘ ਰੰਧਾਵਾ ਦਾ ਬੇਟਾ ਸੁਖਜਿੰਦਰ ਰੰਧਾਵਾ ਜ਼ਿਲ੍ਹਾ ਕਾਂਗਰਸ ਕਮੇਟੀ ਗੁਰਦਾਸਪੁਰ ਦਾ ਪ੍ਰਧਾਨ ਅਤੇ ਵਿਧਾਇਕ ਹੈ। ਸੰਤੋਖ ਸਿੰਘ ਰੰਧਾਵਾ ਦਾ ਪੋਤਰਾ ਦੀਪਇੰਦਰ ਸਿੰਘ ਯੂਥ ਕਾਂਗਰਸ ਦਾ ਜਨਰਲ ਸਕੱਤਰ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਦੇ ਅਹੁਦੇ ਤਕ ਪਹੁੰਚੇ ਜਥੇਦਾਰ ਉਜਾਗਰ ਸਿੰਘ ਸੇਖਵਾਂ ਦਾ ਬੇਟਾ ਸੇਵਾ ਸਿੰਘ ਸੇਖਵਾਂ ਮਾਸਟਰੀ ਛੱਡ ਕੇ ਮੰਤਰੀ ਦੇ ਅਹੁਦੇ ਤਕ ਪਹੁੰਚਿਆ ਅਤੇ ਅਕਾਲੀ ਦਲ ਦੀ ਰਾਜਨੀਤਕ ਮਾਮਲਿਆਂ ਦੀ ਕਮੇਟੀ ਦਾ ਮੈਂਬਰ ਹੈ। ਸੇਖਵਾਂ ਦਾ ਬੇਟਾ ਵੀ ਰਾਜਨੀਤੀ ਵਿਚ ਸਰਗਰਮ ਹੈ।

ਵਿਧਾਨ ਸਭਾ ਦੇ ਸਪੀਕਰ ਰਹੇ ਨਿਰਮਲ ਸਿੰਘ ਕਾਹਲੋਂ ਨੇ ਆਪਣੇ ਬੇਟੇ ਰਵੀਕਰਨ ਸਿੰਘ ਕਾਹਲੋਂ ਨੂੰ ਕਾਰਪੋਰੇਸ਼ਨ ਦਾ ਦੂਜੀ ਵਾਰ ਚੇਅਰਮੈਨ ਬਣਵਾ ਲਿਆ ਹੈ।

ਕਾਂਗਰਸ ਦੇ ਸਾਬਕਾ ਮੰਤਰੀ ਗੁਰਚੇਤ ਸਿੰਘ ਭੁੱਲਰ ਦਾ ਬੇਟਾ ਸੁਖਪਾਲ ਭੁੱਲਰ ਯੂਥ ਕਾਂਗਰਸ ਦੇ ਪ੍ਰਧਾਨ ਬਣਨ ਦੀ ਦੌੜ ਵਿਚ ਪਛੜ ਗਿਆ ਸੀ ਪਰ ਹੁਣ ਜ਼ਿਲ੍ਹਾ ਕਾਂਗਰਸ ਕਮੇਟੀ ਤਰਨ ਤਾਰਨ ਦਾ ਪ੍ਰਧਾਨ ਹੈ।



ਸਾਬਕਾ ਵਿਧਾਇਕ ਅਤੇ ਯੂਥ ਕਾਂਗਰਸ ਦੇ ਕੌਮੀ ਜਨਰਲ ਸਕੱਤਰ ਰਹੇ ਜਸਵੀਰ ਸਿੰਘ ਡਿੰਪਾ ਵੀ ਸਾਬਕਾ ਵਿਧਾਇਕ ਸੋਹਨ ਸਿੰਘ ਦੇ ਬੇਟੇ ਹਨ।

ਸ਼੍ਰੋਮਣੀ ਅਕਾਲੀ ਦਲ ਦੇ 15ਵੀਂ ਲੋਕ ਸਭਾ ਵਿਚ ਸੰਸਦੀ ਗਰੁੱਪ ਦੇ ਆਗੂ ਡਾ. ਰਤਨ ਸਿੰਘ ਅਜਨਾਲਾ ਨੇ ਜਦੋਂ ਪਾਰਲੀਮੈਂਟ ਦੀ ਚੋਣ ਲੜਨ ਦਾ ਫ਼ੈਸਲਾ ਕੀਤਾ ਤਾਂ ਵਿਧਾਇਕ ਦੀ ਟਿਕਟ ਆਪਣੇ ਬੇਟੇ ਅਮਰਪਾਲ ਸਿੰਘ ਬੋਨੀ ਲਈ ਸੁਰੱਖਿਅਤ ਕਰ ਲਈ। ਬੋਨੀ ਇਸ ਸਮੇਂ ਵਿਧਾਇਕ ਹੈ।

ਕਾਂਗਰਸ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਦੇ ਪਿਤਾ ਹਰਚਰਨ ਸਿੰਘ ਅਜਨਾਲਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਹੇ ਹਨ।

ਸਰਕਾਰੀ ਵਕੀਲ ਸਰਦੂਲ ਸਿੰਘ ਸਿਆਸਤ ਵਿਚ ਆਪਣੇ ਸਹੁਰੇ ਗੁਰਮੇਜ਼ ਸਿੰਘ ਕਰ ਕੇ ਆਏ। ਗੁਰਮੇਜ਼ ਸਿੰਘ ਪੰਜਾਬ ਮੰਤਰੀ ਮੰਡਲ ਵਿਚ ਰਹੇ। ਸਰਦੂਲ ਸਿੰਘ ਦੇ ਬੇਟੇ ਸੁਖਵਿੰਦਰ ਸਿੰਘ ਡੈਨੀ ਨੂੰ ਰਾਹੁਲ ਗਾਂਧੀ ਨੇ ਫ਼ਰੀਦਕੋਟ ਤੋਂ ਲੋਕ ਸਭਾ ਚੋਣ ਲਈ ਟਿਕਟ ਨਾਲ ਨਿਵਾਜ਼ ਦਿੱਤਾ ਪਰ ਉਹ ਸਫ਼ਲ ਨਹੀਂ ਹੋਏ।

ਪੰਜਾਬ ਕਾਂਗਰਸ ਦੇ ਵਰਕਿੰਗ ਪ੍ਰਧਾਨ ਰਹੇ ਮਹਿੰਦਰ ਸਿੰਘ ਕੇਪੀ ਜਲੰਧਰ ਤੋਂ ਲੋਕ ਸਭਾ ਮੈਂਬਰ ਹਨ ਅਤੇ ਇਨ੍ਹਾਂ ਨੂੰ ਰਾਜਨੀਤਕ ਗੁੜ੍ਹਤੀ ਆਪਣੇ ਪਿਤਾ ਅਤੇ ਸਾਬਕਾ ਮੰਤਰੀ ਦਰਸ਼ਨ ਸਿੰਘ ਕੇਪੀ ਤੋਂ ਮਿਲੀ ਸੀ। ਲੋਕ ਸਭਾ ਮੈਂਬਰੀ ਤੋਂ ਬਾਅਦ ਆਪਣੀ ਵਿਧਾਨ ਸਭਾ ਦੀ ਸੀਟ ਉੱਤੇ ਕੇਪੀ ਨੇ ਪਤਨੀ ਸੁਮਨ ਕੇਪੀ ਨੂੰ ਖੜ੍ਹਾ ਕੀਤਾ ਪਰ ਉਹ ਸਫ਼ਲ ਨਹੀਂ ਹੋਈ।

ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਰਹੇ ਕੁਲਦੀਪ ਸਿੰਘ ਵਡਾਲਾ ਕਦੇ ਦੁਆਬੇ ਦੇ ਜਰਨੈਲ ਕਰ ਕੇ ਜਾਣੇ ਜਾਂਦੇ ਸਨ। ਪ੍ਰਕਾਸ਼ ਸਿੰਘ ਬਾਦਲ ਨਾਲ ਟਕਰਾ ਵਿਚੋਂ ਉਨ੍ਹਾਂ ਦੀ ਸਿਆਸੀ ਗੱਡੀ ਪਟੜੀ ਤੋਂ ਲਹਿ ਗਈ ਸੀ। ਹੁਣ ਫਿਰ ਬਾਦਲ ਦੀ ਸ਼ਰਨ ਵਿਚ ਆ ਕੇ ਸੁਖਬੀਰ ਬਾਦਲ ਦੀ ਅਗਵਾਈ ਵਿਚ ਆਪਣੇ ਬੇਟੇ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਵਿਧਾਇਕ ਬਣਾਉਣ ਵਿਚ ਸਫਲਤਾ ਹਾਸਲ ਕਰ ਲਈ ਹੈ।

ਦੋਆਬੇ ਦੇ ਇਕ ਹੋਰ ਵੱਡੇ ਆਗੂ ਦਿਲਬਾਗ ਸਿੰਘ ਕਈ ਵਾਰ ਮੰਤਰੀ ਰਹੇ। ਉਨ੍ਹਾਂ ਦਾ ਬੇਟਾ ਚਰਨਜੀਤ ਸਿੰਘ ਚੰਨੀ ਸੰਸਦ ਮੈਂਬਰ ਰਹਿ ਚੁੱਕਾ ਹੈ। ਦੂਜਾ ਬੇਟਾ ਪ੍ਰਕਾਸ਼ ਸਿੰਘ ਸੈਣੀ ਮੁੱਖ ਸੰਸਦੀ ਸਕੱਤਰ ਰਿਹਾ। ਸੈਣੀ ਦੀ ਪਤਨੀ ਗੁਰਇਕਬਾਲ ਕੌਰ ਮੌਜੂਦਾ ਵਿਧਾਇਕ ਹੈ।

ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਦੇ ਪਿਤਾ ਸੁਖਜਿੰਦਰ ਸਿੰਘ ਪੰਜਾਬ ਦੇ ਸਿੱਖਿਆ ਮੰਤਰੀ ਰਹੇ ਹਨ। ਚੌਧਰੀ ਸਵਰਨਾ ਰਾਮ ਅਤੇ ਉਨ੍ਹਾਂ ਦੇ ਬੇਟੇ ਮੋਹਨ ਲਾਲ ਬੰਗਾ ਦੀ ਕਹਾਣੀ ਦਿਲਚਸਪ ਹੈ। ਪਿਤਾ ਭਾਜਪਾ ਦੀ ਟਿਕਟ ਉੱਤੇ ਜਿੱਤ ਕੇ ਮੰਤਰੀ ਬਣੇ ਅਤੇ ਬੰਗਾ ਅਕਾਲੀ ਦਲ ਦੀ ਟਿਕਟ ਉੱਤੇ ਵਿਧਾਇਕ ਰਹੇ। ਲੁਧਿਆਣਾ ਤੋਂ ਜੋਗਿੰਦਰ ਪਾਲ ਪਾਂਡੇ ਕਾਂਗਰਸ ਦੇ ਵੱਡੇ ਆਗੂਆਂ ਵਿਚ ਸ਼ਾਮਲ ਸਨ। ਉਨ੍ਹਾਂ ਦੀ ਹੱਤਿਆ ਤੋਂ ਬਾਅਦ ਬੇਟਾ ਰਾਕੇਸ਼ ਪਾਂਡੇ ਕਈ ਵਾਰ ਵਿਧਾਇਕ ਬਣ ਚੁੱਕਾ ਹੈ। ਸਰਦੂਲਗੜ੍ਹ ਤੋਂ ਕਾਂਗਰਸ ਵਿਧਾਇਕ ਅਜੀਤ ਇੰਦਰ ਸਿੰਘ ਮੋਫ਼ਰ ਨੇ ਆਪਣੇ ਬੇਟੇ ਬਿਕਰਮ ਸਿੰਘ ਨੂੰ ਜ਼ਿਲ੍ਹਾ ਕਾਂਗਰਸ ਕਮੇਟੀ ਦਾ ਪ੍ਰਧਾਨ ਬਣਾ ਲਿਆ। ਬਿਕਰਮ ਦੀ ਜੀਵਨ ਸਾਥਣ ਸੰਸਦ ਮੈਂਬਰ ਰਵਨੀਤ ਬਿੱਟੂ ਦੀ ਭੈਣ ਹੈ। ਕੋਟਕਪੂਰੇ ਤੋਂ ਮੁੱਖ ਸੰਸਦੀ ਸਕੱਤਰ ਮਨਤਾਰ ਸਿੰਘ ਬਰਾੜ ਤੇ ਪਿਤਾ ਜਸਵਿੰਦਰ ਸਿੰਘ ਬਰਾੜ ਮੰਤਰੀ ਰਹੇ ਹਨ। ਮਨਤਾਰ ਦਾ ਭਰਾ ਕੁਲਤਾਰ ਸਿੰਘ ਜ਼ਿਲ੍ਹਾ ਪ੍ਰੀਸ਼ਦ ਫ਼ਰੀਦਕੋਟ ਦਾ ਚੇਅਰਮੈਨ ਹੈ ਅਤੇ ਭੈਣ ਜਗਮੀਤ ਬਰਾੜ ਦੀ ਸਾਲੇਹਾਰ ਹੈ ਜੋ ਨਗਰ ਪਾਲਿਕਾ ਦੀ ਪ੍ਰਧਾਨ ਹੈ। ਫ਼ਰੀਦਕੋਟ ਤੋਂ ਸੰਸਦ ਮੈਂਬਰ ਪਰਮਜੀਤ ਕੌਰ ਗੁਲਸ਼ਨ ਸਾਬਕਾ ਕੇਂਦਰੀ ਮੰਤਰੀ ਧੰਨਾ ਸਿੰਘ ਗੁਲਸ਼ਨ ਦੀ ਬੇਟੀ ਹੈ। ਹਾਈ ਕੋਰਟ ਤੋਂ ਸੇਵਾਮੁਕਤ ਹੋਣ ਤੋਂ ਬਾਅਦ ਪਰਮਜੀਤ ਦੇ ਪਤੀ ਜਸਟਿਸ ਨਿਰਮਲ ਸਿੰਘ ਵੀ ਅਕਾਲੀ ਦਲ ਦੀ ਟਿਕਟ ਉੱਤੇ ਬਸੀ ਪਠਾਣਾਂ ਤੋਂ ਵਿਧਾਇਕ ਚੁਣੇ ਗਏ।

ਸਿਆਸਤ ਕਦੇ ਤਿਆਗ ਅਤੇ ਕੁਰਬਾਨੀ ਦਾ ਨਾਂ ਸੀ। ਉਸ ਸਮੇਂ ਬਹੁਤ ਸਮਰਪਿਤ ਆਗੂਆਂ ਦੇ ਬੱਚੇ ਹੀ ਰਾਜਨੀਤੀ ਪ੍ਰਤੀ ਉਤਸ਼ਾਹਤ ਹੁੰਦੇ ਸਨ। ਜਦੋਂ ਤੋਂ ਇਹ ਵਪਾਰਕ ਲੀਹਾਂ ਉੱਤੇ ਚੱਲ ਪਈ ਹੈ, ਉਦੋਂ ਤੋਂ ਹੀ ਭਾਈ-ਭਤੀਜਾਵਾਦ ਨੂੰ ਪ੍ਰਫੁੱਲਤ ਕਰਨ ਦੀ ਦੌੜ ਤੇਜ਼ ਹੋ ਗਈ ਹੈ। ਇਸ ਵਿੱਚੋਂ ਲੋਕਾਂ ਦੇ ਸਰੋਕਾਰਾਂ ਦੀ ਗੱਲ ਖ਼ਤਮ ਹੁੰਦੀ ਜਾ ਰਹੀ ਹੈ।

ਚੋਣ ਮੁੱਦਾ : ਭ੍ਰਿਸ਼ਟਾਚਾਰ-ਭ੍ਰਿਸ਼ਟਾਚਾਰ ਕਰਦੀਆਂ ਫ਼ਿਰਕਾਪ੍ਰਸਤੀ ਦਾ ਰਾਗ ਅਲਾਪ ਰਹੀਆਂ ਪਾਰਟੀਆਂ

# ਕਿਉਂਕਿ, ਢਾਈ ਸੌ ਸੀਟਾਂ 'ਤੇ ਧਰਮ ਦੇ ਨਾਂ 'ਤੇ ਤੈਅ ਹੁੰਦੀਆਂ ਹਨ ਟਿਕਟਾਂ

## 2014 ਆਮ ਚੋਣਾਂ

### 'ਨਵੀਂ ਦੁਨੀਆ' ਸਪੈਸ਼ਲ ਰਿਪੋਰਟ

ਭ੍ਰਿਸ਼ਟਾਚਾਰ ਤੋਂ ਖਿਸਕ ਕੇ ਪਾਰਟੀਆਂ ਦਾ ਫ਼ੋਕਸ ਸਿਰਫ਼ ਫ਼ਿਰਕਾਪ੍ਰਸਤੀ 'ਤੇ ਆ ਗਿਆ ਹੈ। ਹਾਲ ਹੀ ਵਿਚ ਅਰਵਿੰਦ ਕੇਜਰੀਵਾਲ ਨੇ ਫ਼ਿਰਕਾਪ੍ਰਸਤੀ ਨੂੰ ਭ੍ਰਿਸ਼ਟਾਚਾਰ ਤੋਂ ਜ਼ਿਆਦਾ ਗੰਭੀਰ ਦੱਸਿਆ। ਪਰ ਲੁਧਿਆਣਾ ਤੋਂ ਟਿਕਟ ਦੇਣ ਦੀ ਵਾਰੀ ਆਈ ਤਾਂ ਉਨ੍ਹਾਂ ਨੇ ਐਚ.ਐਸ. ਫੂਲਕਾ ਨੂੰ ਚੁਣਿਆ। 1984 ਦੇ ਸਿੱਖ ਕਤਲੇਆਮ ਦੇ ਸ਼ਿਕਾਰ ਲੋਕਾਂ ਦੀ ਪੈਰਵੀ ਕਰਨ ਵਾਲੇ ਸਿੱਖ ਵਕੀਲ। ਸੀ.ਐਸ. ਡੀ.ਐਮ. ਦੇ ਅਰਵਿੰਦ ਮੋਹਨ ਕਹਿੰਦੇ ਹਨ, "ਸਾਰੀਆਂ ਪਾਰਟੀਆਂ ਟਿਕਟ ਦੇਣ ਸਮੇਂ ਇਲਾਕੇ ਦੇ ਧਾਰਮਕ ਸਮੀਕਰਨਾਂ ਨੂੰ ਧਿਆਨ ਵਿਚ ਰੱਖ ਕੇ ਟਿਕਟ ਦਿੰਦੀਆਂ ਹਨ। ਉਹ ਵੀ ਜਿਹੜੀਆਂ ਖ਼ੁਦ ਧਰਮ ਅਤੇ ਨਿਰਪੱਖਤਾ ਦਾ ਢੰਡੋਰਾ ਸਭ ਤੋਂ ਜ਼ਿਆਦਾ ਪਿੱਟਦੀਆਂ ਹਨ।"



## ਧਰਮ ਦਾ ਅਸਰ ਕਿੰਨੀਆਂ ਸੀਟਾਂ 'ਤੇ

### ਮੁਸਲਿਮ - 92 ਸੀਟਾਂ

**ਮੁੱਖ ਤੌਰ 'ਤੇ ਉਤਰ ਪ੍ਰਦੇਸ਼, ਬਿਹਾਰ, ਪੱਛਮੀ ਬੰਗਾਲ, ਅਸਾਮ, ਆਂਧਰਾ ਪ੍ਰਦੇਸ਼, ਕੇਰਲ ਵਿਚ।**

- ਅਸਾਮ ਦੀ ਧੁਬੜੀ ਸੀਟ 'ਤੇ ਹਮੇਸ਼ਾ ਮੁਸਲਿਮ ਹੀ ਚੋਣ ਜਿੱਤਦਾ ਆਇਆ ਹੈ। 67 ਫ਼ੀਸਦੀ ਮੁਸਲਿਮ ਆਬਾਦੀ ਹੈ ਇਥੇ। ਕਸ਼ਮੀਰ ਅਤੇ ਲਕਸ਼ਦੀਪ ਤੋਂ ਬਾਅਦ ਸਭ ਤੋਂ ਜ਼ਿਆਦਾ। ਅਜਿਹੇ ਵਿਚ ਕੋਈ ਵੀ ਪਾਰਟੀ ਹੋਵੇ, ਮੁਸਲਿਮ ਉਮੀਦਵਾਰ ਹੀ ਉਭਾਰਦੀ ਹੈ। ਪਿਛਲੀ ਵਾਰ ਇਥੋਂ ਏ.ਯੂ.ਡੀ.ਐਫ਼. ਦੇ ਪ੍ਰਧਾਨ ਬਦਰੂ ਦੀਨ ਅਜਮਲ ਜਿੱਤੇ ਸਨ। ਉਨ੍ਹਾਂ ਦੀ ਪਾਰਟੀ ਨੇ ਕਾਂਗਰਸ ਦੇ ਮੁਸਲਿਮ ਵੋਟ ਬੈਂਕ ਨੂੰ ਹਥਿਆ ਲਿਆ ਹੈ।
- ਬਿਹਾਰ ਦੀ ਅਰਰੀਆ ਸੀਟ। 41 ਫ਼ੀਸਦੀ ਮੁਸਲਿਮ ਆਬਾਦੀ। ਪਿਛਲੀਆਂ ਚੋਣਾਂ ਵਿਚ 25 ਉਮੀਦਵਾਰ ਮੈਦਾਨ ਵਿਚ ਸਨ, ਜਿਨ੍ਹਾਂ ਵਿਚੋਂ ਸੱਤ ਮੁਸਲਿਮ। ਅਜਿਹੇ ਵਿਚ ਭਾਜ਼ਾ ਨੇ ਪ੍ਰਦੀਪ ਕੁਮਾਰ ਸਿੰਘ ਨੂੰ ਟਿਕਟ ਦਿੱਤੀ। ਕਿਉਂਕਿ ਸਾਰੇ ਮੁਸਲਿਮ ਉਮੀਦਵਾਰ ਇਕ-ਦੂਜੇ ਦੀ ਵੋਟ ਕੱਟ ਰਹੇ ਸਨ। ਨਤੀਜਾ ਇਹ ਹੋਇਆ ਕਿ ਪ੍ਰਦੀਪ ਕੁਮਾਰ ਸਿੰਘ ਨੇ ਜਮਹੂਰੀ ਜਨਸ਼ਕਤੀ ਪਾਰਟੀ ਦੇ ਜਾਕਿਰ ਹੁਸੈਨ ਨੂੰ ਦੋ ਹਜ਼ਾਰ ਵੋਟਾਂ ਨਾਲ ਹਰਾ ਦਿੱਤਾ।

### ਸਵਰਨ ਹਿੰਦੂ - 125 ਸੀਟਾਂ

**ਇਹ ਵੋਟ ਬੈਂਕ ਨਹੀਂ ਹੈ, ਫਿਰ ਵੀ ਕੁਝ ਸੀਟਾਂ 'ਤੇ ਕਿਸੇ ਵੀ ਧਰਮ ਅਤੇ ਜਾਤੀ ਤੋਂ ਪਰ੍ਹਾਂ ਪਾਰਟੀਆਂ ਅਤੇ ਲੋਕ ਸਵਰਨਾਂ ਨੂੰ ਹੀ ਚੁਣਦੇ ਹਨ।**

- ਦੇਸ਼ ਵਿਚ ਸ਼ੀਆ ਮੁਸਲਮਾਨਾਂ ਦੀ ਸਭ ਤੋਂ ਵੱਡੀ ਆਬਾਦੀ ਲਖਨਊ ਵਿਚ ਰਹਿੰਦੀ ਹੈ। ਇਸ ਲੋਕ ਸਭਾ ਖੇਤਰ ਵਿਚ ਭਾਵੇਂ 21 ਫ਼ੀਸਦੀ ਮੁਸਲਿਮ ਵੋਟ ਹੈ ਪਰ ਆਜ਼ਾਦੀ ਤੋਂ ਬਾਅਦ ਤੋਂ ਹੀ ਇਥੇ ਸਾਰੀਆਂ ਪਾਰਟੀਆਂ ਨੇ ਜ਼ਿਆਦਾਤਰ ਉਮੀਦਵਾਰ ਹਿੰਦੂ ਹੀ ਮੈਦਾਨ 'ਚ ਉਤਾਰੇ ਹਨ। ਕਦੇ ਸ਼ਓਰਾਜਵਤੀ ਨਹਿਰੂ, ਕਦੇ ਹੇਮਵਤੀ ਨੰਦਨ ਬਹੁਗੁਣਾ, ਤਿੰਨ ਵਾਰ ਸ਼ੀਲਾ ਕੌਲ ਤੇ ਪੰਜ ਵਾਰ ਅਟਲ ਬਿਹਾਰੀ ਵਾਜਪਾਈ ਜਿੱਤੇ।
- ਇਲਾਹਾਬਾਦ ਵਿਚ ਪੰਡਤ ਜਵਾਹਰ ਲਾਲ ਨਹਿਰੂ, ਲਾਲ ਬਹਾਦਰ ਸ਼ਾਸਤਰੀ, ਡਾ. ਮੁਰਲੀ ਮਨੋਹਰ ਜੋਸ਼ੀ, ਅਮਿਤਾਭ ਬੱਚਨ, ਵੀ.ਪੀ. ਸਿੰਘ ਤੋਂ ਲੈ ਕੇ ਰੇਵਤੀਰਮਨ ਸਿੰਘ ਤਕ ਸਾਰੇ ਸੰਸਦ ਮੈਂਬਰ ਹਿੰਦੂ ਅਤੇ ਉਚ ਵਰਗ ਦੇ ਰਹੇ। ਧਾਰਮਕ ਨਗਰੀ ਵਿਚ ਭਾਵੇਂ ਮੁਸਲਿਮ ਆਬਾਦੀ 16 ਫ਼ੀਸਦੀ ਹੈ ਪਰ ਹਰ ਪਾਰਟੀ ਦਾਅ ਸਿਰਫ਼ ਸਵਰਨ ਹਿੰਦੂਆਂ 'ਤੇ ਹੀ ਲਾਉਂਦੀ ਹੈ।
- ਇਸੇ ਤਰ੍ਹਾਂ ਇੰਦੌਰ ਵਿਚ ਪਿਛਲੇ 45 ਸਾਲਾਂ ਤੋਂ ਸਵਰਨ ਹੀ ਜਿੱਤ ਰਹੇ ਹਨ। ਪਹਿਲਾਂ ਕਾਂਗਰਸ ਤੋਂ ਪ੍ਰਕਾਸ਼ ਚੰਦਰ ਸੇਠੀ ਅਤੇ ਉਸ ਤੋਂ ਬਾਅਦ ਭਾਜਪਾ ਦੀ ਸੁਮਿੱਤਰਾ ਮਹਾਜਨ।

*ਸਵਰਨ ਹਿੰਦੂਆਂ ਦੇ ਪ੍ਰਭਾਵ ਵਾਲੀਆਂ ਸੀਟਾਂ 'ਤੇ ਅਧਿਐਨ ਇਸ ਲਈ ਅਹਿਮ ਹੈ ਕਿਉਂਕਿ ਦੇਸ਼ ਦੀਆਂ 79 ਸੀਟਾਂ ਅਨੁਸੂਚਿਤ ਜਾਤੀ ਲਈ ਅਤੇ 42 ਸੀਟਾਂ ਜਨਜਾਤੀ ਲਈ ਰਾਖਵੀਆਂ ਹਨ। ਇਨ੍ਹਾਂ ਵਿਚੋਂ ਕੁਝ ਜਾਤੀਆਂ ਨੂੰ ਵੀ ਹਿੰਦੂ ਮੰਨਿਆ ਜਾਂਦਾ ਹੈ। ਪਰ ਬਾਕੀ ਬਚੀਆਂ 422 ਰਾਖਵੀਆਂ ਸੀਟਾਂ 'ਤੇ ਇਨ੍ਹਾਂ ਜਾਤੀਆਂ ਅਤੇ ਪਛੜੀਆਂ ਜਾਤੀਆਂ ਦੇ ਲੋਕ ਵੀ ਚੋਣ ਲੜ ਸਕਦੇ ਹਨ।*

### ਕ੍ਰਿਸ਼ਚੀਅਨ -16 ਸੀਟਾਂ

**ਮੁੱਖ ਤੌਰ 'ਤੇ ਉਤਰ-ਪੂਰਬ ਵਿਚ, ਗੋਆ ਤੇ ਕੇਰਲਾ ਵਿਚ।**

- ਦੱਖਣੀ ਗੋਆ ਸੀਟ 'ਤੇ ਇਸਾਈ ਹੀ ਚੋਣ ਜਿੱਤਦੇ ਆਏ ਹਨ। 37.9 ਫ਼ੀਸਦੀ ਈਸਾਈ ਆਬਾਦੀ ਵਾਲੀ ਇਸ ਸੀਟ 'ਤੇ ਚਾਹੇ ਕਾਂਗਰਸ ਹੋਵੇ ਜਾਂ ਫ਼ਿਰ ਖੇਤੀ ਯੂਨਾਈਟਡ ਗੋਆ ਪਾਰਟੀ, ਈਸਾਈ ਹੀ ਮੈਦਾਨ ਵਿਚ ਉਤਾਰੇ। ਸਿਰਫ਼ 1999 ਵਿਚ ਭਾਜਪਾ ਦੇ ਰਮਾਕਾਂਤ ਆਂਗਲੇ ਹੀ ਅਜਿਹੇ ਹਨ, ਜਿਨ੍ਹਾਂ ਨੇ ਈਸਾਈ ਨਾ ਵੀ ਹੁੰਦੇ ਹੋਏ ਇਥੋਂ ਚੋਣ ਜਿੱਤੀ।
- ਕੇਰਲ ਦੀ ਇਰਨਾਕੁਲਮ ਸੀਟ 'ਤੇ 38.8 ਫ਼ੀਸਦੀ ਈਸਾਈ ਵੋਟਰ ਹਨ। ਇਥੇ ਵੀ ਕਾਂਗਰਸ ਹੋਵੇ, ਖੱਬੇ ਪੱਖੀ ਜਾਂ ਫਿਰ ਆਜ਼ਾਦ, ਹਮੇਸ਼ਾ ਈਸਾਈ ਹੀ ਲੜੇ ਅਤੇ ਜਿੱਤੇ।

### ਸਿੱਖ - 16 ਸੀਟਾਂ

**ਪੰਜਾਬ, ਰਾਜਸਥਾਨ ਦੀ ਗੰਗਾਨਗਰ, ਹਰਿਆਣਾ ਦੀ ਸਿਰਸਾ ਅਤੇ ਚੰਡੀਗੜ੍ਹ ਸੀਟ 'ਤੇ ਸਿੱਖ 20 ਫ਼ੀਸਦੀ ਤੋਂ ਜ਼ਿਆਦਾ ਹਨ।**

- ਬਠਿੰਡਾ ਅਤੇ ਲੁਧਿਆਣਾ ਵਰਗੀਆਂ ਕਈ ਸੀਟਾਂ 'ਤੇ ਹਮੇਸ਼ਾ ਸਿੱਖ ਉਮੀਦਵਾਰ ਹੀ ਚੋਣ ਜਿੱਤਦੇ ਆਏ ਹਨ। ਇਨ੍ਹਾਂ ਦੋਵੇਂ ਸੀਟਾਂ ਵਿਚ 75 ਫ਼ੀਸਦੀ ਤੋਂ ਜ਼ਿਆਦਾ ਸਿੱਖ ਵੋਟਰ ਹਨ।


BLITZ AUTO CANADA

3207-97 Street, Edmonton, Alberta, T6N 1B7, Canada

Full Maintenance Service

- Breaks
- Muffler
- Suspension
- Lube & Oil
- Tires
- Batteries

Umesh Amin

email: unamin@gmail.com



Phone:780 463 2886

WE CARE YOUR CAR BETTER

ਗ਼ਦਰ ਲਹਿਰ ਦੀ ਸ਼ਤਾਬਦੀ ਮਨਾਉਂਦਿਆਂ 'ਕਾਮਾਗਾਟਾ ਮਾਰੂ ਜਹਾਜ਼' ਦਾ ਸਾਕਾ ਵਾਰ-ਵਾਰ ਜ਼ਿਹਨ 'ਤੇ ਹਥੌੜੇ ਵਾਂਗ ਵੱਜਦਾ ਹੈ। ਇਸ ਇਤਿਹਾਸਕ ਘਟਨਾ ਨੇ ਭਾਰਤ ਦੇ ਸੁਤੰਤਰਤਾ ਸੰਗਰਾਮ ਨੂੰ ਨਵੀਂ ਚੇਤਨਾ ਅਤੇ ਚਿੰਤਨ ਦੇ ਰਾਹੇ ਪਾਉਣ ਦੇ ਨਾਲ-ਨਾਲ ਨਵਾਂ ਜੋਸ਼ ਵੀ ਮੁਹੱਈਆ ਕੀਤਾ। 2013 ਜਿਥੇ ਗ਼ਦਰ ਲਹਿਰ ਦਾ ਸ਼ਤਾਬਦੀ ਵਰ੍ਹਾ ਰਿਹਾ, ਉਥੇ 2014 ਨੂੰ ਕਾਮਾਗਾਟਾਮਾਰੂ ਦਾ ਸ਼ਤਾਬਦੀ ਵਰ੍ਹਾ ਵੀ ਹੈ। ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਲੋਂ ਇਸ ਸਬੰਧ ਵਿਚ ਸ਼ਤਾਬਦੀ ਸਮਾਗਮ ਕਰਵਾਏ ਜਾ ਰਹੇ ਹਨ। ਹਥਲੀ ਲਿਖਤ ਵਿਚ ਤੇਜਿੰਦਰ ਵਿਰਲੀ ਦੀ ਸੂਝ ਭਰੀ ਨਜ਼ਰ 'ਕਾਮਾਗਾਟਾ ਮਾਰੂ' ਦੀ ਇਸ ਘਟਨਾ ਦੇ ਆਰ-ਪਾਰ ਦੇਖਦੀ ਹੋਈ, ਇਹਦੇ ਸਾਰੇ ਪਾਸਾਰਾਂ ਦੀ ਪੁਣ-ਛਾਣ ਕਰਦੀ ਹੈ। 'ਨਵੀਂ ਦੁਨੀਆ' ਇਸ ਲਿਖਤ ਨੂੰ ਲੜੀਵਾਰ ਛਾਪਣ ਦੀ ਖ਼ੁਸ਼ੀ ਲੈ ਰਿਹਾ ਹੈ। – ਸੰਪਾਦਕ

ਡਾ. ਤੇਜਿੰਦਰ ਵਿਰਲੀ
+91-94647-97400
virli@rediffmail.com



# ਇਕ ਸਦੀ ਤੋਂ ਨਾਸੂਰ ਬਣਿਆ ਜ਼ਖ਼ਮ ਕਾਮਾਗਾਟਾਮਾਰੂ



**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਕਨੇਡਾ ਵਿਚ ਦਾਖ਼ਲ ਹੋਣ ਵਾਲੇ ਏਸ਼ਿਆਈ ਲੋਕਾਂ ਦੀ ਗਿਣਤੀ ਦੇ ਵਾਧੇ ਨਾਲ ਉਨ੍ਹਾਂ ਦੇ ਦਾਖ਼ਲੇ 'ਤੇ ਰੋਕਾਂ ਲਾਉਣ ਦੀ ਮੰਗ ਉੱਠ ਖੜੀ ਹੋਈ। ਇਸ ਮਨੋਰਥ ਦੀ ਪੂਰਤੀ ਲਈ ਇਹ ਨਾਅਰਾ ਅੱਗੇ ਰੱਖਿਆ ਗਿਆ, 'ਕਨੇਡਾ ਨੂੰ ਗੋਰੇ-ਲੋਕਾਂ ਦੀ ਭੂਮੀ ਦੇ ਤੌਰ 'ਤੇ ਸੁਰੱਖਿਅਤ ਰੱਖੋ।' ਅਤੇ ਨਸਲੀ ਨਫ਼ਰਤ ਤੇ ਕਿਰਤ ਦੇ ਮੁਕਾਬਲੇ ਨੂੰ ਇਸ ਮੰਤਵ ਵੀ ਪੂਰਤੀ ਲਈ ਹਥਿਆਰਾਂ ਦੇ ਤੌਰ 'ਤੇ ਵਰਤਿਆ ਜਾਣ ਲੱਗਾ। ਕਨੇਡਾ ਦੇ ਕੰਜ਼ਰਵੇਟਿਵ ਮੰਤਰੀ, ਚੰਗੀ ਤਰ੍ਹਾਂ ਜਾਣਦੇ ਹੋਏ ਕਿ ਲੰਡਨ ਦੀ ਸ਼ਾਹੀ ਸਰਕਾਰ ਉਨ੍ਹਾਂ ਦੀ ਪਿੱਠ ਪਿੱਛੇ ਹੈ। ਵੱਡੀਆਂ ਵੱਡੀਆਂ ਗੱਲਾਂ ਮਾਰਨ ਵਾਲੇ ਅੰਗਰੇਜ਼ ਵੀ ਆਪਣੇ ਸੌੜੇ ਮਨੋਰਥਾਂ ਦੀ ਪੂਰਤੀ ਲਈ ਖੁੱਲ੍ਹੇ ਤੌਰ 'ਤੇ ਇਸ ਮੰਗ ਦੀ ਹਮਾਇਤ ਕਰਨ ਲੱਗ ਪਏ। ਇਸ ਲਹਿਰ ਦੇ ਜ਼ੋਰ ਫੜਨ ਸਾਰ ਸਰਕਾਰ ਨੇ ਪੂਰਬ ਅਤੇ ਵਿਸ਼ੇਸ਼ ਕਰ ਕੇ ਭਾਰਤ ਤੋਂ ਆਵਾਸ ਦੇ ਮਸਲੇ ਨੂੰ ਵਿਚਾਰਨ ਲਈ ਕਮੇਟੀ ਕਾਇਮ ਕਰ ਦਿੱਤੀ। ਇਸ ਦਾ ਮੁੱਖ ਜ਼ੋਰ ਭਾਰਤੀਆਂ ਦੀ ਆਮਦ ਨੂੰ ਰੋਕਣ ਉੱਪਰ ਸੀ। (ਜੋਸ਼)

ਪ੍ਰਧਾਨ ਮੰਤਰੀ ਲੌਰੀਅਰੇ ਦੀ ਸਰਕਾਰ ਦੇ ਕਾਰਜ-ਕਾਲ ਦੌਰਾਨ ਉਨ੍ਹਾਂ ਕਾਰਨਾਂ ਦੀ ਪੂਰੀ ਪੜਤਾਲ ਕਰਨ ਲਈ ਸ਼ਾਹੀ ਕਮਿਸ਼ਨ ਕਾਇਮ ਕੀਤਾ, ਜਿਨ੍ਹਾਂ ਕਰ ਕੇ ਪੂਰਬੀ ਦੇਸ਼ਾਂ ਦੇ ਮਜ਼ਦੂਰ ਕਨੇਡਾ ਵਲ ਖਿੱਚੇ ਚਲੇ ਆਉਂਦੇ ਸਨ। ਇਹ ਕੰਮ ਕਿਰਤ ਮੰਤਰੀ ਮਕੈਨਜ਼ੀ ਕਿੰਗ ਨੂੰ ਸੌਂਪਿਆ ਗਿਆ ਸੀ। ਪ੍ਰਧਾਨ ਮੰਤਰੀ ਕਨੇਡਾ ਵਿਚ ਭਾਰਤੀ ਪਰਵਾਸੀਆਂ ਦੇ ਦਾਖ਼ਲੇ ਦੇ ਵਿਰੁੱਧ ਸੀ। ਇਸ ਦੇ ਨਸਲੀ ਤੇ ਸਿਆਸੀ, ਦੋਨੋਂ ਹੀ ਕਾਰਨ ਸਨ। ਸਰਕਾਰ ਦਾ ਖ਼ਿਆਲ ਸੀ ਕਿ ਭਾਰਤੀ ਪਰਵਾਸੀ ਕਨੇਡਾ ਵਿਚ ਆ ਕੇ ਗੋਰਿਆਂ ਦੀ ਸੰਗਤ ਕਰਨਗੇ ਤੇ ਉਨ੍ਹਾਂ ਦੇ ਮਨਾਂ ਵਿਚ ਨਸਲੀ ਬਰਾਬਰੀ ਤੇ ਆਜ਼ਾਦੀ ਦੇ ਵਿਚਾਰ ਪੈਦਾ ਹੋ ਜਾਣਗੇ। ਇਸ ਨਾਲ ਭਾਰਤ ਵਿਚ ਗੜਬੜ ਪੈਦਾ ਹੋਵੇਗੀ। ਜਿਹੜੇ ਪਹਿਲਾਂ ਆਏ ਹੋਏ ਸਨ, ਉਹ ਭਾਰਤ ਦੀ ਆਜ਼ਾਦੀ ਦੀਆਂ ਗੱਲਾਂ ਕਰਨ ਲੱਗ ਪਏ ਸਨ।

ਨਵੰਬਰ-ਦਸੰਬਰ 1907 ਵਿਚ ਵ.ਲ. ਮਕੈਨਜ਼ੀ ਨੇ ਸ਼ਾਹੀ ਕਮਿਸ਼ਨ ਅਧੀਨ ਵੈਨਕੂਵਰ ਵਿਖੇ ਉਨ੍ਹਾਂ ਤਰੀਕਿਆਂ ਦੀ ਪੁਣ-ਛਾਣ ਕਰਨ ਲਈ ਪੜਤਾਲ ਸ਼ੁਰੂ ਕਰ ਦਿੱਤੀ, ਜੋ ਭਾਰਤੀਆਂ ਦੇ ਕਨੇਡਾ ਵਿਚ ਆ ਕੇ ਵਸੇਬੇ ਦੇ ਕਾਰਨ ਬਣਦੇ ਸਨ। ਉਸ ਨੂੰ ਇਸਦੇ ਤਿੰਨ ਮੁੱਖ ਕਾਰਨ ਨਜ਼ਰ ਆਏ —

1. ਭਾਰਤ ਦੇ ਕੁਝ ਪੇਂਡੂ ਜ਼ਿਲ੍ਹਿਆਂ ਵਿਚ ਕਨੇਡਾ ਵਿਚ ਆ ਕੇ ਤਕਦੀਰ ਸੁਆਰਨ ਦੇ ਸੁਨਹਿਰੀ ਮੌਕਿਆਂ ਦੀ ਆਮ ਚਰਚਾ ਕੀਤੀ ਜਾਂਦੀ ਸੀ, ਜਿਸ ਨੂੰ ਸੁਣ ਕੇ ਕਈ ਕਿਸਾਨ ਬੜੀਆਂ ਉਚੇਰੀ ਵਿਆਜ਼ ਦਰਾਂ 'ਤੇ ਸ਼ਾਹੂਕਾਰਾਂ ਕੋਲ ਆਪਣੀਆਂ ਜ਼ਮੀਨਾਂ ਗਹਿਣੇ ਕਰ ਕੇ ਆਪਣੇ ਸਫ਼ਰ ਲਈ ਪੈਸੇ ਇਕੱਠੇ ਕਰ ਕੇ ਬ੍ਰਿਟਿਸ਼ ਕੋਲੰਬੀਆ ਵਿਚ ਪੁੱਜ ਰਹੇ ਸਨ।
2. ਕੁਝ ਜਹਾਜ਼ੀ ਕੰਪਨੀਆਂ ਦੇ ਏਜੰਟ ਆਪਣੀਆਂ ਕੰਪਨੀਆਂ ਤੋਂ ਵਧੇਰੇ ਕਮਿਸ਼ਨ ਪ੍ਰਾਪਤ ਕਰਨ ਹਿਤ ਟਿਕਟ ਵੇਚਣ ਲਈ ਇਸ ਬਾਰੇ ਬਹੁਤ ਪ੍ਰਚਾਰ ਕਰ ਰਹੇ ਸਨ।
3. ਕਨੇਡਾ ਦੇ ਕੁਝ ਸਨਅਤੀ ਅਦਾਰੇ ਚਾਲੂ ਦਰਾਂ ਤੋਂ ਘੱਟ ਉਜਰਤ ਤੇ ਅਣਸਿੱਖੇ ਮਜ਼ਦੂਰ ਪ੍ਰਾਪਤ ਕਰ ਕੇ ਵਧੇਰੇ ਮੁਨਾਫ਼ਾ ਕਮਾਉਣ ਲਈ ਉਤਸੁਕ ਸਨ।

ਕਿੰਗ ਦਾ ਇਹ ਖਿਆਲ ਸੀ, 'ਕਿ ਕੁਝ ਪਰਵਾਸੀ ਤਾਂ ਆਪ ਜਾਂ ਆਪਣੇ ਰਿਸ਼ਤੇਦਾਰਾਂ ਦੀ ਇੱਛਾ ਕਰ ਕੇ ਇੱਥੇ ਆ ਗਏ ਹੋਣਗੇ, ਪਰ ਜੇ ਹੋਰ ਕਾਰਨ ਨਾ ਰਹੇ ਹੁੰਦੇ ਤਾਂ ਉਨ੍ਹਾਂ ਦੀ ਗਿਣਤੀ ਬਹੁਤੀ ਜ਼ਿਆਦਾ ਨਹੀਂ ਸੀ ਹੋਣੀ।'

ਕਨੇਡਾ ਤੇ ਭਾਰਤ ਦੀਆਂ ਸਰਕਾਰਾਂ ਨੇ ਆਪਸ ਵਿਚ ਮਿਲ ਕੇ ਉਪਰੋਕਤ ਪ੍ਰਭਾਵਾਂ ਨੂੰ ਨਕਾਰਾ ਕਰਨ ਲਈ ਕੁਝ ਕਦਮ ਚੁੱਕੇ। ਭਾਰਤ ਸਰਕਾਰ ਨੇ ਕਨੇਡਾ ਜਾਣ ਵਾਲੇ ਪਰਵਾਸੀਆਂ ਦੇ ਰਾਹ ਵਿਚ ਆਉਣ ਵਾਲੇ ਕੁਝ ਖ਼ਤਰਿਆਂ ਬਾਰੇ ਚਿਤਾਨਵੀ ਦਿੱਤੀ। ਅਸਲ ਵਿਚ ਇਸ ਚਿਤਾਵਨੀ ਦਾ ਮਕਸਦ ਸੀ ਲੋਕਾਂ ਦੇ ਮਨਾਂ ਵਿਚ ਦਹਿਲ ਪਾਉਣਾ ਕਿ ਉਹ ਕਨੇਡਾ ਨਾ ਜਾਣ। ਇਸੇ ਮਕਸਦ ਲਈ ਹੀ ਜਹਾਜ਼ੀ ਕੰਪਨੀਆਂ ਨੂੰ ਇਹ ਸਪਸ਼ਟ ਤੌਰ 'ਤੇ ਦੱਸ ਦਿੱਤਾ ਗਿਆ ਕਿ ਕਨੇਡਾ ਤੇ ਹਿੰਦੁਸਤਾਨ ਦੀਆਂ ਸਰਕਾਰਾਂ ਉਨ੍ਹਾਂ ਵਲੋਂ ਭਾਰਤ ਤੋਂ ਕਨੇਡਾ ਪਰਵਾਸ ਲਈ ਹੱਲਾਸ਼ੇਰੀ ਦੇਣ ਨੂੰ ਪਸੰਦ ਨਹੀਂ ਕਰਦੀਆਂ। ਇਸ ਕਰ ਕੇ ਉਹ ਕਿਸੇ ਵੀ ਕੀਮਤ ਉੱਪਰ ਭਾਰਤੀਆਂ ਨੂੰ ਕਨੇਡਾ ਦੀ ਸਿੱਧੀ ਅਸਿੱਧੀ ਟਿਕਟ ਹੀ ਨਾ ਦੇਣ।

ਅਧਿਆਏ 2

ਭਾਰਤੀਆਂ ਦੇ ਕਨੇਡਾ ਵਿਚ ਉਤਾਰੇ ਨੂੰ ਰੋਕਣ ਲਈ ਲਗਾਤਾਰ ਸਫ਼ਰ ਤੇ ਸਿੱਧੇ ਟਿਕਟਾਂ ਦੀਆਂ ਸ਼ਰਤਾਂ ਬੜੀ ਸਖ਼ਤੀ ਨਾਲ ਲਾਗੂ ਕਰ ਦਿੱਤੀਆਂ ਗਈਆਂ ਸਨ। 1883 ਦੇ ਭਾਰਤੀ ਪਰਵਾਸ ਐਕਟ (31) ਅਨੁਸਾਰ ਭਾਰਤੀਆਂ ਲਈ, ਲੰਕਾ ਟਾਪੂ ਜਾਂ ਖਾੜੀਆਂ ਦੀਆਂ ਆਬਾਦੀਆਂ ਦੀਆਂ ਹੱਦਾਂ ਪਾਰ ਕਰਨ ਨੂੰ ਗੈਰ ਕਾਨੂੰਨੀ ਕਰਾਰ ਦੇ ਕੇ ਕਨੇਡਾ ਵਿਚ ਪਰਵਾਸ ਨੂੰ ਕਾਨੂੰਨ ਵਿਰੋਧੀ ਐਲਾਨ ਦਿੱਤਾ ਗਿਆ ਸੀ। ਇਸ ਤਰ੍ਹਾਂ ਕਨੇਡਾ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਭਾਰਤ ਸਰਕਾਰ ਨੇ ਉਹ ਕਾਨੂੰਨ ਬਣਾ ਦਿੱਤਾ ਸੀ ਜਿਸ ਦੀ ਲੋੜ ਕਨੇਡਾ ਦੀ ਸਰਕਾਰ ਨੂੰ ਸੀ। ਇਨ੍ਹਾਂ ਬੰਦਿਸ਼ਾਂ ਦੇ ਬਾਵਜੂਦ ਜੇ ਕੋਈ ਭਾਰਤੀ ਫਿਰ ਵੀ ਕਨੇਡਾ ਜਾਣ ਦੀ ਹਿੰਮਤ ਕਰਦਾ ਸੀ ਤਾਂ ਉਸ ਨੂੰ ਉਨਾ ਚਿਰ ਕਨੇਡਾ ਵਿਚ ਦਾਖ਼ਲ ਨਹੀਂ ਸੀ ਹੋਣ ਦਿੱਤਾ ਜਾਂਦਾ, ਜਦ ਤੱਕ ਉਹ 200 ਡਾਲਰ ਨਾ ਦਿਖਾਵੇ। ਦੋ ਸੌ ਡਾਲਰ ਦੀ ਰਕਮ ਉਸ ਸਮੇਂ ਬਹੁਤ ਹੀ ਵੱਡੀ ਰਕਮ ਸੀ। ਪਰ ਪੰਜਾਬੀਆਂ ਨੂੰ ਇਹ ਵੀ ਮਨਜ਼ੂਰ ਸੀ ਕਿਉਂਕਿ ਪੰਜਾਬ ਵਿਚ ਉਨ੍ਹਾਂ ਦਾ ਜੀਉਣਾ ਨਰਕ ਬਣਿਆ ਹੋਇਆ ਸੀ। ਇਸ ਲਈ ਉਹ ਜ਼ਮੀਨਾਂ ਵੇਚ ਕੇ ਜਾਂ ਗਹਿਣੇ ਧਰ ਕੇ ਜਾਣ ਲੱਗੇ।

## ਕਨੇਡਾ ਵਿਚ ਦਾਖਲੇ 'ਤੇ ਪਾਬੰਦੀ, ਸੰਘਰਸ਼ ਦਰ ਸੰਘਰਸ਼ ਇਕੋ ਇਕ ਰਾਹ

ਭਾਰਤੀ ਪਰਵਾਸ ਦੀ ਪੂਰੀ ਮਨਾਹੀ ਲਈ 'ਕਨੇਡਾ ਨੂੰ ਬਰਤਾਨੀਆ ਤੇ ਹਿੰਦੁਸਤਾਨ ਦੀਆਂ ਸਰਕਾਰਾਂ ਤੇ ਅਧਿਕਾਰੀਆਂ ਦਾ ਪੂਰਾ ਸਹਿਯੋਗ ਪ੍ਰਾਪਤ ਸੀ।' ਤਿੰਨਾਂ ਸਰਕਾਰਾਂ ਦਾ ਮੰਤਵ ਭਾਰਤ ਤੋਂ ਆਉਣ ਵਾਲੇ ਪਰਵਾਸੀਆਂ ਨੂੰ ਕਨੇਡਾ ਆਉਣ ਤੋਂ ਮਨ੍ਹਾਂ ਕਰਨਾ ਸੀ। ਭਾਰਤੀਆਂ ਦੀ ਕਨੇਡਾ ਵਿਚ ਦਾਖ਼ਲੇ ਦੀ ਪੂਰਨ ਮਨਾਹੀ ਲਈ ਕਨੇਡੀਅਨ ਸਰਕਾਰ ਨੇ ਲੰਡਨ ਦੀ ਸ਼ਾਹੀ ਸਰਕਾਰ ਨਾਲ ਮਸ਼ਵਰਾ ਕਰਨ ਦੀ ਵੀ ਪਹਿਲ ਕਦਮੀ ਕੀਤੀ। ਇਸ ਨੇ ਮਕੈਨਜ਼ੀ ਕਿੰਗ ਨੂੰ, 'ਪੂਰਬ ਤੇ ਵਿਸ਼ੇਸ਼ ਕਰ ਭਾਰਤ ਵਿਚੋਂ ਪਰਵਾਸ ਵਿਸ਼ੇ ਬਾਰੇ ਬਰਤਾਨਵੀ ਅਧਿਕਾਰੀਆਂ ਨਾਲ ਮਸ਼ਵਰਾ ਕਰਨ ਲਈ' ਮਿਸ਼ਨ ਵਿਚ ਇੰਗਲੈਂਡ ਭੇਜਿਆ। ਮਕੈਨਜ਼ੀ ਕਿੰਗ ਦੇ ਮਿਸ਼ਨ ਦੀਆਂ ਵਿਚਾਰ ਅਧੀਨ ਮੱਦਾਂ ਦਾ ਤੱਤ ਇਹ ਸੀ ਕਿ ਪੂਰਬੀ ਭਾਰਤੀ 'ਇਸ ਦੇਸ਼ ਲਈ ਅਸਲੋਂ ਹੀ ਅਯੋਗ ਹਨ.. ਜੇ ਇਹੋ ਜਿਹੇ ਪਰਵਾਸੀਆਂ ਨੂੰ ਇਜਾਜ਼ਤ ਦਿੱਤੀ ਜਾਂਦੀ ਰਹੀ ਤਾਂ ਡੋਮੀਨੀਅਨ ਦੇ ਕੁਝ ਖੇਤਰਾਂ, ਵਿਸ਼ੇਸ਼ ਕਰ ਬ੍ਰਿਟਿਸ਼ ਕੋਲੰਬੀਆ ਦੀਆਂ ਸਨਅਤੀ ਹਾਲਤਾਂ ਵਿਚ ਗੰਭੀਰ ਗੜਬੜ ਪੈਦਾ ਹੋ ਜਾਵੇਗੀ।" (ਜੋਸ਼)

ਇਨ੍ਹਾਂ ਭਾਰੀ ਦਿਸ਼ਾ-ਨਿਰਦੇਸ਼ਾਂ ਨਾਲ ਲੈਸ ਹੋ ਕੇ ਮਕੈਨਜ਼ੀ ਕਿੰਗ ਸ਼ਾਹੀ ਸਰਕਾਰ ਨਾਲ ਸਲਾਹ ਮਸ਼ਵਰਾ ਕਰਨ ਲਈ 5 ਮਾਰਚ ਨੂੰ ਕਨੇਡਿਓਂ ਤੁਰ ਕੇ 14 ਮਾਰਚ 1908 ਨੂੰ ਇੰਗਲੈਂਡ ਪੁੱਜ ਗਿਆ ਸੀ। ਉਹ ਉੱਥੇ 17 ਅਪਰੈਲ ਤੱਕ ਰਿਹਾ। ਉਸ ਨੇ ਉਥੇ ਜੌਹਨ ਮੌਰਲੇ, ਭਾਰਤ ਵਿਚ ਵਿਦੇਸ਼ ਸਕੱਤਰ, ਐਡਵਰਡ ਗਰੇਅ ਬਦੇਸ਼ੀ ਮਾਮਲਿਆਂ ਦੇ ਸਕੱਤਰ ਨਾਲ ਸਲਾਹਾਂ ਤੋਂ ਬਿਨਾਂ ਲਾਰਡ ਐਲਜਿਨ ਨਾਲ ਵੀ ਮੁਲਾਕਾਤ ਕੀਤੀ ਸੀ। ਉਹ ਇੱਥੇ ਇਹ ਵਿਸ਼ਵਾਸ ਲੈ ਕੇ ਪਰਤਿਆ ਸੀ ਕਿ 'ਸਾਰੀ ਸਥਿਤੀ ਦੀ ਤਸੱਲੀਬਖ਼ਸ਼ ਸੋਝੀ ਹੋ ਚੁੱਕੀ ਹੈ' ਤੇ ਹਿੰਦੁਸਤਾਨ ਤੋਂ ਅਣਇੱਛਤ ਪਰਵਾਸੀ ਆਉਣ 'ਤੇ ਰੋਕ ਲਾਉਣ ਬਾਰੇ ਕਨੇਡਾ ਦੀ ਸਥਿਤੀ ਪਰਵਾਨ ਕਰ ਲਈ ਗਈ ਹੈ। (ਜੋਸ਼)

ਸੋਹਣ ਸਿੰਘ ਜੋਸ਼ ਅੱਗੇ ਲਿਖਦੇ ਹਨ ਕਿ ਇਸ ਰਿਪੋਰਟ ਵਿਚ ਪੂਰੀ ਸਚਾਈ ਦਰਜ ਨਹੀਂ। ਜੋ ਇਸ 'ਗੁਪਤ ਯਾਦ-ਪੱਤਰ ਵਿਚ ਦੱਸੀ ਗਈ ਹੈ' ਇਹ ਤਾਂ ਇਸ ਰਿਪੋਰਟ ਦਾ ਇਕ ਹਿੱਸਾ ਹੀ ਸੀ ਪੂਰੀ ਰਿਪੋਰਟ ਸਾਡੇ ਲਈ ਉਪਲਬਧ ਨਹੀਂ। ਇਹਦੇ ਵਿਚ 'ਬਰਤਾਨੀਆ ਤੇ ਕਨੇਡਾ ਦੇ ਅਧਿਕਾਰੀਆਂ ਦੇ ਖ਼ਿਆਲਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ।' ਇਹ ਰਿਪੋਰਟ ਵੀ ਕੇਵਲ ਜੁਜ਼ਵੀ ਤੌਰ 'ਤੇ ਹੀ ਜਨਤਕ ਵਰਤੋਂ ਲਈ ਪ੍ਰਾਪਤ ਹੈ ਪੂਰਨ ਤੌਰ 'ਤੇ ਨਹੀਂ, ਕਿਉਂਕਿ ਇਸ ਵਿਸ਼ੇ ਨੂੰ ਪ੍ਰਭਾਵਤ ਕਰਨ ਵਾਲੀਆਂ ਅਰਜ਼ਾਂ-ਦਰਖ਼ਾਸਤਾਂ ਦੇ ਮੱਦੇ ਨਜ਼ਰ ਇਸ ਦਾ ਘੱਟ ਤੋਂ ਘੱਟ ਪ੍ਰਚਾਰ ਕੀਤਾ ਜਾਣਾ ਹੀ ਯੋਗ ਹੈ ਤੇ 'ਗੁਪਤ ਯਾਦ-ਪੱਤਰ' ਕੇਵਲ ਨੌਕਰਸ਼ਾਹਾਂ ਤੇ ਪ੍ਰਬੰਧਕਾਂ ਲਈ ਹੀ ਸੀ, ਤਾਂ ਜੋ ਉਹ ਸਾਰੇ ਮਸਲੇ ਨੂੰ ਠੀਕ ਪ੍ਰਸੰਗ ਵਿਚ ਰੱਖ ਕੇ ਸਮਝਣ ਤੇ ਇਸ ਵਿਚ ਦਿੱਤੇ ਗਏ ਵਿਚਾਰਾਂ ਤੇ ਨਿਰਦੇਸ਼ਾਂ ਦੇ ਅਨੁਕੂਲ ਢੁੱਕਵੀਂ ਕਾਰਵਾਈ ਕਰ ਸਕਣ। (ਜੋਸ਼)

**(ਚਲਦਾ)**

A City Limos Ltd.
Ph: 780-462-4940
Toll Free: 1-888-462-4623



Wedding
School Proms
Birthday
City Tours
Airport Service
Edmonton-Calgary Vancouver
Contact
780-951-7260



e-mail: dhaliwalsd@hotmail.com, www.acitylimousine.com

## ਲੋਕ ਗੀਤਾਂ ਦੇ ਨਾਲ ਨਾਲ

ਲੜੀ ਨੰ: 45

# ਗੀਗਾ ਜਰਮਿਆ ਮੈਂ ਸੁਣਿਆ ਰਾਧਕੇ



ਡਾ. ਕਰਮਜੀਤ ਸਿੰਘ
+91-98763-23862
kjskurukshetra@yahoo.com

‘ਦੇਸ਼ ਸੇਵਕ’ ਵਿਚ ‘ਪੰਜਾਬੀ ਬੋਲੀ ਦੀ ਗੁਜਰਾਤੀ ਨਾਲ ਸਾਂਝ’ ਲੇਖ ਪੜ੍ਹਦਿਆਂ ਬਹੁਤ ਸਾਰੇ ਤੱਥਾਂ ਬਾਰੇ ਚਾਨਣਾ ਹੋਇਆ। ਪਰ ਮੇਰੇ ਲਈ ਲੋਕਯਾਨ ਦੀ ਦ੍ਰਿਸ਼ਟੀ ਤੋਂ ਸਭ ਤੋਂ ਮਹੱਤਵਪੂਰਨ ਸ਼ਬਦ ‘ਗੀਗਾ’ ਸੀ ਜਿਸ ਦਾ ਅਰਥ ਲੇਖਕ ਨੇ ਨਵਜੰਮਿਆ ਬੱਚਾ ਕੀਤਾ ਹੈ। ਪੰਜਾਬ ਵਿਚ ਇਹ ਸ਼ਬਦ ਲੋਕ ਗੀਤਾਂ ਵਿਚ ਤਾਂ ਉਪਲਬਧ ਹੈ ਪਰ ਆਮ ਬੋਲ-ਚਾਲ ਦੀ ਭਾਸ਼ਾ ਵਿਚ ਨਹੀਂ। ਗੁਜਰਾਤੀ ਵਿਚ ਨਵਜੰਮੀ ਲੜਕੀ ਲਈ ‘ਗੀਗੀ’ ਸ਼ਬਦ ਵੀ ਹੈ, ਇਸ ਲਈ ਇਹ ਉਥੋਂ ਦੀ ਲੋਕ-ਬੋਲੀ ਦਾ ਸ਼ਬਦ ਹੈ। ਇਥੋਂ ਇਹ ਕਲਪਨਾ ਵੀ ਕੀਤੀ ਜਾ ਸਕਦੀ ਹੈ ਕਿ ਅਜਿਹੀਆਂ ਬਿਆ੍ਈਆਂ (ਜਨਮ ਦੇ ਗੀਤ) ਸ਼ਾਇਦ ਗੁਜਰਾਤੀ ਤੋਂ ਰੂਪਾਂਤਰਿਤ ਹੋ ਕੇ ਆਈਆਂ ਹਨ। ਖ਼ੈਰ ਇਹ ਤਾਂ ਤੁਲਨਾਤਮਕ ਅਧਿਐਨ ਤੋਂ ਬਾਅਦ ਹੀ ਦੱਸਣਾ ਸੰਭਵ ਹੋ ਸਕੇਗਾ ਪਰ ਹਾਲ ਦੀ ਘੜੀ ਇਸ ਸ਼ਬਦ ਨੇ ਸਾਨੂੰ ਕੁਝ ਜਨਮ ਦੇ ਗੀਤਾਂ ਉੱਪਰ ਚਰਚਾ ਕਰਨ ਲਈ ਪ੍ਰੇਰਿਤ ਕੀਤਾ ਹੈ।

ਭਾਵੇਂ ਜਨਮ ਗੀਤਾਂ ਵਿਚ ਕਲਪਨਾ ਦੀਆਂ ਉਡਾਰੀਆਂ ਰਿਸ਼ਤਿਆਂ ਦੇ ਕਈ ਪਾਸਾਰ ਸਾਡੇ ਸਾਹਮਣੇ ਆਉਂਦੇ ਹਨ ਪਰ ਇਨ੍ਹਾਂ ਉੱਪਰ ਵਿਚਾਰ ਕਰਦਿਆਂ ਇਸ ਤੱਥ ਤੋਂ ਆਸਾਨੀ ਨਾਲ ਪਿੱਛਾ ਨਹੀਂ ਛੁਡਾਇਆ ਜਾ ਸਕਦਾ ਕਿ ਇਹ ਗੀਤ ਕੇਵਲ ਮੁੰਡੇ ਦੇ ਜੰਮਣ ਉੱਪਰ ਹੀ ਗਾਏ ਜਾਂਦੇ ਹਨ। ਕੁੜੀ ਦੇ ਜੰਮਣ ਦਾ ਜ਼ਿਕਰ ਮਜ਼ਾਕ ਵਿਚ ਹੀ ਆਇਆ ਹੈ, ਉਹ ਵੀ ਮੁੰਡੇ ਨਾਲ ਤੁਲਨਾ ਕਰਨ ਦੇ ਰੂਪ ਵਿਚ।

ਮੁੰਡਾ ਲੈ ਬਹਿਨੀ ਆਂ,
ਪਲੰਘ ’ਤੇ ਬਹਿ ਰਹਿੰਨੀ ਆਂ,
ਕੁੜੀ ਲੈ ਬਹਿਨੀ ਆਂ,
ਕਿ ਭੁੰਜੇ ਬਹਿ ਰਹਿੰਨੀ ਆਂ,
ਕੁੜੀ ਲੈ ਕੇ ਮੈਂ ਨਵਾਂ ਸੂਟ ਸਵਾਇਆ,
ਸਾਬਾਸ਼ੇ ਮੇਰੇ ਮਾਹੀਏ ਦੇ
ਜਿਨ ਓਹ ਵੀ ਗਲੋਂ ਲੁਹਾਇਆ।

ਹਰਿਆਣਵੀ ਲੋਕ ਗੀਤਾਂ ਵਿਚ ਸਥਿਤੀ ਹੋਰ ਵੀ ਮਾੜੀ ਹੈ। ਉਥੇ ਤਾਂ ਕੁੜੀ ਜੰਮਣ ’ਤੇ ਹਨੇਰ ਹੀ ਪੈ ਜਾਂਦਾ ਹੈ।

ਜਿਤ ਦਿਨ ਲਾਡੋ ਤੇਰਾ ਜਨਮ ਭਇਆ ਰੇ,
ਹੁਈ ਰੇ ਬੱਜਰ ਕੀ ਰਾਤ,
ਸੌ ਸੱਠ ਦੀਅਰੇ ਬਾਲ ਧਰੇ
ਫਿਰ ਭੀ ਘੋਰ ਅੰਧੇਰ।

ਮਾੜੀ ਗੱਲ ਇਹ ਹੈ ਕਿ ਇਨ੍ਹਾਂ ਗੀਤਾਂ ਦੀ ਰਚਨਾਕਾਰ ਔਰਤ ਹੈ। ਉਸ ਨੇ ਮਰਦ ਪ੍ਰਧਾਨ ਸਮਾਜ ਦੀ ਗ਼ੁਲਾਮੀ ਇੰਨੀ ਆਤਮਸਾਤ ਕਰ ਲਈ ਹੈ ਕਿ ਉਹ ਆਪਣੀ ਧੀ ਪ੍ਰਤੀ ਅਜਿਹਾ ਕੁਝ ਸੋਚਣ ਤੇ ਸਿਰਜਣ ਤੋਂ ਗੁਰੇਜ਼ ਨਹੀਂ ਕਰਦੀ। ਇਸ ਪਾਸੇ ਸੋਚਣਾ ਬਣਦਾ ਹੈ।

ਇੱਥੇ ਅਸੀਂ ਦੋ ਗੀਤਾਂ ਨੂੰ ਆਹਮੋ-ਸਾਹਮਣੇ ਰੱਖ ਕੇ ਰਚਨਾਕਾਰਾਂ ਦੀਆਂ ਕਲਪਨਾ ਉਡਾਰੀਆਂ ਦੇ ਸੁਹਜ ਨੂੰ ਦੇਖਾਂਗੇ। ਗੀਗਾ ਜੰਮਿਆ ਤਾਂ ‘ਜਾਇਦਾਦ ਦਾ ਵਾਰਿਸ’ ਪੈਦਾ ਹੋ ਜਾਂਦਾ ਹੈ। ਇਸ ਨਾਲ ਮਾਂ (ਔਰਤ) ਦੀ ਕੀਮਤ ਵੱਧ ਜਾਂਦੀ ਹੈ। ਮਰਦ ਵੀ ਖੁਸ਼ੀ ਵਿਚ ਜੱਚਾ ਦੀ ਹਰ ਮੰਗ ਪੂਰੀ ਕਰਨ ਲਈ ਤਿਆਰ ਰਹਿੰਦਾ ਹੈ।

ਗੀਗਾ ਜਰਮਿਆ ਨੀ,
ਗੀਗਾ ਜਰਮਿਆ ਗੋਰੀਏ,
ਜੋ ਕੁਝ ਮੰਗਣਾ ਸੋ ਮੰਗ
ਗੀਗਾ ਜਰਮਿਆ ਨੀ।

ਔਰਤ ਅਜਿਹਾ ਕੁਝ ਮੰਗਦੀ ਹੈ, ਜਿਸ ਦੀ ਪੂਰਤੀ ਨਹੀਂ ਕੀਤੀ ਜਾ ਸਕਦੀ। ਸਭ ਤੋਂ ਪਹਿਲਾਂ ਉਹ ਨਾਂਹ ਕਰਦੀ ਹੋਈ ‘ਤਾਰਿਆਂ ਦੇ ਹਾਰ’ ਦੀ ਫ਼ਰਮਾਇਸ਼ ਕਰਦੀ ਹੈ। ਉਸ ਦੀ ਇਨਕਾਰ ਤੋਂ ਬਾਅਦ ਕੀਤੀ ਅਜਿਹੀ ਅਸੰਭਵ ਮੰਗ ‘ਮਰਦ’ ਦੀ ਹਉਂ ਨੂੰ ਠੇਸ ਵੀ ਲਾਉਂਦੀ ਹੈ। ਇਸੇ ਲਈ,



ਮੈਂ ਕੀ ਮੰਗਣਾ ਏ, ਮੈਂ ਕੀ ਮੰਗਣਾ ਵੇ।
ਲੈਣਾ ਤਾਰਿਆਂ ਦਾ ਹਾਰ, ਮੈਂ ਕੀ ਮੰਗਣਾ ਵੇ।

ਦੇ ਜਵਾਬ ਵਿਚ ਉਹ ਫੁੱਟ ਪੈਂਦਾ ਹੈ,

ਏਹ ਕਿੰਨ ਦੱਸਿਆ ਨੀ,
ਏਹ ਕਿੰਨ ਦੱਸਿਆ ਗੋਰੀਏ
ਕਾਰਸਤਾਨੀਆਂ ਦੀ ਮੱਤ,
ਤੇਰੀ ਮੱਤ ਸਾਡੇ ਹੱਥ,
ਤੇਰੀ ਕੁੜੀਆਂ ਦੀ ਸੱਤ ਏ,
ਕਿਨ ਦੱਸਿਆ ਨੀ।

ਇੱਥੇ ‘ਤੇਰੀ ਮੱਤ ਸਾਡੇ ਹੱਥ’ ਵਾਕੰਸ਼ ਵਧੇਰੇ ਧਿਆਨ ਦੀ ਮੰਗ ਕਰਦਾ ਹੈ। ਤਾਰਿਆਂ ਦੇ ਹਾਰ ਦੀ ਮੰਗ ਹੀ ਅਨੂਠੀ ਨਹੀਂ ਇਹ ਤਾਂ ਸ਼ੁਰੂਆਤ ਹੈ। ਇੱਥੋਂ ਔਰਤ ਦੀ ਗਹਿਣਿਆਂ ਨਾਲ ਪ੍ਰੀਤ ਵੀ ਤਿੱਖ ਰੂਪ ਵਿਚ ਰੂਪਮਾਨ ਹੁੰਦੀ ਹੈ ਕਿਉਂਕਿ ਅਗਲੀਆਂ ਮੰਗਾਂ ਵੀ ਗਹਿਣਿਆਂ ਨਾਲ ਸਬੰਧਤ ਹਨ।

ਮੈਂ ਕੀ ਮੰਗਣਾ ਵੇ, ਮੈਂ ਕੀ ਮੰਗਣਾ ਢੋਲਾ,
ਲੈਣੀ ਖੂਹੇ ਜਿੱਡੀ ਨੱਥ, ਮੈਂ ਕੀ ਮੰਗਣਾ ਵੇ।
ਮੈਂ ਕੀ ਮੰਗਣਾ ਵੇ, ਮੈਂ ਕੀ ਮੰਗਣਾ ਢੋਲਾ,
ਲੈਣਾ ਮੂਸਲ (ਤੂੜੀ ਦਾ ਕੁੱਪ) ਜਿੱਡਾ ਚੌਕ,
ਮੈਂ ਕੀ ਮੰਗਣਾ ਵੇ।

ਇੱਥੇ ਖੂਹ ਤੇ ਮੂਸਲ ਦੀ ਸਭਿਆਚਾਰਕ ਮਹੱਤਤਾ ਵੱਲ ਧਿਆਨ ਦੇਣਾ ਵੀ ਬਣਦਾ ਹੈ। ਖੂਹ ਨਾਲ ਔਰਤ ਦਾ ਨਾਤਾ ਸਦੀਆਂ ਤੱਕ ਰਿਹਾ ਹੈ। ਪਾਣੀ ਦੁਆਲੇ ਰੀਤੀ-ਰਿਵਾਜ, ਪੂਜਾ-ਪਾਠ ਜੁੜੇ ਹੋਏ ਹਨ। ਵਿਆਹ ਤੇ ਸ਼ਗਨਾਂ ਨਾਲ ਇਕੋਂ ਪਾਣੀ ਲਿਜਾਇਆ ਜਾਂਦਾ ਰਿਹਾ ਹੈ। ਸਮੂਹਕ ਮਿਲਣ ਦੀ ਥਾਂ ’ਤੇ ਸਾਰੇ ਪਿੰਡ ਦੀਆਂ ਖ਼ਬਰਾਂ ਦਾ ਆਦਾਨ-ਪ੍ਰਦਾਨ ਇੱਥੇ ਹੀ ਹੁੰਦਾ ਰਿਹਾ ਹੈ। ਔਰਤ ਦੇ ਜੀਵਨ ਨਾਲ ਨੇੜਿਓਂ ਜੁੜਿਆ ਹੋਣ ਕਰ ਕੇ ਖੂਹ ਅਲੰਕਾਰਕ ਰੂਪ ਵਿਚ ਸਹਿਜ ਸੁਭਾਵਕ ਹੀ ਆ ਹਾਜ਼ਰ ਹੁੰਦਾ ਹੈ। ਤੂੜੀ ਦਾ ਕੁੱਪ ਡੰਗਰਾਂ ਲਈ ਖੁਰਾਕ ਸੰਭਾਲਣ ਦਾ ਕੰਮ ਕਰਦਾ ਹੈ। ਪਰ ਜਿੰਨਾ ਵੱਡਾ ਕੁੱਪ ਓਨਾ ਜ਼ਿਆਦਾ ਅੰਨ ਤੇ ਉਨਾ ਅਮੀਰ ਘਰ। ਔਰਤ ਵੱਡੇ ਤੋਂ ਵੱਡੇ ‘ਚੌਂਕ’ ਲੈਣਾ ਲੋੜਦੀ ਹੈ। ਇਹ ਮੰਗ ਗਾਇਕਾਵਾਂ ਦੇ ਚਿਹਰਿਆਂ ’ਤੇ ਹੀ ਮੁਸਕਰਾਹਟ ਨਹੀਂ ਲਿਆਉਂਦੀ ਸਗੋਂ ਸਰੋਤਿਆਂ ਨੂੰ ਵੀ ਖਿੱਚ ਪਾਉਂਦੀ ਹੈ।

ਗਹਿਣੇ ਤਾਂ ਛੋਟੇ ਵੱਡੇ ਬਣਾਏ ਜਾ ਸਕਦੇ ਹਨ। ਪਰ ਹੇਠ ਲਿਖੀ ਮੰਗ ਕੌਣ ਪੂਰੀ ਕਰੇਗਾ?

ਮੈਂ ਕੀ ਮੰਗਣਾ ਵੇ, ਮੈਂ ਕੀ ਮੰਗਣਾ ਢੋਲਾ
ਲੈਣਾ ਚਿੜੀਆਂ ਦਾ ਦੁੱਧ ਮੈਂ ਕੀ ਮੰਗਣਾ ਵੇ।

ਇਸ ਤਰ੍ਹਾਂ ਸੰਵਾਦ ਵਿਚ ਔਰਤ ਮੰਗਾਂ ਰੱਖਦੀ ਜਾਂਦੀ ਹੈ ਤੇ ਮਰਦ ‘ਕਾਰਸਤਾਨੀਆਂ ਦੀ ਮੱਤ’ ਨੂੰ ਆਪਣੇ ਅਧੀਨ ਹੋਣ ਦਾ ਦੁਹਰਾ ਕਰੀ ਜਾ ਰਿਹਾ ਹੈ। ਸਥਿਤੀ ਉਵੇਂ ਦੀ ਉਵੇਂ ਰਹਿ ਜਾਂਦੀ ਹੈ।

ਇਸ ਨਾਲ ਮਿਲਦਾ-ਜੁਲਦਾ ਇਕ ਹੋਰ ਗੀਤ ਕ੍ਰਿਸ਼ਨ-ਰਾਧਾ ਦੇ ਸੰਵਾਦ ਰਾਹੀਂ ਉਜਾਗਰ ਹੁੰਦਾ ਹੈ। ਔਰਤਾਂ ਸੈਂਕੜੇ ਗੀਤਾਂ ਵਿਚ ਰਾਧਾ-ਕ੍ਰਿਸ਼ਨ ਦੇ ਉਹਲੇ ਨਾਲ ਆਪਦੀਆਂ ਮਾਨਸਿਕ ਭਾਵਨਾਵਾਂ ਦਾ ਪ੍ਰਗਟਾਅ ਕਰਦੀਆਂ ਹਨ। ਇਸ ਗੀਤ ਵਿਚ ਵੀ ਕ੍ਰਿਸ਼ਨ, ਰਾਧਾ ਦੀਆਂ ਮੰਗਾਂ ਨੂੰ ‘ਪੁੱਠੀਆਂ ਅੜੀਆਂ’ ਹੀ ਦੱਸਦਾ ਹੈ। ਮੰਗਾਂ ਇੱਥੇ ਵੀ ਕਾਲਪਨਿਕ ਹਨ ਪਰ ਹਨ ਬੜੀਆਂ ਸੁਹਜ-ਭਰਪੂਰ।

ਸੱਪਾਂ ਦੀ ਪੀਂਘ, ਪੁਆ ਮੇਰੇ ਰਾਮ ਜੀ,
ਪੰਘੂੜਾ ਕਰਾ ਦੇ ਦੰਦ ਦਾ,
ਪੁੱਠੀਆਂ ਅੜੀਆਂ ਨਾ ਕਰ ਮੇਰੀ ਰਾਧਕੇ,
ਪੰਘੂੜਾ ਨਾ ਦੇਖਿਆ ਦੰਦ ਦਾ।

ਦੰਦ ਖੰਡ ਦਾ ਪੰਘੂੜਾ ਤਾਂ ਭਾਵੇਂ ਸੰਭਵ ਹੋਵੇ ਪਰ ਸੱਪਾਂ ਦੀ ਪੀਂਘ ਬਾਰੇ ਸੋਚਣਾ ਹੀ ਰੋਮਾਂਚਕ ਹੈ। ਇੱਥੇ ਹੀ ਬੱਸ ਨਹੀਂ ਪਿਛਲੇ ਗੀਤ ਵਿਚ ਗਹਿਣੇ ਮੰਗੇ ਗਏ ਸਨ, ਇੱਥੇ ਕੱਪੜੇ ਲੱਤਿਆਂ ਨਾਲ ਪ੍ਰੇਮ ਵੀ ਆ ਹਾਜ਼ਰ ਹੁੰਦਾ ਹੈ। ਔਰਤ ਦੀਆਂ ਇਹ ਮੁੱਢਲੀਆਂ ਲੋੜਾਂ ਹੀ ਅਸਲ ਵਿਚ ਪੂਰੀਆਂ ਨਹੀਂ ਹੁੰਦੀਆਂ ਦੂਸਰੇ ਸਮਾਜਕ ਜੀਆਂ ਵਾਂਗ।

ਸੂਟ ਸੁਆ ਕੇ ਬਿਜਲੀ ਦਾ ਰਾਮ ਜੀ,
ਚੁੰਨੀ ਮੰਗਾ ਦਊ ਅੰਬਰ ਦੀ।

ਘਰੇਲੂ ਚੀਜ਼ਾਂ ਨਾਲ ਤੁਲਨਾ ਤੋਂ ਬਾਅਦ ਕੁਦਰਤ ਦੀ ਗੋਦ ਵਿਚ ਵਿਸ਼ਾਲਤਾ ਲੱਭੀ ਗਈ ਹੈ। ‘ਬਿਜਲੀ ਦਾ ਸੂਟ’ ‘ਅੰਬਰ ਦੀ ਚੁੰਨੀ’ ਬਾਬੇ ਨਾਨਕ ਦੀ ‘ਆਰਤੀ’ ਵਾਲੀ ਕਲਪਨਾ ਦੀਆਂ ਹੱਦਾਂ ਨੂੰ ਜਾ ਛੂੰਹਦੀਆਂ ਹਨ। ‘ਚਿੜੀਆਂ ਦੇ ਦੁੱਧ’ ਦੀ ਅਨਹੋਣੀ ਮੰਗ ਇੱਥੇ ਵੀ ਹੈ। ਪਰ ਜੁੱਲੀ ਦੇ ਨਾਲ ਕੁੱਲੀ ਨੂੰ ਵੀ ਵਿਸਾਰਿਆ ਨਹੀਂ ਗਿਆ ਹੈ।

ਸ਼ੀਸ਼ੇ ਦਾ ਮਹਿਲ ਪੁਆ ਮੇਰੇ ਰਾਮ ਜੀ,
ਬਾਰੀ ਰਖਾ ਦਊ ਦੰਦ ਦੀ।

ਆਮ ਲੋਕਾਂ ਦੀ ਕਲਪਨਾ ਉਪਰੰਤ ਜਾਗੀਰਦਾਰੀ ਵਰਗ ਦੀ ਰਹਿਣੀ-ਬਹਿਣੀ ਦੀ ਲੋਚਾ ਕਰਦੀ ਹੈ। ਦੋਨੋਂ ਗੀਤ ਜ਼ਮੀਨ ਅਸਮਾਨ ਨਾਲ ਕਲਾਵੇ ਮਿਲਾਉਂਦੇ ਹੋਏ ਵੀ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਨਾਲ ਜੁੜੇ ਹੋਏ ਹਨ। ਵਿਅੰਗ ਇਹ ਕਿ ‘ਮਰਦ’ ਜਾਂ ‘ਕ੍ਰਿਸ਼ਨ’ ਉਲਾਂਭੇ ਦੇਣ ਤੱਕ ਸੀਮਤ ਰਿਹਾ ਹੈ। ਔਰਤ ਦੀ ਕਲਪਨਾ ਅੱਗੇ ਉਹ ਹੋਰ ਕਰ ਵੀ ਕੀ ਸਕਦਾ ਹੈ। ਉਸ ਦੀ ਇਸ ਬੇਬਸੀ ’ਚੋਂ ਵੀ ਔਰਤ ਆਪਣੀ ਹਉਂ ਦੀ ਤ੍ਰਿਪਤੀ ਕਰਦੀ ਹੈ।

‘ਮੁੰਡੇ ਦਾ ਜੰਮਣਾ’ ਤੇ ‘ਇੰਦਰ ਦੀ ਵਰਖਾ’ ਨਿੱਤ ਨਹੀਂ ਹੁੰਦੀ ਇਸ ਲਈ ਇਸ ਖੁਸ਼ੀ ਨੂੰ ਰੱਜ ਕੇ ਵੰਡਿਆ ਜਾਂਦਾ ਹੈ। ਮੈਂ ਪੂਰੇ ਦੁਆਬੇ ਵਿਚ ਇਹੋ ਜਿਹੇ ਗੀਤ ਸੁਣਦਿਆਂ ਲੋਕਾਂ, ਵਿਸ਼ੇਸ਼ ਕਰ, ਔਰਤਾਂ ਦੇ ਪੈਰ ਧਰਤੀ ’ਤੇ ਟਿਕਦੇ ਨਹੀਂ ਦੇਖੇ। ਪਰ ਇਨ੍ਹਾਂ ਖੁਸ਼ੀ ਦੇ ਪ੍ਰਗਟਾਵਿਆਂ ਹੇਠ ਜੀਵਨ ਸੱਚ ਦੀ ਜਿਹੜੀ ਰੌਅ ਬਹਿੰਦੀ ਹੈ, ਉਸ ਨੂੰ ਅਜੇ ਤੱਕ ਅਸੀਂ ਪੂਰੀ ਤਰ੍ਹਾਂ ਨਹੀਂ ਪਛਾਣਿਆ। ਮੇਰਾ ਨਿਮਾਣਾ ਜਿਹਾ ਯਤਨ ਇਸੇ ਪਾਸੇ ਵੱਲ ਧਿਆਨ ਦੁਆਉਣ ਦਾ ਹੈ।

***

GILL HOME INSPECTION LTD.
COMMERCIAL & RESIDENTIAL
Registered Home Inspector Kulvir Gill
ਗਰੇਟਰ ਟਰਾਂਟੋ ਵਿੱਚ ਘਰਾਂ ਦੀ
ਇਨਸਪੈਕਸ਼ਨ ਲਈ ਫੋਨ ਕਰੋ
HELPING YOU
TO MAKE INFORMED DECISIONS
GHI
Ontario Association of Certified Home Inspectors
OAHI
Cell: 416 839 3436 ▲ Ph: 905 479 5807

# ਉਂਕਾਰਪ੍ਰੀਤ ਦੀਆਂ ਗ਼ਜ਼ਲਾਂ

ਸੁਲੱਖਣ ਸਰਹੱਦੀ
+91-94174-84337
sarhadisulkhan@yahoo.com





ਉਂਕਾਰਪ੍ਰੀਤ
647-449-3766
onkarpreet@hotmail.com

ਉਂਕਾਰਪ੍ਰੀਤ ਪੰਜਾਬ ਦੇ ਪਿੰਡ ਮਦਾਰ ਜ਼ਿਲ੍ਹਾ ਜਲੰਧਰ ਵਿਚ ਜੰਮਿਆ ਪਲਿਆ। ਉਸ ਨੇ ਨਕਸਲਬਾੜੀ ਲਹਿਰ ਦਾ ਅਸਰ ਕਬੂਲਿਆ। ਪਹਿਲਾਂ ਉਸ ਨੇ ਕਹਾਣੀਆਂ ਤੇ ਨਾਟਕ ਲਿਖੇ। ਉਸ ਦਾ ਭਾਵੇਂ ਨਾਟਕ ਦੇ ਖੇਤਰ ਵਿਚ ਮਾਣਯੋਗ ਸਥਾਨ ਬਣ ਚੁੱਕਾ ਹੈ ਪਰ ਉਸ ਦਾ ਅਸਲ ਸਥਾਨ ਪੰਜਾਬੀ ਗ਼ਜ਼ਲ ਵਿਚ ਹੈ। ਉਹ ਨਵੇਂ ਭਾਵਬੋਧ ਦਾ ਸ਼ਾਇਰ ਹੈ। ਪੰਜਾਬੀ ਗ਼ਜ਼ਲ ਦੀ ਮੁਖ ਧਾਰਾ ਵਿਚ ਉਸ ਦਾ ਮਾਣਮੱਤਾ ਨਾਮ ਹੈ। ਕਨੇਡਾ ਵਿਚ ਉਸ ਨੇ ਗ਼ਜ਼ਲ ਨੂੰ ਉਚਾ ਸਥਾਨ ਦਿਵਾਇਆ ਹੈ। ਉਂਕਾਰਪ੍ਰੀਤ ਮਰਹੂਮ ਮਿੱਤਰ ਉਲਫਤ ਬਾਜਵਾ ਦਾ ਸ਼ਗਿਰਦ ਹੈ। ਉਸ ਦੀ ਛੋਟੀ ਜਿਹੀ ਗ਼ਜ਼ਲ ਪੁਸਤਕ 'ਮਿੱਪਲ ਦੀ ਕੈਨਵਸ' ਨੇ ਪੰਜਾਬ ਵਿਚ ਵੱਡੀ ਪ੍ਰਸਿਧੀ ਪਾਈ ਸੀ। ਹੁਣ ਤਕ ਉਹ ਅੱਧੇ ਹਜ਼ਾਰ ਤੋਂ ਵੀ ਵਧੇਰੇ ਗ਼ਜ਼ਲਾਂ ਲਿਖ ਚੁੱਕਾ ਹੈ। ਉਸ ਨੂੰ ਅਰੂਜ ਤੇ ਪਿੰਗਲ ਦੀ ਸਮਝ ਹੈ। ਉਹ ਕਦੇ ਵੀ ਬੇ-ਬਹਿਰਾ ਨਹੀਂ ਹੁੰਦਾ। ਉਸ ਦੇ ਸ਼ਿਅਰਾਂ ਵਿਚ ਜਿਥੇ ਪ੍ਰਵਾਸ ਦਾ ਦੁੱਖ ਝਲਕਦਾ ਹੈ, ਉਥੇ ਨਵੇਂ ਮਨੁੱਖ ਦੀ ਅੰਦਰੂਨੀ ਟੁੱਟ ਭੱਜ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਉਸ ਦੇ ਸ਼ਿਅਰਾਂ ਵਿਚ ਨਿੱਜ ਤੋਂ ਸੰਸਾਰ ਦਾ ਮੈਟਾਫਰ ਹੈ। ਉਹ ਕਿਸੇ ਇਕ ਰੰਗ ਦਾ ਸ਼ਾਇਰ ਨਹੀਂ ਸਗੋਂ ਫੁਲਝੜੀ ਦੇ ਰੰਗਾਂ ਵਾਂਗ ਉਸ ਦੇ ਅਨੇਕ ਵਿਸ਼ੇ ਹਨ। ਅੱਜਕਲ੍ਹ ਉਹ ਟਰਾਂਟੋ ਵਿਚ ਰਹਿੰਦਾ ਹੈ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਜਿਥੇ ਉਂਕਾਰਪ੍ਰੀਤ ਕਹਾਣੀ, ਨਾਟਕ ਤੇ ਗ਼ਜ਼ਲ ਦੇ ਵਿਚ ਪ੍ਰਪੱਕ ਲੇਖਕ ਹੈ, ਉਥੇ ਹੀ ਗੀਤਾਂ ਦੇ ਵਿਚ ਵੀ ਉਸ ਤੀ ਚੰਗੀ ਪਕੜ ਹੈ। ਇਸ ਦੀ ਇਕ ਪ੍ਰਤੱਖ ਉਦਾਹਰਣ ਇਹ ਹੈ ਕਿ ਪੰਜਾਬੀ ਆਰਟ ਐਸੋਸੀਏਸ਼ਨ ਐਡਮਿੰਟਨ ਵਲੋਂ 2012 ਵਿਚ ਦਵਿੰਦਰ ਦਮਨ ਦੇ ਲਿਖੇ ਨਾਟਕ 'ਛਿਪਣ ਤੋਂ ਪਹਿਲਾਂ' ਜਿਸ ਨੂੰ ਕਿ ਜਸਪਾਲ ਢਿੱਲੋਂ ਨੇ ਨਿਰਦੇਸ਼ਤ ਕੀਤਾ ਸੀ, ਦੇ ਗੀਤ ਉਂਕਾਰਪ੍ਰੀਤ ਨੇ ਹੀ ਲਿਖੇ ਸਨ। ਇਨ੍ਹਾਂ ਗੀਤਾਂ ਨੂੰ ਐਡਮਿੰਟਨ ਸਮੇਤ ਪਿੰਡਾਂ ਵਿਚ ਐਨੀ ਕੁ ਮਕਬੂਲੀਅਤ ਮਿਲੀ ਸੀ ਕਿ ਉਸ ਦਾ ਨਾਮ ਨਾਟਕ ਦੇ ਗੀਤਕਾਰ ਦੇ ਤੌਰ 'ਤੇ ਵੀ ਮਕਬੂਲ ਹੋ ਗਿਆ। 'ਨਵੀਂ ਦੁਨੀਆ' ਦੇ ਪਠਾਕਾਂ ਲਈ ਪੇਸ਼ ਹਨ ਉਸ ਦੀਆਂ ਤਾਜ਼ਾ ਗ਼ਜ਼ਲਾਂ :-

ਬਾਜ਼ਾਰ ਤਾਂ ਉਡੀਕੇ ਮੂੰਹ ਮੰਗੇ ਦਾਮ ਲੈ ਕੇ
ਪਰ ਮੈਥੋਂ ਜਾ ਨਾ ਹੋਵੇ ਆਪਣਾ ਕਲਾਮ ਲੈ ਕੇ॥

ਪਹੁ-ਫੁੱਟ ਨੂੰ ਦੁਪਹਿਰੇ ਤਕ ਲੈ ਕੇ ਜਾਣ ਵਾਲਾ
'ਰਹਿਬਰ' ਉਹ ਡੁੱਬਾ ਹਾਏ ਧੁੱਪ ਵੱਟੇ ਸ਼ਾਮ ਲੈ ਕੇ॥

ਅੰਬਰ ਤੋਂ ਟੁੱਟ ਕੇ ਜਿਉਂ ਤਾਰੇ ਖਲਾ 'ਚ ਗੁੰਮਣ
ਬੁਝਦੇ ਨੇ ਲੋਕ ਏਦਾਂ ਭੁੱਖ ਤੋਂ ਇਨਾਮ ਲੈ ਕੇ॥

ਜਦ ਚੌਰ ਕਰਦੇ ਵੇਖੇ ਸਿੱਕੇ ਤੇ ਨੋਟ ਤੈਨੂੰ
ਬੂਹੇ 'ਚੋਂ ਮੁੜ ਮੈਂ ਆਇਆ ਆਪਣਾ ਸਲਾਮ ਲੈ ਕੇ॥

ਇਕ ਰਾਹੀ ਰੁਕਿਆ, ਰੋਇਆ, ਚੁੱਪਚਾਪ ਤੁਰ ਪਿਆ ਫਿਰ
ਮੇਪਲ ਨੂੰ ਜੱਫੀ ਪਾ ਕੇ ਪਿੱਪਲ ਦਾ ਨਾਮ ਲੈ ਕੇ॥

ਦਾਰੂ ਸੀ ਪਾਣੀ-ਪਾਣੀ ਤੇ ਪਿਆਲੇ ਝੂਠੇ ਝੂਠੇ
ਮਹਿਫ਼ਲ 'ਚ ਪੇਸ਼ ਸੀ ਇਕ ਸ਼ਾਇਰ ਕਲਾਮ ਲੈ ਕੇ॥

ਲੈ ਪਾਨ ਤੇ ਸੁਪਾਰੀ ਨਨਕਾਣੇ ਜਾਣ ਵਾਲੇ
ਕਰਤਾਰਪੁਰ ਨੂੰ ਮੁੜਦੇ ਕਾਜੂ-ਬਦਾਮ ਲੈ ਕੇ॥

ਜਦ 'ਰਾਮ ਜੀ' ਵੀ ਨਿਕਲੇ ਬਸ ਕੋਈ 'ਰਾਮ-ਚੰਦਰ'
ਅਗਨੀ 'ਚੋਂ ਗੁਜ਼ਰੀ ਸੀਤਾ ਤਦ ਕਿਸਦਾ ਨਾਮ ਲੈ ਕੇ?

ਧਰਤੀ ਤੇ ਲਿਖਦਾ ਹੈ ਸੂਰਜ ਲੋਅ ਨਾਲ ਮੇਰਾ ਨਾਮ।
ਰੋਜ਼ ਨਵਾਂ ਦਿਨ ਆਉਂਦਾ ਹੈ ਬਣ ਕੇ ਤੇਰਾ ਪੈਗ਼ਾਮ॥

ਤਿਪ ਤਿਪ ਤਿਪ ਦਿਲ ਤੇ ਵਰੇ ਇਉਂ ਪਲ ਪਲ ਤੇਰੀ ਯਾਦ।
ਤਿਲ ਤਿਲ ਕਰ ਕੇ ਕਵਿਤਾਉਂਦਾ ਹੈ ਜਿਉਂ ਮੈਨੂੰ ਇਲਹਾਮ॥

ਮਲ੍ਹਿਆਂ ਦੀ ਮਹਿਕ ਦਾ ਤੋਸਾ ਦੇ ਰੁਖ਼ਸਤ ਕੀਤਾ ਜਿਸ ਨੇ।
ਉਸ ਨੂੰ ਪਤਾ ਸੀ ਰਾਹ 'ਚ ਪੈਣੀ ਸਿੰਮਲ-ਫੁੱਲੀ ਸ਼ਾਮ॥

ਖੀਸੇ ਪਿਲਸਣ ਝੋਲੇ ਬੋਤਲ ਪੈਰੀਂ ਲਾਲ ਦਰੀ
ਮਾਰਕਸ ਨੂੰ ਅਮਰੀਕਾ ਦੇ ਵਿਚ ਕਿੰਨਾ ਹੈ ਆਰਾਮ॥

ਸਾਇੰਸ, ਕਲਾ ਜਾਂ ਸਾਹਿਤ ਦਾ ਜਿਸ ਦਿਲ ਵਿਚ ਧਰਮ ਨਹੀਂ
ਉਸ ਬੇਮੁਖ ਨੂੰ ਰਟਣ ਦਿਓ ਅੱਲਾ ਹਰ ਹਰ ਸਤਿਨਾਮ॥

ਏਡੇ ਸੂਖਮ ਜਾਲ ਨੂੰ ਸਮਝੇ ਕਾਮੇ ਨੂੰ ਕਦ ਵਿਹਲ
ਕੇ ਉਸ ਦਾ ਲੀਡਰ ਹੈ ਅਜਕਲ ਸਰਮਾਏ ਦਾ ਜਾਮ॥

ਤਹਿਜ਼ੀਬ ਐਹੋ ਜੇਹੀ ਸਾਡੇ ਹੈ ਕਿਸ ਕੰਮ ਦੀ 'ਪ੍ਰੀਤ
ਜਿਸ ਵਿਚ 'ਦਿਲਮਤ' ਰਹਿੰਦਾ 'ਬਹੁਮਤ' ਅੱਗੇ ਸਦਾ ਨਾਕਾਮ॥

ਮਨੁੱਖ ਤੋਂ ਦੂਰ ਰਹਿਣੇ ਦੀ ਨਸੀਹਤ ਕਿਸ ਲਿਖੀ ਹੈ।
ਧੁਆਂਖੇ ਪੱਤਿਆਂ ਤੇ ਇਹ ਵਸੀਅਤ ਕਿਸ ਲਿਖੀ ਹੈ॥

ਜਦੋਂ ਦਾ ਆਪਣੇ ਮੱਥੇ 'ਤੇ ਮੈਂ ਦਿਲ ਨੂੰ ਲਿਖ ਲਿਆ ਹੈ
ਤੁਹਾਡੇ ਚਿਹਰਿਆਂ ਤੇ ਅਜਨਬੀਅਤ ਕਿਸ ਲਿਖੀ ਹੈ॥

ਗ਼ਜ਼ਲ ਵਰਗੀ ਕੁੜੀ ਇਕ ਮੁਸਕਰਾ ਕੇ ਪੁੱਛਦੀ ਹੈ:
'ਤਿਰੇ ਨੈਣੀਂ ਗ਼ਜ਼ਲ ਵਰਗੀ ਤਬੀਅਤ ਕਿਸ ਲਿਖੀ ਹੈ॥

ਲਿਖੋ ਕਵਿਤਾ ਸੁਣਾਓ ਵੀ ਮਗਰ ਜੀਣੀ ਨਹੀਂ ਹੈ
ਕਵੀਆਂ ਦੀ ਅਕਾਵਿਕ ਇਹ ਸ਼ਰੀਅਤ ਕਿਸ ਲਿਖੀ ਹੈ॥

ਕਿਨ੍ਹੇ ਦਿੱਤਾ ਰਫ਼ਲ ਨੂੰ ਅਮਨ ਦਾ ਮੁਖ਼ਤਾਰਨਾਮਾ
ਅਣੂ ਬੰਬਾਂ ਦੇ ਉੱਤੇ ਆਦਮੀਅਤ ਕਿਸ ਲਿਖੀ ਹੈ॥

ਇਦ੍ਹੀ ਛੋਹ 'ਚੋਂ ਹੈ ਛੋਹ ਗਾਇਬ ਨਜ਼ਰ ਮਨਫ਼ੀ ਨਜ਼ਰ 'ਚੋਂ
ਅਸਾਡੇ ਦੌਰ ਦੀ ਇਹ ਵਾਕਫ਼ੀਅਤ ਕਿਸ ਲਿਖੀ ਹੈ॥

ਜਮ੍ਹਾਂ ਬੈਕਾਂ 'ਚ ਕਰ ਕੇ 'ਪ੍ਰੀਤ' ਝੀਲਾਂ ਵਣ ਸਮੁੰਦਰ
ਮਿਰੇ ਖਾਤੇ''ਚ ਇਹ ਮੇਰੀ ਹੈਸੀਅਤ ਕਿਸ ਲਿਖੀ ਹੈ॥

ਬਣ ਕੇ ਚਸ਼ਮਾਂ ਫੁੱਟਿਆ ਨਾ ਜੋ ਲੋਕ-ਮਨ ਵਿਚੋਂ ਕਦੀ
ਤਖ਼ਤ ਉਸ ਨੂੰ ਕਹਿ ਰਿਹਾ ਹੈ ਕਾਵਿ-ਸਾਗਰ ਪਦਮ ਸ੍ਰੀ॥

ਬਾਬੇ-ਕਵੀਆਂ ਸੀ ਕਿਹਾ ਸਿਰ ਵੀ ਦਿਓ ਹੱਕਾਂ ਲਈ
ਬਾਤਰੰਨੁਮ ਕਹਿ ਰਹੇ ਨੇ 'ਛੱਡ' ਪਰ੍ਹੇ ਪੋਤੇ-ਕਵੀ॥

ਰਾਜਿਆਂ ਦੀ ਥਾਂ 'ਤੇ ਪਰਜਾ ਨੂੰ ਕਰਾਵੇ ਜੋ ਰਿਹਾਅ
ਵਕਤ ਨੂੰ ਹੁਣ ਲੋੜ ਹੈ ਤਾਂ ਐਸੇ ਬੰਦੀ ਛੋੜ ਦੀ॥

ਦੋਸਤੋ ਅਸਲੀ ਦੀਵਾਲੀ ਆਏਗੀ ਤਾਂ ਓਸ ਦਿਨ
ਸਭ ਘਰਾਂ ਵਿਚ ਹੋਏਗੀ ਜਦ ਇਕੋ ਜਿੰਨੀ ਰੌਸ਼ਨੀ॥

ਮਿੱਟੀ ਮਿਲਣਾ ਲੋਕ ਮਾਰੂ ਹਾਕਮਾਂ ਹੁਕਮਾਂ ਸਮੇਤ
ਬਾਤ ਲੋਕਾਂ ਦੀ ਫਿਰ ਉੱਤੇ ਘਾਹ ਦੇ ਵਾਂਗੂੰ ਉੱਗਣੀ॥

ਦੇਸ਼ ਖਿੱਤਾ ਕੋਈ ਹੋਵੇ ਸੱਤ ਸਮੁੰਦਰ ਆਰ-ਪਾਰ
ਪੱਗ ਜਦ ਵੀ ਹੈ ਲਹੀ ਤਾਂ ਹੈ ਗ਼ੁਲਾਮਾਂ ਦੀ ਲਹੀ॥

ਐਟਮੀ ਬੰਬ ਕਰਨਗੇ ਤੇ ਹਰਨਗੇ ਸੰਸਾਰ ਜੰਗ
ਕਾਵਿ ਬਿੰਬਾਂ ਨੇ ਹੈ ਜਿੱਤਣੀ ਸਲਤਨਾ ਜੱਗ ਅਮਨ ਦੀ॥

ਫੈਲੇਗਾ ਅਹਿਸਾਸ ਆਪਣੇਪਨ ਦਾ ਕੁਝ ਤਾਂ ਦਿਲ-ਫਰੇਬ
ਸੁਣਿਆ ਗੈਰਾਂ ਵਿਚ ਹੈ ਚਰਚਾ 'ਪ੍ਰੀਤ' ਤੇਰੇ ਸ਼ਿਅਰ ਦੀ॥

ਸ਼ਾਨਾਂ ਤੋਂ ਸ਼ਾਨ ਵੱਧ ਕੇ ਦਮਦਾਰ ਖ਼ਾਲਸੇ ਦੀ
ਲਿਸ਼ਕਾਂ ਤੋਂ ਲਿਸ਼ਕਵੀਂ ਹੈ ਲਿਸ਼ਕਾਰ ਖ਼ਾਲਸੇ ਦੀ ॥

ਦਿਸਦਾ ਤੇ ਕੀ ਅਦਿਸਦਾ ਹਰ ਨੇਰ੍ਹ ਪਲ 'ਚ ਮਿਟਦਾ
ਦਸ-ਸੂਰਜੀ ਪਵੇ ਜਦ ਚਮਕਾਰ ਖ਼ਾਲਸੇ ਦੀ ॥

ਬੰਦੇ ਤੇ ਗ਼ਜ਼ਨਵੀ ਵਿਚ ਜੇ ਫ਼ਰਕ ਸੀ ਤਾਂ ਏਹੀ
ਕਿਰਪਾਨ ਬਣ ਕੇ ਚੱਲੀ ਤਲਵਾਰ ਖ਼ਾਲਸੇ ਦੀ ॥

ਕਿਰਪਾਨ ਢਾਲ ਦੀ ਛਾਂ, ਰੌਸ਼ਨ ਖ਼ਿਆਲ ਦੀ ਛਾਂ
ਹਰ ਛਾਂ ਹੀ ਛਾਂ ਤੋਂ ਵੱਧ ਕੇ ਛਾਂ-ਦਾਰ ਖ਼ਾਲਸੇ ਦੀ ॥

ਸਿਰ ਦੇ ਕੇ ਸਿਰ ਜੋ ਮਿਲਦਾ ਉਹ ਸਿਰ ਹੀ ਪਾ ਹੈ ਸਕਦਾ
ਸਿਰਦਾਰ ਸਰਬੁਲੰਦੀ ਸਰਦਾਰ ਖ਼ਾਲਸੇ ਦੀ॥

ਸੀਰਤ ਸਬੂਤੀ ਉੱਤੇ ਫੱਬੇ ਸਬੂਤੀ ਸੂਰਤ
ਸਭ ਫੱਬਤਾਂ 'ਚੋਂ ਫੱਬਤ ਫੱਬਦਾਰ ਖ਼ਾਲਸੇ ਦੀ॥

ਤੇਰੇ ਨਾਲ ਨਾਲ ਚੱਲਣਾ ਕਿਰਦਾਰ ਖ਼ਾਲਸੇ ਦਾ
ਪਹਿਨਣ ਤੋਂ ਪਹਿਲਾਂ ਸੋਚੀਂ ਦਸਤਾਰ ਖ਼ਾਲਸੇ ਦੀ॥

ਕਣ ਕਣ ਅਕਾਲ ਜੇਕਰ ਕਣ ਕਣ ਹੀ ਫ਼ੌਜ ਉਸ ਦੀ
ਕਣ ਕਣ ਨੂੰ ਹੀ ਲੋੜੀਂਦੀ ਸਰਕਾਰ ਖ਼ਾਲਸੇ ਦੀ॥

ਹਰ ਘਰ 'ਚ ਨੂਰ ਮੰਗੋ ਨਾ ਹੋਰ ਤੂਰ ਮੰਗੋ
ਹਰ ਘਰ 'ਚ ਹੀ ਜ਼ਰੂਰੀ ਲਿਸ਼ਕਾਰ ਖ਼ਾਲਸੇ ਦੀ॥

ਫੜ੍ਹ ਬਾਂਹ ਕਿੰਝ ਪੁਗਾਉਣੀ ਲਾ 'ਪ੍ਰੀਤ' ਕਿੰਝ ਨਿਭਾਉਣੀ
ਹੈ ਰੀਸ ਯਾਰੀਆਂ ਵਿਚ ਕਦ ਯਾਰ ਖ਼ਾਲਸੇ ਦੀ॥

ਲਿਖੀ ਜਾ ਰਹੀ ਹੈ, ਸੁਣੀ ਜਾ ਰਹੀ ਹੈ
ਫੇਰ ਜੀਣੇ 'ਚੋਂ ਕਵਿਤਾ, ਪੁਣੀ ਜਾ ਰਹੀ ਹੈ॥

ਖਡੀਆਂ ਜੁਲਾਹੇ, ਨੇ ਕੇਵਲ ਦਿਖਾਵੇ
ਦਰੀ ਹੋਰ ਕਿਧਰੇ, ਬੁਣੀ ਜਾ ਰਹੀ ਹੈ॥

ਘੁਗੀਆਂ ਨੂੰ ਗਿਰਝਾਂ, ਕਰੇ ਜਿਸ ਦਾ ਧੂੰਆਂ
'ਚਿੱਟੇ ਘਰ ਉਹ ਧੂਣੀ, ਧੁਣੀ ਜਾ ਰਹੀ ਹੈ॥

ਜਿਤਾ ਜਿਹਨੂੰ ਹਰਦੇ ਨੇ ਹਰ ਵਾਰ ਲੋਕੀਂ
ਇਹ ਸਰਕਾਰ ਕੈਸੀ, ਚੁਣੀ ਜਾ ਰਹੀ ਹੈ॥

ਨਸ਼ਾ ਦੇ ਰਿਹਾ ਦਾਦ, ਸੁਣ ਸੁਣ ਤਰੰਨੁਮ
ਨਾ ਸਮਝੋ ਕਿ ਕਵਿਤਾ, ਸੁਣੀ ਜਾ ਰਹੀ ਹੈ॥

'ਖੂਣੀਆਂ ਨਜ਼ਰ ਦਾ, ਮੁਹੱਬਤ ਨਕਾਸ਼ਣ
ਦਿਲਾਂ 'ਤੇ ਗ਼ਜ਼ਲ ਇਕ, ਖੁਣੀ ਜਾ ਰਹੀ ਹੈ॥

# ਵੈਸਾਖੀ ਦਾ ਮੇਲਾ

ਜੀਤ ਸਿੰਘ 'ਰਾਏ' ਕੁਤਬਾ
780-490-7622



ਲੋਕੀ ਨੱਚਦੇ ਟੱਪਦੇ ਭੰਗੜੇ ਪਾਉਣ, ਖੁਸ਼ੀ ਵਿਚ ਆ ਕੇ
ਮੇਲਾ ਵੇਖ ਵੈਸਾਖੀ ਦਾ ਸੋਹਣਿਆ, ਪਿੰਡ ਸਾਡੇ ਵਿਚ ਜਾ ਕੇ

ਆਈ ਵੈਸਾਖੀ ਸਾਲ ਪਿੱਛੋਂ ਖੁਸ਼ੀਆਂ ਲੋਕ ਮਨਾਉਂਦੇ,
ਦੇਣ ਵਧਾਈਆਂ ਰਲ ਕੇ ਸਾਰੇ ਗੀਤ ਖੁਸ਼ੀ ਦੇ ਗਾਉਂਦੇ,
ਪਾ ਕੇ ਬੋਲੀ ਨੱਚ ਗਿੱਧੇ ਵਿਚ, ਜ਼ੋਰ ਅੱਡੀ ਦਾ ਲਾ ਕੇ। ......

ਦੇਖ ਨਜ਼ਾਰਾ ਖੇਤਾਂ ਦੇ ਵਿਚ ਫ਼ਸਲਾਂ ਲੈਣ ਹੁਲਾਰੇ,
ਸੋਨੇ ਜਿਹਾ ਰੰਗ ਕਣਕ ਦਾ ਖਿਲਰਿਆ ਪਾਸੇ ਸਾਰੇ,
ਤੂੰ ਵੀ ਖੁਸ਼ੀ ਮਨਾ ਲੈ ਮਿੱਤਰਾ, ਬੋਲੀ ਗਿੱਧੇ ਵਿਚ ਪਾ ਕੇ। ......

ਕਿਧਰੇ ਭੰਗੜੇ ਪਾਉਂਦੇ ਲੋਕੀ ਨੱਚਦੇ ਟੱਪਦੇ ਸਾਰੇ,
ਹਾਣੀਆਂ ਨੂੰ ਜਦ ਹਾਣੀ ਮਿਲਦੇ ਆਉਂਦੇ ਬੜੇ ਨਜ਼ਾਰੇ,
ਖੇਤਾਂ ਦੇ ਵਿਚ ਫ਼ਸਲਾਂ ਝੂਮਣ ਦੇਖ ਸੋਹਣਿਆ ਜਾ ਕੇ।.......

ਤੂੰ ਅੰਨ ਦਾਤਾ ਜੱਗ ਦਾ ਜੱਟਾ ਧੰਨ ਕਮਾਈ ਤੇਰੀ,
ਸਦਾ ਜੁਆਨੀਆਂ ਰਹੇ ਮਾਣਦਾ ਇਹ ਅਰਜ਼ੋਈ ਮੇਰੀ,
ਕਿਹੜੀ ਗੱਲੋਂ ਚੁੱਪ ਧਾਰ ਲਈ ਸਭ ਦਾ ਦਿਲ ਪ੍ਰਚਾ ਕੇ।........

ਆਏ ਵੈਸਾਖੀ ਘਰ ਜੱਟਾਂ ਦਾ ਖੁਸ਼ੀਆਂ ਦੇ ਨਾਲ ਭਰਦਾ,
ਤੇਰੀ ਖਤਾਰ 'ਕੁਤਬੇ ਵਾਲਾ' ਸਦਾ ਦੁਆਵਾਂ ਕਰਦਾ,
ਰੱਬ ਦਾ ਸ਼ੁਕਰ ਮਨਾਉਂਦਾ ਰਹਿੰਦਾ, ਗੀਤ ਖੁਸ਼ੀ ਦੇ ਗਾ ਕੇ।......

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।




ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



**Jasvir Deol**
(C.A.I.B)

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497

MILLBOURNE ROAD
# MEDICAL CLINIC
WALK-INS WELCOME FAMILY PHYSICIANS



Dr. V.K. Thapar (M.D., CCFP)* By Appointments Only
Dr. B.S. Jassar (M.D. , Ph.D, CCFP)* Cell: 780 918 0516
Dr. S. Bananda (M.D.)
Dr. Farhat Siddiqui (M.D.)

ਤੁਹਾਡੀ ਸਹਾਇਤਾ ਲਈ ਮਾਹਿਰ ਡਾਕਟਰਾਂ ਦੀ ਟੀਮ ਹਾਜ਼ਰ ਹੈ।
ਹੁਣ ਤੁਸੀ ਸਲਾਹ ਮਸ਼ਵਰੇ ਲਈ ਲੇਡੀ ਡਾਕਟਰ ਸਦੀਕੀ ਨੂੰ ਵੀ ਮਿਲ ਸਕਦੇ ਹੋ।

Ph: 780 462 4229 Fax: 780 462 3315

131 Millbourne Road East, Lee Ridge Plaza Edmonton, AB T6K 1P6

* Professional Corporation

WESTFORK Interiors

## Specializing in Cabinets & Counter Tops



*Kitchen & Vanities,*
*Custom Cabinets,*
*Staining & Spraying Doors*

ਕੈਬਨਿਟ ਅਤੇ ਕਾਊਂਟਰ ਟੌਪ ਬਣਾਉਣ ਦੇ ਮਾਹਰ

ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ

ਵੈਸਟਫੋਰਕ ਇੰਟੀਰੀਅਰਜ਼

**Endless Options**

- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and dellvery.
- One Location-Multiple Considerations.
- Complete Range of Counter tops including laminate.
- Custom Cabinetry
- Execptional Quality Customised Solutions
- Premium Construction at Competitive Price.

Gurmail Matharu : 780-990-9349
Ranjit Matharu : 780-907-9889

Contact
Westfork Interiors, 8307 Argyll Road, Edmonton T6C 4B2
Tel : 780-490-4983 Fax : 780-490-4982
www.westforkinteriors.com
info@westforkinteriors.com



## Passport Photos
by:
Kanwal Lyall

All types of Immigration, Passport, PIO, Citizenship Photos

Phone: 780-952-8017 lyallstudio@gmail.com

## Auto Shine

Interior Shampooing ✦ Power Polishing ✦ Engine Cleaning ✦ Fabric Guard ✦ Tar Ramoval

Move to New & Bigger Location for Better Service



DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
10365 59 Ave NW, Edmonton AB T6H1E7

Fancy DOORS & MOULDINGS LTD.

JELD-WEN WINDOWS & DOORS | Masonite

# FALL SHOWCASE

CHECK OUT OUR QUALITY SELECTION



# ਖ਼ਾਲਸਾ ਸਾਜਨਾ ਦਿਵਸ ਦੀਆਂ ਸਾਰਿਆਂ ਨੂੰ ਲੱਖ-ਲੱਖ ਵਧਾਈਆਂ

# Happy Vaisakhi

*Interior & Exterior, Prehung Units, Locks & Hardware, French Doors, Bi-Folds, Mouldings & Accessories*
*Commercial Doors & Hardware, Custom Railing Supplied & Installed*
Alberta Location: 9129 - 35 Avenue, Edmonton, AB, T6E 5Y1

Ph: 780-432-7700
Fax: 780-432-7710 www.fancy-doors.com

Limited time offer. Expires November 31, 2012

# ਮੁੱਲ ਦੀਆਂ ਖ਼ਬਰਾਂ ਤੇ ਮੀਡੀਆ

ਮੱਖਣ ਕੁਹਾੜ
+91-95013-65522
makhansinghkohar@gmail.com



ਇਕ ਦਿਨ ਵਰਕਰਾਂ ਦੀ ਰੈਲੀ ਉਪਰੰਤ ਪੱਤਰਕਾਰਾਂ ਨੂੰ ਪ੍ਰੈਸ ਨੋਟ ਦੇਣ ਵਾਸਤੇ ਰੈਲੀ ਵਾਲੇ ਕਸਬੇ ਦੇ ਸਥਾਨਕ ਆਗੂ ਨਾਲ ਮੈਂ ਵੀ ਚਲਾ ਗਿਆ। ਪੱਤਰਕਾਰ ਕਿਸੇ ਪ੍ਰੈੱਸ ਕਾਨਫ਼ਰੰਸ ਤੋਂ ਆਇਆ ਸੀ। ਉਸ ਨੇ ਪ੍ਰੈਸ ਕਾਨਫ਼ਰੰਸ ਤੋਂ ਮਿਲਿਆ ਪ੍ਰੈਸ ਨੋਟ ਵਾਲਾ ਲਿਫ਼ਾਫ਼ਾ ਖੋਲ੍ਹਿਆ। ਲਿਫ਼ਾਫ਼ੇ ਵਿਚੋਂ ਪ੍ਰੈਸ ਨੋਟ ਵਿਚ ਲਪੇਟਿਆ ਪੰਜ ਸੌ ਰੁਪਏ ਦਾ ਨੋਟ ਵੀ ਸੀ। ਪੱਤਰਕਾਰ ਨੇ ਇਸ ’ਤੇ ਕੋਈ ਪ੍ਰਤੀਕਿਰਿਆ ਜਾਹਰ ਨਹੀਂ ਕੀਤੀ ਤੇ ਨੋਟ ਜੇਬ ਵਿਚ ਪਾ ਲਿਆ। ਅਸੀਂ ਵੀ ਆਪਣਾ ਪ੍ਰੈਸ ਨੋਟ ਦੇ ਕੇ ਆ ਗਏ। ਅਗਲੇ ਦਿਨ ਅਖ਼ਬਾਰ ਵਿਚ ਛੋਟੀ ਪ੍ਰੈੱਸ ਕਾਨਫ਼ਰੰਸ ਦੀ ਖ਼ਬਰ ਵੱਡੀ ਸਾਰੀ ਲੱਗੀ ਸੀ ਜਦਕਿ ਸਾਡੀ ਵੱਡੀ ਰੈਲੀ ਦੀ ਨਿੱਕੀ ਜਿਹੀ ਖ਼ਬਰ ਉਸ ਅਖ਼ਬਾਰ ਦੀ ਹੇਠਲੀ ‘ਨੁੱਕਰੇ’ ਲੱਗੀ ਹੋਈ ਸੀ।

ਇਸੇ ਤਰ੍ਹਾਂ ਕਦੇ ਕਿਸੇ ਸ਼ਹਿਰ, ਕਦੇ ਕਿਸੇ। ਜਲੰਧਰ, ਬਠਿੰਡੇ, ਲੁਧਿਆਣੇ, ਮੋਹਾਲੀ, ਚੰਡੀਗੜ੍ਹ ਆਦਿ ਪੰਜਾਬ ਪੱਧਰੀ ਮੁਲਾਜ਼ਮਾਂ-ਮਜ਼ਦੂਰਾਂ, ਲੇਖਕਾਂ ਦੇ ਧਰਨੇ, ਰੈਲੀਆਂ ਮੁਜਾਹਰੇ, ਕਨਵੈਨਸ਼ਨਾਂ ਆਦਿ ਹੁੰਦੀਆਂ ਹਨ ਤਾਂ ਅਕਸਰ ਉਸ ਦੀ ਖ਼ਬਰ ਅਖ਼ਬਾਰਾਂ ਵਿਚ ਸਥਾਨਕ ਜ਼ਿਲ੍ਹੇ ਤੀਕ ਹੀ ਸੀਮਤ ਹੁੰਦੀ ਹੈ। ਕੋਈ ਚੈਨਲ ਵੀ ਉਸ ਦਾ ਨੋਟਿਸ ਨਹੀਂ ਲੈਂਦਾ। ਕਈ ਛੋਟੀਆਂ-ਮੋਟੀਆਂ ਜਥੇਬੰਦੀਆਂ ਨਿੱਕੀ ਜਿਹੀ ਮੀਟਿੰਗ ਕਰ ਕੇ ਵੀ ਪੰਜਾਬ ਪੱਧਰੀ ਖ਼ਬਰਾਂ ਲਵਾ ਲੈਂਦੀਆਂ ਹਨ। ਖੋਜ ਤੇ ਤਜ਼ਰਬਾ ਕਰਨ ’ਤੇ ਉਸ ਵਿਚ ਵੀ ਉਪਰੋਕਤ ਲਿਫ਼ਾਫ਼ੇ ਵਾਲੇ ਕਾਰਨ ਹੀ ਲੱਭੇ ਹਨ। ਇਲੈਕਟ੍ਰਾਨਿਕ ਮੀਡੀਆ ਦਾ ਵੀ ਇਹੀ ਹਾਲ ਹੈ। ਵੱਖ-ਵੱਖ ਟੀ.ਵੀ. ਪੱਤਰਕਾਰ ਜਦ ਕਵਰੇਜ ਲਈ ਆਉਂਦੇ ਹਨ ਤਾਂ ਥੋੜ੍ਹਾ ਵਖਰਾ ਹੋ ਕੇ ਪੈਸੇ ਮੰਗਦੇ ਨੇ। ਨਾ ਦੇਣ ’ਤੇ ਖ਼ਬਰ ਗੁੰਮ ਹੋ ਜਾਂਦੀ ਹੈ। ਸਾਰਾ ਕੁਝ ਵੱਡੇ ਯਤਨਾਂ ਨਾਲ ਕਰਨ ’ਤੇ ਵੀ ਉਸ ਦੀ ਸੂਚਨਾ ਲੋਕਾਂ ਤੀਕ ਨਹੀਂ ਜਾਂਦੀ।

ਚੋਣਾਂ ਆ ਗਈਆਂ ਹਨ। ਹਰ ਚੋਣ ਵਿਚ ਇੰਜ ਹੀ ਵਾਪਰਦਾ ਹੈ। ਅਖ਼ਬਾਰਾਂ ਦੇ ਪੂਰੇ ਦੇ ਪੂਰੇ ਸਥਾਨਕ ਪੰਨੇ ਹੀ ਵਿਕ ਜਾਂਦੇ ਹਨ। ਜੋ ਵੀ ਖ਼ਬਰ, ਫ਼ੋਟੋ, ਪ੍ਰੈਸ ਨੋਟ ਕਵਰੇਜ਼ ਸਟੋਰੀ ਬਣਾ ਕੇ ਦਿਓਗੇ, ਉਸ ਸਫ਼ੇ ਵਿਚ ਪੂਰੀ ਦੀ ਪੂਰੀ ਛਾਪੀ ਜਾਵੇਗੀ। ਕਿਸ ਦੀ ਚੜ੍ਹਤ ਦੱਸਣੀ ਹੈ, ਸਭ ਮੀਡੀਆ ਦੀ ‘ਕਰਾਮਾਤ’ ਹੁੰਦੀ ਹੈ ਤੇ ਹਰ ਕਰਾਮਾਤ ਪਿਛੇ ਕਿਸੇ ਵੱਡੀ ਆਰਥਕ ਸ਼ਕਤੀ ਦਾ ਹੱਥ।

ਅਸਲ ਵਿਚ ਸਰਮਾਏਦਾਰੀ ਪ੍ਰਬੰਧ ਵਿਚ ਇਹ ਗਿਲਾ ਕਰਨਾ ਤੇ ਸੋਚਣਾ ਵੀ ਬੇਵਕੂਫ਼ੀ ਵਰਗੀ ਗੱਲ ਹੀ ਜਾਪਦੀ ਹੈ। ਜਦ ਹੈ ਹੀ ਸਾਰਾ ਕੁਝ ਸਰਮਾਏ ਲਈ, ਸਰਮਾਇਆ ਕਮਾਉਣ ਲਈ, ਤਦ ਸਾਰਾ ਕੁਝ ਸਰਮਾਏ ਰਾਹੀਂ ਹੋਣਾ ਵੀ ਕੁਦਰਤੀ ਵਰਤਾਰਾ ਹੈ। ਸਾਰਾ ਤਾਣਾ ਬਾਣਾ ਕੇਵਲ ਮੁਨਾਫ਼ਾ ਕਮਾਉਣ ਲਈ ਹੀ ਤਾਂ ਕੀਤਾ ਜਾ ਰਿਹਾ ਹੈ। ਸਿਵਾਏ ਪ੍ਰਤੀਬੱਧ, ਖੱਬੀ ਸੋਚ ਵਾਲੀਆਂ ਜਾਂ ਕਿਸੇ ਹੋਰ ਮਿਸ਼ਨਰੀ ਭਾਵਨਾ ਨਾਲ ਕੰਮ ਕਰਦੀਆਂ ਅਖ਼ਬਾਰਾਂ ਆਦਿ ਦੇ। ਕੋਈ ਵੀ ਅਖ਼ਬਾਰ ਨਿਕਲਦੀ ਹੈ ਤਾਂ ਕੇਵਲ ਮੁਨਾਫ਼ਾ ਕਮਾਉਣ ਲਈ ਹੀ ਚਾਲੂ ਹੁੰਦੀ ਹੈ। ਨਿੱਜੀ ਖੇਤਰ ਵਿਚ ਚੱਲ ਰਹੇ ਟੀ.ਵੀ. ਚੈਨਲ, ਕਿਸੇ ਪੁੰਨ ਲਈ ਨਹੀਂ ਚਲਾਏ ਜਾ ਰਹੇ, ਕੇਵਲ ਮੁਨਾਫ਼ਾ ਕਮਾਉਣ ਲਈ ਹੀ ਚਲਾਏ ਗਏ ਹਨ। ਮੀਡੀਆ ਭਾਵ ਮਾਧਿਅਮ ਜਿਸ ਦਾ ਭਾਵ ਹੈ ਲੋਕਾਂ ਅਤੇ ਸਰਕਾਰ ਵਿਚ ਇਕ ਕੜੀ। ਸਰਕਾਰ ਦੇ ਕੰਮ ਕਾਜ ਲੋਕਾਂ ਤੀਕ ਪਹੁੰਚਾਏ ਜਾਣ ਅਤੇ ਲੋਕਾਂ ਦੇ ਮਸਲੇ ਜੱਗ ਜਾਹਰ ਕਰਦਿਆਂ ਸਰਕਾਰ ਤੀਕਰ ਪੁੱਜਣ। ਪਰ ਅੱਜ ਮੀਡੀਆ ਆਪਣੀ ਇਸ ਭੂਮਿਕਾ ਤੋਂ ਬਹੁਤ ਦੂਰ ਜਾ ਚੁੱਕਾ ਹੈ। ਮੀਡੀਆ ਚਾਹੇ ਅਖ਼ਬਾਰੀ ਹੈ ਜਾਂ ਇਲੈਕਟ੍ਰੌਨਿਕ; ਹੁਣ ਗ਼ਰੀਬਾਂ ਦੀ ਗੱਲ ਨਹੀਂ ਕਰਦਾ। ਗ਼ਰੀਬ, ਜਿਨ੍ਹਾਂ ਦੀ ਗਿਣਤੀ 80 ਫੀਸਦੀ ਤੋਂ ਵਧੇਰੇ ਹੈ ਅਤੇ ਇਨ੍ਹਾਂ ’ਚੋਂ ਅੱਧਿਉਂ ਵੱਧ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਜੀਵਨ ਬਸਰ ਕਰ ਰਹੇ ਹਨ, ਦੀਆਂ ਦੁੱਖਾਂ ਤਕਲੀਫ਼ਾਂ ਨੂੰ ਦਰਸਾਉਣਾ ਉਸ ਦੇ ਦੁੱਖਾਂ ਦੇ ਵਿਸਥਾਰ ਬਾਰੇ ਗੱਲ ਕਰਨਾ ਹੁਣ ਮੀਡੀਆ ਦੀ ਪਹਿਲ ਨਹੀਂ ਰਹਿ ਗਈ। ਹੁਣ ਮੀਡੀਆ ’ਤੇ ਕਾਰਪੋਰੇਟ ਸੈਕਟਰ ਦਾ ਕਬਜ਼ਾ ਹੈ। ਕਾਰਪੋਰੇਟ ਘਰਾਣੇ ਮੁਨਾਫ਼ੇ ਨੂੰ ਪਹਿਲ ਦਿੰਦੇ ਹਨ। ਉਨ੍ਹਾਂ ਸਾਹਮਣੇ ਲੋਕ ਸੇਵਾ ਦੀ ਕੋਈ ਭਾਵਨਾ ਨਹੀਂ ਹੈ। ਉਨ੍ਹਾਂ ਅਖ਼ਬਾਰ, ਰੇਡੀਓ ਜਾਂ ਕੋਈ ਟੀ.ਵੀ. ਚੈਨਲ ਨਿੱਜੀ ਖੇਤਰ ਵਿਚ ਚਾਲੂ ਕੀਤਾ ਹੈ ਤਾਂ ਕੇਵਲ ਪੈਸੇ ਕਮਾਉਣ ਲਈ। ਪੈਸੇ ਵਧੇਰੇ ਇਸ਼ਤਿਹਾਰਾਂ ’ਚੋਂ ਮਿਲਦੇ ਹਨ। ਸਰਮਾਏਦਾਰਾਂ ਨੇ ਆਪਣਾ ਉਤਪਾਦਨ ਵੇਚਣਾ ਹੈ। ਆਪਣੇ ਉਤਪਾਦਨ ਨੂੰ ਉਨ੍ਹਾਂ ਉੱਤਮ-‘ਸਰਬਉੱਤਮ’ ਕਰ ਕੇ ਪੇਸ਼ ਕਰਨਾ ਹੈ। ਉਨ੍ਹਾਂ ਸਾਹਮਣੇ ਕੋਈ ਪਾਠਕ, ਸਰੋਤਾ ਜਾਂ ਦਰਸ਼ਕ ਨਹੀਂ; ਖਪਤਕਾਰ ਹੈ। ‘ਕੰਜਿਊਮਰ ਕਲਚਰ’ ਨੂੰ ਹੋਰ-ਹੋਰ ਉਤਸ਼ਾਹਤ ਕਰਨਾ ਉਸ ਦਾ ਮੁੱਖ ਉਦੇਸ਼ ਹੈ। ਏਸ ਮਕਸਦ ਦੀ ਪੂਰਤੀ ਅਖ਼ਬਾਰਾਂ, ਰੇਡੀਓ ਅਤੇ ਟੈਲੀਵਿਜ਼ਨ ਵਧੀਆ ਢੰਗ ਨਾਲ ਪੇਸ਼ ਕਰ ਸਕਦੇ ਹਨ। ਘਰ ਘਰ ਪੁੱਜ ਸਕਦੇ ਹਨ। ਕੁਦਰਤੀ ਹੈ ਕਿ ਉਨ੍ਹਾਂ ਦਾ ਧਿਆਨ ਉਨ੍ਹਾਂ ਵੱਲ ਹੀ ਹੋਵੇਗਾ, ਜਿਸ ਦੀ ਜੇਬ ਵਿਚ ਪੈਸੇ ਹਨ। ਸਰਕਾਰ ਨੇ ‘ਡਾਇਰੈਕਟ ਟੂ ਹੋਮ ਸਰਵਿਸ’ (ਡੀ.ਟੀ.ਐਚ.) ਤਾਂ ਹੀ ਤਾਂ ਚਾਲੂ ਕੀਤੀ ਹੈ।



ਅੱਜ ਕੋਈ ਟੀ.ਵੀ. ਚੈਨਲ ਲਾ ਲਓ ਸਿਵਾ ਦੂਰਦਰਸ਼ਨ ਚੈਨਲਾਂ ਦੇ, ਬਸ ਇਸ਼ਤਿਹਾਰਾਂ ਦਾ ਹੀ ਬੋਲਬਾਲਾ ਹੈ। ਖ਼ਬਰਾਂ ਘੱਟ ਇਸ਼ਤਿਹਾਰ ਵੱਧ। ਮਨੋਰੰਜਨ ਘੱਟ ਇਸ਼ਤਿਹਾਰ ਵੱਧ। ਮਨੁੱਖ ਦੀ ਜਾਣਕਾਰੀ ਪ੍ਰਾਪਤ ਕਰਨ ਤੇ ਮਨੋਰੰਜਨ ਦੀ ਚਾਹਤ ਦੀ ਭੁੱਖ ਦਾ ਨਜਾਇਜ਼ ਲਾਭ ਲਿਆ ਜਾ ਰਿਹਾ ਹੈ। ਇਸ਼ਤਿਹਾਰ (ਐਡ) ਵੀ ਇਸ ਤਰ੍ਹਾਂ ਦੇ ਹਨ ਕਿ ਵੇਖ ਕੇ ਸ਼ਰਮ ਆਉਂਦੀ ਹੈ। ਲੋਕੀ ਕੀ ਚਾਹੁੰਦੇ ਹਨ ਇਸ ਨਾਲ ਕੋਈ ਸਰੋਕਾਰ ਨਹੀਂ, ਲੋਕਾਂ ਨੂੰ ਕੀ ਪਰੋਸਣਾ ਹੈ, ਇਸੇ ਨਾਲ ਹੀ ਸਰੋਕਾਰ ਹੈ। ਲੋਕ ਪਹਿਲਾਂ ਹੀ ਅੰਧਵਿਸ਼ਵਾਸ ਅਤੇ ਡੇਰਾਵਾਦ ਵਿਚ ਗ੍ਰੱਸੇ ਹੋਏ ਹਨ; ਪਰ ਆਪਣੇ ‘ਮਾਲ’ ਨੂੰ ਪ੍ਰੋਮੋਟ ਕਰਨ ਲਈ ਜੋਤਿਸ਼, ਰਾਸ਼ੀਫ਼ਲ ਤੇ ਨਿਰਮਲ ਬਾਬਿਆਂ ਦੇ ‘ਕਰਤੱਵ’ ਖ਼ੂਬ ਪੇਸ਼ ਕੀਤੇ ਜਾਂਦੇ ਹਨ।

ਕਈ ਅਖ਼ਬਾਰਾਂ, ਟੀ.ਵੀ. ਚੈਨਲਾਂ ਵਿਚ ਤਾਂ ਖ਼ਬਰਾਂ ਬਹੁਤ ਘੱਟ ਪਰ ਇਸ਼ਤਿਹਾਰਾਂ ਦੀ ਹੱਦੋਂ ਵੱਧ ਭਰਮਾਰ ਹੁੰਦੀ ਹੈ। ਐਸੀ ਹਾਲਤ ਵਿਚ ਜੇ ਕੋਈ ਖ਼ਬਰ ਹੀ ਇਸ਼ਤਿਹਾਰ ਦੇ ਰੂਪ ਵਿਚ ਮਿਲਦੀ ਹੈ ਤਾਂ ਲਾਉਣ ਵਿਚ ਕੋਈ ਗੁਰੇਜ਼ ਨਹੀਂ ਕੀਤਾ ਜਾਂਦਾ। ਪਾਠਕ ਲਈ ਇਹ ਪਛਾਣ ਕਰਨਾ ਹੀ ਮੁਸ਼ਕਲ ਹੋ ਜਾਂਦਾ ਹੈ ਕਿ ਖ਼ਬਰ ਕਿਹੜੀ ਹੈ ਤੇ ਇਸ਼ਤਿਹਾਰ ਕਿਹੜਾ। ਮੀਡੀਆ ਦਾ ਕੁਝ ਹਿੱਸਾ ਤਾਂ ‘ਹਿਜ਼ ਮਾਸਟਰਜ਼ ਵਾਈਸ’ ਬਣ ਕੇ ਹੀ ਵਿਚਰ ਰਿਹਾ ਹੈ।

ਚੋਣਾਂ ਦੇ ਦੌਰ ਵਿਚ ਸਮੁੱਚੇ ਮੀਡੀਏ ਦੀ ਮੂਲੋਂ ਹੀ ਚਾਂਦੀ ਹੋ ਜਾਂਦੀ ਹੈ। ਲੋਕਤੰਤਰ ਦਾ ਚੌਥਾ ਥੰਮ ਬਾਕੀ ਤਿੰਨਾਂ ਤੋਂ ਕਿੰਨਾ ਹੀ ‘ਉਚਾ ਹੋ ਜਾਂਦਾ ਹੈ। ਪਹਿਲੇ ਤਿੰਨ ਥੰਮ ਪਹਿਲਾਂ ਹੀ ਜਰਜਰੇ ਹੋ ਚੁੱਕੇ ਹਨ। ਲੋਕਤੰਤਰ ਦੀ ਛੱਤ ਖ਼ੂਬ ਡਗਮਗਾਉਂਦੀ ਹੈ। ਐਗਜ਼ਿਟ ਪੋਲ ਦੇ ਨਾਂ ’ਤੇ ਜੋ ਘਾਲ਼ਾ-ਮਾਲ਼ਾ ਹੁੰਦਾ ਹੈ ਹੁਣ ਉਹ ਸਭ ਜੱਗ ਜਾਹਰ ਹੋ ਚੁੱਕਾ ਹੈ। ਪਰ ਫਿਰ ਵੀ ਇਹ ਸਾਰਾ ਕੁਝ ‘ਚੱਲਦਾ’ ਹੈ। ਰਾਜਨੀਤਕ ਪਾਰਟੀਆਂ ਐਗਜ਼ਿਟ ਪੋਲ ਨੂੰ ਆਪਣੇ ਪੱਖ ਵਿਚ ਵਰਤਣ ਲਈ ਧਨ ਦੀ ਖ਼ੂਬ ਵਰਤੋਂ ਕਰਦੀਆਂ ਹਨ।

☛ ਬਾਕੀ ਸਫ਼ਾ 41 ’ਤੇ

Elite Driving School

Learn to drive with experienced,
caring & friendly instructor
Lessons available in English, Hindi, Punjabi & Urdu

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience
15 Hours in Class Room & 10 Hours in Car Package Available







- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.

Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

ਨਾਵਲਕਾਰ ਜਸਵੰਤ ਸਿੰਘ ਕੰਵਲ ਦੀਆਂ ਲਿਖਤਾਂ ਤੇ ਵਿਚਾਰਾਂ ਦੀ ਪ੍ਰਸੰਗਿਕਤਾ ਬਾਰੇ ਭਾਵੇਂ ਕਿੰਨੇ ਵੀ ਸਵਾਲ ਕਿਉਂ ਨਾ ਉਠਾਏ ਜਾਂਦੇ ਹੋਣ, ਉਸ ਦੀ ਹਰਮਨ ਪਿਆਰਤਾ ਬਾਰੇ ਕੋਈ ਦੋ ਰਾਵਾਂ ਨਹੀਂ ਹਨ। ਕਿਸੇ ਸਮੇਂ, ਜਦੋਂ ਉਸਦੇ ਨਾਵਲ 'ਰਾਤੀ ਬਾਕੀ ਹੈ' ਅਤੇ 'ਪੂਰਨਮਾਸ਼ੀ' ਪ੍ਰਕਾਸ਼ਿਤ ਹੋਏ, ਉਹ ਪੰਜਾਬੀ ਪਾਠਕਾਂ ਦੇ ਮਨਾਂ ਉਪਰ ਬੜੀ ਮਜ਼ਬੂਤ ਪਕੜ ਬਣਾ ਗਿਆ ਸੀ ਤੇ ਉਨ੍ਹਾਂ ਦੀ ਸੋਚ ਨੂੰ ਤਿੱਖੀ ਸਮਾਜਿਕ ਤਬਦੀਲੀ ਦੀ ਸਾਣ 'ਤੇ ਲਾਉਣ ਲੱਗ ਪਿਆ ਸੀ। ਦਰਅਸਲ, ਜਸਵੰਤ ਸਿੰਘ ਕੰਵਲ ਦੀ ਇਕ ਹਰਮਨ ਪਿਆਰੇ ਲੇਖਕ ਵਜੋਂ ਸਫਲਤਾ ਦਾ ਰਾਜ ਉਸ ਦੀ 'ਲੋਕ ਮਨ' ਨੂੰ ਸਮਝਣ ਦੀ ਸਮਰੱਥਾ ਵਿਚ ਨਜ਼ਰ ਆਉਂਦਾ ਹੈ। ਪੰਜਾਬੀ ਲੋਕ ਜੀਵਨ ਇਕ ਵਿਸ਼ੇਸ਼ ਪੜਾਅ ਤਕ ਕੰਵਲ ਦੀ ਪਕੜ ਵਿਚ ਰਹਿੰਦਾ ਹੈ, ਉਹ ਇਸ ਦੇ ਆਸ ਪਾਸ ਵਿਚਰਦਾ ਹੈ ਤੇ ਇਸ ਨੂੰ ਕਈ ਢੰਗਾਂ ਨਾਲ ਅਗਵਾਈ ਦਿੰਦਾ ਹੈ, ਸਰਗਰਮ ਲੇਖਕ ਦੇ ਨਾਲ ਨਾਲ ਸਰਗਰਮ ਸਰਪੰਚ ਵੀ ਬਣਦਾ ਹੈ, ਉਸ ਦੇ ਨਾਂ ਅਤੇ ਉਸ ਦੀ ਪਹੁੰਚ ਦਾ ਉਸ ਦੇ ਪਿੰਡ ਢੁੱਡੀਕੇ (ਮੋਗਾ) ਨੂੰ ਭਰਪੂਰ ਲਾਭ ਹਾਸਲ ਹੁੰਦਾ ਹੈ। ਪਰ ਇਸੇ ਦੌਰਾਨ ਜਦੋਂ ਪੰਜਾਬ ਦਾ ਜੀਵਨ ਯਥਾਰਥ ਹਰ ਪੱਖੋਂ ਹੀ ਢੇਰ ਬਦਲ ਜਾਂਦਾ ਹੈ ਤਾਂ ਜਸਵੰਤ ਸਿੰਘ ਕੰਵਲ ਪੰਜਾਬੀ ਸਮਾਜ ਵਿਚ ਮਨਚਾਹੀਆਂ ਤਬਦੀਲੀਆਂ ਲਈ ਪਾਠਕਾਂ ਨੂੰ ਉਤਸ਼ਾਹਿਤ ਕਰਨ ਦੀ ਥਾਂ, ਅਜਿਹੀਆਂ ਤਬਦੀਲੀਆਂ ਦਾ ਰਾਹ ਰੋਕਣਾ ਚਾਹੁੰਦਾ ਹੈ ਜਿਹੜੀਆਂ ਅਟੱਲ ਹਨ ਤੇ ਸਮਾਜਿਕ ਵਿਕਾਸ ਦੇ ਨੇਮਾਂ ਅਨੁਸਾਰ ਹੀ ਵਾਪਰ ਰਹੀਆਂ ਹਨ, ਜਿਵੇਂ ਕਿ ਪੰਜਾਬੀਆਂ ਦਾ ਵਿਦੇਸੀਂ ਜਾ ਵਸਣਾ, ਪਰਵਾਸੀ ਮਜ਼ਦੂਰਾਂ ਦਾ ਚੋਖੀ ਗਿਣਤੀ ਵਿਚ ਪੰਜਾਬ ਆ ਜਾਣਾ ਆਦਿ। ਪਹਿਲੇ ਦੌਰ ਦਾ ਜਸਵੰਤ ਸਿੰਘ ਕੰਵਲ ਜੇਕਰ ਸਭ ਤੋਂ ਹਰਮਨ ਪਿਆਰਾ ਲੇਖਕ ਸੀ ਤਾਂ ਦੂਜੇ ਦੌਰ ਦਾ ਜਸਵੰਤ ਸਿੰਘ ਕੰਵਲ ਸਭ ਤੋਂ ਵੱਧ ਵਿਵਾਦਗ੍ਰਸਤ ਲੇਖਕ ਹੈ। ਬਜ਼ੁਰਗਵਾਰ ਲੇਖਕ ਦੀ ਸ਼ੈਲੀ ਬੜੀ ਸ਼ਾਨਦਾਰ ਹੈ, ਪਿੰਡ ਨਾਲ ਪੂਰੀ ਤਰ੍ਹਾਂ ਇਕ-ਸੁਰ। 'ਹੁਣ' ਦੇ ਬਾਨੀ ਸੰਪਾਦਕ *ਅਵਤਾਰ ਜੰਡਿਆਲਵੀ* ਅਤੇ ਸੰਪਾਦਕ *ਸੁਸ਼ੀਲ ਦੁਸਾਂਝ* ਵਲੋਂ 2011 ਵਿਚ ਕੀਤੀ ਗਈ ਇਹ ਮੁਲਾਕਾਤ 'ਨਵੀਂ ਦੁਨੀਆ' ਦੇ ਪਠਾਕਾਂ ਦੀ ਨਜ਼ਰ ਹੈ। ਇਸ ਲੰਮੀ ਮੁਲਾਕਾਤ ਨੂੰ ਤਿੰਨ ਕਿਸ਼ਤਾਂ 'ਚ ਛਾਪਿਆ ਜਾ ਰਿਹਾ ਹੈ। ਇਸ ਵਾਰ ਦੂਜੀ ਕਿਸ਼ਤ ਪੜ੍ਹੋ। -ਸੰਪਾਦਕ

# ਰੋਮਾਂਸ ਦਾ ਜਜ਼ਬਾਤ ਨਾਲ ਮਾਂ-ਧੀ ਵਰਗਾ ਰਿਸ਼ਤਾ ਹੁੰਦੈ : ਕੰਵਲ



(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)

ਸਵਾਲ - ਇਸ ਨਾਵਲ ਦੇ ਨਾਇਕ ਚਰਨ ਨੂੰ ਥਾਣੇ ਵਿੱਚ ਪਈ ਕੁੱਟ ਦਾ ਚਾਰ ਪੰਜ ਸਫ਼ਿਆਂ ਦਾ ਬਿਆਨ, ਕਿਸੇ ਹੋਰ ਕਲਮਕਾਰ ਦੀ ਪਕੜ ਵਿੱਚ ਆਉਣ ਵਾਲਾ ਨਹੀਂ। ਕੀ ਇਹਦਾ ਵੇਰਵਾ ਕਿਸੇ ਹੋਈ ਬੀਤੀ ਘਟਨਾ 'ਤੇ ਅਧਾਰਿਤ ਸੀ ਜਾਂ ਨਿਰੋਲ ਤੁਹਾਡੀ ਬਲਵਾਨ ਕਲਪਨਾ ਦਾ ਕ੍ਰਿਸ਼ਮਾ ਸੀ ?

ਕੰਵਲ - ਮੇਰੇ ਨਾਵਲਾਂ ਵਿੱਚੋਂ ਅੱਧੋਂ ਵੱਧ ਵਾਪਰਿਆ ਸੱਚ ਹੈ। ਕਹਾਣੀ ਨੂੰ ਠੀਕ ਨੀਂਹ ਵਿਚ ਚਲਦਾ ਰਖਣ ਲਈ ਕਲਪਨਾ ਦਾ ਸਹਾਰਾ ਲਏ ਬਿਨਾਂ ਗੁਜ਼ਾਰਾ ਨਹੀਂ। ਮੈਂ ਅਪਣੇ ਸਾਹਿਤ ਅਥਵਾ ਨਾਵਲਾਂ ਦੇ ਸੱਚ ਨੂੰ ਖੜ੍ਹਾ ਕਰਨ ਲਈ ਰੀੜ੍ਹ ਦੀ ਹੱਡੀ ਵਜੋਂ ਵਰਤਿਆ ਤੇ ਵੱਧ ਤੋਂ ਵੱਧ ਕੋਸ਼ਸ਼ ਕੀਤੀ ਹੈ। ਕਹਾਣੀ ਦੇ ਜੋੜ ਤੋੜ ਲਈ ਕਲਪਨਾ ਤੋਂ ਸਹਾਇਤਾ ਲਈ ਹੈ। ਨਿਰਾ ਸੱਚ ਘਿਉ ਬਿਨਾਂ ਸ਼ੱਕਰ ਹੋ ਕੇ ਰਹਿ ਜਾਂਦਾ ਹੈ। ਕਲਪਨਾ ਸੱਚ ਨੂੰ ਨਖਾਰਦੀ ਹੈ। ਨਿਰਾ ਸੱਚ ਬਿਨਾਂ ਪਾਲਿਸ਼ ਨੰਗਾ ਖੜ੍ਹਾ ਮਹੱਲ ਦਿਸਦਾ ਹੈ। ਜਿੱਥੋਂ ਤੱਕ ਚਰਨ ਦੀ ਕੁੱਟ ਤੇ ਮੌਤ ਦਾ ਤਅੱਲਕ ਐ; ਅਜਿਹੀਆਂ ਘਟਨਾਵਾਂ ਪੰਜਾਬ ਦੀ ਨਕਸਲੀ ਲਹਿਰ ਸਮੇਂ ਹੋਰ ਵੀ ਕਈ ਥਾਂ ਵਾਪਰੀਆਂ ਹਨ। ਨੱਬੇ ਫੀ ਸਦੀ ਦੁਖਾਂਤ ਘਟਨਾਵਾਂ ਬਿਨਾਂ ਮੁਕਾਬਲਾ ਬਣਾਏ ਵਾਪਰੀਆਂ ਹਨ। ਹਾਂਅ ਤਰਨਤਾਰਨ ਨੇੜੇ ਹੋਏ ਸਿੱਧੇ ਮੁਕਾਬਲੇ ਵਿਚ ਪੁਲੀਸ ਦੇ ਜਵਾਨ ਵੀ ਮਾਰੇ ਗਏ ਸਨ। ਪਰ ਮਾਲਵੇ ਦੀ ਪੱਟੀ ਵਿਚ ਸਿੱਧਾ ਮੁਕਾਬਲਾ ਘੱਟ ਹੀ ਵਾਪਰਿਆ ਹੈ। ਮੈਂ ਕੋਸ਼ਿਸ਼ ਕੀਤੀ ਹੈ, ਸੱਚ ਨੂੰ ਪਹਿਲ ਦਾ ਅਧਾਰ ਬਣਾਇਆ ਜਾਵੇ ਤੇ ਕਲਪਨਾ ਨੂੰ ਕਹਾਣੀ ਦਿਲਚਸਪ ਤੇ ਯਥਾਰਥੀ ਰਖਣ ਲਈ ਵਰਤਿਆ ਹੈ। ਨਿਰੋਲ ਯਥਾਰਥ ਕਲਪਨਾ ਬਿਨਾਂ ਰੰਗ ਰੋਗਨ ਦੇ ਖੜਾ ਕੀਤਾ ਮਕਾਨ ਰੂਖੜ ਲਗਦਾ ਹੈ। ਪਾਠਕ ਦੀ ਰੂਹ ਵਿਚ ਦਿਲਚਸਪੀ ਨਹੀਂ ਉਠਾਂਦਾ। ਮਾਲਵੇ ਦੀ ਬੈਲਟ ਵਿਚ ਜਿੱਥੇ ਜਿੱਥੇ ਵੀ ਫੜ ਕੇ ਮਾਰਨ ਵਾਲੀਆਂ ਘਟਨਾਵਾਂ ਵਾਪਰਾਈਆਂ ਗਈਆਂ ਹਨ, ਸਾਲ ਸਵਾ ਸਾਲ, ਉਹ ਥਾਵਾਂ ਮੈਂ ਪੈਰੀਂ ਫਿਰ ਕੇ ਗਾਹੀਆਂ ਹਨ ਅਤੇ ਨੇੜ ਤੇੜ ਤੇ ਲੋਕਾਂ ਤੋਂ ਉਸ ਸੱਚ ਦੀਆਂ ਗਵਾਹੀਆਂ ਵੀ ਨੋਟ ਕੀਤੀਆਂ ਸਨ। ਉਸ ਕਨੇਡਾ ਤੋਂ ਆਏ ਨੌਜਵਾਨ ਦਾ ਧੰਨਵਾਦੀ ਆਂ; ਜੋ ਅਪਣੇ ਮੋਟਰ ਸਾਈਕਲ 'ਤੇ ਵਾਪਰੀਆਂ ਘਟਨਾਵਾਂ ਵਾਲੀਆਂ ਥਾਵਾਂ 'ਤੇ ਮੈਨੂੰ ਘੁਮਾਈ ਫਿਰਦਾ ਰਿਹਾ। 'ਰਾਤ ਬਾਕੀ ਹੈ' ਨਾਵਲ ਨਾਲੋਂ 'ਲਹੂ ਦੀ ਲੋਅ' ਵਾਲੀਆਂ ਘਟਨਾਵਾਂ ਵਧੇਰੇ ਸੱਚੀਆਂ ਸਨ। ਜਿਨ੍ਹਾਂ ਬਾਰੇ ਚਿੱਟੀਆਂ ਪੀਲੀਆਂ ਦੋਵੇਂ ਕਮਿਊਨਿਸਟ ਪਾਰਟੀਆਂ ਪਰਲੇ ਦਰਜੇ ਦੀਆਂ ਝੂਠੀਆਂ ਤੇ ਮੁਖ਼ਬਰਾਂ ਵਰਗੀਆਂ ਸਨ। 'ਲਹੂ ਦੀ ਲੋਅ' ਦੀ ਅਜਬ ਕਹਾਣੀ ਸੀ। ਪੰਜਾਬ ਦੇ ਸਾਰੇ ਪਬਲਿਸ਼ਰਾਂ ਛਾਪਣੋਂ ਕੰਨਾਂ ਨੂੰ ਹੱਥ ਲਾ ਲਏ ਸਨ ਤੇ ਉਸ ਨੂੰ ਸਿੰਗਾਪੁਰ ਇਕ ਦੋਸਤ ਦੀ ਜੁਰਅੱਤ ਨਾਲ ਛਪਵਾਇਆ ਸੀ। ਲਹੂ ਦੀ ਲੋਅ ਹਾਲੇ ਅੱਧੀ ਨਹੀਂ ਛਪੀ ਸੀ, ਜਦੋਂ ਮੇਰੀ ਲੜਕੀ ਕੰਵਲਜੀਤ ਕੌਰ ਐਮ.ਐਸ ਸੀ. ਦਾ ਪਿੱਛੋਂ ਕਤਲ ਹੋ ਗਿਆ ਸੀ। ਇਹ ਵੀ ਇਕ ਅਜੀਬ ਕਹਾਣੀ ਸੀ। ਕੰਵਲਜੀਤ ਦੀ ਮਰਜ਼ੀ ਨਾਲ ਉਸ ਨੂੰ ਇੰਗਲੈਂਡ ਦੇ ਇਕ ਮੁੰਡੇ ਨਾਲ ਮੰਗਿਆ ਸੀ। ਦੋ ਸਾਲਾਂ ਬਾਅਦ ਉਸ ਸ਼ਾਇਦ ਹਮਜਮਾਤੀ ਮੁੰਡੇ ਨਾਲ ਆਪੇ ਨੂੰ ਜੋੜ ਲਿਆ ਸੀ। ਮੇਰੀ ਜ਼ਿੰਦਗੀ ਵਿਚ ਬੜੀ ਅਜੀਬ ਤੇ ਦੁਖਦਾਈ ਕਹਾਣੀ ਵਾਪਰੀ ਸੀ। ਮੈਂ ਛਪਦੀ ਲਹੂ ਦੀ ਲੋਅ ਵਿਚਕਾਰੇ ਛੱਡ ਕੇ ਸਿੰਗਾਪੁਰੋਂ ਵਾਪਸ ਆ ਗਿਆ। ਇਹ ਦਰਦਨਾਕ ਕਾਰਾ ਮੇਰੇ ਅਣਪੜ ਭਤੀਜੇ ਨੇ ਕੀਤਾ ਸੀ। ਇਸ ਅੱਤ ਦੁਖਦਾਈ ਘਟਨਾ ਉਤੇ 'ਨਵੇਂ ਜ਼ਮਾਨੇ' ਅਖ਼ਬਾਰ ਬਿਨਾਂ ਸਾਰੀ ਪ੍ਰੈਸ ਨੇ ਹਮਦਰਦੀ ਪ੍ਰਗਟ ਕੀਤੀ। ਪਰ ਉਸ ਅਖ਼ਬਾਰ ਨੇ ਜਿਸ ਨੂੰ ਮੈਂ ਅਪਣਾ ਸਮਝਦਾ ਸੀ, 'ਲਹੂ ਦੀ ਲੋਅ' ਕਾਰਨ ਇਸ ਤਰਾਸਦੀ ਨੂੰ ਓਹਲਾ ਬਣਾ ਕੇ ਬੁਰੀ ਤਰ੍ਹਾਂ ਭੰਡਿਆ। ਮਨ ਨੇ ਹੀ ਦੁਖੀ ਮਨ ਨੂੰ ਸਮਝਾਇਆ। ਜਿੰਦੇ, ਸਾਂਝੇ ਚਲਦੇ ਸਫ਼ਰ ਵਿਚ ਦੋਸਤਾਂ ਨਾਲ ਦੁਸ਼ਮਣ ਵੀ ਮਿਲਣਗੇ। ਸਵਾਲ ਖੜੋਤ ਦਾ ਨਹੀਂ, ਲੋਕ ਲੜਾਈ ਨੂੰ ਅੱਗੇ ਤੋਰਨ ਦਾ ਹੈ। ਸੋ ਮੈਂ ਮੁੜ ਲੋਕ ਪੈਂਤਰੇ 'ਤੇ ਆ ਗਿਆ। ਮਾਫ਼ ਕਰਨਾ ਸਮਾਜੀ ਉਠਾਣ ਦੀ ਗੱਲ, ਜਾਤੀ ਵੈਰ ਵਿਰੋਧ ਨੇ ਮੱਲ ਲਈ। ਬਈ ਨੰਗੇ ਪੈਰੀ ਤੁਰਾਂਗੇ ਤਾਂ ਕੰਡੇ ਰੋੜ ਤਾਂ ਚੁਭਣਗੇ ਹੀ। 'ਸਦਾ ਨਾ ਬਾਗੀਂ ਬੁਲਬੁਲ ਬੋਲੇ, ਸਦਾ ਨਾ ਐਸ਼ ਬਹਾਰਾਂ' ।

ਸਵਾਲ - ਬਹੁਤ ਲੋਕਾਂ ਦਾ ਖਿਆਲ ਹੈ, 'ਰਾਤ ਬਾਕੀ ਹੈ' ਤੁਹਾਡੀ ਰਚਨਾ ਦੀ ਸਿਖਰ ਸੀ। ਉਸ ਤੋਂ ਪਿੱਛੋਂ ਤੁਸੀਂ ਕਲਮ ਘਸਾਈ ਵਲ ਤਿਲਕਦੇ ਗਏ। ਕੀ ਤੁਸੀਂ ਸਹਿਮਤ ਹੋ ?

ਕੰਵਲ - ਹੋਰ ਨਾ ਸਹੀ, ਇਕੱਲੀ 'ਲਹੂ ਦੀ ਲੋਅ' ਬਾਰੇ ਤੁਹਾਡਾ ਕੀ ਖ਼ਿਆਲ ਐ, ਜਿਸ ਦੀਆਂ ਸਾਲ ਵਿੱਚ ਦੋ ਦੋ ਐਡੀਸ਼ਨਾਂ ਛਪਦੀਆਂ ਤੇ ਵਿਕਦੀਆਂ ਰਹੀਆਂ। ਜਿੰਨੀ ਵੱਡੀ ਦੋਹਾਂ ਪਾਰਟੀਆਂ ਉਸ ਦੀ ਮੁਖਾਲਫ਼ਤ ਕੀਤੀ; ਉਹ ਉਹਨਾਂ ਤੋਂ ਦੂਣੀ ਚੌਣੀ ਹੋ ਕੇ ਉਭਰੀ। ਪਿੰਡ ਦੀਆਂ ਢਾਹਣੀਆਂ ਨੇ ਪੁਲਿਸ ਤੋਂ ਚੋਰੀਓਂ ਰਾਤੀਂ ਇਕੱਠੇ ਹੋ ਕੇ ਨਾਵਲ ਪੜ੍ਹਿਆ। ਅਗਲੇ ਦਿਨ ਮਿਥੇ ਥਾਂ 'ਤੇ ਵਾਪਸ ਜਾ ਕੀਤਾ ਤੇ ਹੋਰ ਪਿੰਡਾਂ ਵਾਲੇ ਅਪਣੀ ਕਾਪੀ ਬੁੱਕ ਕਰਵਾ ਕੇ ਬੈਠੇ ਹੁੰਦੇ। ਲੋਕ-ਨਾਟਕਕਾਰ ਗੁਰਸ਼ਰਨ ਸਿੰਘ ਨੇ ਇਸ 'ਤੇ ਡਰਾਮਾ ਬਣਾਇਆ। ਮੇਰਾ ਸਿਰ ਝੁਕਦਾ ਹੈ। ਮੈਨੂੰ ਤਾਂ ਯਾਦ ਨਹੀਂ, ਉਸ ਦੀਆਂ ਕਿੰਨੀਆਂ ਐਡੀਸ਼ਨਾਂ ਛਪ ਚੁੱਕੀਆਂ ਹਨ; ਪਰ ਹਾਲੇ ਵੀ ਲਗਾਤਾਰ ਛਪੀ ਤੇ ਪੜ੍ਹੀ ਜਾ ਰਹੀ ਹੈ। ਉਹ ਸ਼ਹੀਦ ਨੌਜਵਾਨਾਂ ਦੀ ਦਾਸਤਾਨ ਹੈ। ਇਹ ਦੁਨੀਆ ਕਾਰਨ ਕਾਰਜ ਦੀ ਹੈ। ਨਾ ਕਾਰਨਾਂ, ਕਾਰਜ ਕਰਨੋਂ ਰੁਕਣਾ ਹੈ, ਨਾ ਕਦੇ ਰੁਕੇ ਹਨ। ਹਾਂਅ, ਠੰਡੇ-ਮੱਠੇ ਜ਼ਰੂਰ ਹੁੰਦੇ ਹਨ। ਹਾਂਅ, 'ਰਾਤ ਬਾਕੀ ਹੈ' ਪਹਿਲਾਂ ਲਿਖੇ ਗਏ ਨਾਵਲ ਸਾਹਿਤ ਵਿਚ ਧਮਾਕਾ ਜ਼ਰੂਰੀ ਸੀ। 'ਰਾਤ ਬਾਕੀ ਹੈ' ਨਾਵਲ ਨੇ ਮੇਰੀਆਂ ਵਿਗੜਦੀਆਂ ਰੁਚੀਆਂ ਨੂੰ ਠੱਲ੍ਹ ਵੀ ਪਾਈ। ਉਹ ਤਾਂ ਕੀ ਪਿੰਡ ਵਿੱਚ ਇਕ ਵੀ ਆਦਮੀ ਨਹੀਂ ਸੀ, ਜਿਹੜਾ ਮੇਰੇ ਵਿਚਾਰਾਂ ਨੂੰ ਅਗਾਂਹ ਤੋਰਨ ਲਈ ਧੱਕਾ ਮਾਰ ਸਕਦਾ। ਪਰ ਅਚਾਨਕ ਡਾ. ਜਸਵੰਤ ਕੌਰ ਗਿੱਲ ਨੇ ਥਿੜਕਦੇ ਖਲੋਤੇ ਨੂੰ ਨਵਾਂ ਹਲੂਣਾ ਦਿੱਤਾ, ਜਿਸ ਦੀ ਉਸ ਵੇਲੇ ਮੈਨੂੰ ਜ਼ਰੂਰੀ ਲੋੜ ਸੀ, ਤੇ ਮੈਂ ਕੰਨ ਚੁੱਕ ਲਏ। ਸੰਤਾਲੀ ਦੇ ਫਸਾਦਾਂ ਅਤੇ ਸ਼੍ਰੋਮਣੀ ਕਮੇਟੀ ਦੇ ਖਲਜਗਣ ਵਿੱਚੋਂ ਨਿਕਲ ਕੇ ਮੈਂ ਪੇਂਡੂ ਵਾਤਾਵਰਨ ਉੱਤੇ ਪੂਰਨਮਾਸ਼ੀ ਲਿਖੀ। ਲੋਕਾਂ ਪੜ੍ਹੀ ਤੇ ਨਵੇਂ ਹੌਸਲੇ ਵਾਲੀਆਂ ਦੋਸਤੀਆਂ ਮਿਲੀਆਂ। ਮੇਰੇ ਉਦਗਾਰਾਂ ਨਵੀਆਂ ਕਦਮਾਂ ਪੁੱਟੀਆਂ। ਉਹਨਾਂ ਕਦਮਾਂ ਨੂੰ ਡਾ. ਜਸਵੰਤ ਨੇ ਮੇਰਾ ਕੰਨ ਝੰਜੋੜਿਆ ਸੀ 'ਇਸ ਸੇ ਆਗੇ ਜਹਾਂ ਔਰ ਵੀ ਹੈ' ਉਹਦੀ ਸਿਆਣਪ ਨੇ ਨਵੀਆਂ ਵਾਗਾਂ ਪਾ ਧਰੀਆਂ।

ਸਵਾਲ - ਬਹੁਤ ਵਧੀਆ ਦੱਸਿਆ। ਤੁਸੀਂ ਵਲੈਤ ਗਏ, ਇਕ ਨਾਵਲ ਲਿਖਿਆ ਸੀ 'ਬਰਫ਼ ਦੀ ਅੱਗ'। ਇਸ ਬਾਰੇ ਰੌਲਾ ਪਿਆ ਕਿ ਕਾਹਲੀ ਵਿੱਚ ਲਿਖਿਆ ਹਲਕਾ ਨਾਵਲ ਹੈ ਤੇ ਨਾਵਾਂ ਥਾਵਾਂ ਵੀ ਗ਼ਲਤ ਲਿਖੀਆਂ ਗਈਆਂ ਹਨ। ਕੀ ਇਲਜ਼ਾਮ ਠੀਕ ਸੀ ?

ਕੰਵਲ - ਦੁਨੀਆ ਦੀ ਹਰ ਚੀਜ਼ 'ਹਾਂਅ ਨਾਂਅ' ਦੇ ਹੁੰਗਾਰੇ ਨਾਲ ਉਸਰਦੀ ਢਹਿੰਦੀ ਐ। ਹਰ ਵਧੀਆ ਕਲਾ ਵਿਚ ਵੀ ਘੁਣਤਰੀਆਂ ਨੁਕਸ ਕੱਢੇ ਹਨ ਅਤੇ ਨੁਕਸ ਹੁੰਦੇ ਵੀ ਹਨ। ਹਰ ਬੰਦਾ ਕੁਝ ਵੀ ਉਸਾਰਦਾ ਹੈ; ਉਸ ਕੋਲੋਂ ਕੋਈ ਨਾ ਕੋਈ ਖਾਮੀ ਜ਼ਰੂਰ ਰਹਿ ਜਾਂਦੀ ਹੈ। 'ਬਰਫ਼ ਦੀ ਅੱਗ' ਸਮੇਂ ਮੈਂ ਵੀਹ ਕੁ ਦਿਨ ਇੰਗਲੈਂਡ ਦੋਸਤਾਂ ਕੋਲ ਰਿਹਾ ਸੀ। ਓਦੋਂ ਹੀ ਬਰਫ਼ ਦੀ ਅੱਗ ਲਿਖਣ ਦਾ ਵਾਅਕਿਆ ਪੈਦਾ ਹੋਇਆ। ਕਤਲ ਦਾ ਇਕ ਮੁਕੱਦਮਾ ਅਖ਼ਬਾਰਾਂ ਵਿਚ ਛਪਿਆ ਸੀ। ਉਹਦੇ ਕਿਰਦਾਰਾਂ ਤੋਂ ਬਰਫ਼ ਦੀ ਅੱਗ ਲਿਖਣ ਦਾ ਖ਼ਿਆਲ ਉਪਜਿਆ। ਹੁਣ ਬਹੁਤਾ ਕੁਝ ਯਾਦ ਵੀ ਨਹੀਂ। ਪਰ ਕੁਝ ਕਰੈਕਟਰਾਂ ਬਾਰੇ ਧੁੰਦਲੀ ਯਾਦ ਹੈ। ਦੋ ਕੁੜੀਆਂ ਇਕ ਇੰਗਲੈਂਡ ਤੇ ਦੂਜੀ ਪੰਜਾਬ ਬਾਰੇ ਸਿਦਕ ਦੀ ਗੱਲ ਆਖੀ ਗਈ ਸੀ। ਇਹ ਸਭ ਕੁਝ ਇੰਗਲੈਂਡ ਦੇ ਅਖਬਾਰਾਂ ਵਿੱਚ ਛਪਿਆ ਸੀ; ਜਿਸ ਤੋਂ ਪ੍ਰਭਾਵਤ ਹੋ ਕੇ ਛੋਟਾ ਨਾਵਲ ਬਰਫ਼ ਦੀ ਅੱਗ ਮੈਂ ਲਿਖਿਆ ਸੀ। ਉਹਦੇ ਵਿਚ ਓਥੋਂ ਦੇ ਕਿਰਦਾਰਾਂ ਦੇ ਚਲਣ ਨੂੰ ਮੁੱਖ ਰਖਿਆ ਸੀ। ਮਰਨ ਵਾਲੀ ਔਰਤ ਦਾ ਇਕ ਬੱਚਾ ਸੀ; ਜਿਹੜਾ ਰੋ ਰਿਹਾ ਸੀ। ਉਸ ਦਾ ਬਾਪ ਜਿਹੜਾ ਰਾਤ ਦੀ ਡਿਊਟੀ ਭੁਗਤਾ ਕੇ ਆਇਆ ਸੀ, ਘਰ ਵਾਲੀ ਨੂੰ ਮਜਬੂਰ ਕਰ ਰਿਹਾ ਸੀ, ਬੱਚੇ ਨੂੰ ਚੁੱਪ ਕਰਾ। ਮੈਂ ਰਾਤ ਦਾ ਅਨੀਂਦਰਾਂ ਲਾਹ ਕੇ ਸੌਣਾ ਹੈ। ਬੱਚਾ ਚੁੱਪ ਨਹੀਂ ਹੋ ਰਿਹਾ ਸੀ। ਇਸ ਗੱਲ ਦੀ ਝੁੰਜਲਾਹਟ ਤੋਂ ਮਰਦ ਨੇ ਜਨਾਨੀ ਨੂੰ ਧੱਕਾ ਮਾਰਿਆ ਤੇ ਕਮਜ਼ੋਰ ਔਰਤ ਡਿੱਗ ਕੇ ਮਰ ਗਈ। ਸ਼ਾਇਦ ਇਸ ਤਰ੍ਹਾਂ ਦੀ ਹੀ ਕਹਾਣੀ ਹੈ, ਜਿਹੜੀ ਮੈਨੂੰ ਹੁਣ ਪੂਰੀ ਤਰ੍ਹਾਂ ਯਾਦ ਨਹੀਂ। ਕਹਾਣੀ ਦਾ ਮਰਦ ਪਾਤਰ ਸਾਊ ਮਰਦ ਹੈ, ਜਿਸ ਨੂੰ ਇਕ ਗੋਰੀ ਤੇ ਇਕ ਦੇਸੀ ਨਰਸ ਕੁੜੀ ਪਿਆਰ ਕਰਦੀਆਂ ਹਨ। ਉਸ ਨਾਵਲ ਵਿੱਚ ਬਰਫ਼ ਤੇ ਅੱਗ ਦੇ ਸਿੰਬਲ ਖੜ੍ਹੇ ਕੀਤੇ ਗਏ ਹਨ। ਉਹ ਮਨੁੱਖਤਾ ਦੀ ਦੁਰਦਸ਼ਾ ਨੂੰ ਕਿਵੇਂ ਲੈਂਦੇ ਹਨ; ਉਹ ਚੜ੍ਹਦੇ ਲਹਿੰਦੇ ਸਭਿਆਚਾਰਾਂ ਦਾ ਇਕ ਤਰ੍ਹਾਂ ਟਕਰਾਅ ਹੈ। ਨਰਸ ਕੁੜੀ ਛੋਟੇ ਮੁੰਡੇ ਨੂੰ ਇਸ ਤਰ੍ਹਾਂ ਗੋਦ ਲੈ ਲੈਂਦੀ ਹੈ, ਜਿਹੜੀ ਉਸ ਨੂੰ ਪਿਆਰ ਕਰਦੀ ਹੈ, ਮੈਂ ਪੂਰਬ ਪੱਛਮ ਦੇ ਟਕਰਾਅ ਵਿਚੋਂ ਪੂਰਬ ਦੀ ਮਨੁੱਖੀ ਹਮਦਰਦੀ ਵੱਧ ਵਖਾਣ ਦੀ ਕੋਸ਼ਸ਼ ਕੀਤੀ ਸੀ। ਹੁਣ ਉਸ ਕਹਾਣੀ ਬਾਰੇ ਬਹੁਤਾ ਕੁਝ ਯਾਦ ਨਹੀਂ। ਪਰ ਮਨੁੱਖੀ ਹਮਦਰਦੀ ਨੂੰ ਮੈਂ ਮੁੱਖ ਰਖਣ ਦੀ ਕੋਸ਼ਿਸ਼ ਜ਼ਰੂਰ ਕੀਤੀ ਹੈ। ਹਾਂ, ਇੰਗਲੈਂਡ ਦੇ ਫੰਨੇ ਖਾਂ ਨਾਵਲਕਾਰਾਂ ਨਾਲ ਮੇਰਾ ਕੋਈ ਮੁਕਾਬਲਾ ਨਹੀਂ। ਉਸ ਪਲਾਟ ਉੱਤੇ ਓਥੋਂ ਦਾ ਲੇਖਕ ਜੇ ਕਹਾਣੀ ਉਸਾਰਦਾ ਉਹ ਬਹੁਤ ਵਧੀਆ ਹੋਣੀ ਸੀ 'ਪਰ ਯਿਹ ਨਾ ਥੀ ਹਮਾਰੀ ਕਿਸਮਤ' ਨੁਕਤਾਚੀਨਾਂ ਨੇ ਇਹ ਨਹੀਂ ਸੋਚਿਆ, ਥੋੜ੍ਹੇ ਦਿਨ ਇੰਗਲੈਂਡ ਰਹਿਣ ਵਾਲਾ, ਜਿਹੜਾ ਓਥੋਂ ਦੀਆਂ ਸਮਾਜੀ ਕਦਰਾਂ ਕੀਮਤਾਂ ਤੋਂ ਬਹੁਤਾ ਜਾਣੂੰ ਨਹੀਂ ਸੀ, ਇਕ ਕਹਾਣੀ ਵਾਹ ਗਿਆ। ਉਹਦੇ ਕਲਾ ਪ੍ਰਬੰਧਾਂ ਬਾਰੇ ਨੁਕਸ ਹੋ ਸਕਦੇ ਹਨ; ਮੈਂ ਸਵੀਕਾਰ ਕਰਦਾ ਆਂ। ਪਰ ਬੁਨਿਆਦੀ ਮਨੁਖੀ ਹਮਦਰਦੀ ਉਸ ਵਿੱਚ ਕਾਇਮ ਦਾਇਮ ਹੈ; ਜਿਹੜੀ ਸਾਹਿਤ ਦੀ ਰੀੜ੍ਹ ਹੁੰਦੀ ਐ। ਨੁਕਤਾਚੀਨਾਂ ਦਾ ਮੈਂ ਧੰਨਵਾਦ ਹੀ ਕਰਾਂਗਾ; ਉਹਨਾਂ 'ਬਰਫ਼ ਦੀ ਅੱਗ' ਦਾ ਜ਼ਿਕਰ ਤਾਂ ਕੀਤਾ।

## ਐਮਰਜੈਂਸੀ 'ਚ 'ਲਹੂ ਦੀ ਲੋਅ'

ਸਵਾਲ - ਇਸ ਪਿੱਛੋਂ ਐਮਰਜੈਂਸੀ ਦੌਰਾਨ ਤੁਹਾਡਾ ਨਾਵਲ 'ਲਹੂ ਦੀ ਲੋਅ' ਛਪਿਆ ਸੀ, ਜੋ ਨਕਸਲੀ ਲਹਿਰ ਬਾਰੇ ਸੀ। ਇਹਦੀ ਪਹਿਲੀ ਐਡੀਸ਼ਨ ਦੇਸੋਂ ਬਾਹਰ ਹੀ ਹੋਈ ਤੇ ਬਹੁਤੀ ਬਾਹਰ ਹੀ ਪੜ੍ਹੀ ਪਈ। ਏਥੇ ਤੁਸੀਂ ਅਗਾਂਹ ਵਧੂ ਲਹਿਰ ਨਾਲੋਂ ਟੁੱਟ ਗਏ। ਕੀ ਇਹਦਾ ਕੋਈ ਖਾਸ ਕਾਰਨ ਸੀ ?

ਕੰਵਲ - ਨਈਂ ਨਈਂ ਓ ਭਰਾਵੋ, ਮੈਂ ਅਪਣੇ ਮਨੁੱਖੀ ਅਕੀਦੇ ਉੱਤੇ ਉਸ ਤਰ੍ਹਾਂ ਹੀ ਪਹਿਲਾਂ ਵਾਂਗ ਕਾਇਮ ਦਾਇਮ ਆਂ। ਜੇ ਲੜਨ ਵਾਲੇ ਹੀ ਹਥਿਆਰ ਸੁੱਟ ਦੇਣ; ਤਾਰੀਖ਼ ਲਿਖਣ ਵਾਲੇ ਦਾ ਕੀ ਕਸੂਰ? ਹਥਿਆਰ ਸੁਟਵਾਏ ਖੁਰਸ਼ਚੇਵ ਨੇ; ਉਸ ਦਾ ਸਿਆਪਾ ਕੋਈ ਨਹੀਂ ਕਰਦਾ। ਇਸ ਤਰ੍ਹਾਂ ਕੀਤਿਆਂ ਸੋਵੀਅਤ ਦੇਸ ਦੀ ਮੁਫ਼ਤਖੋਰੀ ਵਿਚ ਸੈਰਾਂ ਖੁੱਸਦੀਆਂ ਸਨ। ਖੁਰਸ਼ਚੇਵ ਦੀ ਪਾਲਿਸੀ ਨੇ ਸੋਸ਼ਲਿਸਟ ਦੇਸ ਦਾ ਤਖ਼ਤਾ ਹੀ ਮੂਧਾ ਮਾਰ ਦਿੱਤਾ। ਪੰਜਾਬ ਵਿਚ ਨਕਸਲੀ ਲਹਿਰ ਵਿਚ ਤਰਾਸੀ ਮੁੰਡੇ ਫੜ ਕੇ ਮਾਰੇ ਗਏ, ਫੜਾਉਣ ਵਾਲੇ ਥਾਣਿਆਂ ਵਿਚ ਓਦੋਂ ਧਨੇਸੂ ਬਣੇ ਬੈਠੇ ਸੀ। ਕਮਿਊਨਿਸਟ ਪਾਰਟੀਆਂ ਨੇ ਤਾਂ ਉਹਨਾਂ ਦੀਆਂ ਸ਼ਹਾਦਤਾਂ ਪ੍ਰਤੀ ਅਫ਼ਸੋਸ ਦੇ ਮਤੇ ਵੀ ਪਾਸ ਨਹੀਂ ਕੀਤੇ; ਤੁਸੀਂ ਇਹਨਾਂ ਨੂੰ ਅਗਾਂਹ ਵਧੂ ਆਖਦੇ

ਹੋ? ਮੈਂ ਇਹਨਾਂ ਦੋਹਾਂ ਪਾਰਟੀਆਂ ਨੂੰ ਪੁੱਛਦਾ ਆਂ; ਇਹਨਾਂ ਹੁਣ ਤੱਕ ਕਿਹਾੜਾ ਮਾਅਰਕਾ ਮਾਰਿਆ ਹੈ? ਕੀ ਇਹ ਖੱਬੀਆਂ ਸੱਜੀਆਂ ਦੋਵੇਂ ਇਨਕਲਾਬੀ ਹਨ? ਇਨਕਲਾਬ ਦਾ ਨਾਂ ਜੋੜ ਲੈਣ ਤਾਂ ਇਨਕਲਾਬੀ ਨਹੀਂ ਬਣਿਆ ਜਾਂਦਾ। ਇਹਨਾਂ ਲੀਡਰੀਆਂ ਹੰਢਾਈਆਂ। ਸਰਮਾਏਦਾਰੀ ਆਫਰ ਕੇ ਪਾਟਣ 'ਤੇ ਆ ਗਈ। ਮੁਫ਼ਤੋ ਮੁਫ਼ਤੀ ਰੂਸ ਚੀਨ ਦੀਆਂ ਕੀਤੀਆਂ ਸੈਰਾਂ ਦੇ ਨਤੀਜੇ ਤਾਂ ਦੇਸ ਦੇ ਲੋਕਾਂ ਨੇ ਭੁਗਤੇ ਹਨ। ਖਿੜਕੀਆਂ ਰਾਜਸੀ ਪਾਰਟੀਆਂ ਨਾਲ ਖਲੋਣ ਨਾਲੋਂ ਲੋਕਾਂ ਨਾਲ ਖਲੋਣਾ ਮੈਨੂੰ ਮੇਰੇ ਪੰਜਾਬ ਦੇ ਜੁੱਸੇ ਨੇ ਸਿਖਾਇਆ ਸੀ, ਤੇ ਮੈਂ 'ਲਹੂ ਦੀ ਲੋਅ' ਲਿਖਕੇ ਸ਼ਹੀਦ ਨੌਜਵਾਨਾਂ ਤੇ ਉਹਨਾਂ ਦੇ ਮਾਂ ਬਾਪ ਨੂੰ ਦਿਲੀ ਹੌਸਲੇ ਵਾਲੀ ਸਲਾਮ ਦਿੱਤੀ ਹੈ। ਮੈਂ ਅਪਣਾ ਮਨੁੱਖੀ ਫਰਜ਼ ਪਾਲਿਆ ਹੈ। ਭੀੜ ਪਈ ਤੋਂ ਛੱਡ ਜਾਣ ਵਾਲੇ ਗ਼ਦਾਰ ਹੁੰਦੇ ਹਨ। ਇਹ ਮੇਰੀ ਕਲਮ ਦੇ ਸਿਦਕ ਦੀ ਸਲਾਮ ਸੀ। ਇਹ ਦੋਵੇਂ ਪਾਰਟੀਆਂ ਲੱਖ ਫੰਨੇ ਖਾਂ ਬਣੀਆਂ ਫਿਰਨ, ਹਨ ਤਾਂ ਲੋਕ ਇਨਕਲਾਬ ਤੋਂ ਭਗੌੜੀਆਂ। ਮੈਂ ਤੁਹਾਨੂੰ ਪੁੱਛਦਾ ਆਂ, ਮੈਂ ਕਿਹੜੀ ਅਗਾਂਹਵਧੂ ਲਹਿਰ ਨਾਲੋਂ ਟੁੱਟ ਗਿਆ ਸੀ? ਜਿਹੜੀ ਲੋਕਾਂ ਦੇ ਹਿੱਤਾਂ ਵਾਲੇ ਇਨਕਲਾਬ ਤੋਂ ਭਗੌੜੀ ਹੋ ਗਈ ਸੀ। ਬਰਾਏ ਮਿਹਰਬਾਨੀ ਮੈਨੂੰ ਲੋਕਾਂ ਨਾਲ ਖੜ੍ਹਾ ਰਹਿਣ ਦਿਓ; ਉਹ ਮੇਰੇ ਮਾਂ ਬਾਪ ਹਨ।

ਸਵਾਲ – 'ਲਹੂ ਦੀ ਲੋਅ' ਦੇ ਵਿਰੁੱਧ ਇਕ ਕਿਤਾਬਚਾ ਰਘਬੀਰ ਢੰਡ ਵੱਲੋਂ ਛਪਿਆ ਸੀ। ਜਿਸ ਵਿਚ ਤੁਹਾਡੀ ਵਿਚਾਰਧਾਰਾ ਅਤੇ ਸਿਰਜਣ ਸੂਝ ਬਾਰੇ ਗੰਭੀਰ ਦੋਸ਼ ਸਨ। ਕੀ ਉਹ ਤੁਸੀਂ ਵਿਚਾਰਿਆ? ਉਹਦੀ ਰੌਸ਼ਨੀ ਵਿਚ ਅਪਣਾ ਅੰਦਰ ਫਰੋਲਿਆ ਸੀ ?

ਕੰਵਲ – ਭੈਣੇ ਤੂੰ ਵੀ ਕੁਝ ਕਹਿਣ ਨੂੰ ਮਰਦੀ ਏਂ, ਤੇਰੀ ਮੈਂਹ ਤਾਂ ਖ਼ਲ ਨਹੀਂ ਖਾਂਦੀ। ਚੰਗੀ ਗਲ ਇਹ ਸੀ, ਰਘਬੀਰ ਢੰਡ ਨੇ ਜਿਹੜੀਆਂ ਗੱਲਾਂ ਮੈਨੂੰ ਲਿਖੀਆਂ ਹਨ; ਉਹ ਅਪਣੀ ਮਾਂ ਪਾਰਟੀ ਨੂੰ ਲਿਖਦਾ; ਜਿਸ ਇਨਕਲਾਬ ਹੀ ਮੂਧਾ ਮਾਰ ਕੇ ਰੱਖ ਦਿੱਤਾ। ਪੰਜਾਬ ਦੀ ਪੁਲੀਸ ਨੇ ਬੇਗੁਨਾਹ ਤਰਾਸੀ ਮੁੰਡੇ ਫੜ ਕੇ ਫਰਜ਼ੀ ਮੁਕਾਬਲੇ ਬਣਾ ਕੇ ਮਾਰ ਦਿੱਤੇ, ਰਘਬੀਰ ਢੰਡ ਤੇ ਉਹਦੀ ਮਾਰਕਸੀ ਪਾਰਟੀ ਤੋਂ ਤਾਂ ਹਾਅ ਦਾ ਨਾਅਰਾ ਵੀ ਮਾਰਿਆ ਨਹੀਂ ਗਿਆ। ਮੈਨੂੰ ਅਫ਼ਸੋਸ ਐ, ਚੰਗਾ ਕਹਾਣੀਕਾਰ ਰਘਬੀਰ ਢੰਡ ਚਲਾਣਾ ਕਰ ਗਿਆ। ਚਲਾਣਾ ਕਰ ਗਏ ਬਾਰੇ, ਮਾੜੇ ਸ਼ਬਦ ਵਰਤਣਾ ਦੋਜ਼ਖਾਂ ਦਾ ਅਧਿਕਾਰੀ ਬਣਨਾ ਹੁੰਦਾ ਹੈ। ਇਕ ਗੱਲ ਜ਼ਰੂਰ ਆਖਾਂਗਾ, ਮੈਂ ਬੇਗੁਨਾਹ ਫੜ ਕੇ ਮਾਰੇ ਮੁੰਡਿਆਂ ਬਾਰੇ 'ਲਹੂ ਦੀ ਲੋਅ' ਲਿਖ ਕੇ ਹਾਅ ਦਾ ਨਾਅਰਾ ਮਾਰਿਆ; ਰਘਬੀਰ ਢੰਡ ਤੇ ਉਸ ਦੀ ਪਾਰਟੀ ਨੇ ਤਾਂ ਅਫ਼ਸੋਸ ਦਾ ਮਤਾ ਵੀ ਨਹੀਂ ਕੀਤਾ। ਹਾਂ, ਰਘਬੀਰ ਦੀ ਕਹਾਣੀ 'ਸ਼ਾਨੇ ਪੰਜਾਬ' ਨੇ ਜ਼ਰੂਰ ਉਹਨਾਂ ਮੁੰਡਿਆਂ ਦੀ ਅਜ਼ਮਤ ਦੀ ਸ਼ਾਹਦੀ ਭਰੀ ਹੈ। ਹਾਅ ਦਾ ਨਾਅਰਾ ਤਾਂ ਸੱਤ ਬੇਗਾਨੇ ਲਈ ਵੀ ਮਾਰਿਆ ਜਾਂਦਾ ਹੈ; ਉਹ ਨੌਜਵਾਨ ਮਾਂ ਪਾਰਟੀ ਵਿਚੋਂ ਗਏ ਸਨ। ਲੋਕਾਂ ਲਈ ਮਰਨ ਵਾਲੇ ਤਾਂ ਸ਼ਹੀਦ ਸਨ, ਪੰਜਾਬ ਦੇ ਵਾਰਸ ਪੁੱਤਰ ਸਨ। ਮੈਨੂੰ ਮਾਣ ਹੈ, ਮੈਂ ਸ਼ਹੀਦਾਂ ਦੀ ਦਾਸਤਾਨ ਲਿਖ ਕੇ ਉਹਨਾਂ ਨੂੰ ਸਲਾਮ ਕੀਤੀ ਹੈ। ਮੈਂ ਪਾਰਟੀ ਤਫ਼ਰਕਿਆਂ ਦੀ ਦਿਲੋਂ ਨਖੇਧੀ ਕਰਦਾ ਆਂ। ਉਹਨਾਂ ਸੂਰਮਿਆਂ ਦੀ ਕੁਰਬਾਨੀ ਪੰਜਾਬ ਦੀ ਤਾਰੀਖ਼ ਦਾ ਮਾਣ ਸਵੈਮਾਣ ਹੈ। ਕੌਮੀ ਸ਼ਹੀਦਾਂ ਨੂੰ ਜੇ ਸਲਾਮ ਨਹੀਂ ਦਿੱਤੀ ਜਾ ਸਕਦੀ; ਲਾਹਨਤ ਹੈ ਡਾਲਡਾ ਪਾਰਟੀਆਂ ਤੇ ਉਹਨਾਂ ਦੇ ਆਗੂਆਂ ਨੂੰ ।

## ਭਿੰਡਰਾਂਵਾਲਿਆਂ ਨਾਲ ਮੁਲਾਕਾਤ

ਸਵਾਲ – ਪੰਜਾਬ ਵਿੱਚ ਮੂਲਵਾਦੀ ਅੱਤਵਾਦ ਦਾ ਦੌਰ ਆਇਆ ਤਾਂ ਤੁਸੀਂ ਅਪਣੀਆਂ ਲਿਖਤਾਂ ਦਾ ਮੁਹਾਣ ਅੱਧਾ ਕੁ ਇਹਨਾਂ ਅੱਤਵਾਦੀਆਂ ਦੇ ਹੱਕ ਵਿੱਚ ਮੋੜ ਲਿਆ। ਮਸ਼ਹੂਰ ਹੋਇਆ ਕਿ ਹੁਣ ਕੰਵਲ ਭਾਵੇਂ ਕਿੰਨਾ ਵੀ ਵਧੀਆ ਲਿਖੇ, ਪਰ ਉਹਦਾ ਵਿਚਾਰਧਾਰਕ ਨਿਘਾਰ ਹੋ ਗਿਆ ਹੈ। ਤੁਸੀਂ ਇਹਦੇ ਜਵਾਬ ਵਿਚ ਕੀ ਕਹਿੰਦੇ ਹੋ ?

ਕੰਵਲ – ਇਹ ਲੜਾਈ ਛਿੜਨ ਤੋਂ ਚਾਰ ਦਿਨ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ 'ਤੇ ਮੈਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਖੁੱਲ੍ਹ ਕੇ

ਮਿਲਿਆ ਸਾਂ ਤੇ ਸਪਸ਼ਟ ਕਿਹਾ ਸੀ, ਤੁਹਾਡਾ ਟਕਰਾਅ ਗ਼ਲਤ ਹੈ। ਇਹ ਸਮਾਂ ਲੋਕਾਂ ਦੀ ਤਾਕਤ ਨੂੰ ਜੋੜਨ ਦਾ ਹੈ, ਤੋੜਨ ਦਾ ਨਹੀਂ। ਸਰਕਾਰ

ਤੁਹਾਡੇ ਕੋਲੋਂ ਨਹੀਂ, ਲੋਕਾਂ ਤੋਂ ਭੈਅ ਖਾਂਦੀ ਹੈ। ਉਹ ਉਲਟਾ ਮੇਰੇ ਗਲ ਪੈ ਗਿਆ ਕਿ ਤੂੰ ਮੈਨੂੰ ਸ਼ਹਾਦਤ ਤੋਂ ਥਿੜਕਾਉਣ ਆਇਆ ਏਂ। ਮੈਂ ਸਮਝਾਣ ਦੇ ਬੜੇ ਯਤਨ ਕੀਤੇ; ਪਰ ਉਹ ਅਪਣੀ ਜ਼ਿਦ 'ਤੇ ਅੜਿਆ ਰਿਹਾ। ਮੈਂ ਉਸ ਸਮੇਂ ਦੀ ਕਮਿਊਨਿਸਟ ਪਾਰਟੀ ਦੇ ਲੀਡਰਾਂ ਵਾਂਗ ਨਹੀਂ ਸੋਚਦਾ। ਖੋਟੇ ਹੁੰਦੇ ਬੰਦੇ ਨੂੰ ਲੋਕਾਂ ਦੀ ਲੀਹ ਵਲ ਮੋੜਨਾ, ਮਾੜੀ ਗਲ ਨਹੀਂ ਸੀ। ਉਹ ਆਖਦਾ ਸੀ, ਮੈਂ ਗੁਰੂ ਅੱਗੇ ਸਿਰ ਦੇਣ ਦੀ ਅਰਦਾਸ ਕਰ ਚੁੱਕਾ ਆਂ। ਜਦ ਉਸ ਮੇਰੀਆਂ ਦਲੀਲਾਂ ਵੀ ਪਰਾਂਹ ਵਗਾਹ ਮਾਰੀਆਂ, ਤਦ ਮੈਂ ਆਖਿਆ–

''ਜੇ ਸ਼ਹਾਦਤ ਹੀ ਦੇਣੀ ਹੈ, ਸ਼ਾਮ ਦੇ ਦੀਵਾਨ ਵਿੱਚ ਸੰਗਤ ਤੋਂ ਪੁੱਛ ਲਵੀਂ। ਜੇ ਸੰਗਤ ਨੇ ਆਗਿਆ ਦੇ ਦਿੱਤੀ, ਮੈਂ ਤੇਰੇ ਨਾਲ ਮਰਾਂਗਾ। ਸੰਗਤ ਗੁਰੂ ਨਾਲੋਂ ਵੱਡੀ ਸ਼ਕਤੀ ਰਖਦੀ ਹੈ?''



ਸਤਰੰਜ ਦੀ ਬਾਜ਼ੀ– ਢੁੱਡੀਕੇ– 1970

ਉਹ ਸੰਗਤ ਕੋਲ ਜਾਣ ਤੋਂ ਭੱਜ ਉਠਿਆ ਤੇ ਆਖਣ ਲੱਗਾ–

''ਤੂੰ ਮੈਨੂੰ ਸ਼ਹਾਦਤ ਤੋਂ ਥਿੜਕਾਉਣ ਆਇਆ ਏਂ, ਮੈਂ ਪੱਕੀ ਧਾਰ ਲਈ ਹੈ।'' ਏਨੀ ਕਹਿ ਕੇ ਉਹ ਉੱਠ ਖਲੋਤਾ। ਸਾਡੀ ਇਹ ਆਖ਼ਰੀ ਚਰਚਾ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਈ ਸੀ। ਸੰਤ ਦੀ ਜ਼ਿਦ ਦੇ ਨਤੀਜਿਆਂ ਦੀ ਬਰਬਾਦੀ ਬਾਰੇ, ਮੈਂ ਪਹਿਲੋਂ ਜਾਣ ਗਿਆ ਸਾਂ। ਬੜੇ ਦੁੱਖ ਤੇ ਅਫ਼ਸੋਸ ਨਾਲ ਮੈਂ ਪਿੰਡ ਵਾਪਸ ਆ ਗਿਆ। ਨਤੀਜੇ ਮੇਰੀ ਸੋਚ ਨਾਲੋਂ ਵੀ ਮਾੜੇ ਵਾਪਰੇ। ਪੇਂਡੂ ਕਿਸਾਨੀ ਦੀ ਸਿੱਖ ਵਰਾਸਤ ਤੋਂ ਜਨਮ ਲਿਆ ਸੀ। ਸ੍ਰੀ ਅਕਾਲ ਤਖਤ, ਜਿਹੜਾ ਸਿੱਖ ਕੌਮ ਦਾ ਸਿਖ਼ਰਲਾ ਸਤਿਕਾਰ ਸੀ, ਨੂੰ ਕੇਂਦਰੀ ਸਰਕਾਰ ਦੀਆਂ ਤੋਪਾਂ ਟੈਂਕਾਂ ਨਾਲ ਢਾਹੁਣਾ ਮੈਂ ਹੀ ਨਹੀਂ, ਕੋਈ ਵੀ ਕਿਵੇਂ ਬਰਦਾਸ਼ਤ ਕਰ ਸਕਦਾ ਸੀ। ਇਕ ਸਾਲ ਪਹਿਲਾਂ ਇੰਦਰਾ ਤੇ ਸੰਤ, ਗੁਰਦਾਸਪੁਰ ਦੀ ਪਾਰਲੀਮਾਨੀ ਸੀਟ ਅਕਾਲੀਆਂ ਤੋਂ ਖੋਹਣ ਲਈ ਇਕ ਸਟੇਜ ਤੋਂ ਸਾਂਝੀਆਂ ਤਕਰੀਰਾਂ ਕਰ ਰਹੇ ਸਨ। ਹਕੀਕਤ ਇਹ ਸੀ, ਇੰਦਰਾ, ਸੰਤ ਜਰਨੈਲ ਸਿੰਘ ਨੂੰ ਅਪਣੇ ਨਾਲ ਜੋੜ ਕੇ ਅਕਾਲੀਆਂ ਨੂੰ ਪੰਜਾਬ ਵਿਚੋਂ ਮਾਰਨਾ ਚਾਹੁੰਦੀ ਸੀ। ਉਹ ਜੁੜਿਆ ਨਹੀ; ਤੇ ਤਾਰੀਖ਼ੀ ਪੁਆੜੇ ਖੜ੍ਹੇ ਹੋ ਗਏ।

ਅਗਲੀ ਗੱਲ ਜਰਨੈਲ ਸਿੰਘ ਦੀ ਸ਼ਹਾਦਤ ਤੇ ਸ੍ਰੀ ਅਕਾਲ ਤਖ਼ਤ ਦੀ ਹਿਰਦੇਵੇਧਕ ਬਰਬਾਦੀ ਨੇ ਜਵਾਨੀ ਦੇ ਜ਼ੋਸ਼ ਨੂੰ ਸੀਖ ਪਾ ਕਰ ਦਿੱਤਾ। ਸ੍ਰੀ ਅਕਾਲ ਤਖ਼ਤ ਦਾ ਢਹਿਣਾ ਤੇ ਗੁਰੂ ਰਾਮਦਾਸ ਸਰਾਂ ਵਿੱਚ ਨਹੱਥੀ ਸੰਗਤ ਦੀ ਕਤਲਾਮ ਕਮਿਊਨਿਸਟ ਲੀਡਰਾਂ ਤੋਂ ਜਵਾਬ ਮੰਗਦੀ ਹੈ। ਜਿਹੜੇ ਸੱਚ ਦੀ ਹੁੰਦੀ ਕਤਲਾਮ ਵੇਖ ਕੇ ਨੁਕਤਾਚੀਨੀ ਹੀ ਕਰ ਸਕਦੇ ਹਨ; ਉਹ ਕੀ ਹੁੰਦੇ ਹਨ ? ਮੈਂ ਤੁਹਾਡੇ ਕੋਲੋਂ ਪੁੱਛਦਾ ਆਂ; ਪੰਜ ਸੱਤ ਜੁੜ ਕੇ ਵਿਰੋਧੀ ਬਿਆਨ ਦੇਣ ਵਾਲੇ ਤੇ ਕੌਮੀ ਹਿੱਤਾਂ ਲਈ ਸਿਰ ਦੇਣ ਵਾਲਿਆਂ ਨੂੰ, ਤਾਰੀਖ਼ ਕੀ ਇਕੋ ਰੱਸੇ ਬੰਨ ਸਕਦੀ ਹੈ? ਸ੍ਰੀ ਅਕਾਲ ਤਖਤ ਢਹਿ ਢੇਰੀ ਹੋ ਜਾਣ ਪਿੱਛੋਂ ਜਜ਼ਬਾਤ 'ਚ ਆਏ ਮੁੰਡਿਆਂ ਦਾ ਜ਼ੋਸ਼ ਗਲਤ ਰਾਹ ਪੈ ਗਿਆ ਤੇ ਪੁਲੀਸ ਨੇ ਟਰੇਨਿੰਗ ਦੇ ਕੇ ਬਦਮਾਸ਼ਾਂ ਨੂੰ ਜੁਝਾਰੂਆਂ ਨਾਲ ਜੋੜ ਦਿੱਤਾ। ਅਨਾੜੀਆਂ ਸਿੱਖੀ ਬਦਨਾਮ ਕਰਨੀ ਸ਼ੁਰੂ ਕਰ ਦਿੱਤੀ। 'ਸਿਆਣੇ' ਆਗੂ ਸਾਰੇ ਦੜ ਵਟ ਗਏ। ਸਰਕਾਰ ਦੀ ਜ਼ਬਰਦਸਤੀ ਨੂੰ ਕੌਣ ਆਖੇ, ਰਾਣੀ ਅੱਗਾ ਢਕ। ਫਿਰ ਏਸੇ ਸਰਕਾਰ ਦੇ ਆਗੂਆਂ ਸ੍ਰੀ ਦਰਬਾਰ ਸਾਹਿਬ ਹੱਥ ਜੋੜ ਕੇ ਮਾਫ਼ੀ ਮੰਗੀ। ਕਮਿਊਨਿਸਟ ਆਗੂਆਂ ਨਾ ਇਨਕਲਾਬ ਲਿਆਂਦਾ, ਉਲਟੀ ਖੇਹ ਮਿੱਟੀ ਸਿਰ ਜ਼ਰੂਰ ਪਵਾ ਲਈ ।

ਇਕ ਵਾਅਕਿਆ ਹੋਰ ਸੁਣ ਲਵੋ। ਬਾਹਰਲੇ ਘਰ ਇਕੱਲਾ ਹੀ ਕੁਝ ਪੜ੍ਹ ਲਿਖ ਰਿਹਾ ਸਾਂ। ਤਿੰਨ ਖਾੜਕੂ ਸਿਰ 'ਤੇ ਆ ਖੜੇ। ਦੋਂਹ ਕੋਲੇ ਬੰਦੂਕਾਂ ਸਨ ਤੇ ਇਕ ਕੋਲੇ ਨੰਗੀ ਤਲਵਾਰ ਲਿਸ਼ਕ ਰਹੀ ਸੀ। ਉਹਨਾਂ ਤਿੰਨਾਂ ਵਿਚੋਂ ਇਕ ਰੋਡਿਆਂ ਵਾਲੇ ਸਿੰਘ ਨੂੰ ਮੈਂ ਜਾਣਦਾ ਸਾਂ। ਮੈਂ ਉੱਠ ਕੇ ਫਤਹਿ ਬੁਲਾਈ। ਮਨ ਨੇ ਆਖਿਆ, ਖੈਰ ਹੱਥੇ ਨਹੀਂ। ਇਕ ਸਿੰਘ ਜਬ੍ਹੇ ਨਾਲ ਬੋਲਿਆ–

''ਕੰਵਲ ਸਿਆਂ! ਸਿੰਘਾਂ ਵਿਰੁਧ ਲਿਖਣਾ ਬੰਦ ਕਰ, ਤੇਰੀਆਂ ਕੱਚੀਆਂ ਸਲਾਹਾਂ ਦੀ ਖਾਲਸੇ ਨੂੰ ਲੋੜ ਨਹੀਂ। ਆਹ ਫੜ ਬੰਦੂਕ ਤੇ ਗੁਰੂ ਦਾ ਸਿੰਘ ਬਣ, ਸਾਡੇ ਨਾਲ ਉੱਠ ਕੇ ਤੁਰ। ਨਹੀਂ, ਪੁੱਠਾ ਸਿੱਧਾ ਲਿਖਣੋਂ ਵੀ ਜਾਏਂਗਾ।'' ਇਹ ਇਕ ਤਰ੍ਹਾਂ ਉਹਨਾਂ ਵੱਲੋਂ ਵਾਰਨਿੰਗ ਸੀ।

''ਕਲਮ ਤੁਹਾਡੇ ਹਥਿਆਰ ਨਾਲੋਂ ਪਹਿਲਾਂ ਹੀ ਤੇਜ਼ ਤਰਾਰ ਮੇਰੇ ਹੱਥ ਐ। ਤੁਹਾਡੇ ਜਜ਼ਬਾਤ ਅੰਨ੍ਹੀ ਲੜਾਈ ਲੜ ਰਹੇ ਐ। ਮੇਰੀ ਸਲਾਹ ਐ, ਚਟਾਨ ਨਾਲ ਮੱਥਾ ਨਾ ਮਾਰੋ।'' ਮੈਂ ਦਰਿੜ ਹਲੀਮੀ ਨਾਲ ਮੋੜ ਦਿੱਤਾ। ''ਚਾਹ ਪਾਣੀ ਦੀ ਸੇਵਾ ਦੱਸੋ ?''

''ਤੈਨੂੰ ਸੌ ਦੀ ਇੱਕੋ ਨਬੇੜੀ, ਜੇ ਗੁਰੂ ਦਾ ਸਿੰਘ ਏਂ ਤਾਂ ਉੱਠ ਕੇ ਨਾਲ ਤੁਰ, ਨਹੀਂ ਲਿਖਣਾ ਅਜ ਤੋਂ ਬੰਦ ਕਰ।'' ਰੋਡਿਆਂ ਵਾਲੇ ਜਾਣਕਾਰ ਨੇ ਮੇਰਾ ਮੋਢਾ ਹਲੂਣਿਆ।

''ਜਿਸ ਕੱਚੇ ਅਨਾੜੀਪੁਣੇ ਨਾਲ ਤੁਸਾਂ ਹਥਿਆਰ ਚੁੱਕੇ ਐ, ਇਹ ਤੁਹਾਨੂੰ ਮਰਵਾ ਦੇਣਗੇ; ਹਾਲੇ ਸੰਗਤ ਵਿਚ ਸਿਰ ਛੁਪਾ ਲਵੋ; ਜਿੱਤ ਦੇ ਡੇਰੇ ਦੂਰ, ਬਹੁਤ ਦੂਰ ਹੋ ਗਏ। ਕਿਸਾਨ ਅਗਲੇ ਸਾਲ ਲਈ ਕਮਾਦ ਦਾ ਕੁੱਝ ਹਿੱਸਾ ਬੀਜ ਵਜੋਂ ਬਚਾਅ ਰਖਦਾ ਏ।'' ਮੇਰੀ ਠੋਸ ਦਲੀਲ ਬਾਹਰੋਂ ਗੱਡੀ ਕੋਲੋਂ ਆਏ ਚੌਥੇ ਸਿੰਘ ਨੇ ਥਾਏਂ ਕੱਟ ਦਿੱਤੀ–

''ਏਥੇ ਗੋਲ਼ੀਆਂ ਨਾ ਰੇੜੋ। ਇਹ ਤੁਹਾਡੇ ਮਨਾਉਣ ਦਾ ਨਹੀਂ। ਅਗਲਾ ਮੌਕਾ ਪਹੁੰਚ ਕੇ ਸੰਭਾਲੀਏ।'' ਉਹ ਹੱਥ ਨਾਲ ਤੁਰਨ ਦੀ ਕਾਹਲੀ ਕਰ ਰਿਹਾ ਸੀ।

ਗੱਲ ਕੀ ਆਉਣ ਵਾਲਾ ਉਹਨਾਂ ਤਿੰਨਾਂ ਨੂੰ ਖਿੱਚ ਕੇ ਲੈ ਗਿਆ ਤੇ ਉਹਨਾਂ ਬੁੱਟਰ ਪਿੰਡ ਲੰਘ ਕੇ ਪੁਲੀਸ ਚੌਕੀ ਦੇ ਤਿੰਨ ਸਪਾਹੀ ਜਾ ਮਾਰੇ। ਸਾਰੇ ਬਾ ਪਾਹਰਿਆ ਹੋ ਗਈ। ਦੋ ਦਿਨਾਂ ਬਾਅਦ ਉਹਨਾਂ ਚਾਰਾਂ ਵਿਚੋਂ ਤਿੰਨ ਪੁਲੀਸ ਮੁਕਾਬਲੇ ਵਿਚ ਮਾਰੇ ਗਏ। ਮੇਰੇ ਮਨ ਨੇ ਆਖਿਆ, ਹੋਰ ਕੁਝ ਹੋਵੇ ਨਾ ਹੋਵੇ, ਪੰਜਾਬ ਨਹੀਂ ਬਚਦਾ। ਜਦੋਂ ਵਾਲੀ ਵਾਰਸ ਖੁੱਡਾਂ ਵਿਚ ਬਹਿਕੇ ਲੁਕ ਜਾਣ, ਕੌਮ ਓੜ੍ਹ ਬਹੋੜੂ ਬਿਨਾਂ ਕਿਵੇਂ ਬਚ ਸਕਦੀ ਹੈ। ਸਰਕਾਰ ਦੇ ਤਿਆਰਸ਼ੁਦਾ ਸਿੰਘਾਂ ਨੇ ਉਹ ਤਬਾਹੀ ਮਚਾਈ, ਧੀਆਂ ਭੈਣਾਂ ਦੀਆਂ ਇੱਜ਼ਤਾਂ ਦਾਗ਼ਦਾਰ ਕੀਤੀਆਂ, ਰਹੇ ਰੱਬ ਦਾ ਨਾਂ। ਉਹ ਵੀ ਸਿੰਘ ਜਨ, ਜਿਹੜੇ ਹਿੰਦੂ ਧੀਆਂ ਭੈਣਾਂ ਦੀ ਸਿਰ ਦੇ ਕੇ ਜਾਬਰ ਮੁਸਲਮਾਨਾਂ ਤੋਂ ਇੱਜ਼ਤ ਬਚਾਉਂਦੇ ਸਨ ; ਇਕ ਇਹ ਵੀ ਸਿੱਖ ਸਨ, ਜਿਹੜੇ ਅਪਣੀਆਂ ਧੀਆਂ ਦੀਆਂ ਪੱਕੀਆਂ ਖਾਂਦੇ ਤੇ ਹਾੜ੍ਹੇ ਵਾਸਤੇ ਪਾਉਂਦੀਆਂ ਨਾਲ ਜ਼ਬਰਦਸਤੀਆਂ ਕਰਦੇ ਸਨ। ਜਿਹੜੇ ਅੱਜ ਕੰਵਲ ਨੂੰ ਗ਼ਲਤ ਆਖ ਰਹੇ ਹਨ; ਉਹਨਾਂ ਕੀ ਰੰਗ ਲਾਏ; ਮੈਨੂੰ ਸੱਚ ਲਿਖਦਿਆਂ ਆਪ ਸ਼ਰਮ ਆਉਂਦੀ ਐ। ਮੈਂ ਕਿਸੇ ਅਗਾਂਹ ਵਧੂ ਅਥਵਾ ਪਿਛਾਂਹ ਖਿੱਚੂ ਪਾਰਟੀ ਦਾ ਮੈਂਬਰ ਨਹੀਂ ਬਣਿਆ। ਮੈਂ ਸਮਝਦਾ ਆਂ; ਮੈਂ ਅਪਣੇ ਲੋਕਾਂ ਦੀ ਪੈਦਾਵਾਰ ਆਂ, ਤੇ ਉਹਨਾਂ ਨਾਲ ਵਚਨਵਧ ਖਲੋਤਾ ਰਿਹਾ ਆਂ ਤੇ ਉਹਨਾਂ ਲਈ ਹੀ ਮਰਾਂਗਾ। ਮੇਰੀ ਅਰਦਾਸ ਐ, ਗੁਰੂ ਅੱਗੇ ਇਹਨਾਂ ਭੋਲੇ ਭਾਲੇ ਪੰਜਾਬੀਆਂ ਤੇ ਲੁੱਟੇ ਪੁੱਟੇ ਕਰਜ਼ਾਈ ਕਿਸਾਨਾਂ ਲਈ ਇਕ ਬੰਦਾ ਸਿੰਘ ਬਹਾਦਰ ਹੋਰ ਮੋੜ ਘੱਲ। ਮੈਂ ਗੱਜ ਵੱਜ ਕੇ ਆਖਦਾ ਆਂ। ਸੱਚੇ ਅੱਤਵਾਦੀ ਸ਼ਹੀਦ ਹੋਏ ਹਨ ਤੇ ਸਰਕਾਰ ਦੇ ਪਾਲ਼ੇ ਲੁਟੇਰੇ ਅਜ ਵੀ ਮਾਰਾਂ ਧਾੜਾਂ ਵਿਚ ਰੁੱਝੇ ਹੋਏ ਐ। ਮੇਰੇ ਵਿਚਾਰਧਾਰਕ ਨਿਘਾਰ 'ਤੇ ਥੁੱਕੋਗੇ; ਆਪਣੇ ਰੁਮਾਲ ਸੰਭਾਲੋ, ਉਹ ਥੁੱਕ ਤੁਹਾਡਾ ਮੂੰਹ ਲਬੇੜੇਗਾ। ਛੱਜ ਤਾਂ ਬੋਲੇ, ਛਾਣਨੀ ਵੀ ਭੁੜਕੀਆਂ ਮਾਰਦੀ ਐ। ਮੈਂ ਸਰਕਾਰਾਂ ਤੋਂ ਪਰਵਾਹਰਾ ਹੋ ਕੇ 'ਲਹੂ ਦੀ ਲੋਅ' ਲੋਕਾਂ ਅੱਗੇ ਰੱਖੀ ਤੇ ਇਨਕਲਾਬ ਤੋਂ ਭੱਜੀਆਂ ਕਮਿਊਨਿਸਟ ਪਾਰਟੀਆਂ ਅਪਣੀਆਂ ਦੁਕਾਨਾਂ 'ਤੇ ਨਾ ਰੱਖੀ। ਸਾਲ ਵਿੱਚ ਉਸ ਦੀਆਂ ਦੋ ਦੋ ਐਡੀਸ਼ਨਾਂ ਲੋਕਾਂ ਦੇ ਹੱਥਾਂ 'ਚ ਪੜ੍ਹੀਆਂ ਜਾਂਦੀਆਂ ਰਹੀਆਂ। ਇਹਨਾਂ ਨੁਕਤਾਚੀਨਾਂ ਨੂੰ ਇਨਕਲਾਬ ਤੋਂ ਭੱਜੀਆਂ ਅੰਨ੍ਹੀਆਂ ਹੋਈਆਂ ਪਾਰਟੀਆਂ ਨੂੰ ਲੋਕਾਂ ਦੇ ਖਰੇ ਤੇ ਉਬਲਦੇ ਹੌਸਲੇ ਵੀ ਨਹੀਂ ਦਿਸਦੇ। ਜਾਂ ਬਾਪੂ ਮੈਂ ਮਰ ਜਾਂ, ਜਾਂ ਮਰ ਜੇ ਕੁੜਮਣੀ ਤੇਰੀ। ਮੈਂ ਤੁਹਾਨੂੰ ਪੁੱਛਦਾਂ– ਮੈਂ ਭਜਾਕੜਾਂ ਦੀ ਨਮਾਜ਼ ਪੜ੍ਹਾਂ? ਮੈਂ ਲਾਹਨਤਾਂ ਦੇ ਪੈਰੀਂ ਪੈਣ ਵਾਲਾ ਜੱਟ ਨਹੀਂ। ਮੇਰਾ ਗੁਰੂ ਮੇਰੀ ਸੋਚ–ਅਣਖ ਹੈ।

## ਬਦਲਦੇ ਅਕੀਦੇ

ਸਵਾਲ – ਹੁਣ ਬਾਨਵੇਂ ਸਾਲ ਦੀ ਉਮਰ ਗੁਜ਼ਾਰਕੇ ਤੇ ਪੰਜਾਬੀ ਵਿਚ ਏਨੇ ਚਰਚਿਤ ਨਾਵਲ ਲਿਖ ਕੇ ਜਦੋਂ ਪਿਛਾਂਹ ਮੁੜ ਕੇ ਦੇਖਦੇ ਹੋ ਤਾਂ ਤੁਹਾਨੂੰ ਇਉਂ ਨਹੀਂ ਲਗਦਾ ਕਿ ਤੁਸੀਂ ਵਿਚਾਰਕ ਤੌਰ 'ਤੇ ਪਹਿਲਾਂ ਸਿੱਖ, ਫੇਰ ਵੇਦਾਂਤੀ, ਫੇਰ ਸਮਾਜਵਾਦੀ ਤੇ ਫੇਰ ਮੂਲਵਾਦੀ ਹੋ ਕੇ ਤਰ੍ਹਾਂ–ਤਰ੍ਹਾਂ ਦੇ ਰੰਗ ਬਦਲਦੇ ਰਹੇ ਹੋ ?

ਕੰਵਲ – ਤੁਸੀਂ ਇਹ ਕਿਉਂ ਨਹੀਂ ਆਖਦੇ ਵੱਖ ਵੱਖ ਅਵਸਥਾਵਾਂ ਵਿਚ ਦੀ ਗੁਜ਼ਰਦੇ ਸਿੱਖਿਅਤ ਮਨੁੱਖ ਬਣ ਗਏ ਹੋ। ਜਿਹੜਾ ਮਨੁੱਖਤਾ ਦੇ ਭਲੇ ਨੂੰ ਮੁੱਖ ਰੱਖ ਕੇ ਅਗਲੇ ਤੋਂ ਅਗਲੇ ਮੋਰਚੇ ਨੂੰ ਮੱਲਦਾ ਰਿਹਾ ਆ। ਮੈਨੂੰ ਨਹੀਂ ਪਤਾ, ਤੁਸੀਂ ਆਪ ਕਿਹੜੇ ਅਕੀਦੇ 'ਤੇ ਖਲੋਤੇ ਹੋ। ਮਨੁੱਖ ਜੰਗਲਾਂ ਤੋਂ ਤੁਰਦਾ ਸ਼ਹਿਰ ਦੀ ਅਵਸਥਾ ਤੱਕ ਪਹੁੰਚ ਗਿਆ ਹੈ। ਉਹ ਇੱਕੋ ਅਕੀਦੇ ਉੱਤੇ ਖਲੋਤਾ ਜੰਗਲੀ ਰਹਿੰਦਾ। ਮੈਨੂੰ ਤੁਹਾਡੇ ਵਿੱਚੋਂ

ਪੁਰਾਣੇ ਕਮਿਊਨਿਸਟ ਵਿਹਾਰ ਦੀ ਬੋਅ ਆਉਂਦੀ ਹੈ; ਜਿਹੜੇ ਇਨਕਲਾਬ ਨੂੰ ਫਾਰਖ਼ਤੀ ਦੇ ਕੇ ਸੁਧਾਰਵਾਦ ਦੀ ਦਿਨ ਕਟੀ 'ਤੇ ਆ ਗਏ ਹਨ। ਮੈਂ ਕਮਿਊਨਿਸਟ ਪਾਰਟੀ ਦੇ ਦੋ ਹੋ ਜਾਣ 'ਤੇ ਡਾਢਾ ਹੈਰਾਨ ਹੋਇਆ ਸੀ। ਇਨਕਲਾਬ ਦਾ ਮੂੰਹ ਮੱਥਾ ਬਣਿਆ ਨਹੀਂ ਸੀ ; ਇਹ ਪਾਰਟੀ ਤਾਕਤ ਦੀ ਹਿੱਸੇਦਾਰੀ ਹੀ ਵੰਡਣ ਲੱਗ ਪਏ। ਮੈਂ ਕੰਨੀ 'ਤੇ ਹੈਰਾਨ ਪ੍ਰੇਸ਼ਾਨ ਖਲੋਤਾ ਗੁਨਾਹਗਾਰ ਹੋ ਗਿਆ ; ਇਨਕਲਾਬ ਦਾ ਬੇੜਾ ਡੋਬਣ ਵਾਲੇ ਡਾਂਗੋ ਡਾਂਗੀ ਹੋਏ ਤੁਹਾਨੂੰ ਦਿਸੇ ਤੱਕ ਨਹੀਂ। ਤੁਹਾਡੀ ਅਕਲ ਜੇ ਬਾਜ਼ਾਰ ਵੇਚਣ ਜਾਈਏ; ਮੂੰਹ ਦੀ ਹੀ ਖਾਵਾਂਗੇ। ਮੈਂ ਇਕੱਲਾ ਨਹੀਂ ਸੀ ਇਸ ਊਤ ਲਾਣੇ ਤੋਂ ਪਿਛਾਂਹ ਹਟਣ ਵਾਲਾ; ਇਨਕਲਾਬ ਦੀਆਂ ਆਸਾਂ ਲਾਈ ਰੱਖਣ ਵਾਲੇ ਹਜ਼ਾਰਾਂ ਲੱਖਾਂ ਹਮਦਰਦ ਸਨ। ਜੇ ਤੁਸੀਂ ਹਾਲੇ ਵੀ ਇਹਨਾਂ ਭਾਜੜਾਂ–ਭਗੌੜਿਆਂ ਨਾਲ ਜੁੜੇ ਹੋਏ ਹੋ; ਤੁਹਾਨੂੰ ਸਤਿ ਸ੍ਰੀ ਅਕਾਲ ਬੁਲਾ ਸਕਦਾ ਆਂ। ਵਿਚਾਰ ਦੇ ਤੌਰ 'ਤੇ ਸਿੱਖ ਹੋਣਾ ਤੇ ਕਾਇਮ ਰਹਿਣਾ ਤਾਰੀਖ਼ੀ ਵਚਨਵਧਤਾ ਹੈ। ਸਮਾਜਵਾਦੀ ਵਿਚਾਰ ਸਰਬਤ ਦੇ ਭਲੇ ਵਾਲੇ ਹਨ। ਉਹਨਾਂ 'ਤੇ ਪਹਿਰਾ ਦੇਣਾ ਸੂਰਮਤਾਈ ਹੈ। ਇਹ ਮੂਲਵਾਦੀ ਸ਼ਬਦ ਕਿੱਥੋਂ ਕਢ ਲਿਆ। ਇਸ ਨੂੰ ਉਹਨਾਂ ਲਈ ਵਰਤੋ, ਜਿਹੜੇ ਇਨਕਲਾਬ ਤੋਂ ਬਾਗੀ ਹੋ ਕੇ ਗੱਦੀਆਂ ਮੱਲੀ ਬੈਠੇ ਨੇ। ਜਦੋਂ ਦੀ 'ਰਾਤ ਬਾਕੀ ਹੈ' ਤੋਂ ਹੋਸ਼ ਸੰਭਾਲੀ ਐ; ਮੈਂ ਲੋਕਾਂ ਦਾ ਬੰਦਾ ਰਿਹਾ ਆਂ। ਇਹ ਇਨਕਲਾਬ ਦੇ ਭਗੌੜੇ ਚੋਰ, ਨਕਸਲੀ ਸੂਰਮਿਆਂ ਨੂੰ ਚੁਗਲੀਆਂ ਕਰ ਕਰ ਫੜਾਉਂਦੇ ਰਹੇ। ਉਹਨਾਂ ਸੂਰਮੇ ਸ਼ਹੀਦਾਂ ਦੀ ਗਾਥਾ ਲਿਖ ਕੇ ਮੈਂ ਚੋਰ ਹੋ ਗਿਆ ਤੇ ਇਹ ਗੱਦੀ ਬਰਦਾਰ ਦੁੱਧ ਧੋਤੇ ਹੋ ਗਏ? ਸ੍ਰੀ ਅਕਾਲ ਤਖਤ ਤੋੜਨ ਵਾਲਿਆਂ ਦੀ ਹਮਾਇਤ ਕਰਨ ਵਾਲੇ ਦੁੱਧ ਧੋਤੇ ਤੇ ਉਹਦੀ ਬਰਬਾਦੀ 'ਤੇ ਰੋਣ ਪਿਟਣ ਵਾਲੇ ਮੂਲਵਾਦੀ ਹੋ ਗਏ। ਲਾਹਨਤ ਅਜਿਹੀ ਸੋਚ ਦੇ। ਮੈਂ ਹੁਣ ਵੀ ਸ੍ਰੀ ਅਕਾਲ ਤਖਤ ਦੀਆਂ ਲੋਕ ਇਨਕਲਾਬੀ ਰਵਾਇਤਾਂ ਨਾਲ ਖਲੋਤਾ ਆਂ ਤੇ ਕੇਵਲ ਮਤੇ ਪਾਸ ਕਰਨ ਵਾਲੀਆਂ ਪਾਰਟੀਆਂ ਦਾ ਮੂੰਹ ਵੇਖਣਾ ਵੀ ਪਾਪ ਸਮਝਦਾ ਆਂ। ਮੈਂ ਉਹਨਾਂ ਚੋਰਾਂ ਡਕੈਤਾਂ ਦਾ ਹੁਣ ਵੀ ਜੱਦੀ ਪੁਸ਼ਤੀ ਦੁਸ਼ਮਣ ਆਂ; ਜਿਨ੍ਹਾਂ ਡਕੈਤੀਆਂ ਕਰਦਿਆਂ ਲੋਕਾਂ ਦੇ ਘਰਾਂ ਵਿੱਚ ਹਥਿਆਰਾਂ ਦੇ ਜ਼ੋਰ ਪਨਾਹ ਲਈ ਤੇ ਉਹਨਾਂ ਸਿੱਖ ਭਰਾਵਾਂ ਦੀਆਂ ਧੀਆਂ ਭੈਣਾਂ ਨੂੰ ਖਰਾਬ ਕੀਤਾ। ਤੁਸੀਂ ਦੱਸੋ, ਜਦੋਂ ਗੁਰੂ ਰਾਮਦਾਸ ਸਰਾਂ ਵਿਚ ਯਾਤਰੀਆਂ ਦੀ ਅੰਨ੍ਹੀ ਕਤਲਾਮ ਕੀਤੀ ਜਾ ਰਹੀ ਸੀ, ਓਦੋਂ ਦੋਵੇਂ ਕਮਿਊਨਿਸਟ ਪਾਰਟੀਆਂ ਖਾਮੋਸ਼ ਕਿਉਂ ਸਨ। ਜ਼ੁਲਮ ਕਿਤੇ ਵੀ ਹੁੰਦਾ ਹੋਵੇ; ਮੈਂ ਉਹਦੇ ਵਿਰੁੱਧ ਅੱਜ ਵੀ ਡੱਟਿਆ ਖਲੋਤਾ ਆਂ। ਦੇਖੋ ਯਾਰੋ, ਸ਼ਹੀਦ ਹੋਣ ਵਾਲਿਆਂ ਦਾ ਤਮਾਸ਼ਾ ਵੇਖਣ ਵਾਲੇ ਵੀ ਤਿਹੁੰ ਤੇਰਾਂ ਦੀ ਜਮਾਤ ਵਿਚ ਖਲੋਤੇ, ਮੁਨਸਫ਼ ਬਣੇ ਪੁੱਛਾਂ ਕਰ ਰਹੇ ਐ। ਲੋਕਾਂ ਦੇ ਹਿਤਾਂ ਦੇ ਇਨਕਲਾਬ ਦੀ ਉਠਾਣ ਕਰ ਰਹੇ ਹੋ; ਜਾਂ ਉਹਦਾ ਬੇੜਾ ਗਰਕ ਕਰ ਰਹੇ ਹੋ ?

## ਪਹਿਲਾ ਇਸ਼ਕ

ਸਵਾਲ – ਤੁਸੀਂ ਭਰ ਜਵਾਨੀ (ਨਹੀਂ ਉਠਦੀ ਜਵਾਨੀ) ਵਿਚ ਮਲਾਇਆ ਗਏ। ਉੱਥੇ ਤੁਸੀਂ ਪਹਿਲੀ ਵਾਰ ਇਸ਼ਕ ਕੀਤਾ। ਇਹਦੀ ਪੂਰੀ ਕਹਾਣੀ ਪਾਠਕਾਂ ਨਾਲ ਸਾਂਝੀ ਕਰੋ ?

ਕੰਵਲ – ਹੁਣ ਤੁਸੀਂ ਪੋਤੜੇ ਫੋਲਣ 'ਤੇ ਆ ਗਏ ਓ। ਕੋਈ ਗੱਲ ਨਹੀਂ; ਇਕ ਨਹੀਂ ਤਿੰਨ ਵਾਰਤਾਵਾਂ ਸੁਣੋ ; ਦਸਵੀਂ ਜਮਾਤ ਵਿਚੋਂ ਅਲਜਬਰਾ ਨਾ ਆਉਣ ਕਾਰਨ ਭੱਜ ਕੇ ਮਲਾਇਆ ਚਲਿਆ ਗਿਆ ਸਾਂ। ਰਾਤ ਦੇ ਜਾਗੇ ਦਾ ਕੰਮ ਇਕ ਰਿਸ਼ਤੇਦਾਰ ਰਾਹੀਂ ਮਿਲਿਆ। ਤਨਖਾਹ ਕੁੱਲ ਪੰਦਰਾਂ ਡਾਲੇ। ਡਾਲਾ ਉਦੋਂ ਇਕ ਰੁਪਈਆ ਨੌਂ ਆਨੇ ਦਾ ਹੁੰਦਾ ਸੀ। ਬੰਦੂਕ ਲੈ ਕੇ ਬਾਈ ਤੇਈ ਦੁਕਾਨਾਂ 'ਤੇ ਪਹਿਰਾ ਦੇਣ ਲੱਗ ਪਿਆ। ਇਕ ਮਦਰਾਸੀ ਮੁਸਲਮਾਨ ਨੇ ਮਲਾਇਣ ਨਾਲ ਵਿਆਹ ਕਰਵਾ ਲਿਆ। ਮੈਂ ਉਹਦੇ ਕਾਫੀ ਕਿੱਡੇ (ਦੁਕਾਨ) ਕਾਫੀ ਪੀਣ ਲਗ ਪਿਆ। ਮਲਾਇਣ ਖੁਲ੍ਹ ਦਿਲੀ ਸੀ। ਏਸੇ ਕਾਰਨ ਮਾਲਕ ਨੇ ਉਸ ਨੂੰ ਕਾਊਂਟਰ 'ਤੇ ਬਹਾਇਆ ਸੀ। ਇਕ ਦਿਨ ਜ਼ੋਰਦਾਰ ਮੀਂਹ ਪਿਆ, ਮੈਂ ਕੌਫੀ ਪੀਣ ਉਸ ਦੀ ਦੁਕਾਨ 'ਤੇ ਚਲਿਆ ਗਿਆ, ਉਸ ਦਿਨ ਉਸ ਕਾਫੀ ਦੇ ਤੀਹ ਪੈਸੇ ਨਾ ਲਏ ਤੇ ਮੇਰੇ ਨਾਲ ਮੇਜ਼ 'ਤੇ ਬਹਿ ਕੇ ਗੱਲਾਂ ਮਾਰਨ ਲਗ ਪਈ। ਸਾਡੀ ਦੋਹਾਂ ਦੀ ਦਿਲਚਸਪੀ ਵਧ ਗਈ। ਮੈਂ ਉਸ ਦੇ ਮਾਲਕ ਨਾਲੋਂ ਉਚਾ ਲੰਮਾ ਸੌ ਦਰਜੇ ਸੁਹਣਾ ਸਾਂ। ਇਕ ਰਾਤ ਦੀ ਘਟਨਾ ਸੁਣੋ। ਅਗਲੇ ਦਿਨ ਜੁਮੇ ਨੂੰ ਬਜ਼ਾਰ ਵਿਚ ਖੂਬ ਰੌਣਕ ਹੋਣੀ ਸੀ। ਉਹਦਾ ਮਾਲਕ ਤੇ ਨੌਕਰ ਪਿੱਛੇ ਸਮੋਸੇ ਆਦਿ ਤਿਆਰ ਕਰ ਰਹੇ ਸਨ। ਰਾਤ ਪੈਣ ਕਾਰਨ ਦੁਕਾਨ ਪਾਸੀ

ਫਟੇ ਚਾੜ੍ਹ ਕੇ ਬੰਦ ਵਰਗੀ ਸੀ ਪਰ ਖੁੱਲ੍ਹੇ ਬਾਰ ਵਿਚੋਂ ਲੈਂਪ ਦੀ ਰੌਸ਼ਨੀ ਬਾਹਰ ਆ ਰਹੀ ਸੀ। ਇਸ ਬਸਤੀ ਦੇ ਆਲੇ ਦੁਆਲੇ ਜੰਗਲ ਸੀ। ਨੌਂ ਦਸ ਵਜੇ ਮੈਂ ਦੁਕਾਨ 'ਤੇ ਪਹਿਰਾ ਦੇਣ ਲਈ ਨਿਕਲਿਆ। ਮੈਂ ਗੇੜਾ ਲਾ ਕੇ ਮਲਾਇਣ ਦੀ ਦੁਕਾਨ ਦੇ ਨਾਲ ਲਗਦੇ ਫੱਟੇ 'ਤੇ ਆ ਬੈਠਾ। ਮਲਾਇਣ ਮੇਰੇ 'ਤੇ ਪੂਰੀ ਖੁਸ਼ ਸੀ। ਉਹ ਬਾਰ ਦੀ ਰੌਸ਼ਨੀ ਵਿੱਚ ਮੇਰੇ ਨਾਲੋਂ ਥੋੜੀ ਵਿੱਥ 'ਤੇ ਖਲੋਤੀ ਸੀ। ਮੈਂ ਚੁੱਪ ਧਾਰ ਬੈਠਾ ਰਿਹਾ। ਫਿਰ ਉਸ ਰੌਸ਼ਨੀ ਵਾਲਾ ਬਾਰ ਬੰਦ ਕਰ ਲਿਆ। ਮੈਂ ਪੂਰਾ ਅਣਜਾਣ ਕੁਝ ਨਾ ਸਮਝਿਆ। ਜਦੋਂ ਮੈਂ ਫੱਟੇ ਤੋਂ ਨਾ ਹੀ ਉੱਠਿਆ; ਉਸ ਅਗਾਂਹ ਵੱਧ ਕੇ ਮੈਨੂੰ ਫੱਟੇ ਤੋਂ ਧੂਹ ਲਿਆ। ਮੈਂ ਹੈਰਾਨ ਜ਼ਰੂਰ ਹੋਇਆ; ਪਰ ਉਸ ਨੂੰ ਸਾਰੀ ਨੂੰ ਘੁੱਟ ਲਿਆ। ਮੇਰੇ ਰਿਸ਼ਤੇਦਾਰ ਨੇ ਮੈਨੂੰ ਡਰ ਪਾਇਆ ਸੀ।

''ਮਲਾਇਅਣਾਂ ਬੀਮਾਰ ਹੁੰਦੀਆਂ ਏ, ਕਿਤੇ ਫਸ ਨਾ ਜਾਈਂ।''

ਇਹ ਗੱਲ ਯਾਦ ਆਉਣ 'ਤੇ ਮੈਂ ਮਲਾਇਣ ਦੀ ਘੁੱਟੀ ਬੁੱਕਲ ਤੋੜਨੀ ਚਾਹੀ; ਪਰ ਉਹ ਮੈਨੂੰ ਛੱਡੇ ਨਾ। ਅਖੀਰ ਮੈਂ ਉਸਨੂੰ ਘੁਲਦਿਆਂ ਤੋੜ ਵਗਾਹਿਆ। ਉਸ 'ਬੁਸੋ ਪੀਆਂ ਔਰਾਂ' (ਮਾੜਾ ਬੰਦਾ) ਆਖਦੀ ਨੇ ਦੁਕਾਨ ਦੇ ਤਖਤੇ ਭੇੜ ਲਏ। ਥੋੜ੍ਹੀ ਵਿੱਥ 'ਤੇ ਗਿਆਨ ਸਿੰਘ, ਜਿਹੜਾ ਬਲਦ ਗੱਡੀ ਨਾਲ ਸਾਬੂਦਾਨੇ ਦੀ ਮਿੱਲ 'ਤੇ ਉਬੀ (ਸ਼ਕਰਕੰਦੀ ਵਰਗੀ ਮੋਟੀ) ਢੋਇਆ ਕਰਦਾ ਸੀ; ਨੇ ਸਾਨੂੰ ਵੇਖ ਲਿਆ ਸੀ। ਉਹ ਮੇਰੇ ਕੋਲ ਆਇਆ ਤੇ ਆਖਣ ਲੱਗਾ-

''ਸਾਲਿਆ, ਉਹ ਤੇਰੇ 'ਤੇ ਮਰਦੀ ਸੀ, ਤੂੰ ਚਲਾ ਕੇ ਕਿਉਂ ਮਾਰੀ ?''

''ਸੁਹਣ ਸਿਹੁੰ ਤਾਂ ਆਖਦਾ ਸੀ, ਉਹ ਬੀਮਾਰ, ਕਿਤੇ ਜਰਖਲਿਆਂ ਨਾ ਜਾਵੀਂ।'' ਮੈਂ ਅਪਣਾ ਡਰ ਪ੍ਰਗਟ ਕੀਤਾ।

''ਉਹਨੇ ਤਾਂ ਤੈਨੂੰ ਡਰਾਇਆ ਸੀ, ਕਿਤੇ ਤੀਵੀਂਆਂ ਦੇ ਝਾਂਸੇ ਵਿੱਚ ਨਾ ਆ ਜਾਵੇਂ। ਤੂੰ ਤਾਂ ਬਹੁਤ ਅਨਾੜੀ ਏਂ।'' ਉਸ ਅਫ਼ਸੋਸ ਪ੍ਰਗਟ ਕੀਤਾ।

''ਹੱਛਾ ਇਹ ਗੱਲ ਸੀ, ਹੁਣ ਸਹੀ।'' ਮੈਂ ਅਪਣੀ ਸ਼ਰਮਿੰਦਗੀ 'ਚੋਂ ਨਿਕਲ ਆਇਆ ਤੇ ਮਲਾਇਣ ਨੂੰ ਅਗਲੇ ਦਿਨ ਮਿਲਣ ਲਈ ਗੇੜੇ ਮਾਰਦਾ ਰਿਹਾ; ਪਰ ਉਹ ਦੋ ਦਿਨ ਕਾਊਂਟਰ 'ਤੇ ਆਈ ਹੀ ਨਾ, ਅੰਦਰੇ ਪਈ ਰਹੀ। ਇਕ ਦਿਨ ਉਹਦਾ ਮਦਰਾਸੀ ਸ਼ਹਿਰ ਗਿਆ ਤੇ ਉਹ ਨੱਠ ਕੇ ਜੰਗਲ ਵਿੱਚ ਅਲੋਪ ਹੋ ਗਈ; ਮੈਂ ਪਛਤਾਉਂਦਾ ਹੀ ਰਹਿ ਗਿਆ।

ਮੀਨਾ ਤੋਂ ਬਿਨਾਂ ਇਕ ਚੀਨੀ ਕੁੜੀ ਨਾਲ ਵਾਹ ਪਿਆ। ਅਸੀਂ ਦੋਵੇਂ ਕੱਚੀ ਕੁਹਾਰ 'ਤੇ ਸਵੇਰੇ ਸਵੇਰੇ ਨਹਾਇਆ ਕਰਦੇ ਸੀ। ਕੁਹਾਰ ਉੱਤੇ ਪੱਕਾ ਫਰਸ਼ ਬਣਾਇਆ ਹੋਇਆ ਸੀ। ਮੈਨੂੰ ਓਦੋਂ ਪੂਰੀ ਮਲਾਈ ਬੋਲੀ ਨਹੀਂ ਆਉਂਦੀ ਸੀ। ਉਹ ਮੈਨੂੰ ਚਿੜਾਇਆ ਕਰਦੀ ਸੀ। ਫਿਰ ਉਹ ਮੈਨੂੰ ਅਪਣੇ ਘਰ ਲੈ ਜਾਣ ਲੱਗ ਪਈ। ਉਹਨਾਂ ਦੀਆਂ ਦੋ ਗਾਵਾਂ ਸੂ ਪਈਆਂ। ਉਹ ਮੈਨੂੰ ਦੁੱਧ ਪਿਆਇਆ ਕਰੇ ਤੇ ਹੈਰਾਨ ਵੀ ਹੋਇਆ ਕਰੇ। ਚੀਨੇ ਸਾਡੇ ਵਾਂਗ ਦੁੱਧ ਨਹੀਂ ਪੀਂਦੇ। ਸਾਡੀ ਦੋਸਤੀ ਪੱਕੀ ਹੋ ਗਈ। ਮੈਂ ਕਿਹਾ ਤੂੰ ਮੇਰੇ ਨਾਲ ਦੇਸ਼ ਚਲ, ਓਥੇ ਵਿਆਹ ਕਰ ਲਵਾਂਗੇ। ਉਹ ਕਹੇ, ਤੂੰ ਪੰਜਾਬ ਨਾ ਜਾਹ, ਮੈਂ ਤੇਰੇ ਨਾਲ ਵਿਆਹ ਕਰਾਵਾਂਗੀ।

''ਮੈਂ ਤੁਹਾਡੇ ਸੂਰ ਚਾਰਨ ਨਹੀਂ ਲਗਣਾ। ਮੇਰੀ ਪੰਜਾਬ ਜ਼ਮੀਨ ਹੈ, ਮੌਜ ਕਰਾਂਗੇ।'' ਮੈਂ ਉਸ ਨੂੰ ਪਿਆਰ ਕਰਨ ਲਗ ਪਿਆ ਸਾਂ।

''ਮੈਂ ਅਪਣੇ ਮਾਂ-ਬਾਪ ਨਹੀਂ ਛੱਡ ਸਕਦੀ।''

''ਫਿਰ ਤੇਰਾ ਪਿਆਰ ਕੱਚਾ ਐ।'' ਮੈਂ ਉਹਨੂੰ ਰੋਂਦੀ ਕੁਰਲਾਂਦੀ ਨੂੰ ਛਡਕੇ ਪਾਣੀ ਵਾਲਾ ਜਹਾਜ਼ ਚੜ੍ਹ ਆਇਆ।

ਸਵਾਲ - ਤੁਹਾਨੂੰ ਖੁਸ਼ਕਿਸਮਤ ਕਹੀਏ ਕਿ ਬਦਕਿਸਮਤ।

ਕੰਵਲ- ਬਈ ਚੜ੍ਹਦੀ ਉਮਰ, ਇਕ ਮੈਂ ਅਣਜਾਣ, ਦੂਜੇ ਉਹਨਾਂ ਦੇ ਸੂਰ। ਪਤਾ ਨਹੀਂ ਚੀਨੇ ਸਾਲੇ ਛੁਰੇ ਨਾਲ ਹਲਾਲ ਹੀ ਕਰ ਧਰਦੇ। ਇਕ ਘਟਨਾ ਪਿੰਡ ਨੂੰ ਆਉਣ ਤੋਂ ਪਹਿਲਾਂ ਹੋਰ ਵਾਪਰੀ ਸੀ। ਉਹ ਬਹੁਤ ਹੀ ਖੂਬਸੂਰਤ ਮਲੈਣ ਸੀ ਤੇ ਘੋਰ ਜੰਗਲ ਵਿੱਚ ਰਹਿੰਦੀ ਸੀ। ਸੱਤਵੇਂ ਦਿਨ ਉਹ ਝੋਨੇ ਦਾ ਵੱਡਾ ਸਾਰਾ ਛਿੱਕੂ ਭਰ ਕੇ ਬਜ਼ਾਰ ਲਿਆਉਂਦੀ ਤੇ ਲੋੜ ਦਾ ਸੌਦਾ ਪਤਾ ਲੈ ਕੇ ਵਾਪਸ ਜੰਗਲ ਨੂੰ ਮੁੜ ਜਾਂਦੀ। ਮੈਂ ਉਹਦੇ ਸੱਤਵੇਂ ਦੀ ਉਡੀਕ ਕਰਨ ਲੱਗ ਪਿਆ। ਜਿਸ ਦੁਕਾਨ ਤੋਂ ਮੈਂ ਸੌਦਾ ਪੱਤਾ ਲੈਂਦਾ ਸਾਂ, ਉਹ ਵੀ ਓਥੋਂ ਹੀ ਖਰੀਦ ਕਰਦੀ ਸੀ। ਮੈਂ ਉਹਨੂੰ ਤਾਂਘ ਨਾਲ ਵੇਖਦਾ ਸਾਂ ; ਉਹ ਮੇਰੇ ਵੱਲ ਧਿਆਨ ਹੀ ਨਹੀਂ ਮੋੜਦੀ ਸੀ। ਮੈਂ ਅਪਣੀ ਔਖ ਗਿਆਨ ਸਿੰਘ ਨੂੰ ਦੱਸੀ। ਉਸ ਸਮਝਾਇਆ-

''ਜਦੋਂ ਤੂੰ ਐਨੇ ਤਪਾਕ ਨਾਲ ਵੇਖਦਾ ਏਂ; ਉਹ ਤੇਰੇ ਵੱਲ ਕਿਉਂ ਵੇਖੇ।'' ਗਿਆਨ ਸਿੰਘ ਨੇ ਮੇਰੀ ਵਾਹਵਾ ਕੰਡ ਝਾੜ ਕੀਤੀ।

''ਹੱਛਾ ਇਹ ਗੱਲ ਐ, ਹੁਣ ਸਹੀ।'' ਮੈਂ ਦੋ ਹਫ਼ਤੇ ਉਹਦੀ ਆਈ ਤੋਂ ਦੁਕਾਨ ਹੀ ਛੱਡਣ ਲੱਗ ਪਿਆ।

ਉਹ ਦੁਕਾਨ ਵਾਲੀ ਚੀਨਣ ਨੂੰ ਹੈਰਾਨੀ ਨਾਲ ਬੋਲੀ।

''ਇਹਨੂੰ ਚੰਗੇ ਭਲੇ ਗੀਲੇ (ਪਾਗਲ) ਨੂੰ ਕੀ ਹੋ ਗਿਆ?''

ਦੁਕਾਨ ਵਾਲੀ ਚੀਨਣ ਹੱਸ ਪਈ।

''ਚੰਗਾ ਭਲਾ ਸ਼ੈਲ ਗਭਰੂ ਮੁੰਡਾ ਤੇਰੇ 'ਤੇ ਮਰਦਾ ਏ, ਤੂੰ ਖ਼ਿਆਲ ਈ ਨਹੀਂ ਕਰਦੀ।''

''ਆਹੋ ਮਰਦਾ ਏ; ਐਵੇਂ ਭਟਕਾਰੀਆਂ ਮਾਰਦਾ ਏ।'' ਉਹ ਸੌਦਾ ਪੱਤਾ ਲੈ ਕੇ ਜੰਗਲ ਨੂੰ ਤੁਰ ਗਈ। ਮੈਨੂੰ ਦੁਕਾਨ ਵਾਲੀ ਨੇ ਸਭ ਗੱਲ ਦੱਸ ਦਿੱਤੀ। ਮੈਂ ਉਸ ਦੀ ਦੁਕਾਨ ਦਾ ਪੱਕਾ ਗਾਹਕ ਸਾਂ। ਉਹਦੀ ਹਮਦਰਦੀ ਮੇਰੇ ਨਾਲ ਸੀ।

ਅਗਲੇ ਹਫ਼ਤੇ ਉਹ ਫਿਰ ਆਈ। ਮੈਂ ਨੋਈਆਂ ਦੀ ਦੋਕਾਨ 'ਤੇ ਬੈਠਾਂ ਸਾਂ। ਮੇਰਾ ਦੁਕਾਨ ਤੋਂ ਉਠਦੇ ਦਾ ਹਾਸਾ ਨਿਕਲ ਗਿਆ। ਉਹ ਵੀ ਹੱਸ ਪਈ। ਮੈਨੂੰ ਕੂਹਣੀ ਮਾਰ ਕੇ ਉਸ ਦੁਕਾਨ ਦੇ ਬੈਂਚ 'ਤੇ ਬਹਾ ਲਿਆ।

''ਤੈਨੂੰ ਮੇਰੇ ਕੋਲੋਂ ਡਰ ਲਗਦਾ ਏ?''

''ਬਈ ਸੁਹਣਿਆਂ ਕੋਲੋਂ ਡਰਨਾ ਈ ਚਾਹੀਦਾ ਏ।'' ਮੈਂ ਝਿਜਕ ਵਗਾਹ ਮਾਰੀ।

''ਮੇਰੇ ਕੋਲੋ ਤਾਂ ਪੀਸੋ (ਛੁਰਾ) ਹੈ ਨਹੀਂ।'' ਜੰਗਲ ਦੇ ਵਾਸੀ ਮਲਾਈ ਖ਼ਤਰਨਾਕ ਜਾਨਵਰ ਤੋਂ ਡਰਦੇ ਲੱਕ ਵਿੱਚ ਪੀਸੋ ਛੁਪਾ ਕੇ ਰਖਦੇ ਸਨ।

''ਤੁਹਾਡੇ ਆਦਮੀ ਤਾਂ ਇਕ ਪੀਸੋ ਰਖਦੇ ਐ, ਤੇਰੀਆਂ ਦੋਵੇਂ ਅੱਖਾਂ ਕਟਾਰਾਂ ਵਰਗੀਆਂ ਹਨ।'' ਮੈਂ ਜਾਣ ਕੇ ਖੁੱਭ ਜਾਣ ਵਾਲੀ ਚੋਟ ਰੜਕਾਈ।

ਬੈਂਚ 'ਤੇ ਬਰਾਬਰ ਬੈਠੀ ਨੇ ਮੇਰੇ ਕੂਹਣੀ ਦੀ ਹੁੱਝ ਮਾਰੀ। ਮੈਂ ਹੱਥ ਫੜ ਲਿਆ। ਸਮਝੋ ਸਾਡੀ ਦੋਸਤੀ ਪੱਕੀ ਹੋ ਗਈ। ਇਕ ਸ਼ਾਮ ਗਿਆਨ ਸਿੰਘ ਜੰਗਲ ਵਿਚੋਂ ਕਿਸੇ ਚੀਨੇ ਦੀ ਕੱਚੀ ਸ਼ਰਾਬ ਦੀ ਬੋਤਲ ਲੈ ਆਇਆ। ਦਾਰੂ ਲਾਟਾਂ ਛਡਦੀ ਸੀ। ਮੈਂ ਤੇ ਸੋਹਣ ਸਿੰਘ ਨੇ ਰਾਤ ਦਾ ਪਹਿਰਾ ਦੇਣ ਕਾਰਨ ਦੋ ਦੋ ਪੈਗ ਹੀ ਲਾਏ; ਪਰ ਗਿਆਨ ਸਿੰਘ ਪੂਰਾ ਮਾਬੂ (ਸ਼ਰਾਬੀ) ਹੋ ਗਿਆ। ਸੁੱਤੇ ਪਏ ਨੂੰ ਕੋਈ ਸੁਰਤ ਨਾ ਰਹੀ। ਚੋਰਾਂ ਦੋਵੇਂ ਬਲਦ ਰਾਤੋ ਰਾਤ ਖੋਲ੍ਹ ਕੇ ਛੁਪਾ ਲਏ। ਸਵੇਰੇ ਪੱਠੇ ਪਾਉਣ ਲਈ ਗਿਆਨ ਸਿੰਘ ਉੱਠਿਆ, ਬਲਦ ਹੈ ਨਾ। ਅਸੀਂ ਹਾਲੇ ਜਾਗੇ ਤੋਂ ਆ ਕੇ ਪਏ ਹੀ ਸਾਂ; ਗਿਆਨ ਨੇ ਆ ਦੱਸਿਆ, ਬਲਦ ਚੋਰੀ ਹੋ ਗਏ। ਹਫੜਾ ਦਫੜੀ ਪੈ ਗਈ। ਗਿਆਰਾਂ ਮੀਲਾਂ ਦੀ ਵਿੱਥ ਨਾਲ ਗਿਆਨ ਸਿੰਘ ਦਾ ਭਰਾ ਤੇ ਹੋਰ ਪੰਜਾਬੀ ਕੰਮ ਕਰਦੇ ਸਨ। ਮੈ ਸਾਈਕਲ ਤੇ ਉਹਨਾਂ ਨੂੰ ਬਲਦ ਚੋਰੀ ਹੋਣ ਦੀ ਖ਼ਬਰ ਦਿੱਤੀ। ਗਿਆਨ ਸਿੰਘ ਦਾ ਭਰਾ ਖੋਜੀ ਨੂੰ ਲੈ ਆਇਆ। ਖੋਜੀ ਬਲਦਾਂ ਦੀਆਂ ਪੈੜਾਂ ਰਬੜ ਅਸਟੇਟ ਵਿਚਦੀ ਜੰਗਲ ਵਿਚ ਲੈ ਵੜਿਆ ਤੇ ਖੜ੍ਹੇ ਘਾਹ ਦਾ ਬਹਾਨਾ ਲਾ ਕੇ ਪੈੜਾਂ ਗੁੰਮ ਕਰ ਦਿੱਤੀਆਂ। ਗਿਆਨ ਦੇ ਭਰਾ ਨੇ ਅਨੁਮਾਨ ਲਾਇਆ।

''ਬਲਦ ਏਸੇ ਜੰਗਲ ਵਿਚ ਲਕੋਏ ਐ। ਮਲਾਈ ਖੋਜੀ ਬੇਈਮਾਨ ਹੋ ਗਿਆ ਏ। ਤਿੰਨ ਤਿੰਨ ਦੀਆਂ ਜੋਟੀਆਂ ਬਣਾ ਕੇ ਭਾਲ ਕਰੋ। ਨਹੀਂ ਭਲਕ ਦੀ ਸ਼ੁਕਰਵਾਰ ਦੇ ਮੇਲੇ ਵਿਚ ਵੱਢ ਕੇ ਵੇਚ ਦਿੱਤੇ ਜਾਣਗੇ। ਅਪਣੇ ਹੱਥ ਪੱਲੇ ਕੁਝ ਨਹੀਂ ਆਉਣਾ।''

ਅਸੀਂ ਤਿੰਨ ਤਿੰਨ ਦੀਆਂ ਚਾਰ ਟੋਲੀਆਂ ਬਣਾ ਕੇ ਜੰਗਲ ਛਾਨਣਾ ਸ਼ੁਰੂ ਕਰ ਦਿੱਤਾ; ਪਰ ਪਤਾ ਥਹੁ ਕੋਈ ਨਾ ਲੱਗਾ। ਦੁਪਹਿਰਾ ਜੰਗਲ ਵਿਚ ਵੱਖ ਤੜਪਾ ਰਿਹਾ ਸੀ। ਮੈਨੂੰ ਪਿਆਸ ਬੁਰੀ ਤਰ੍ਹਾਂ ਚੜ੍ਹ ਆਈ। ਜੰਗਲ ਦੇ ਉੱਚੇ ਘਰ ਨੂੰ ਵੇਖ ਕੇ ਆਵਾਜ਼ ਮਾਰੀ। ਅੰਦਰੋਂ ਓਹੀ ਦੁਕਾਨ ਵਾਲੀ ਸਹੇਲੀ ਨਿਕਲ ਆਈ। ਮੈਨੂੰ ਹਾਕਲ ਬਾਕਲ ਹੋਏ ਨੂੰ ਪਾਣੀ ਪਿਆਇਆ ਤੇ ਆਖਣ ਲੱਗੀ-

''ਤੁਹਾਡੇ ਬਲਦ ਸਾਹਮਣੀ ਬੁੱਕੀ (ਪਹਾੜੀ) ਦੇ ਪੈਰਾਂ ਵਿਚ ਬੱਧੇ ਐ।'' ਉਸ ਬਾਂਹ ਚੁੱਕ ਕੇ ਇਸ਼ਾਰਾ ਕੀਤਾ। ਅਸਾਂ ਜਾ ਖੋਲ੍ਹੇ, ਉਹਨਾਂ ਦੇ ਮੂੰਹ ਘੁੱਟ ਕੇ ਬੰਨ੍ਹੇ ਹੋਏ ਸਨ, ਤਾਂ ਜੋ ਹੰਭ ਨਾ ਪੈਣ। ਸਾਰਿਆਂ ਸ਼ੁਕਰ ਮਨਾਇਆ ਤੇ ਬਲਦ ਗਿਆਨ ਸਿੰਘ ਦੀ ਖੁਰਲੀ ਲਿਆ ਬੰਨ੍ਹੇ।

ਅਗਲੇ ਦਿਨ ਬਲਦਾਂ ਦੀ ਦੱਸ ਪਾਉਣ ਵਾਲੀ ਸੌਦਾ ਲੈਣ ਨੋਈਆਂ ਦੀ ਦੁਕਾਨ 'ਤੇ ਆਈ, ਮੈਂ ਬਲਦ ਮਿਲਣ ਦਾ ਧੰਨਵਾਦ ਕਰਨ ਗਿਆ। ਉਹ ਮੈਨੂੰ ਬਾਹੋਂ ਫੜ ਕੇ ਅੰਦਰ ਲੈ ਗਈ ਤੇ ਪਿੱਛੋਂ ਕੁੜਤੀ ਚੱਕ ਕੇ ਲਾਲੋ ਲਾਲ ਹੋਈ ਪਿੱਠ ਵਖਾਈ। ਲਾਲੋ ਲਾਲ ਹੋਈ ਪਿੱਠ 'ਤੇ ਮੈਂ ਹੱਥ ਰੱਖਿਆ, ਉਸ ਦੀਆਂ ਦਰਦ ਨਾਲ ਚੀਕਾਂ ਨਿਕਲ ਗਈਆਂ।

''ਇਹ ਤੇਰੇ ਪਿਆਰ ਦੀ ਸਜ਼ਾ ਏ।''

''ਤੇਰੇ ਮਾਲਕ ਜ਼ਾਲਮ ਨੇ ਤੈਨੂੰ ਐਨਾ ਮਾਰਿਆ।'' ਮੇਰੀਆਂ ਅੱਖਾਂ ਵੀ ਭਰ ਆਈਆਂ। ਉਸ ਦੋਹਾਂ ਬਾਹਾਂ ਵਿੱਚ ਲੈ ਕੇ ਮੇਰਾ ਮੂੰਹ ਚੁੰਮ ਲਿਆ। ਉਹਦੇ ਦਰਦ ਕਾਰਨ ਮੇਰਾ ਰੋਣ ਨਿਕਲ ਗਿਆ। ਦੁਕਾਨ ਵਾਲੀ ਨੋਈਆਂ ਨੇ ਸਾਨੂੰ ਰੋਂਦਿਆਂ ਨੂੰ ਮਸਾਂ ਵੱਖ ਕੀਤਾ।

ਇਹ ਉਸ ਦੀ ਆਖਰੀ ਮਿਲਣੀ ਸੀ। ਉਹ ਫਿਰ ਕਦੇ ਝੋਨਾ ਲੈ ਕੇ ਦੁਕਾਨ 'ਤੇ ਨਾ ਆਈ। ਢਾਈ ਮਹੀਨੇ ਪਿੱਛੋਂ ਪੀਨਾਂਗ ਤੋਂ ਪਾਣੀ ਵਾਲਾ ਜਹਾਜ਼ ਫੜ ਕੇ ਮੈਂ ਕਲਕੱਤੇ ਆ ਗਿਆ।



ਸੁੱਘੜ ਸਿਆਣੀ ਜੀਵਨ ਸਾਥਣ ਮੁਖਤਿਆਰ ਕੌਰ -ਢੁੱਡੀਕੇ - 2006

ਸਵਾਲ - ਫੇਰ ਤਾਂ ਤੁਸੀਂ ਖੁਸ਼ਕਿਸਮਤ ਹੀ ਸੀ, ਪਹਿਲੀ ਉਮਰ ਵਿਚ ਹੀ ਐਨੇ ਵੱਡੇ ਤਜਰਬੇ ਕਰ ਲਏ?''

ਕੰਵਲ - ਸ਼ੁਕਰ ਕਰੋ ਚੀਨਿਆਂ ਮਲਾਇਆਂ ਦੇ ਛੁਰਿਆਂ ਤੋਂ ਬਚ ਕੇ ਆ ਗਿਆ। ਜੰਗਲ ਵਿਚ ਖਪਾਏ ਬੰਦੇ ਦੀ ਤਾਂ ਪੈੜ ਵੀ ਨਹੀਂ ਮਿਲਦੀ ਸੀ।

ਸਵਾਲ - ਕਿਹੋ ਜਿਹੀ ਸੀ ਤੁਹਾਡੇ ਪਤਨੀ ਤੇ ਕਿਵੇਂ ਨਿਭੀ?

ਕੰਵਲ - ਭਲੀ ਲੋਕ ਹੀ ਸਮਝੋ, ਜਿਹੜੀ ਮੇਰੀਆਂ ਪੜ੍ਹਨ ਲਿਖਣ ਦੀਆਂ ਤੇ ਫਿਰਨ ਤੁਰਨ ਦੀਆਂ ਆਵਾਰਾ ਜ਼ਿਆਦਤੀਆਂ ਨੂੰ ਬਰਦਾਸ਼ਤ ਕਰਦੀ ਰਹੀ।

ਸਵਾਲ - ਨਾਵਲ ਲਿਖਣ ਦੀ ਤੰਦ ਨੂੰ ਜ਼ਰਾ ਕੁ ਤੋੜ ਕੇ ਤੁਸੀਂ ਕਵਿਤਾ ਦੀ ਇਕ ਪੂਰੀ ਕਿਤਾਬ 'ਭਾਵਨਾ' ਲਿਖੀ ਸੀ। ਕੀ ਤੁਹਾਡਾ ਮਨ ਨਾਵਲ ਤੋਂ ਅੱਕ ਗਿਆ ਸੀ ਜਾਂ ਹੋਰ ਕੋਈ ਕਾਰਨ ਸੀ ?

ਕੰਵਲ - ਬਈ ਨਾਵਲ ਵੱਲੋਂ ਨਾ ਅੱਕਿਆ ਥੱਕਿਆ ਸਾਂ, ਸਗੋਂ ਹਰ ਨਾਵਲ ਉਤਸ਼ਾਹਤ ਹੀ ਕਰਦਾ ਰਿਹਾ ਹੈ। ਨਿਰਉਤਸ਼ਾਹ ਹੁੰਦਾ ਤਾਂ ਲਿਖਣਾ ਬੰਦ ਕਰ ਦਿੰਦਾ। 'ਲਹੂ ਦੀ ਲੋਅ' ਵਰਗਾ ਵੱਡ ਅਕਾਰੀ ਨਾਵਲ ਤੇ ਉਸ ਪਿੱਛੋਂ ਸਾਰੇ ਨਾਵਲ ਉਤਸ਼ਾਹ ਨਾਲ ਲਿਖੇ ਸਨ। 'ਭਾਵਨਾ' ਵਾਲੀਆਂ ਕਵਿਤਾਵਾਂ ਲਹਿਰ ਵਿਚ ਆ ਕੇ ਵੇਲੇ ਕਵੇਲੇ ਲਿਖੀਆਂ ਜਮਾਂ ਹੁੰਦੀਆਂ ਰਹੀਆਂ ਸਨ। ਮਨ 'ਚ ਖ਼ਿਆਲ ਆਇਆ, ਇਹਨਾਂ ਨੂੰ ਕਿਤਾਬੀ ਰੂਪ ਦੇ ਦੇਵਾਂ। 'ਭਾਵਨਾ' ਦਾ ਮੁਖਬੰਦ, ਜਿਹੜਾ ਪਾਰਵਤੀ ਨਾਂ ਹੇਠ ਲਿਖਿਆ ਗਿਆ ਸੀ, ਜਸਵੰਤ ਦੀਆਂ ਲਿਖੀਆਂ ਚਿੱਠੀਆਂ ਵਿਚੋਂ ਛਾਂਟਿਆ ਸੀ, ਉਹ ਚਿੱਠੀਆਂ ਮੈਨੂੰ ਕਵਿਤਾ ਨਾਲੋਂ ਵੀ ਵਧੇਰੇ ਸਾਹਿਤਕ ਲੱਗੀਆਂ ਸਨ। ਇਹ ਸਭ ਕੁਝ ਸਾਡੇ ਇਕੱਠੇ ਰਹਿਣ ਤੋਂ ਢੇਰ ਸਮਾਂ ਪਹਿਲਾਂ ਦੀ ਵਾਪਰੀਆਂ ਘਟਨਾਵਾਂ ਸੀ। ਡਾ. ਜਸਵੰਤ ਅਪਣਾ ਸਿੱਧਾ ਨਾਂ ਦੇ ਕੇ ਹਾਲੇ ਚਰਚਾ ਵਿਚ ਨਹੀਂ ਆਉਣਾ ਚਾਹੁੰਦੀ ਸੀ। ਸੋ ਪਾਰਵਤੀ ਨਾਂ ਨੇ ਪਰਦਾ ਪੋਸ਼ੀ ਪਾਈ ਰੱਖੀ। ਉਂਜ ਪਾਰਵਤੀ ਨਾਂ ਦੀ ਦੋਸਤਾਂ ਬਥੇਰੀ ਪੁੱਛ ਪੜਤਾਲ ਮੇਰੇ ਕੋਲੋਂ ਕੀਤੀ। ਪਰ ਮੈਂ ਟਰਪੱਲ ਮਾਰ ਛੱਡਦਾ 'ਯਾਰ ਹੈਗੀ ਆ ਦਿੱਲੀ ਇਕ ਪ੍ਰੋਫੈਸਰ।' ਇਹ ਆਹਣ ਵਰਗੀ ਚਰਚਾ ਮਸਾਂ ਗਲੋਂ ਲਾਹੀ ਸੀ। ਕਿਉਂਕਿ 'ਭਾਵਨਾ' ਦਾ ਮੁਖਬੰਦ ਕਵਿਤਾਵਾਂ ਨਾਲੋਂ ਵੀ ਚੜ੍ਹਦੀ ਕਲਾ ਵਾਲਾ ਸੀ। ਪਰ ਉੱਠੀ ਹਨ੍ਹੇਰੀ ਮੇਰੀ ਖਾਮੋਸ਼ੀ ਨੇ ਏਧਰ ਓਧਰ ਟਾਲ ਦਿੱਤੀ। ਬਈ ਸਾਹਿਤ ਰਚਨਾ ਵੱਲੋਂ ਅੱਕਣ ਥੱਕਣ ਦਾ ਸਵਾਲ ਨਹੀਂ ਉਠਦਾ ਸੀ। ਇਹ ਤਾਂ ਵੇਲੇ ਕਵੇਲੇ ਦੀਆਂ ਲਹਿਰਾਂ ਦਾ ਸਿੱਟਾ ਸੀ। ਡਾ. ਜਸਵੰਤ ਦੀ ਸਲਾਹ ਨਾਲ ਛਾਪਣ ਦਾ ਮਨ ਬਣ ਗਿਆ। ਮੇਰਾ ਖ਼ਿਆਲ ਐ, 'ਭਾਵਨਾ' ਨੇ ਸੰਜੀਦਾ ਦਿਲਾਂ ਨੂੰ ਅੰਦਰੋ ਅੰਦਰ ਸੋਚਣ ਜ਼ਰੂਰ ਲਾਇਆ ਸੀ। ਉਹ ਮਨ ਦੀਆਂ ਉਛਲੀਆਂ ਗੰਭੀਰ ਲਹਿਰਾਂ ਸੀ। ਮੈਂ ਹੁਣ ਵੀ ਸੁਆਦ ਨਾਲ ਚੁਟਕੀਆਂ ਮਾਰਦਾ ਪੜ੍ਹਦਾ ਆਂ।

## ਸ਼ਿਵ ਕੁਮਾਰ ਦੀ 'ਸ਼ਹੀਦੀ'

ਸਵਾਲ - - ਇਕ ਕਵੀ ਦਰਬਾਰ ਦੀ ਸਟੇਜ ਸਕੱਤਰੀ ਕਰਦਿਆਂ ਤੁਸੀਂ ਸ਼ਿਵ ਕੁਮਾਰ ਦੀ ਸਿਫ਼ਤ ਵਿਚ ਕਿਹਾ ਸੀ। ''ਹਾਏ ਸ਼ਿਵ, ਤੈਨੂੰ ਰੱਬ ਕਿਤੇ ਸਾਡੇ ਕੋਲੋਂ ਖੋਹ ਨਾ ਲਵੇ ।'' ਸ਼ਿਵ ਸ਼ਰਾਬ ਦੀ ਭੇਟੇ ਚੜ੍ਹ ਗਿਆ। ਹੁਣ ਏਨੇ ਸਾਲਾਂ ਬਾਅਦ ਉਹਦੀ ਇਸ 'ਸ਼ਹੀਦੀ' ਨੂੰ ਕਿਵੇਂ ਲੈਂਦੇ ਹੋ ?

ਕੰਵਲ - ਸ਼ਿਵ ਜਜ਼ਬਾਤੀ ਰੋਹੜ ਵਿਚ ਅਜਿਹਾ ਰੁੜ੍ਹਿਆ ਕਿ ਕਿਸੇ ਨਸੀਅਤ ਤੇ ਨੇਕ ਸਲਾਹ ਦੇ ਪੈਰ ਹੀ ਨਹੀਂ ਲੱਗੇ। ਪਿਆਰ ਦੇ ਦਰਦ ਕਰਦੇ ਜ਼ਖ਼ਮ ਉੱਤੇ ਸ਼ਰਾਬ ਡੋਲ੍ਹ ਡੋਲ੍ਹ ਰਾਜ਼ੀ ਹੋਣ ਦੀ ਕੋਸ਼ਿਸ਼ ਕਰਦਾ ਰਿਹਾ। ਪਰ ਅਸਾਧ ਹੋਇਆ ਜ਼ਖ਼ਮ, ਹੋਰ ਹੋਰ ਡੂੰਘਾ ਹੁੰਦਾ ਗਿਆ। ਸ਼ਿਵ ਦੇ ਦਿਲ ਦੀ ਬੇਕਰਾਰੀ, ਉਹਦੇ ਜਾਂ ਉਸ ਦੇ ਕਿਸੇ ਹੋਰ ਹਕੀਮ ਯਾਰ ਦੇ ਵੱਸ ਇਲਾਜ ਤੋਂ ਪ੍ਰਵਾਹਰੀ ਹੋ ਗਈ ਸੀ। ਜਜ਼ਬਾਤ ਜ਼ਿੰਦਗੀ ਦੀ ਬੇਪ੍ਰਵਾਹ ਅਮੀਰ ਵਰਾਸਤ ਹੈ। ਪਰ ਇਹਨਾਂ ਅਮੋਲ ਜਜ਼ਬਾਤਾਂ ਨੂੰ ਸਮਝ ਗਿਆਂ ਨੇ ਕੰਟਰੋਲ ਕਰਨਾ ਸੀ। ਜਿਹੜਾ ਸ਼ਾਇਰ ਸ਼ਿਵ ਕੋਲ ਨਹੀਂ ਸੀ। ਦੁੱਖ ਦਰਦ ਵੱਲੋਂ ਬੇਹੋਸ਼ ਹੋ ਰਹਿਣ ਦਾ ਇਲਾਜ ਉਸ ਸ਼ਰਾਬ ਵਿੱਚੋਂ ਲੱਭ ਲਿਆ। ਮੇਰਾ ਖ਼ਿਆਲ ਐ, ਜੇ ਉਹ ਇੰਗਲੈਂਡ ਨਾ ਜਾਂਦਾ, ਸ਼ਾਇਦ ਸ਼ਰਾਬ ਵਿਚ ਗਰਕ ਹੋ ਕੇ ਨਾ ਮੁੜਦਾ। ਉਸ ਦੇ ਅੰਦਰਲੀ ਦੁਖਦੀ ਰਗ ਨੂੰ ਫੜਨ ਅਥਵਾ ਸਮਝ ਵਾਲਾ ਉਸ ਨੂੰ ਸਾਰੀ ਵਲੈਤ ਵਿਚੋਂ ਕੋਈ ਨਾ ਮਿਲਿਆ। ਵਿਸਕੀ ਵਿਚ ਡੋਬੇ ਦੇਣ ਵਾਲੇ ਅਥਾਹ ਸਨ, ਪਰ ਦੁਖਦੀਆਂ ਦਰਦ ਧੜਕਣਾਂ 'ਤੇ ਹੱਥ ਰਖਣ ਵਾਲਾ ਇਕ ਵੀ ਨਹੀਂ ਸੀ।

ਮੇਲਿਆਂ ਜਲਸਿਆਂ 'ਤੇ ਤਾਂ ਉਹ ਆਮ ਵੀ ਮਿਲਦਾ ਰਹਿੰਦਾ ਸੀ ਪਰ ਬਾਹਰ ਖੇਤ ਵਿਚ ਕੋਠੜੀ ਸੀ, ਇਕ ਵਾਰ ਉਹ ਮੇਰੇ ਕੋਲ ਆਇਆ। ਨਹਾਉਣ ਧੋਣ ਲਈ ; ਓਥੇ ਹੱਥ ਪੰਪ ਤੇ ਪੱਕਾ ਫਰਸ਼ ਸੀ। ਕਾਮੇ ਮੁੰਡੇ ਨੇ ਉਹਦੇ ਨਹਾਉਣ ਲਈ ਪਾਣੀ ਦਾ ਕੁੰਡ ਭਰ ਦਿੱਤਾ। ਪਾਣੀ ਦੀ ਘੜਵੀ ਸਿਰ ਪਾਉਂਦਾ ਆਖਣ ਲੱਗਾ-

''ਕੰਵਲ! ਕੁੰਡ ਭਰਿਆ ਹੋਵੇ ਸ਼ਰਾਬ ਦਾ। ਮੈਂ ਗੜਬੀਆਂ ਭਰ ਭਰ ਸਿਰ 'ਤੇ ਡੋਲ੍ਹੀ ਜਾਵਾਂ ; ਮੂੰਹ ਤੋਂ ਤਿਲਕਦੀ ਸ਼ਰਾਬ ਪੀਂਦਾ ਜਾਵਾਂ। ਬਸ ਉਹਦੇ ਵਰਗਾ ਹੋਰ ਕੋਈ ਮਜ਼ਾ ਨਹੀਂ।'' ਉਹ ਲਹਿਰ ਵਿਚ ਆਇਆ ਹੋਇਆ ਸੀ।

''ਬਾਹਮਣਾ! ਮਰੇਂਗਾ ਵੀ ਸ਼ਰਾਬ ਨਾਲ; ਜਿਹੜਾ ਉਹਦੇ ਲਈ ਜੀ ਜਾਨ ਸਾਂਝੀ ਕਰੀ ਬੈਠਾ ਏਂ।''

''ਤੂੰ ਤਾਂ ਪਹਿਲਾਂ ਪੀਤੀ ਵੀ ਲਾਹ ਮਾਰੀ।'' ਉਹਦੇ ਹੱਥੋਂ ਗੜਬੀ ਛੁੱਟ ਕੇ ਕੁੰਡ ਵਿੱਚ ਜਾ ਪਈ।

ਫਿਰ ਪੀਣ ਦੀ ਲਲਕ ਇੰਗਲੈਂਡ ਵਾਲਿਆਂ ਸਿਰੇ ਲਾ ਦਿੱਤੀ। ਮੈਂ ਇਸ ਨਤੀਜੇ ਤੇ ਪੁੱਜਾ : ਚੜ੍ਹੇ ਜਜ਼ਬਾਤ ਨੂੰ ਕੰਟਰੋਲ ਕਰਨ ਲਈ ਜੇ ਗਿਆਨ ਦੀ ਸੋਝੀ ਪੱਲੇ ਨਹੀਂ; ਨਤੀਜੇ ਮੌਤ ਵਰਗੇ ਦਰਦਨਾਕ ਅੱਗੇ ਆਉਣਗੇ। ਰੱਬ ਨੇ ਨਹੀਂ; ਸ਼ਿਵ ਕੁਮਾਰ ਨੂੰ ਸ਼ਰਾਬ ਨੇ ਸਾਡੇ ਕੋਲੋਂ ਖੋਹ ਲਿਆ। ਇਹ ਸਾਧਾਰਨ ਮੌਤ ਨਹੀਂ; ਇਕ ਮਹਾਨ ਕਵੀ ਨੂੰ ਸ਼ਰਾਬ ਨੇ ਸਾਡੇ ਕੋਲੋਂ ਖੋਹ ਲਿਆ। ਸਦ ਅਫ਼ਸੋਸ।

ਸਵਾਲ - ਤੁਸੀਂ ਨਾਵਲਾਂ ਦੇ ਨਾਲ ਨਾਲ ਕਹਾਣੀਆਂ ਤਾਂ ਲਿਖੀਆਂ, ਪਰ ਨਾਟਕ ਨਹੀਂ ਲਿਖਿਆ। ਕੀ ਤੁਹਾਨੂੰ ਇਹ ਵਿਧਾ ਪਸੰਦ ਨਹੀਂ ?

ਕੰਵਲ - ਪੈੜਾਂ ਵੇਖਦੇ ਸ਼ਿਕਾਰੀਆਂ ਆਖਿਆ, ''ਏਸੇ ਖੁੱਡ ਸਹਿਆ ਐ।'' ਨਾਵਲਾਂ ਕਹਾਣੀਆਂ ਦੀ ਵਾਹ-ਵਾਹ ਨੇ ਡਰਾਮੇ ਵੱਲ ਮੂੰਹ ਵੀ ਨਹੀਂ ਕਰਨ ਦਿੱਤਾ। ਡਰਾਮੇ ਵੱਲ ਰਜੂਅ ਸਹੀ ਅਰਥਾਂ ਵਿਚ ਜੁੜੀ ਹੀ ਨਹੀਂ। ਇਕ ਡਰਾਮਾ ਬਹੁਤ ਪਹਿਲਿਆਂ ਵਿਚ ਇਕ ਵਾਕਫ਼ਕਾਰ ਨੂੰ ਟੀ.ਵੀ. 'ਤੇ ਖੇਡਣ ਲਈ ਦੇ ਆਇਆ ਸਾਂ। ਖੇਡਣਾ ਤਾਂ ਕੀ, ਉਹਦਾ ਖਰੜਾ ਵੀ ਗੁੰਮ ਕਰ ਦਿੱਤਾ। ਪੁੱਛਿਆ, ਤਾਂ ਪਤਾ ਨਹੀਂ ਕਹਿਕੇ ਟਾਲ ਦਿੱਤਾ। ਹਮਾਰੇ ਵੀ ਹੈ ਮਿਹਰਬਾਂ ਕੈਸੇ ਕੈਸੇ। ਫਿਰ ਯਾਰਾਂ ਡਰਾਮਾ ਲਿਖਣਾ ਤਾਂ ਕੀ, ਦੇਖਣਾ ਵੀ ਛੱਡ ਦਿੱਤਾ। ਜੇ ਮੇਰੇ ਕੋਲੋਂ ਪੁੱਛੋ ਤਾਂ ਕਿਸੇ ਡਰਾਮੇ ਨੇ ਪੰਜਾਬ ਦੀ ਆਤਮਾ ਨੂੰ ਛੋਹਿਆ ਤੱਕ ਨਹੀਂ। ਜਿੱਥੇ ਰੁੱਖ ਨਹੀਂ, ਓਥੇ ਰਿੰਡ ਯਾਰ ਪ੍ਰਧਾਨ ਹੋਏ ਫਿਰਦੇ ਐ। ਪੰਜਾਬੀ ਡਰਾਮੇ ਕੋਲ ਸਾਹਿਤ ਦੀ ਪਹਿਲ ਕਦਮੀ ਕਦੇ ਆਈ ਨਹੀਂ। ਸਾਡੇ ਕੋਲ ਤਾਂ ਚਾਰ ਲੇਖਕਾਂ ਦਾ ਨਾਂ ਲੈਣ ਪਿੱਛੋਂ ਮੋਟੀ ਚੁੱਪ ਛਾ ਜਾਂਦੀ ਹੈ।

ਗੁਰੂਕਿਆਂ ਦਾ ਪ੍ਰਤਾਪ ਗੁਰੂ ਗ੍ਰੰਥ ਸਾਹਿਬ, ਵਾਰਸ ਤੇ ਬੁੱਲ੍ਹਾ, ਕੁਝ ਸੂਫ਼ੀਆਂ ਬਿਨਾਂ ਪੰਜਾਬ ਤਾਂ ਖ਼ਾਲੀ ਪਿਆ ਹੈ। ਇਓਂ ਵੀ ਸਮਝ ਸਕਦੇ ਓ ਕਿ ਨਾਟਕ ਮੇਰੇ ਵੱਸ ਦਾ ਰੋਗ ਨਹੀਂ। ਨਾਟਕ ਲਿਖਣਾ ਔਖਾ ਨਹੀਂ, ਪਰ ਖੇਲਣਾ ਛੱਤਣੀ ਹੱਥ ਪਾਉਣਾ ਹੁੰਦਾ ਏ। ਸੋ ਇਸ ਪਾਸੇ ਵੱਲ ਜਾਣ ਦੀ ਰੂਹ ਹੀ ਨਹੀਂ ਬਣੀ। ਉਂਜ ਮੇਜਰ ਇਸਹਾਕ ਮੁਹੰਮਦ ਦਾ 'ਮੁਸੱਲੀ','ਕੁੱਕਨੂਸ'; ਨਜ਼ਮ ਹੁਸੈਨ ਸਇਯਦ ਦਾ 'ਤਖ਼ਤ ਲਹੌਰ' ਮੇਰੀ ਰੂਹ ਦੇ ਨੇੜੇ ਹਨ। ਹੁਣ ਦਿਆਂ 'ਚੋਂ ਸਵਰਾਜਬੀਰ ਦਾ 'ਸ਼ਾਇਰੀ', 'ਮੇਦਨੀ' ਮੈਨੂੰ ਖਿੱਚ ਪਾਉਂਦੇ ਹਨ।

## ਨਾਵਲ ਦੇ ਬੀਜ

ਸਵਾਲ – ਨਾਵਲ ਦਾ ਪਲਾਟ ਤੁਹਾਡੇ ਮਨ ਵਿਚ ਕਿਵੇਂ ਬਣਦਾ ਹੈ?

ਕੰਵਲ – ਰੁੱਤ ਸਿਰ ਝੜੇ ਬੀਜ ਅਨੇਕਾਂ ਧਰਤੀ ਦੀ ਹਿੱਕ ਵਿਚ ਪਏ ਰਹਿੰਦੇ ਐ। ਰੁੱਤ ਨਾਲ ਬਾਰਸ਼ ਆਉਂਦੀ ਐ ਤੇ ਬੀਜ ਵੀ ਫੁੱਟ ਤੁਰਦਾ ਹੈ। ਸਮਾਜ ਵਿਚ ਘਟਨਾਵਾਂ ਦਾ ਹੜ੍ਹ ਆਇਆ ਰਹਿੰਦਾ ਹੈ। ਕੋਈ ਖ਼ਾਸ ਘਟਨਾ ਲੇਖਕ ਨੂੰ ਚੇਤੰਨ ਕਰਦੀ ਹੈ । ਉਹ ਘਟਨਾ ਖ਼ਾਸ ਤੇ ਅਜੀਬ ਹੁੰਦੀ ਐ, ਜਿਹੜੀ ਸਾਹਿਤ ਰਚਨਾ ਲਈ ਪ੍ਰੇਰਨਾ ਸਰੋਤ ਬਣਦੀ ਹੈ। 'ਸੱਚ ਨੂੰ ਫਾਂਸੀ' ਮੇਰਾ ਪਹਿਲਾ ਨਾਵਲ ਹੈ। ਇਹ ਗੱਲ ਅਥਵਾ ਘਟਨਾ ਆਜ਼ਾਦੀ ਤੋਂ ਅੱਠ ਨੌਂ ਵਰ੍ਹੇ ਪਹਿਲਾਂ ਦੀ ਹੈ। ਮੈਂ ਇਕ ਸਰਦਾਰ ਦੀ ਸਿਰ ਵੱਢੀ ਲਹੂ ਵਗਦੀ ਲਾਸ਼ ਦੇਖੀ। ਉਸ ਦਾ ਪਿਛਵਾੜਾ ਫਰੋਲਿਆਂ ਤਾਂ ਪਤਾ ਲੱਗਾ ਕਿ ਮਰਨ ਵਾਲੇ ਸਰਦਾਰ ਦੇ ਵੈਲੀ ਮੁੰਡੇ ਨੇ ਘੁਮਾਰਾਂ ਦੀ ਜਵਾਨ ਕੁੜੀ ਫੜ ਲਈ ਸੀ। ਕੁੜੀ ਦੇ ਭਰਾਵਾਂ ਸਰਦਾਰ ਦੇ ਮੁੰਡੇ ਨੂੰ ਮਾਰਨਾ ਮਿਥ ਲਿਆ। ਮੱਤ ਦੇਣ ਵਾਲੇ ਨੇ ਸਮਝਾਇਆ, ਮੁੰਡੇ ਨੂੰ ਮਾਰੋਗੇ, ਸਿੱਧੇ ਫਾਹੇ ਲੱਗੋਗੇ। ਉਹਦਾ ਪਿਉ ਸੈਸ਼ਨ ਦੇ ਸੇਸਰ ਬਹਿੰਦਾ ਏ। ਵੈਲੀ ਨੂੰ ਮਾਰਨ ਤੋਂ ਪਹਿਲਾਂ ਅਪਣੇ ਬਚਾਅ ਬਾਰੇ ਸੋਚੋ। ਉਹਨਾਂ ਮੱਤ ਦੇਣ ਵਾਲੇ ਨੂੰ ਨਾਲ ਜੋੜ ਕੇ ਸਰਦਾਰ ਕਤਲ ਕਰ ਦਿੱਤਾ ਤੇ ਉਹਦਾ ਸਿਰ ਵੱਢ ਕੇ ਨਹਿਰ ਵਿਚ ਸੁੱਟ ਦਿੱਤਾ। ਇਹ ਮਿੰਟਗੁੰਮਰੀ ਸ਼ਹਿਰ ਤੋਂ ਉਰ੍ਹੇ ਇਕ ਨਹਿਰ 'ਤੇ ਵਾਪਰੀ ਘਟਨਾ ਹੈ ਜਿਹੜੀ ਮੈਂ ਅੱਖੀਂ ਵੇਖੀ ਤੇ 'ਸੱਚ ਨੂੰ ਫਾਸੀ' ਨਾਵਲ ਲਿਖਿਆ। ਸੋ ਕੋਈ ਵਾਕਿਆ ਅਥਵਾ ਘਟਨਾ ਨਾਵਲ ਕਹਾਣੀ ਲਿਖਣ ਦੀ ਪ੍ਰੇਰਨਾ ਬਣਦੀ ਹੈ। ਕੋਈ ਘਟਨਾ ਵਾਪਰਦੀ ਹੈ ਜਾਂ ਕਲਪਨਾ ਵਿਚੋਂ ਉਗਮਦੀ ਹੈ। ਕਲਪਨਾ ਵੀ ਘਟਨਾ ਦੀ ਸਕੀ ਸੋਦਰੀ ਧੀ ਹੀ ਹੁੰਦੀ ਹੈ। ਯਾਦ ਰਹੇ ਘਟਨਾ ਪਹਿਲਾਂ ਪੈਦਾ ਹੁੰਦੀ ਹੈ ਤੇ ਕਲਪਨਾ ਉਸ ਨੂੰ ਖ਼ੂਬਸੂਰਤ ਮੋੜ ਘੋੜ ਦਿੰਦੀ ਹੈ। ਮੈਂ 'ਸੱਚ ਨੂੰ ਫਾਸੀ' ਨਾਵਲ ਦੇ ਪਲਾਟ ਨੂੰ ਮੁੱਖ ਰਖ ਕੇ ਗੱਲ ਦਾ ਮੋੜ ਦੇ ਰਿਹਾ ਆਂ। ਸਮਾਜ ਵਿਚ ਸੁਖਾਂਤ ਤੇ ਦੁਖਾਂਤ ਬੜਾ ਕੁਝ ਵਾਪਰਦਾ ਹੀ ਰਹਿੰਦਾ ਹੈ। ਉਸ ਪਲਾਟ ਨੂੰ ਕਲਪਨਾ ਦੀ ਪਾਲਿਸ਼ ਨਾਲ ਪ੍ਰੇਰਨਾਦਾਇਕ ਬਣਾਉਣਾ ਲੇਖਕ ਦਾ ਸਚਿਆਰਾ ਕਰਤਵ ਹੁੰਦਾ ਹੈ। ਸਮਾਜ ਵਿਚ ਗਲਤ ਮਲਤ ਕੁਝ ਨਾ ਕੁਝ ਵਾਪਰਦਾ ਹੀ ਰਹਿੰਦਾ ਹੈ। ਇਹ ਲੇਖਕ ਦੀ ਸੂਝ ਬੂਝ ਦੀ ਚੋਣ ਹੁੰਦੀ ਐ; ਜਿਹੜੀ ਕਿਸੇ ਵੀ ਸਮਾਜੀ ਘਟਨਾ ਨੂੰ ਕਾਂਟ ਛਾਂਟ ਕਰਕੇ ਨਾਵਲ ਅਥਵਾ ਕਹਾਣੀ ਦੇ ਪ੍ਰੇਰਨਾਦਾਇਕ ਸਰੂਪ ਵਿਚ ਢਾਲ ਦੇਵੇ। ਕਹਾਣੀ ਨਹਿਰ ਦੇ ਵਹਾਅ ਵਾਂਗ ਇਕਸਾਰ ਤੁਰਦੀ ਰਹਿਣੀ ਚਾਹੀਦੀ ਹੈ। ਪਾਤਰਾਂ ਨੂੰ ਰੁਖ਼ ਸਿਰ ਰੱਖ ਕੇ ਵਿੱਚੋਂ ਵਫ਼ਾਦਾਰ ਸਿੱਟੇ ਪੈਦਾ ਕਰਨੇ ਚਾਹੀਦੇ ਹਨ ਤਾਂ ਜੋ ਸਾਹਿਤ ਵਫ਼ਾਦਾਰ ਕਦਰਾਂ ਕੀਮਤਾਂ ਰਾਹੀਂ, ਮਨੁੱਖ ਦੇ ਹੌਂਸਲੇ ਤੇ ਮਿਹਨਤ ਨੂੰ ਵਧੀਆ ਜ਼ਰਬਾਂ ਦੇ ਸਕੇ। ਸਾਹਿਤ ਮਨੁੱਖ ਦਾ ਉਮਰ ਭਰ ਲਈ ਵਫ਼ਾਦਾਰ ਸਾਥੀ ਤੇ ਰਾਹਨੁਮਾ ਹੈ। ਚੰਗੀ ਜਾਂ ਮਾੜੀ ਘਟਨਾ ਪ੍ਰੇਰਨਾ ਦਾ ਸਰੋਤ ਬਣਦੀ ਹੈ।

ਸਵਾਲ – ਪਲਾਟ ਬਣ ਜਾਣ ਤੋਂ ਬਾਅਦ ਕਿੰਨੀ ਕੁ ਦੇਰ ਲਗਦੀ ਹੈ ਇਸ ਨੂੰ ਲਿਖਣ ਲਈ ?

ਕੰਵਲ – ਕਈ ਵਾਰ ਸਾਲ ਦੋ ਸਾਲ ਵੀ ਲੱਗ ਜਾਂਦੇ ਹਨ। 'ਲਹੂ ਦੀ ਲੋਅ' ਦੀ ਤਿਆਰੀ ਕਰਨ ਵਿਚ ਹੀ ਕਾਫ਼ੀ ਸਮਾਂ ਲਗ ਗਿਆ ਸੀ। 'ਰਾਤ ਬਾਕੀ ਹੈ' ਦੀ ਪਹਿਲੀ ਪਰਤ ਤੇਈ ਦਿਨਾਂ ਵਿਚ ਲਿਖ ਮਾਰੀ ਸੀ। 'ਲਹੂ ਦੀ ਲੋਅ' ਲਈ ਥਾਵਾਂ ਘਟਨਾਵਾਂ ਬਹੁਤੀਆਂ ਗਾਹੁਣੀਆਂ ਪਈਆਂ ਸਨ। ਪਰ 'ਰਾਤ ਬਾਕੀ ਹੈ' ਦੇ ਆਖਰੀ ਕਾਂਡ ਲਿਖਣ ਵੇਲੇ ਸ਼ੇਖ਼ ਅਬਦੁੱਲਾ ਪਹਿਲੀ ਬਾਰ ਗਿਰਫ਼ਤਾਰ ਹੋਇਆ ਸੀ ; ਉਹ ਕਾਂਡ ਪਿੰਡ ਆ ਕੇ ਹੀ ਪੂਰਾ ਕੀਤਾ ਸੀ। 'ਰਾਤ ਬਾਕੀ ਹੈ', ਲਈ ਲਿਖਣ ਤੋਂ ਪਹਿਲਾਂ ਪੈਪਸੂ ਦੇ ਕੁਝ ਪਿੰਡਾਂ ਵਿਚ ਫਿਰਨਾ ਪਿਆ ਸੀ, ਪਰ ਛੇਤੀ ਹੀ ਪੂਰੀ ਕਰ ਲਈ ਸੀ। ਕਿਸੇ ਵੀ ਰਚਨਾ ਦੀ ਪੂਰਤੀ ਲਈ ਸਮਾਂ ਤੇ ਸਥਾਨ ਮਿਥੇ ਨਹੀਂ ਜਾ ਸਕਦੇ। ਹਾਲਾਤ ਸਾਜ਼ਗਾਰ ਚਾਹੀਦੇ ਹਨ। ਮਨ ਦੀ ਬਿਰਤੀ ਟਿਕਾਓ ਫੜੀ ਰਖੇ ਤਾਂ ਛੇਤੀ ਵੀ ਪੂਰੀ ਹੋ ਜਾਂਦੀ ਐ; ਬੇਕਰਾਰੀਆਂ ਦੀ ਘੜਮੱਸ ਵਿਚ ਦੇਰੀ ਵੀ ਲੱਗ ਜਾਂਦੀ ਹੈ। ਜਲਦੀ ਤੇ ਦੇਰੀ, ਹਾਲਾਤ 'ਤੇ ਅਧਾਰ ਰਖਦੀਆਂ ਹਨ। ਲਗਾਤਾਰ ਸ਼ਾਂਤ ਮਾਹੌਲ ਮਿਲੇ ਸਾਰਥਿਕਤਾ ਛੇਤੀ ਪ੍ਰਾਪਤ ਹੋ ਜਾਂਦੀ ਹੈ। ਅਸਲ ਵਿੱਚ ਪਲਾਟ ਗੁੰਝਲਦਾਰ ਨਾ ਹੋਵੇ; ਤਦ ਕਾਮਯਾਬੀ ਤੇ ਪ੍ਰਾਪਤੀ ਛੇਤੀ ਹੋ ਜਾਂਦੀ ਹੈ। 'ਰਾਤ ਬਾਕੀ ਹੈ' ਦਾ ਸਿਮਰਨ ਸਾਲ ਡੇਢ ਸਾਲ ਤੋਂ ਚਲ ਰਿਹਾ ਸੀ। ਪੰਜਾਬ ਦੀ ਪੱਧਰੀ ਧਰਤ ਕਾਰਨ ਮੇਰੇ ਪਲਾਟ ਗੁੰਝਲਦਾਰ ਨਹੀਂ ਤੇ ਸੁਭਾਅ ਵੀ ਕੁਦਰਤੀ ਰੂਪ ਵਿਚ ਸਾਦੇ ਹੀ ਹਨ। ਆਲੇ ਦੁਆਲੇ ਦਾ ਕੁਦਰਤੀ ਮਾਹੌਲ ਕਹਾਣੀ ਦੀ ਸੁਭਾਵਕਤਾ ਘੜਨ ਵਿਚ ਪਹਿਲ ਰਖਦਾ ਹੈ। ਮੈਨੂੰ ਪਲਾਟ ਲੱਭਣ ਵਿਚ ਬਹੁਤੀ ਖੇਚਲ ਨਹੀਂ ਕਰਨੀ ਪਈ, ਪਰ ਉਸ ਦੀ ਪੂਰਤੀ ਲਈ ਮਿਹਨਤ ਤਾਂ ਕਰਨੀ ਹੀ ਪੈਂਦੀ ਹੈ। ਪਰ ਜਚਦਾ ਦੇਖਣਾ ਪਰਖਣਾ ਬੁਨਿਆਦੀ ਲੋੜਾਂ ਵਿਚ ਸ਼ਾਮਲ ਹੈ। ਮੈਨੂੰ ਪਲਾਟ ਭਾਲਣੇ ਤੇ ਜੋੜਨੇ ਨਹੀਂ ਪਏ, ਕੁਦਰਤ ਦੀ ਮਿਹਰਬਾਨੀ ਨਾਲ ਵਾਪਰਦੇ ਹੀ ਮਿਲਦੇ ਰਹੇ ਹਨ। ਪਰ ਪਲਾਟ ਬਹੁਤੀ ਵਾਰ ਅਣਘੜ ਪੱਥਰ ਵਰਗਾ ਹੁੰਦਾ ਹੈ; ਉਸ ਵਿਚੋਂ ਕਰੈਕਟਰ ਦੀ ਮੂਰਤੀ ਤਰਾਸ਼ਣ ਲਈ ਸਾਧਨਾ ਤਾਂ ਕਰਨੀ ਹੀ ਪੈਂਦੀ ਹੈ। ਹਾਂ, ਮਿਹਨਤ ਬਿਨਾਂ ਕੁਝ ਵੀ ਸਕਾਰਥਾ ਨਹੀਂ। ਮਿਹਨਤ ਹਰ ਕਲਾ ਸਾਧਨਾ ਦੀ ਮਾਂ ਹੈ। ਲਗਾਤਾਰ ਮਿਹਨਤ ਕਰੋ, ਕਲਾ ਆਪ ਹੀ ਸਾਕਾਰ ਰੂਪ ਫੜ ਲਵੇਗੀ। ਇੱਟ ਗਾਰਾ ਤਿਆਰ ਹੋਵੇ, ਮਕਾਨ ਬਣਾਉਣ ਦਾ ਸਮਾਨ ਅਵਾਜ਼ਾਂ ਮਾਰਦਾ ਹੋਵੇ; ਕਾਰੀਗਰ ਮਕਾਨ ਖੜ੍ਹਾ ਕਰਨ ਨੂੰ ਮਹੀਨੇ ਵਰ੍ਹੇ ਨਹੀਂ ਲਾਉਂਦਾ। ਏਹੋ ਹਾਲ ਇਕ ਲੇਖਕ ਦਾ ਹੁੰਦਾ ਐ। ਸਾਰਾ ਮਸਾਲਾ ਤਿਆਰ ਹੋਵੇ, ਕੋਈ ਕੁਦਰਤੀ ਵਿਘਨ ਨਾ ਪਵੇ, ਫਿਰ ਸਾਕਾਰਤਾ ਦਿਨਾਂ ਵਿਚ ਪਟੋਲੇ ਬਣ ਖਲੋਂਦੀ ਹੈ।

ਸਵਾਲ – ਇਕ ਵਾਰ ਤੁਸਾਂ ਦੱਸਿਆ ਸੀ, 'ਪਾਲੀ' ਤੁਸਾਂ ਪਿੰਡ ਦੇ ਸਿਵਿਆਂ ਵਿਚ ਬਹਿਕੇ ਲਿਖਿਆ ਤੇ 'ਰਾਤ ਬਾਕੀ ਹੈ' ਕਸ਼ਮੀਰ ਦੀ ਡੱਲ ਝੀਲ ਵਿਚ ਇਕ ਕਿਸ਼ਤੀ ਕਰਾਏ 'ਤੇ ਲੈ ਕੇ। ਇਹ ਕਿਉਂ?



ਪੋਤਰੇ-ਦੋਹਤਰੇ – ਰਮਣੀਕ ਸਿੰਘ, ਸੁਮੇਲ ਸਿੰਘ ਸਿੱਧੂ ਅਤੇ ਬਲਦੀਪ ਸਿੰਘ ਨਾਲ- ਢੁੱਡੀਕੇ-1974-75

ਕੰਵਲ – ਨਹੀਂ ਬਈ, 'ਪਾਲੀ' ਸ਼੍ਰੋਮਣੀ ਕਮੇਟੀ ਦੇ ਦਫਤਰ ਵਿਚ ਸਵੇਰੇ ਸਵੇਰੇ ਦਫ਼ਤਰ ਲੱਗਣ ਤੋਂ ਪਹਿਲਾਂ ਲਿਖਦਾ ਰਿਹਾ ਸਾਂ। 'ਰਾਤ ਬਾਕੀ ਹੈ' ਪਹਿਲਾਂ ਦਿੱਲੀ ਵਿਚ, ਹੌਜ ਖ਼ਾਸ ਦੇ ਖੰਡਰਾਂ ਤੇ ਪਿੱਛੋਂ ਪ੍ਰੈਜੀਡੈਂਸੀ ਹੋਟਲ ਸ੍ਰੀਨਗਰ 'ਤੇ ਬਣੇ ਇਕ ਦੋਸਤ ਮੁਸਲਮਾਨ ਦੇ ਹੋਟਲ ਵਿਚ ਝਰੀਟਿਆ ਸੀ। 'ਪੂਰਨਮਾਸ਼ੀ' ਖੇਤਾਂ ਦੀਆਂ ਵੱਟਾਂ ਅਤੇ ਕੁਝ ਭਾਗ ਸਿਵਿਆਂ ਦੀ ਸ਼ਾਂਤੀ ਵਿਚ ਲਿਖੇ ਸਨ। ਲਿਖਣ ਸਮੇਂ ਮੈਂ ਅਪਣੇ ਕੋਲ ਅਕੇਵਾਂ ਨਹੀਂ ਚਾਹੁੰਦਾ। ਲਿਖਣ ਥਾਵਾਂ ਬਾਰੇ ਤੁਹਾਨੂੰ ਗ਼ਲਤ ਫਹਿਮੀ ਲੱਗੀ ਹੈ। ਲਿਖਣ ਸਮੇਂ ਮੈਂ ਤੇ ਮੇਰੇ ਵਿਚਾਰ ਹੀ ਹਾਜ਼ਰ ਹੋਣੇ ਚਾਹੀਦੇ ਹਨ। ਉਹ ਮਹਾਨ ਲੇਖਕ ਹੀ ਹੋਣਗੇ, ਜਿਹੜੇ ਰੌਲੇ ਗੌਲੇ ਵਿੱਚ ਵੀ ਸਾਹਿਤ ਰਚਨਾ ਕਰ ਲੈਂਦੇ ਹਨ।

ਸਵਾਲ – ਨਾਵਲ ਲਿਖਣ ਤੋਂ ਬਾਅਦ ਤੁਸੀਂ ਉਸ ਨੂੰ ਦੁਬਾਰਾ ਪੜ੍ਹ ਕੇ ਉਹਦੇ ਵਿਚ ਤਬਦੀਲੀਆਂ ਵੀ ਕਰਦੇ ਹੋ?

ਕੰਵਲ – ਬਈ ਇਹ ਤਾਂ ਸਹਿਵਨ ਐ, ਮੈਂ ਕੱਚੇ ਖਰੜੇ ਉੱਤੇ ਹੀ ਕਟ ਵਢ ਕਰਦਾ ਹਾਂ। ਕੁਝ ਸਮਾਂ ਉਸ ਬਾਰੇ ਚੁੱਪ ਸੋਚਦਾ ਰਹਿੰਦਾ ਹਾਂ। ਪ੍ਰੈਸ ਨੂੰ ਦੇਣ ਵਾਲੀ ਕਾਪੀ ਕਾਫ਼ੀ ਸੋਧ ਸੋਧਾਈ ਪਿੱਛੋਂ ਦੇਂਦਾ ਆਂ। ਬੰਦਾ ਗਲਤੀਆਂ ਦਾ ਪੁਤਲਾ ਹੈ। ਕਈ ਵਾਰ ਸਹਿਵਨ ਹੀ ਗਲਤੀਆਂ ਹੋ ਜਾਂਦੀਆਂ ਹਨ। ਇਕ ਦੋ ਵਾਰ ਪੜ੍ਹਿਆ ਅਹਿਸਾਸ ਤਬਦੀਲੀ ਕਰਨ ਲਈ ਮਜਬੂਰ ਕਰ ਦੇਂਦਾ ਹੈ ।

ਸਵਾਲ – ਹੁਣ ਤੱਕ ਤੁਸੀਂ ਕੋਈ ਸੱਠ ਪੈਂਹਟ ਕੁ ਸਾਲ ਤੋਂ ਕਲਮ ਚਲਾ ਰਹੇ ਹੋ। ਤੁਹਾਡਾ ਕੀ ਖ਼ਿਆਲ ਹੈ ਕਿ ਇਹ ਤੁਹਾਡੀ ਕੋਈ ਮਜਬੂਰੀ ਸੀ ਜਾਂ ਕੋਈ ਮੰਤਵ ਸੀ ; ਤਾਂ ਕੀ ਉਹ ਪੂਰਾ ਹੋ ਗਿਆ ਜਾਂ ਨਹੀਂ ?

ਕੰਵਲ – ਬੋਲ ਚੰਗਾ ਤੁਰਦਾ ਸੀ, ਵਾਰਸ ਦੀ ਹੀਰ ਨੇ ਹੋਰ ਬੱਤੀ ਸੀਖੀ, ਯਾਰ ਲੋਕ ਬੈਂਤ ਲਿਖਣ ਲੱਗ ਪਏ। ਕਵਿਤਾ ਲਿਖਣ ਦੀ ਚੇਟਕ ਨੇ ਮਲਾਇਆ ਛੁਡਵਾ ਦਿੱਤਾ। ਮਨ ਨੇ ਪੱਕਾ ਫੈਸਲਾ ਕਰ ਲਿਆ, ਲੇਖਕ ਬਣਨਾ ਹੈ। ਸਾਹਿਤ ਪੜ੍ਹਨ ਦੇ ਸ਼ੌਕ ਨੇ ਜ਼ਿੰਦਗੀ ਦੀਆਂ ਮੰਜ਼ਲਾਂ ਖੜੀਆਂ ਕਰ ਦਿੱਤੀਆਂ। ਮੈਂ ਸਾਹਿਤ ਨੂੰ ਸ਼ੋਹਰਤ ਦਾ ਛੱਪੜ ਸਮਝ ਕੇ ਵੜਿਆ ਸਾਂ, ਪਰ ਇਹ ਤਾਂ ਗਹਿਰਾ ਸਾਗਰ ਹੋ ਨਿਬੜਿਆ। ਜਿਵੇਂ ਜਿਵੇਂ ਪੜ੍ਹਦਾ ਗਿਆ, ਸਾਗਰ ਹੋਰ ਹੋਰ ਗਹਿਰਾ ਤੇ ਵਿਸ਼ਾਲ ਹੁੰਦਾ ਗਿਆ। ਪਰ ਸ਼ੁਰੂ ਨੂੰ ਮੁੱਢ ਤੋਂ ਹੀ ਸ਼ਾਬਾਸ਼ ਦੀਆਂ ਥਾਪੀਆਂ ਨੇ ਹੋਰ ਕਿਧਰੇ ਜਾਣ ਜੋਗਾ ਹੀ ਨਾ ਰਹਿਣ ਦਿੱਤਾ। ਸ਼ਾਬਾਸ਼ ਨਾਲ ਪ੍ਰਸੰਸ਼ਾ ਤੇ ਲਿਖੇ ਦੀ ਰਾਇਲਟੀ ਵੀ ਮਿਲਣੀ ਸ਼ੁਰੂ ਹੋ ਗਈ। ਵੱਡੇ ਵੱਡੇ ਕੌਮਾਂਤਰੀ ਲੇਖਕਾਂ ਦੇ ਸਾਹਿਤ ਨੇ ਖੇਤੀਬਾੜੀ ਵੱਲ ਮੋੜਾ ਪਾਉਣ ਹੀ ਨਾ ਦਿੱਤਾ। ਵੇਦਾਂਤ ਨੇ ਸਾਧ ਹੋ ਜਾਣ ਵੱਲ ਧੱਕਾ ਮਾਰਿਆ ਸੀ, ਪਰ ਇਨਕਲਾਬ ਦਾ ਮਾਰਕਸੀ ਸਿਧਾਂਤ ਮੈਨੂੰ ਰੋਕਣ ਲਈ ਬਾਹਾਂ ਅੱਡ ਕੇ ਖਲੋ ਗਿਆ। ਭਾਈ ਗੁਰਦਾਸ ਦੇ 'ਗ੍ਰਿਸਤ ਪ੍ਰਧਾਨ ਹੈ' ਵਾਲੇ ਕਬਿਤ ਨੇ ਪੰਜਾਬੀ ਸਾਹਿਤ ਵਾਲੇ ਪਾਸੇ ਪੱਕੇ ਤੌਰ 'ਤੇ ਮੋੜ ਦਿੱਤਾ। ਪਿੰਡਾਂ ਵਿਚੋਂ ਓਦੋਂ ਹਾਲੀਆਂ ਪਾਲੀਆਂ ਦੀਆਂ ਬੋਲੀਆਂ ਅਤੇ ਕੁੜੀਆਂ ਦੇ ਗੀਤਾਂ ਵਿੱਚ ਸਾਹਿਤ ਮੈਨੂੰ ਸਾਹ ਜਿਹੇ ਵਰੋਲਦਾ ਲੱਗਾ ਸੀ। ਪਰ ਮੈਂ ਤਨੋ ਮਨੋ ਇਸ ਖੋਭੇ ਵਿਚ ਛਾਲ ਮਾਰ ਦਿੱਤੀ। ਵੇਦਾਂਤੀ ਸਾਧ ਗੁਰੂ ਤੋਂ ਬਿਨਾਂ ਮੈਨੂੰ ਸ਼ਾਬਾਸ਼ ਦੇਣ ਵਾਲਾ ਪਿੰਡ ਵਿੱਚ ਕੋਈ ਨਹੀਂ ਸੀ। ਪਰ ਮੇਰਾ ਬਰਾਬਰ ਚਲਦਾ ਸਿਰੜ, ਮੈਨੂੰ ਫੰਨੇ ਖਾਂ ਬਣਾ ਗਿਆ। ਮੇਰੇ ਮਾੜੇ ਮੋਟੇ ਸਾਹਿਤ ਨੂੰ ਸ਼ਾਬਾਸ਼ ਦੇਣ ਵਾਲਾ ਵੇਦਾਂਤੀ ਗੁਰੂ ਹੀ ਸੀ। ਇਕ ਗੱਲ ਮੈਂ ਆਪਣੇ ਸਿਰੜ ਤੋਂ ਅੱਕਿਆਂ ਥੱਕਿਆਂ ਨਹੀਂ, ਮੰਜ਼ਲ ਦੀ ਵਾਟ ਤੇ ਵਾਟ ਤਹਿ ਕਰਦਾ ਅੱਗੇ ਵਧਿਆ ਗਿਆ। ਮੇਰੀ ਮਜਬੂਰੀ ਕੋਈ ਨਹੀਂ ਸੀ, ਪਰ ਹੁਣ ਗਵਾਚਦੇ ਜਾਂਦੇ ਪੰਜਾਬ ਦਾ ਹੇਰਵਾ ਮੈਨੂੰ ਮੌਤ ਦੇ ਬੂਹੇ ਤੱਕ ਲੈ ਆਇਆ ਹੈ। ਸਾਡੇ ਵਗਦੇ ਦਰਿਆ ਸੁੱਕ ਗਏ, ਪੰਜਾਬ ਦੀਆਂ ਬੁਨਿਆਦੀ ਜੜ੍ਹਾਂ ਹੀ ਵੱਢੀਆਂ ਗਈਆਂ। ਕਮਲੇ ਅਕਾਲੀਆਂ, ਕਾਂਗਰਸੀ ਗ਼ਦਾਰਾਂ ਉੱਜੜਦੇ ਪੰਜਾਬ ਦਾ ਭੋਰਾ ਨੋਟਿਸ ਹੀ ਨਹੀਂ ਲਿਆ। ਅਸਾਧ ਰੋਗ ਦਾ ਬੁੱਢਾ ਕੀਤਾ ਪੰਜਾਬ, ਉੱਠਣ ਜੋਗਾ ਹੀ ਨਹੀਂ ਰਿਹਾ। ਜਿਹੜੇ ਪੰਜਾਬੀ ਕਰਜ਼ੇ ਚੁੱਕ ਕੇ ਅਥਵਾ ਜ਼ਮੀਨਾਂ ਗਹਿਣੇ ਬੈਅ ਕਰਕੇ, ਅਮਰੀਕਾ ਕਨੇਡਾ ਜਾ ਵਸੇ ਤੇ ਬਾਪੂ ਪੰਜਾਬ ਨੂੰ ਫਾਰਖ਼ਤੀ ਦੇ ਮਾਰੀ, ਉਹਨਾਂ ਦਾ ਕਿੱਥੇ ਸਿਆਪਾ ਕਰੀਏ ? ਉਹ ਵੀ ਸੱਚੇ ਐ, ਪੰਜਾਬ ਰੋਟੀ ਦੇਂਦਾ, ਉਹ ਪ੍ਰਦੇਸੀ ਕਿਉਂ ਹੁੰਦੇ। ਮੈਂ ਪੰਜਾਬ ਵਤਨ ਦੀ ਅਜ਼ਾਦੀ ਲਈ, ਸਿਰਧੜ ਦੀ ਬਾਜ਼ੀ ਲਾਉਂਦਾ ਵੇਖਿਆ ਹੈ, ਤੇ ਅੱਜ ਨਿਘਾਰ ਹੀ ਨਿਘਾਰ ਵੱਲ, ਰੁੜ੍ਹਦਾ ਜਾਂਦਾ ਪੰਜਾਬ ਵੇਖ ਕੇ ਧਾਹਾਂ ਮਾਰਦਾ ਆਂ। ਕੋਈ ਕਾਂਗਰਸੀ ਅਕਾਲੀ ਸਰਕਾਰ, ਲਾਅਲਾ ਲਾਲਾ ਕਰਨ ਵਾਲੀਆਂ; ਰਾਜਸੀ ਬਾਣੇ ਵਿਚ ਲੋਟੂ ਪਾਰਟੀਆਂ, ਲੁੱਟੀਂਦੇ ਤੇ ਮੌਤ ਦੇ ਧਮਖੜੇ ਪਏ ਪੰਜਾਬ ਨੂੰ ਬਾਂਹ ਕੱਢ ਕੇ ਬਚਾਉਣ ਵਾਲਾ ਕੋਈ ਨਹੀਂ! ਕੋਈ ਨਹੀਂ ! ਤੁਸੀਂ ਹੀ ਦੱਸੋ, ਮੈਂ ਕੀਹਦਾ ਕੀਹਦਾ ਸਿਆਪਾ ਕਰਾਂ, ਕੀਹਦੇ ਕੀਹਦੇ ਸਿਰ ਚੜ੍ਹ ਕੇ ਮਰਾਂ। ਇਹਨਾਂ ਕਾਂਗਰਸੀਆਂ ਤੇ ਅਕਾਲੀਆਂ ਮਰਨਾ ਨਹੀਂ ਤੇ ਮੰਜਾ ਵਿਹਲਾ ਹੋਣਾ ਨਹੀਂ। ਕੋਈ ਵੈਦ ਹਕੀਮ ਅਥਵਾ ਧਨੰਤਰ ਭਾਲੋ, ਜਿਹੜਾ ਇਹਨਾਂ ਅਸਾਧ ਰੋਗਾਂ ਦੀਆਂ ਜੜ੍ਹਾਂ ਤੱਕ ਸਾੜ ਸੁੱਟੇ। ਇਹਨਾਂ ਦੇ ਪੁੱਤ ਪੋਤੇ ਗੱਦੀਆਂ ਮੱਲਣ ਲਈ ਮੁੱਠਾਂ 'ਚ ਥੁੱਕੀ ਬੈਠੇ ਐ। ਕਰਮਾਂ ਮਾਰਿਆ ਪੰਜਾਬੀਆ, ਤੇਰਾ ਕੋਈ ਨਹੀਂ ਹੈ ਜੀ ਕਿ ਤੇਰਾ ਸਤਿਗੁਰ ਪਿਆਰਾ ਜੀ। ਹਾਂ, ਕਿਸਾਨ ਜਥੇਬੰਦੀਆਂ ਅਤੇ ਵਿਦਿਆਰਥੀ ਅੰਦੋਲਨਾਂ ਦੀ ਸੋਅ, ਮੈਂ ਪੂਰੀ ਰੱਖਦਾ ਹਾਂ ਅਤੇ ਇਹਨਾਂ ਦੀ ਕਾਰਗੁਜ਼ਾਰੀ ਬਾਰੇ ਆਸਵੰਦ ਹਾਂ। ਇਹੀ ਨਵੇਂ ਮੁੰਡੇ ਪੰਜਾਬ ਦੀ ਖੁੱਭੀ ਕੱਢਣਗੇ। ਇਹਨਾਂ ਲਈ ਵੱਡੀ ਵੰਗਾਰ ਹੈ ਕਿਉਂਕਿ ਸੌ ਮੱਸਿਆ ਦਾ ਅੰਨ੍ਹੇਰਾ ਕੁਝ ਵੀ ਪਿੜ ਪੱਲੇ ਨਹੀ ਪਾ ਰਿਹਾ।

## ਮੋੜ ਦਿਤੀ ਨਾਗਮਣੀ

ਸਵਾਲ – ਇਕ ਵਾਰ ਤੁਸੀਂ ਅੰਮ੍ਰਿਤਾ ਪ੍ਰੀਤਮ ਦਾ ਵਕਾਰੀ ਪਰਚਾ ਨਾਗਮਣੀ ਅਪਣੇ ਹੱਥੀਂ ਲੀਰੋ ਲੀਰ ਕਰ ਦਿੱਤਾ ਸੀ ਤੇ ਇਹਦੇ ਨੇੜੇ ਨਾ ਜਾਣ ਦੀ ਕਸਮ ਖਾਧੀ ਸੀ। ਇਹਦਾ ਕੀ ਕਾਰਨ ਸੀ ?

ਕੰਵਲ – ਅਵਤਾਰ ਸਿਆਂ ਤੂੰ ਸੀਖ ਖਸਾ ਕੇ ਤਮਾਸ਼ਾ ਵੇਖਣ ਨੂੰ ਫਿਰਦਾ ਏਂ। ਮੈਂ ਨਾਗਮਣੀ ਪਰਚਾ ਲੀਰੋ ਲੀਰ ਨਹੀਂ ਕੀਤਾ, ਹਾਂ ਗੁੱਸੇ ਵਿਚ ਮੋੜਵੀਂ ਰਜਿਸਟਰੀ ਜ਼ਰੂਰ ਕਰ ਦਿਤਾ ਸੀ। ਵਜਾਹ ਇਹ ਸੀ। ਜਦੋਂ ਸੋਵੀਅਤ ਰੂਸ ਦੀਆਂ ਮੁਫ਼ਤ ਵਿਚ ਸੈਰਾਂ ਕਰਦੀ ਸੀ; ਓਦੋਂ ਉਹਦੀਆਂ ਸਿਫ਼ਤਾਂ ਕਰਦੀ ਸੀ, ਫਿਰ ਵਿਰੋਧੀ ਸੁਰ ਅਪਣਾ ਲਈ, ਬਦਨਾਮ ਕਰਨ ਵਾਲੀ। ਪੰਜਾਬੀ ਕਹੌਤ : ''ਜੀਹਦਾ ਖਾਈਏ, ਉਹਦੇ ਪੜਤਣੇ ਨਾ ਫੋਲੀਏ।'' ਪਰ ਅੰਮ੍ਰਿਤਾ ਨੇ ਤਾਂ ਹੱਦ ਹੀ ਮੁਕਾਅ ਦਿੱਤੀ। ਉਸ ਪਾਕਿਸਤਾਨ ਬਣਨ ਸਮੇਂ ''ਅੱਜ ਆਖਾਂ ਵਾਰਸ ਸ਼ਾਹ ਨੂੰ'' ਕਵਿਤਾ ਲਿਖੀ, ਸਾਰਾ ਸਾਂਝਾ ਪੰਜਾਬ ਉਸ ਤੋਂ ਬਲਿਹਾਰੇ ਗਿਆ। ਪਰ ਚੁਰਾਸੀ ਵਿਚ ਸਿੱਖ ਪੰਜਾਬੀ ਉਹਦੇ ਬਾਰ ਵਿਹੜੇ ਵਿਚ ਵੱਢੇ ਗਏ; ਉਹ ਅਸਲੋਂ ਗੁੰਗੀ ਹੀ ਹੋ ਗਈ। ਪਾਰਲੀਮੈਂਟ ਦੀ ਘਰ ਬੈਠੀ ਨੂੰ ਸੱਜਰੀ ਮੈਂਬਰੀ ਮਿਲੀ ਸੀ ; ਆਜ਼ਾਦ ਮੂੰਹ ਨੂੰ ਰੋਪੜੀ ਜਿੰਦਾ ਹੀ ਮਾਰ ਲਿਆ। ਗੈਰ ਪੰਜਾਬੀਆਂ ਕਾਂਗਰਸੀ ਰਾਜ ਵਿੱਚ ਸਿੱਖਾਂ ਦੀਆਂ ਲਾਸ਼ਾਂ ਦੇ ਢੇਰ ਉਸਰ ਗਏ, ਅੰਮ੍ਰਿਤਾ ਅੱਖੋਂ ਅੰਨ੍ਹੀ, ਕੰਨੋਂ ਬੋਲ਼ੀ ਤੇ ਜ਼ਬਾਨੋਂ ਅਸਲੋਂ ਗੁੰਗੀ ਈ ਹੋ ਗਈ। ਪੰਜਾਬੀ ਅਣਖ ਕਿੱਥੇ ਮਰ ਗਈ ਸੀ? ਇਕ ਪਾਰਲੀਮੈਂਟ ਦੀ ਮੁਫ਼ਤ ਸੀਟ ਪਿੱਛੇ ਦੀਨ ਈਮਾਨ ਤੇ ਤਾਰੀਖ਼ੀ ਅਣਖ ਹੀ ਪਲੀਤ ਕਰ ਮਾਰੀ। ਮੈਨੂੰ ਲੋਕਾਂ ਦੇ ਕਿਰਦਾਰਾਂ ਬਾਰੇ ਸਵਾਲ ਨਾ ਕਰ; ਮੇਰੇ ਕੱਚ ਪਿੱਲ ਬਾਰੇ ਨਸ਼ੰਗ ਪੁੱਛ ਪੜਤਾਲ ਕਰ।

ਸਵਾਲ – ਤੁਸੀਂ ਅੰਗਰੇਜ਼ੀ ਜਾਂ ਹੋਰ ਜ਼ਬਾਨਾਂ ਦਾ ਸਾਹਿਤ ਕਿੰਨਾ ਕੁ ਪੜ੍ਹਿਆ ਹੈ?

ਕੰਵਲ – ਅਪਣੇ ਲੋਕਾਂ ਨੂੰ ਆਰਥਿਕ ਜਿੱਲ੍ਹਣ ਵਿੱਚੋਂ ਕੱਢਣ ਜੋਗਾ ਬਹੁਤ ਪੜ੍ਹਿਆ ਹੈ। ਮੈਨੂੰ ਵੱਡੀਆਂ ਡਿਗਰੀਆਂ ਵਾਲੇ, ਬ੍ਰਾਹਮਣਵਾਦ ਦੇ ਚਹੇਤੇ ਅਤੇ ਪੰਜਾਬ ਦੇ ਲੋਕਾਂ ਨਾਲ ਗ਼ਦਾਰੀਆਂ ਕਰਨ ਵਾਲੇ ਬਹੁਤ ਮਿਲੇ। ਸੱਚਾ ਸੁੱਚਾ ਮਰਦ ਕਾ ਚੇਲਾ ਇਕ ਵੀ ਨਹੀਂ ਮਿਲਿਆ। ਲੋਕ-ਮੁਕਤੀ ਲਈ ਪੜ੍ਹਾਈ ਹੀ ਅਸਲ ਇਲਮ ਹੈ। ਵੱਡੀ ਡਿਗਰੀ ਮੇਰੇ ਕੋਲ ਕੋਈ ਨਹੀਂ; ਪਰ ਮੇਰੇ ਨਾਵਲ ਬੀ.ਏ.,ਐਮ.ਏ. ਦੀਆਂ ਯੂਨੀਵਰਸਿਟੀ ਜਮਾਤਾਂ ਨੂੰ ਪੜ੍ਹਾਏ ਜਾਂਦੇ ਹਨ।

ਸਵਾਲ – ਕੀ ਨਾਵਲ ਲਿਖਦਿਆਂ ਤੁਹਾਡੇ ਪਾਤਰਾਂ ਨੇ ਤੁਹਾਡੇ ਤੋਂ ਕਦੀ ਬਗ਼ਾਵਤ ਵੀ ਕੀਤੀ ਹੈ ?

ਕੰਵਲ – ਮੈਂ ਨਾਵਲ ਲਿਖਣ ਲੱਗਣ ਤੋਂ ਪਹਿਲਾਂ ਅਪਣੇ ਪਾਤਰਾਂ ਦੀ ਖਿੱਚ ਧੂਹ ਵਾਹਵਾ ਕਰ ਲੈਂਦਾ ਆਂ। ਮੈਂ ਅਪਣਾ ਨਿਸ਼ਾਨਾ ਪਹਿਲਾਂ ਹੀ ਸਾਧ ਲੈਂਦਾ ਆਂ। ਮੈਂ ਅਪਣੇ ਪਾਤਰਾਂ ਨੂੰ ਪਹਿਲਾਂ ਹੀ ਧੀਆਂ ਪੁੱਤਰਾਂ ਵਾਂਗ ਸਮਝ ਲੈਂਦਾ ਆਂ। ਸੂਰਜ ਚੜਦੇ ਮੱਥਿਓਂ ਨਿਕਲਦਾ ਹੈ ਤੇ ਪਿੱਠ ਪਿੱਛੇ ਛਿਪਦਾ ਹੈ। ਹਾਂ, ਪੂਰਨਮਾਸੀ ਨਾਵਲ ਬਾਰੇ ਇਕ ਨੁਕਸ ਰਹਿ ਗਿਆ ਸੀ। ਪਹਿਲੇ ਅੱਧ ਤੱਕ ਨਾਵਲ ਵਧੀਆ ਸਾਰਥਿਕ ਤੋਰ ਤੁਰਿਆ ਗਿਆ, ਫਿਰ ਸਮਾਪਤੀ ਵੱਲ ਇਕ ਦਮ ਭੱਜ ਪਿਆ। ਇਹਦਾ ਕਾਰਨ ਇਹ ਸੀ, ਲਿਖਣ ਵਾਲੇ ਕਾਗਜ਼ ਮੋਟੇ ਸਨ। ਉਹਨਾਂ ਦਾ ਅਕਾਰ ਮੁੱਠ ਭਰਦਾ ਸੀ। ਇਸ ਨੁਕਸ ਵੱਲ ਸੰਤ ਸਿੰਘ ਸੇਖੋਂ ਨੇ ਪ੍ਰਸੰਸਾ ਕਰਦਿਆਂ ਵੀ ਮੇਰਾ ਧਿਆਨ ਦੁਆਇਆ ਸੀ। ਮੋਟੇ ਕਾਗਜ਼ਾਂ ਦੇ ਦੋਸ਼ ਕਾਰਨ ਮੇਰੇ ਕੋਲੋਂ ਇਹ ਭੁੱਲ ਹੋ ਗਈ ਸੀ। ਲਿਖਤੀ ਕਾਗਜ਼ਾਂ ਦੀ ਮੋਟਾਈ ਕਾਰਨ ਇਹ ਗ਼ਲਤੀ ਹੋ ਗਈ ਸੀ। ਫਿਰ ਮੈਂ ਚੌਕੰਨਾ ਹੋ ਗਿਆ ਸਾਂ।

ਸਵਾਲ – ਤੁਹਾਡੇ 'ਤੇ ਆਲੋਚਕ ਰੁਮਾਂਸਵਾਦੀ ਹੋਣ ਦਾ ਠੱਪਾ ਲਾਉਂਦੇ ਹਨ ਤੇ ਗੁਰਦਿਆਲ ਸਿੰਘ ਨੂੰ ਯਥਾਰਥਵਾਦੀ ਨਾਵਲਕਾਰ ਮੰਨਦੇ ਹਨ, ਕੀ ਇਹ ਨਿਰਨਾ ਸਹੀ ਹੈ ?

ਕੰਵਲ – ਮੈਂ ਇਸ ਮੁਕਾਬਲੇ ਤੋਂ ਦੂਰ ਰਹਿਣਾ ਚਾਹੁੰਦਾ ਆਂ । ਹੋ ਸਕਦਾ ਇਹ ਗੁਰਦਿਆਲ ਸਿੰਘ ਰੋਮਾਂਸਵਾਦ ਵਿੱਚ ਗੁਜ਼ਰਿਆ ਹੀ ਨਾ ਹੋਵੇ। ਮੈਨੂੰ ਕੋਈ ਪਤਾ ਨਹੀਂ। ਨਾਵਲ ਵਿਚ ਰੋਮਾਂਸ ਨਾ ਹੋਣਾ, ਮੇਰੀ ਰੂਹ ਨੂੰ ਪਰਵਾਨ ਨਹੀਂ। ਮੈਂ ਰੋਮਾਂਸ ਵਿਚ ਦੀ ਮਲਾਇਆ ਦੇ ਜੰਗਲਾਂ ਤੋਂ ਵਿਚਰਦਾ ਆਇਆ ਸਾਂ। ਮੈਨੂੰ ਰੋਮਾਂਸ ਨੇ ਦਿਲਚਸਪੀ ਦਿੱਤੀ ਹੈ। ਰੋਮਾਂਸ ਹੀ ਸੀ, ਜਿਸ ਮੈਨੂੰ ਸੰਸਾਰ ਤਿਆਗੀ ਨਹੀਂ ਹੋਣ ਦਿੱਤਾ। ਰੋਮਾਂਸ ਦਾ ਜਜ਼ਬਾਤ ਨਾਲ ਮਾਂ ਧੀ ਵਰਗਾ ਰਿਸ਼ਤਾ ਹੈ ਤੇ ਜ਼ਿੰਦਗੀ ਅਪਣੀ ਉਮਰ ਨਾਲ ਬਹਾਰ ਮਾਣਦੀ ਹੈ। ਪਰ ਜੇ ਰੋਮਾਂਸ ਜ਼ਿੰਦਗੀ ਨਾਲ ਗ਼ਦਾਰੀ ਕਰੇ, ਉਹ ਮਾੜਾ ਤੇ ਤਿਆਗ ਦੇਣਾ ਚਾਹੀਦਾ ਹੈ। ਰੋਮਾਂਸ ਉਮਰ ਦੇ ਲਿਹਾਜ਼ ਨਾਲ ਜ਼ਿੰਦਗੀ ਦਾ ਬਰਾਬਰ ਹਿੱਸਾ ਹੈ। ਰੋਮਾਂਸ ਉਹ ਮਾੜਾ, ਜਿਹੜਾ ਨਿਘਾਰ ਵੱਲ ਧੂਹ ਤੁਰੇ। ਰੋਮਾਂਸ ਨੂੰ ਜ਼ਿੰਦਗੀ ਵਿਚੋਂ ਹਿੱਸਾ ਹੁੰਦਿਆਂ, ਖਾਰਜ ਕਿਵੇਂ ਕੀਤਾ ਜਾ ਸਕਦਾ ਹੈ। ਮੈਂ ਕਿਹਾ ਹੈ ਨਾ, ਨਿਘਾਰ ਵੱਲ ਜਾਣਾ ਮਾੜਾ ਹੀ ਮਾੜਾ। ਨਿਰੀ ਖੁਸ਼ਕੀ ਭਾਵੇਂ ਅਲਜਬਰੇ ਦਾ ਸਵਾਲ ਹੋਵੇ, ਮੈਂ ਉਸ ਨੂੰ ਜ਼ਿੰਦਗੀ ਦੇ ਲੜ ਨਹੀਂ ਲਾ ਸਕਦਾ। ਮੈਂ ਜੋ ਹੰਢਾਇਆ ਏ, ਪੂਰੇ ਈਮਾਨ ਨਾਲ ਵਰਤਿਆ ਹੈ, ਤੇ ਉਹ ਕੁਝ ਹੀ ਮੇਰੇ ਸਾਹਿਤ ਵਿਚ ਆਇਆ ਹੈ। ਮੇਰੇ ਪਾਠਕਾਂ ਉਸ ਨੂੰ ਅਪਣਾਇਆ ਹੈ, ਮੇਰੀ ਅਪਣੀ ਰੂਹ ਨੂੰ ਵੀ ਤਸੱਲੀ ਹੈ। ਮੇਰੇ ਨਾਵਲਾਂ ਦੀ ਬਾਰ ਬਾਰ ਛਪਾਈ ਵੀ ਹੁੰਗਾਰਾ ਭਰਦੀ ਹੈ। ਜਜ਼ਬਾਤ ਨੂੰ ਅਥਵਾ ਜ਼ਿੰਦਗੀ ਦੇ ਪਿਆਰ ਨੂੰ ਤਲਾਂਜਲੀ ਦੇ ਕੇ ਸਾਹਿਤ ਵਿਚ ਬਚੇਗਾ ਕੀ? ਨਿਰਾਸ਼ ਹੋਏ ਪਾਠਕ ਨੂੰ ਮੁੜ ਜ਼ਿੰਦਗੀ ਦੀ ਦਿਲਚਸਪੀ ਵਿਚ ਲਿਆਉਣ ਵਾਲਾ ਸਾਹਿਤ ਮੈਨੂੰ ਬੇਹੱਦ ਚੰਗਾ ਲਗਦਾ ਹੈ ਤੇ ਜੋ ਵਫ਼ਾਦਾਰ ਵੀ ਹੈ। ਜ਼ਿੰਦਗੀ ਨੂੰ ਜੀਣ ਲਈ ਦਿਲਚਸਪੀ ਤੇ ਗਿਆਨ ਦੋਵੇਂ ਚਾਹੀਦੇ ਹਨ। ਜਿਸ ਸਾਹਿਤ ਵਿੱਚ ਦੋਵੇਂ ਬਰਾਬਰ ਹਨ; ਉਹ ਸਾਹਿਤ ਵਫ਼ਾਦਾਰ ਹੀ ਨਹੀਂ, ਰਾਹ ਦਿਖਾਵਾ ਵੀ ਬਣ ਜਾਂਦਾ ਹੈ। ਜਿਹੜੇ ਆਲੋਚਕ ਮੇਰੇ 'ਤੇ ਰੋਮਾਂਸਵਾਦੀ ਦਾ ਠੱਪਾ ਲਾਉਂਦੇ ਹਨ; ਉਹ ਮੈਨੂੰ ਪੁੱਠੀ ਥਾਪੀ ਦੇਂਦੇ ਹਨ। ਲੇਖਕ ਲੋਕਾਂ ਦਾ, ਤੇ ਸਾਹਿਤ ਲੋਕਾਂ ਲਈ ਹੋਵੇ; ਬਹਾਰਾਂ ਦੀ ਹਨ੍ਹੇਰੀ ਝੁੱਲ ਪਵੇ। ਰੋਮਾਂਸ ਸਾਹਿਤ ਦੀ ਜਾਨ ਹੈ ਤੇ ਸਮਝ, ਉਸ ਨੂੰ ਜਿਊਣਾ ਸਿਖਾਉਂਦੀ ਹੈ। ਮੇਰੇ ਗ਼ਲਤ ਸਹੀ ਹੋਣ ਦਾ ਨਿਰਣਾ, ਲੋਕ ਦੇਣਗੇ, ਜਿਨ੍ਹਾਂ ਸਾਹਿਤ ਪੜ੍ਹਨਾ ਹੈ।

(ਚਲਦਾ)


NIRVANA
NIRVANA
ENTERTAINMENT INC.
Lunch
&
Dinner
Buffet
7 Days
a Week
(Veg. & Non-Veg.)
1009-5075 Falconridge Blvd. N.E.
403-590-9797
www.nirvanacalgary.com/nirvanantertainmentic.com

# ਟੁੱਟੇ ਖੰਭਾਂ ਵਾਲੀ ਤਿਤਲੀ

ਲੜੀ ਨੰ. 4

ਹਰਪਿੰਦਰ ਰਾਣਾ
+91-94648-14456
harpinderrana21@yahoo.com



**ਹਰਪਿੰਦਰ ਰਾਣਾ ਨੂੰ ਪੰਜਾਬੀ ਸਾਹਿਤ ਦੀ ਲਗਭਗ ਹਰ ਵਿਧਾ 'ਤੇ ਆਬੂਰ ਹਾਸਲ ਹੈ। ਕਵਿਤਾ ਦੇ ਨਾਲ-ਨਾਲ ਉਹਨੇ ਨਾਵਲ ਵੀ ਲਿਖਿਆ ਹੈ। ਇਸੇ ਦੌਰਾਨ ਆਪਣੇ ਜੀਵਨ ਵਿਚ ਹੋਏ ਹਾਦਸਿਆਂ ਅਤੇ ਘਟਨਾਵਾਂ ਨੂੰ ਵੀ ਹਰਪਿੰਦਰ ਨੇ ਸਾਹਿਤਕ ਅੰਦਾਜ਼ ਵਿਚ ਚਿਤਰਿਆ ਹੈ। ਕਹਾਣੀ ਰਸ ਵਾਲੀਆਂ ਇਨ੍ਹਾਂ ਲਿਖਤਾਂ ਵਿਚ ਜਿਥੇ ਯਥਾਰਥ ਹੈ, ਉਥੇ ਅਹਿਸਾਸ ਦੀ ਸ਼ਿੱਦਤ ਵੀ ਪੇਸ਼-ਪੇਸ਼ ਹੈ। 'ਟੁੱਟੇ ਖੰਭਾਂ ਵਾਲੀ ਤਿਤਲੀ' ਵਿਚ ਉਹਦੇ ਅਜਿਹੇ ਲੇਖ ਹੀ ਸ਼ਾਮਲ ਹਨ। 'ਨਵੀਂ ਦੁਨੀਆ' ਹਰਪਿੰਦਰ ਰਾਣਾ ਦੀਆਂ ਇਨ੍ਹਾਂ ਹਕੀਕਤਾਂ ਨੂੰ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਿਹਾ ਹੈ। - ਸੰਪਾਦਕ**

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਅੱਠਵੀਂ ਜਮਾਤ ਵਿਚ ਪੜ੍ਹਦਿਆਂ ਦੀ ਇਕ ਸਵੇਰ ਮੇਰੇ ਚੇਤੇ ਦੇ ਕੈਨਵਸ 'ਤੇ ਉਭਰਦੀ ਹੈ। ਉਸ ਸਵੇਰ ਅੱਠਵੀਂ ਜਮਾਤ 'ਚ ਇਕ ਖ਼ਬਰ ਸੀ ਕਿ ਸਾਇੰਸ ਪੜ੍ਹਾਉਣ ਲਈ ਨਵੇਂ ਸਰ ਆਏ ਹਨ। ਸਰਦਾਰ ਹਨ। ਉਨਾਬੀ ਪੱਗ ਬੰਨ੍ਹੀ ਹੈ। ਉਨ੍ਹਾਂ ਦਾ ਗੋਰਾ ਰੰਗ ਹੈ ਤੇ ਦਾਹੜੀ 'ਕਰਲੀ ਕਰਲੀ' ਖੁੱਲ੍ਹੀ ਛੱਡੀ ਹੋਈ ਹੈ। ਲੰਬੂ ਜਿੱਡਾ ਕੱਦ ਹੈ। ਦਫ਼ਤਰ 'ਚ ਬੈਠੇ ਹਨ। ਕਦੇ ਕੋਈ, ਕਦੇ ਕੋਈ ਵਿਦਿਆਰਥੀ ਪ੍ਰਾਥਨਾ ਤੋਂ ਪਹਿਲਾਂ ਇਹ ਖ਼ਬਰਾਂ ਲਿਆ ਕੇ ਮੇਰੇ ਕੰਨ 'ਚ ਪਰੋ ਰਿਹਾ ਸੀ। ਮੇਰਾ ਬਹੁਤ ਦਿਲ ਕਰ ਰਿਹਾ ਸੀ ਕਿ ਮੈਂ ਵੀ ਜਾ ਕੇ ਨਵੇਂ ਅਧਿਆਪਕ ਨੂੰ ਦੇਖਾਂ।

ਪਹਿਲਾ ਪੀਰੀਅਡ ਸਾਇੰਸ ਵਿਸ਼ੇ ਦਾ ਹੀ ਹੋਣ ਕਰ ਕੇ ਉਹ ਸਾਡੇ ਇੰਚਾਰਜ ਬਣਨੇ ਸਨ। ਪ੍ਰਾਰਥਨਾ ਖ਼ਤਮ ਹੋਣ ਤੋਂ ਬਾਅਦ ਉਹ ਮੇਰੀ ਜਮਾਤ 'ਚ ਦਾਖ਼ਲ ਹੋਏ। ਸਾਰੇ ਵਿਦਿਆਰਥੀ 'ਵੈਲਕਮ' ਕਰਦੇ ਖੜ੍ਹੇ ਹੋ ਗਏ ਪਰ ਮੈਂ ਕਿਵੇਂ ਖੜ੍ਹੀ ਹੋ ਸਕਦੀ ਸੀ। ਸਿਰ ਸੁੱਟ ਕੇ ਬੈਠੀ ਰਹੀ। ਪਹਿਲੇ ਹੀ ਡੈਸਕ 'ਤੇ ਬੈਠੀ ਹੋਣ ਕਾਰਨ ਉਨ੍ਹਾਂ ਦੀ ਨਜ਼ਰ ਮੇਰੇ 'ਤੇ ਹੀ ਗਈ।

ਉਹ ਮੇਰੇ ਕੋਲ ਆਏ ਤੇ ਮੋਢੇ 'ਤੇ ਹੱਥ ਰੱਖ ਕੇ ਕਹਿਣ ਲੱਗੇ, "ਬੱਚੇ ਤੁਸੀਂ ਅੱਠਵੀਂ ਜਮਾਤ 'ਚ ਪੜ੍ਹਦੇ ਹੋ ਪਰ ਤੁਹਾਨੂੰ ਇਹ ਨਹੀਂ ਪਤਾ ਕਿ ਟੀਚਰ ਦਾ ਸੁਆਗਤ ਕਰੀਦੈ"? ਮੈਂ ਤਾਂ ਪਹਿਲਾਂ ਹੀ ਫਿੱਸੀ ਰਹਿੰਦੀ ਸਾਂ। ਇਹ ਹਾਲਾਤ ਮੈਨੂੰ ਹੋਰ ਚੂੰਢੀ ਵੱਢ ਗਏ। ਮੇਰੀ ਸਹੇਲੀ ਜੋਤੀ ਨੇ ਕਿਹਾ, 'ਸਰ ਇਹ ਨਾ ਤਾਂ ਖੜ੍ਹੀ ਹੋ ਸਕਦੀ ਏ ਤੇ ਨਾ ਹੀ ਤੁਰ ਸਕਦੀ ਏ।' ਇਹ ਸੁਣ ਮੇਰੀਆਂ ਅੱਖਾਂ 'ਚੋਂ ਅੱਥਰੂ ਡਿੱਗ ਕੇ ਮਿੱਟੀ 'ਚ ਸਮਾ ਗਏ। ਮੈਂ ਮਹਿਸੂਸ ਕੀਤਾ ਕਿ ਮਲਕੀਤ ਸਿੰਘ ਮਾਨ ਸਰ ਦਾ ਮੇਰੇ ਮੋਢੇ 'ਤੇ ਰੱਖਿਆ ਹੱਥ ਹਲਕਾ ਜਿਹਾ ਕੰਬ ਗਿਆ ਸੀ। ਉਨ੍ਹਾਂ ਸੋਰੀ ਕਿਹਾ ਤੇ ਮੇਰੇ ਮੋਢੇ ਨੂੰ ਦਬਾ ਕੇ ਦੂਸਰੇ ਵਿਦਿਆਰਥੀਆਂ ਨੂੰ ਬੈਠਣ ਲਈ ਕਿਹਾ ਤੇ ਨਾਲ ਹੀ ਇਹ ਹੁਕਮ ਦਿੱਤਾ ਕਿ ਕੱਲ੍ਹ ਤੋਂ ਸਾਰੇ ਵਿਦਿਆਰਥੀਆਂ ਨੇ ਬੈਠੇ ਬੈਠੇ ਹੀ ਵੈਲਕਮ ਟੀਚਰ ਕਹਿਣਾ ਹੈ। ਉਨ੍ਹਾਂ ਦੀ ਇਹ ਗੱਲ ਮੈਨੂੰ ਖੁਸ਼ ਕਰ ਗਈ। ਇਸ ਤੋਂ ਬਾਅਦ ਤਾਂ ਮਲਕੀਤ ਸਿੰਘ ਸਰ ਮੇਰੇ ਪਸੰਦੀਦਾ ਅਧਿਆਪਕ ਬਣ ਗਏ।

ਉਨ੍ਹਾਂ ਨੇ ਪ੍ਰਿੰਸੀਪਲ ਮੈਡਮ ਤੋਂ ਇਜਾਜ਼ਤ ਲੈ ਲਈ ਅਤੇ ਪ੍ਰਾਰਥਨਾ ਵਾਲੇ ਵੀਹ ਪੱਚੀ ਮਿੰਟ ਅਤੇ ਅੱਧੀ ਛੁੱਟੀ ਵਾਲੇ ਵੀਹ ਪੱਚੀ ਮਿੰਟ ਮੇਰੇ ਲਈ ਰਾਖਵੇਂ ਰੱਖ ਲਏ। ਉਹ ਮੈਨੂੰ ਬਹੁਤ ਸੋਹਣੀਆਂ ਗੱਲਾਂ ਸੁਣਾ ਕੇ, ਚੁਟਕਲੇ ਸੁਣਾ ਕੇ ਹਸਾਉਂਦੇ ਰਹਿੰਦੇ। ਕਈ ਵਾਰ ਮੈਨੂੰ ਕੋਈ ਗੀਤ ਜਾਂ ਗ਼ਜ਼ਲ ਵੀ ਉਹ ਸੁਣਾਉਂਦੇ। ਇਕ ਗ਼ਜ਼ਲ ਉਹ ਸੁਣਾਉਂਦੇ ਸੁਣਾਉਂਦੇ ਆਪ ਵੀ ਰੋ ਪੈਂਦੇ। ਕੁਝ ਕੁਝ ਯਾਦ ਆਉਂਦੇ ਨੇ ਉਹ ਬੋਲ ਮੈਨੂੰ: 'ਯੇ ਖ਼ਤ ਆਖਰੀ ਯੇ ਜਾਮ ਆਖਰੀ, ਖ਼ਤ ਲਿਖਨੇ ਕੀ ਯੇ ਸ਼ਾਮ ਆਖ਼ਰੀ।' ਪਰ ਉਨ੍ਹਾਂ ਦੇ ਇੰਜ ਰੋ ਪੈਣ ਦਾ ਕਾਰਨ ਮੈਨੂੰ ਸਮਝ ਨਾ ਆਉਂਦਾ, ਮੈਂ ਬਸ ਉਨ੍ਹਾਂ ਨੂੰ ਵੇਖ ਕੇ ਹੀ ਰੋ ਪੈਂਦੀ ਤਾਂ ਉਹ ਮੇਰੇ ਡਿੱਗਦੇ ਹੰਝੂ ਨੂੰ ਆਪਣੀ ਉਂਗਲ ਦੇ ਪੋਟੇ 'ਤੇ ਬੋਚ ਲੈਂਦੇ ਤੇ ਕਹਿੰਦੇ 'ਨੋ ਬੱਚੇ ਨੋ"। ਇਹ ਵਿਚਾਰਾ ਲੂਣ ਵਾਲਾ ਹੀਰਾ ਮਿੱਟੀ 'ਚ ਨਹੀਂ ਮਿਲਾਉਣਾ। ਬੜੀ ਵਾਰ ਉਹ ਆਪਣੇ ਪੋਟੇ 'ਤੇ ਰੱਖਿਆ ਉਹ ਹੀਰਾ ਪੀ ਜਾਂਦੇ ਤੇ ਕਦੇ ਕਦੇ ਮੈਨੂੰ ਖ਼ੁਦ ਨੂੰ ਚੱਖਣ ਲਈ ਕਹਿੰਦੇ। ਮੈਂ ਪਹਿਲੀ ਵਾਰ ਉਹ ਲੂਣਾ ਸੁਆਦ ਅੱਠਵੀਂ 'ਚ ਚੱਖਿਆ। ਉਹ ਅਕਸਰ ਕਹਿੰਦੇ ਹੰਝੂ ਪੀਣ ਨਾਲ ਬੰਦਾ ਸੋਹਣਾ ਬਣ ਜਾਂਦਾ ਹੈ। ਪਤਾ ਨਹੀਂ ਇਹ ਗੱਲ ਸਹੀ ਸੀ ਜਾਂ ਗ਼ਲਤ ਪਰ ਮੈਂ ਆਪਣੇ ਹੰਝੂ ਪੀਣ ਦਾ ਵੱਲ ਸਿੱਖ ਲਿਆ।

ਮੈਂ ਮਾਨ ਸਰ ਦੀਆਂ ਗੱਲਾਂ ਸੁਣ ਕੇ ਅਕਸਰ ਖੁਸ਼ ਰਹਿਣ ਲੱਗੀ। ਹੁਣ ਮੈਂ ਗੱਲ ਗੱਲ 'ਤੇ ਚਿੜਦੀ ਨਹੀਂ ਸਾਂ। ਕੁਝ ਦੇਰ ਬਾਅਦ ਮਾਨ ਸਰ ਮੈਨੂੰ ਨਿੱਕੀਆਂ ਨਿੱਕੀਆਂ ਕਿਤਾਬਾਂ ਪੜ੍ਹਨ ਲਈ ਦਿੰਦੇ। ਜਾਸੂਸੀ



ਜਿਹੀਆਂ। ਇਕ ਵਾਰ ਉਨ੍ਹਾਂ ਨੇ ਇਕ ਹਿੰਦੀ ਨਾਵਲਿਟ ਲਿਆ ਕੇ ਦਿੱਤਾ। ਜਿਸ ਦੀ ਨਾਇਕਾ 'ਚੇਤਨਾ' ਮੇਰੇ ਵਾਂਗ ਹੀ ਹੁੰਦੀ ਹੈ ਪਰ ਉਹ ਬਹੁਤ ਚੰਗੇ ਕੰਮ ਕਰਦੀ ਹੈ। ਬਹੁਤ ਪੜ੍ਹਦੀ ਹੈ। ਨੌਕਰੀ ਕਰਦੀ ਹੈ। ਨਾਵਲਿਟ ਦੇ ਅੰਤ 'ਚ ਉਹ ਐਨੀ ਮਸ਼ਹੂਰ ਹੁੰਦੀ ਦਿਖਾਈ ਹੈ ਕਿ ਲੋਕ ਉਸ ਤੋਂ ਆਟੋਗ੍ਰਾਫ ਲੈਣ ਲਈ ਭੱਜ ਭੱਜ ਕੇ ਆਉਂਦੇ ਹਨ ਤੇ ਉਹ ਆਪਣੀ ਵ੍ਹੀਲ ਚੇਅਰ 'ਤੇ ਬੈਠੀ ਸਭ ਨੂੰ ਹੱਥ ਹਿਲਾ ਰਹੀ ਹੁੰਦੀ ਹੈ। ਅੱਜ ਮੈਨੂੰ ਇਹ ਗੱਲ ਸਮਝ ਆਉਂਦੀ ਹੈ ਕਿ ਉਹ ਮੇਰੀਆਂ ਅੱਖਾਂ ਨੂੰ ਸੁਪਨੇ ਤੇ ਪੈਰਾਂ ਨੂੰ ਮੰਜ਼ਿਲ ਦੇਣ ਦੀ ਕੋਸ਼ਿਸ਼ ਕਰਦੇ ਸਨ।

ਨਹੀਂ ਜਾਣਦੀ ਕਿ ਉਨ੍ਹਾਂ ਨਾਲ ਮੇਰਾ ਕੀ ਰਿਸ਼ਤਾ ਸੀ। ਉਨ੍ਹਾਂ ਆਪਣੇ ਥੋੜ੍ਹੇ ਜਿਹੇ ਸਮੇਂ ਦੇ ਸਾਥ ਵਿਚ ਮੈਨੂੰ ਉਮਰ ਭਰ ਲਈ ਮਜ਼ਬੂਤ ਬਣਾ ਦਿੱਤਾ। ਯਾਦ ਆਉਂਦਾ ਹੈ ਉਹ ਦਿਨ ਜਦੋਂ ਸਕੂਲ 'ਚ ਕੋਈ ਪ੍ਰੋਗਰਾਮ ਸੀ ਤੇ ਉਹ ਮੇਰੇ ਕੋਲ ਬੈਠੇ ਮੈਨੂੰ ਜ਼ਿੰਦਗੀ ਦੀਆਂ ਗੂੜੀਆਂ ਗੱਲਾਂ ਸਮਝਾ ਰਹੇ ਸਨ। ਅਜਿਹੀਆਂ ਗੱਲਾਂ ਜਿਨ੍ਹਾਂ ਨੇ ਮੈਨੂੰ ਆਉਣ ਵਾਲੇ ਸਮਿਆਂ ਵਿਚ ਪੈਰ ਪੈਰ 'ਤੇ ਬਚਾਇਆ। ਉਨ੍ਹਾਂ ਦੀਆਂ ਉਹ ਗੱਲਾਂ ਮੈਨੂੰ ਅੱਜ ਵੀ ਯਾਦ ਨੇ ਜਦ ਉਨ੍ਹਾਂ ਨੇ ਕਿਹਾ ਸੀ ਕਿ, ਬੱਚੇ! ਕੁੜੀਆਂ ਨੂੰ ਬਹੁਤ ਮੁਸੀਬਤਾਂ ਪੈਂਦੀਆਂ ਨੇ। ਉਨ੍ਹਾਂ ਉਸ ਹਿੰਦੀ ਨਾਵਲ ਦਾ ਹਵਾਲਾ ਦੇ ਕੇ ਸਮਝਾਇਆ ਕਿ ਕਿਵੇਂ ਕੁੜੀਆਂ ਦੀ ਇੱਜ਼ਤ 'ਤੇ ਬਹੁਤ ਨੇੜੇ ਦੇ ਹੀ ਰਿਸ਼ਤੇਦਾਰ ਹਮਲਾ ਕਰ ਦਿੰਦੇ ਹਨ। ਇਹ ਗੱਲ ਉਨ੍ਹਾਂ ਹੀ ਮੈਨੂੰ ਦੱਸੀ ਕਿ ਬੁਰੀ ਨੀਅਤ ਨਾਲ ਤੁਹਾਡੇ ਨੇੜੇ ਆਉਣ ਵਾਲੇ ਵਡੇਰੀ ਉਮਰ ਦੇ ਮਰਦ ਦਾ ਸਾਹ ਕਿਵੇਂ ਕਾਹਲਾ ਕਾਹਲਾ ਹੋਵੇਗਾ। ਹੱਥ ਕਿਵੇਂ ਕੰਬਦੇ ਜਿਹੇ ਹੋਣਗੇ ਤੇ ਆਵਾਜ਼ ਕਿਵੇਂ ਥਥਲਾਉਂਦੀ ਜਿਹੀ ਹੋਵੇਗੀ। ਮੈਂ ਡਰ ਗਈ ਸਾਂ ਇਹ ਸੁਣ ਕੇ ਪਰ ਇਹ ਡਰ ਸਰ ਤੋਂ ਨਹੀਂ ਸੀ ਲੱਗਿਆ। ਉਹ ਮੈਨੂੰ ਮੇਰੇ ਪਾਪਾ ਵਾਂਗ ਲੱਗਦੇ। ਉਹ ਜਦ ਮੇਰੇ ਨਾਲ ਗੱਲਾਂ ਕਰਦੇ ਹੁੰਦੇ ਤਾਂ ਮੇਰੇ ਸੱਜੇ ਹੱਥ ਦੀਆਂ ਮੁੜੀਆਂ ਹੋਈਆਂ ਉਂਗਲਾਂ ਨੂੰ ਵਾਰ ਵਾਰ ਖੋਲ੍ਹਦੇ। ਟੇਢੀ ਹਥੇਲੀ ਨੂੰ ਸਿੱਧਾ ਕਰਦੇ। ਇੰਜ ਲੱਗਦਾ ਜਿਵੇਂ ਉਹ ਮੇਰੇ ਵਿੰਗੇ ਟੇਢੇ ਹੱਥ ਨੂੰ ਇਕ ਨਵੀਂ ਸ਼ਕਲ ਦੇਣਾ ਚਾਹੁੰਦੇ ਹੋਣ।

ਮਲਕੀਤ ਸਿੰਘ ਮਾਨ ਨੇ ਹੀ ਮੈਨੂੰ ਅਖ਼ਬਾਰ ਪੜ੍ਹਨ ਲਈ ਪ੍ਰੇਰਿਆ। ਐਤਵਾਰ ਦਾ ਜੱਗਬਾਣੀ ਅਖ਼ਬਾਰ ਉਦੋਂ ਪੰਝਤਰ ਪੈਸੇ ਦਾ ਆਉਂਦਾ ਹੁੰਦਾ ਸੀ। ਮੈਂ ਉਸ ਦਾ ਰੰਗੀਨ ਪੇਜ ਅੱਖਰ ਅੱਖਰ ਪੜ੍ਹਦੀ। ਕਾਮਿਕਸ ਜਾਂ ਫਿਰ ਛੋਟੇ ਛੋਟੇ ਹਿੰਦੀ ਨਾਵਲ ਜੋ ਜਾਸੂਸੀ ਸੀਰੀਜ਼ ਵਿਚ ਹੁੰਦੇ, ਅਕਸਰ ਮੈਂ ਸਰ ਤੋਂ ਲੈ ਕੇ ਪੜ੍ਹਦੀ।

ਉਨ੍ਹਾਂ ਦੀ ਆਵਾਜ਼ ਬਹੁਤ ਮਿੱਠੀ ਸੀ। ਹਿੰਦੀ ਗਾਣੇ ਉਹ ਅਕਸਰ ਗਾਉਂਦੇ। ਹਰ ਸ਼ਨੀਵਾਰ ਉਹ ਆਪਣੇ ਪੀਰੀਅਡ ਵਿਚ ਅੰਤਾਕਸ਼ਰੀ ਖਿਡਾਉਂਦੇ। ਮੈਨੂੰ ਰੇਡੀਓ 'ਤੇ ਹਿੰਦੀ ਗਾਣੇ ਸੁਣਨ ਦਾ ਸ਼ੌਕ ਵੀ ਉਨ੍ਹਾਂ ਨੇ ਦਿੱਤਾ। ਮੈਨੂੰ ਬਹੁਤ ਗਾਣੇ ਯਾਦ ਹੋ ਗਏ ਤੇ ਉਸੇ ਤਰਜ਼ 'ਚ ਗਾ ਕੇ ਉਨ੍ਹਾਂ ਨੂੰ ਸੁਣਾਉਂਦੀ।

ਮਾਨ ਸਰ ਨੇ ਮੇਰੀ ਬੇਰੰਗ ਜ਼ਿੰਦਗੀ ਨੂੰ ਰੰਗ ਦਿੱਤੇ। ਮੇਰੀ ਹੋਂਦ ਨੂੰ ਮਾਇਨੇ ਦਿੱਤੇ ਪਰ ਮੇਰੀ ਫੁੱਟੀ ਕਿਸਮਤ! ਇਹ ਸਾਥ ਹਮੇਸ਼ਾ ਲਈ ਛੁੱਟ ਗਿਆ ਜਾਂ ਖੋਹ ਲਿਆ। ਮੈਨੂੰ ਖਾੜਕੂ ਲਹਿਰ ਨਾਲ ਸਭ ਤੋਂ ਵੱਧ ਨ਼ਫਰਤ ਇਸੇ ਲਈ ਹੈ ਕਿ ਉਨ੍ਹਾਂ ਦੇ ਕੁਝ ਬੇਵਕੂਫ਼ ਸਿਪਾਹੀਆਂ ਨੇ ਬੇਕਸੂਰ ਫਰਿਸ਼ਤਿਆਂ ਦੀ ਜਾਨ ਲੈ ਲਈ, ਜਿਨ੍ਹਾਂ ਵਿਚ ਮੇਰੇ ਮਾਨ ਸਰ ਵੀ ਸਨ। ਸਾਡੇ ਨੇੜੇ ਦੇ ਪਿੰਡ ਦਾ ਉਹ ਬੱਸ ਵਾਕਾਯ, ਜਿਸ ਨੇ ਮੇਰੇ ਫਰਿਸ਼ਤੇ ਦੀ ਜਾਨ ਲਈ, ਮੈਨੂੰ ਕਦੇ ਵੀ ਨਹੀਂ ਭੁੱਲ ਸਕਦਾ। ਸਰ ਖ਼ੁਦ ਵੀ ਸਰਦਾਰ ਸਨ ਪਰ ਉਨ੍ਹਾਂ ਨੂੰ ਸਿਰਫ਼ ਇਸ ਲਈ ਗੋਲੀ ਮਾਰ ਦਿੱਤੀ ਕਿ ਉਹ ਉਨ੍ਹਾਂ ਅੱਤਵਾਦੀਆਂ ਨੂੰ ਮਨਾਂ ਕਰਦੇ ਸਨ ਕਿ ਹਿੰਦੂਆਂ ਨੂੰ ਨਾ ਮਾਰੋ।

ਪਰ ਮਾਨਵੀ ਦਰਦ ਤੋਂ ਦੂਰ ਅਤੇ ਆਪਣੀ ਹੀ ਲਹਿਰ ਦੇ ਪੱਕੇ ਅਸੂਲਾਂ ਤੋਂ ਵੀ ਬੇਮੁੱਖ ਹੋਏ ਉਨ੍ਹਾਂ ਲੋਕਾਂ ਨੇ 'ਸਰ' ਦੀ ਬਲੀ ਹੀ ਸਭ ਤੋਂ ਪਹਿਲਾਂ ਲਈ। ਪਤਾ ਨਹੀਂ ਉਨ੍ਹਾਂ ਦਾ ਵਿਛੋੜਾ ਉਨ੍ਹਾਂ ਦੇ ਪਰਿਵਾਰ ਨੇ ਕਿਵੇਂ ਝੱਲਿਆ ਹੋਵੇਗਾ। ਮੈਨੂੰ ਜ਼ਿੰਦਗੀ ਭਰ ਨਹੀਂ ਭੁੱਲ ਸਕਦੇ।

ਪਹਿਲੇ ਪੀਰੀਅਡ ਈ ਮੇਰਾ ਰੋਣਾ ਸ਼ੁਰੂ ਹੋ ਜਾਂਦਾ। ਮਾਨ ਸਰ ਦੀ ਕਮੀ ਜ਼ਿੰਦਗੀ ਭਰ ਰੜਕਦੀ ਰਹੇਗੀ। ਉਨ੍ਹਾਂ ਦੇ ਜਾਣ ਮਗਰੋਂ ਮੇਰੀ ਜ਼ਿੰਦਗੀ ਫਿਰ ਤੋਂ ਫਰਸ਼ 'ਤੇ ਲੁੜਕ ਆਈ। ਪਰਵਾਜ਼ ਭਰਨਾ ਸਿੱਖਦੇ ਬੋਟ ਤੇ ਦਿਨ ਦੀਵੀਂ ਤੇ ਸਾਫ ਅੰਬਰੀਂ ਈ ਗੜੇਮਾਰੀ ਹੋ ਗਈ ਸੀ। ਜ਼ਿਵੇਂ ਖੰਭ ਖੁੰਝਾ ਕੇ ਸਹਿਮਿਆ ਉਹ ਬੋਟ ਖੱਲਾਂ ਖੂੰਝਿਆਂ 'ਚ ਵੜਦਾ ਰਹਿੰਦਾ ਏ, ਉਵੇਂ ਮੈਂ ਵੀ ਖੱਲਾਂ ਖੂੰਝਿਆਂ 'ਚ ਵੜ ਕੇ ਰੋਂਦੀ।

ਅੱਠਵੀਂ ਦੇ ਪੇਪਰ ਹੋਏ। ਨਤੀਜਾ ਵੀ ਆ ਗਿਆ। ਅੰਕ ਚੰਗੇ ਆਉਣ ਦੇ ਬਾਵਜੂਦ ਕੋਈ ਮੇਰਾ ਸਰਟੀਫਿਕੇਟ ਲੈਣ ਨਾ ਗਿਆ ਕਿਉਂਕਿ ਹਾਈ ਸਕੂਲ ਨੇੜੇ ਨਹੀਂ ਸੀ। ਖਾਲਸਾ ਸਕੂਲ ਨੇ ਤਾਂ ਛੇਵੀਂ 'ਚ ਹੀ ਜੁਆਬ ਦੇ ਦਿੱਤਾ ਸੀ। ਇਕ ਹੋਰ ਸਕੂਲ ਨੇੜੇ ਸੀ ਪਰ ਉਹ ਸਿਰਫ਼ ਮੁੰਡਿਆਂ ਵਾਲਾ ਸੀ। ਕੁੜੀਆਂ ਵਾਲਾ ਸਕੂਲ ਗੁਰਦੁਆਰਾ ਸਾਹਿਬ ਕੋਲ ਸੀ। ਸੋ ਕਿਸੇ ਵੀ ਢੰਗ ਨਾਲ ਮੇਰੀ ਅੱਗੇ ਦੀ ਪੜ੍ਹਾਈ ਹੋ ਹੀ ਨਹੀਂ ਸਕਣੀ ਸੀ। ਘਰਦਿਆਂ ਨੇ ਹਾਰ ਮੰਨ ਲਈ ਸੀ। ਸਰਟੀਫਿਕੇਟ ਨਾ ਲਿਆਉਣ ਦਾ ਇਕ ਹੋਰ ਕਾਰ ਵੀ ਸੀ ਕਿ ਪ੍ਰਾਈਵੇਟ ਸਕੂਲ ਵਾਲੇ 200 ਰੁਪਏ ਮੰਗਦੇ ਸਨ।

ਸੋ ਆਪਣੇ ਅੱਠ ਪਾਸ ਹੋਣ ਦਾ ਸਬੂਤ ਵੀ ਮੇਰੇ ਕੋਲ ਨਹੀਂ ਸੀ। ਖਾਲੀ ਹੱਥੀਂ ਘਰ ਰਹਿਣ ਦੀ ਮਜਬੂਰੀ ਨੂੰ ਹੋਣੀ ਸਮਝ ਸਬਰ ਕਰਨ ਤੋਂ ਇਲਾਵਾ ਮੇਰੇ ਕੋਲ ਹੋਰ ਕੋਈ ਚਾਰਾ ਨਹੀਂ ਸੀ। ਮੇਰੇ ਲਈ ਜ਼ਿੰਦਗੀ ਨੇ ਇਕ ਵਾਰ ਫਿਰ ਤੋਂ ਆਪਣਾ ਦਰ ਢੋਅ ਲਿਆ ਪਰ ਅਗਲੇ ਪੂਰੇ ਸਾਲ ਲਈ ਮੈਂ ਸਮੇਂ ਦੇ ਖ਼ੌਫ਼ਨਾਕ ਹਨੇਰੇ ਖੂਹ ਵਿਚ ਡਿੱਗ ਪਈ। ਇਸ ਸਾਲ ਵਿਚ ਮੇਰੀ ਜ਼ਿੰਦਗੀ ਸਭ ਤੋਂ ਖ਼ਤਰਨਾਕ ਮੋੜ 'ਤੇ ਆ ਖੜ੍ਹੀ। ਇਕ ਅਣਹੋਣਾ ਹਾਦਸਾ ਵੀ ਵਾਪਰਿਆ ਪਰ ਮਾਨ ਸਰ ਦੀ ਹਦਾਇਤ ਨੇ ਮੈਨੂੰ ਸਾਫ ਸਫਾਫ ਬਚਾਇਆ।

ਉਹ ਮੰਜ਼ਰ ਯਾਦ ਆਇਆ ਤਾਂ ਮੇਰੀ ਰੂਹ ਕੰਬ ਉੱਠੀ ਹੈ। ---ਠਹਿਰੋ ਦੋਸਤੋ ਸਹਿਜ ਹੋ ਲਵਾਂ ਕੁਝ।

**(ਚਲਦਾ)**



ANJALI AGARWAL

With my 15 years of experience in Residential Mortgage Industry, I would like to, once again, help you with mortgage approvals, construction draw mortgage and line of credits.

Please Contact:
ANJALI AGARWAL AMP, BA
Senior Mortgage Advisor

Now I have access to almost all banks and more than 25 lenders.
ਮੈਂ ਪੰਜਾਬੀ ਅਤੇ ਹਿੰਦੀ ਵਿੱਚ ਗੱਲਬਾਤ ਕਰ ਸਕਦੀ ਹਾਂ

TMG

call @ 780-934-7217 (Cell) or Email anjali.agarwal@mortgagegroup.com

# ਪੱਛਮੀ ਪੰਜਾਬ ’ਚੋਂ ਵਿਸਥਾਪਤ ਹੋਏ ਸਿੱਖ ਭਾਈਚਾਰੇ ਦਾ ਇਤਿਹਾਸ ‘ਸੂਕੇ ਕਾਸਟ’



ਡਾ. ਸਵਰਨਜੀਤ ਕੌਰ ਸੰਮੀ
+91-89684-79774

ਚੰਦਨ ਨੇਗੀ ‘ਜਲ ਬਿਨ ਕੁੰਭ’ ਵਰਗਾ ਪ੍ਰੌਢ ਨਾਵਲ ਲਿਖ ਕੇ ਇਕ ਸਥਾਪਤ ਹੋ ਚੁੱਕੀ ਨਾਵਲਕਾਰ ਹੈ। ਪੰਜਾਬੀ ਸਾਹਿਤ ਦੇ ਕੇਂਦਰ ਤੋਂ ਹਾਸ਼ੀਆਗਤ ਖੇਤਰ ਵਿਚ ਵਿਚਰਨ ਸਦਕਾ ਉਸ ਨੂੰ ਉਹ ਮਾਣ ਨਹੀਂ ਦਿੱਤਾ ਗਿਆ ਜਿਸ ਦੀ ਉਹ ਹੱਕਦਾਰ ਹੈ। ‘ਸੂਕੇ ਕਾਸਟ’ ਵਰਗੇ ਵਡੇਰੇ ਤੇ ਸੰਗਠਤ ਨਾਵਲ ਰਾਹੀਂ ਉਸ ਨੇ ਇਕ ਵਾਰ ਫੇਰ ਅਪਣੀ ਸਮਰਥਾ ਦਾ ਸਬੂਤ ਦਿੱਤਾ ਹੈ। ਇਸ ਨਾਵਲ ਵਿਚ ਪੱਛਮੀ ਪੰਜਾਬ ਵਿਚੋਂ ਵਿਸਥਾਪਤ ਹੋਏ ਸਿੱਖ ਭਾਈਚਾਰੇ ਦਾ ਪਿਛਲੇ ਸੱਤ ਅੱਠ ਦਹਾਕਿਆਂ ਦਾ ਇਤਿਹਾਸ ਹੈ। ਇਹ ਅਜਿਹਾ ਪੀੜ ਭਰਿਆ ਯਥਾਰਥ ਹੈ; ਜਿਸ ਨੂੰ ਚੰਦਨ ਨੇਗੀ ਵਰਗਾ ਕੋਈ ਉਸ ਭਾਈਚਾਰੇ ਨਾਲ ਸਬੰਧਤ ਨਾਵਲਕਾਰ ਹੀ ਲਿਖ ਸਕਦਾ ਸੀ। ਲੇਖਕ ਕਾਬਲ ਦੇ ਸਿੱਖ ਪਰਿਵਾਰ ਨਾਲ ਸਬੰਧਤ ਹੈ ਜਿਹੜਾ ਬਾਅਦ ਵਿਚ ਪਿਸ਼ਾਵਰ ਹੁੰਦਾ ਹੋਇਆ ਪਟਿਆਲਾ ਤੇ ਦਿੱਲੀ ਆਦਿ ਥਾਵਾਂ ’ਤੇ ਖਿੱਲਰ ਗਿਆ।

ਨਾਵਲ ਵਿਚ ਸਿੱਖ ਭਾਈਚਾਰੇ ਦੀ ਸਮਾਜਕ ਜ਼ਿੰਦਗੀ ਨੂੰ ਤਾਂ ਚਿਤਰਿਆ ਹੀ ਗਿਆ ਹੈ। ਸਮਾਜਕ ਜ਼ਿੰਦਗੀ ਦੇ ਨਾਲ-ਨਾਲ ਇਹ ਲੰਮੇ ਸਮੇਂ ਦੇ ਇਤਿਹਾਸ ਨੂੰ ਵੀ ਅਪਣੇ ਕਲਾਵੇ ਵਿਚ ਲੈਂਦਾ ਹੈ। ਇਸ ਵਿਚ ਰਾਜਨੀਤਕ ਇਤਿਹਾਸ ਤੇ ਸਮਾਜਕ ਰਿਸ਼ਤਾ-ਨਾਤਾ ਪ੍ਰਬੰਧ ਨਾਲੋਂ-ਨਾਲ ਚਲਦੇ ਹਨ।

ਨਾਵਲ ਦੀ ਸ਼ੁਰੂਆਤ ਪਿਸ਼ਾਵਰ ਸ਼ਹਿਰ ਤੋਂ ਹੁੰਦੀ ਹੈ, ਜਿਹੜਾ ਕਿ ਭਾਰਤ ਦੇ ਉਤਰੀ ਪੱਛਮੀ ਫ਼ਰੰਟੀਅਰ ਇਲਾਕੇ ਦਾ ਇਕ ਵੱਡਾ ਸ਼ਹਿਰ ਸੀ ਤੇ ਵਿਦਿਆ ਦਾ ਬਹੁਤ ਵੱਡਾ ਕੇਂਦਰ ਸੀ ਅਤੇ ਭਾਰਤ ਦੇ ਮੱਧ ਏਸ਼ੀਆ ਨਾਲ ਵਪਾਰ ਦਾ ਰਸਤਾ ਸੀ। ਬੇ-ਗੁਜਰੀ, ਉਹਦਾ ਪੁੱਤਰ ਸ਼ਰਨ ਸਿੰਘ ਤੇ ਉਸ ਦਾ ਘਰ ਵਾਲਾ ਰਾਮ ਸਿੰਘ ਤਿੰਨੋਂ ਕਾਬਲ ਤੋਂ ਆ ਕੇ ਪੇਸ਼ਾਵਰ ਵਿਚ ਵਸ ਜਾਂਦੇ ਹਨ ਤੇ ਸੁੱਕੇ ਮੇਵਿਆਂ ਦੀ ਦੁਕਾਨ ਕਰ ਲੈਂਦੇ ਹਨ। ਨਿਆਮਤ ਸ਼ਰਮ ਸਿੰਘ ਦੀ ਭੈਣ ਹੈ। ਅਵਤਾਰ ਉਸ ਦਾ ਭਰਾ ਹੈ। ਭਾਗ ਸਿੰਘ ਸ਼ਰਨ ਸਿੰਘ ਦੇ ਚਾਚੇ ਦਾ ਮੁੰਡਾ ਹੈ। ਇਸੇ ਪਰਿਵਾਰ ਤੋਂ ਇਸੇ ਗਲੀ ਤੋਂ ਇਹ ਪਰਿਵਾਰ ਫੈਲ ਕੇ ਪੂਰੇ ਭਾਰਤ ਵਿਚ ਫੈਲ ਜਾਂਦਾ ਹੈ। ਵੰਡ ਸਮੇਂ ਇਹ ਪਰਿਵਾਰ ਵਿਸਥਾਪਤ ਹੋ ਕੇ ਭਾਰਤ ਦੇ ਅਲੱਗ-ਅਲੱਗ ਖਿੱਤਿਆਂ ਵਿਚ ਜਾ ਵਸਦਾ ਹੈ। ਸਮੇਂ ਦੇ ਬੀਤਣ ਨਾਲ ਪਰਿਵਾਰ ਦੇ ਮੈਂਬਰਾਂ ਦੇ ਵਾਧੇ ਸਦਕਾ ਕਈ ਪਰਿਵਾਰ ਹੋਂਦ ਵਿਚ ਆ ਜਾਂਦੇ ਹਨ ਤੇ ਇਹ ਅਲੱਗ-ਅਲੱਗ ਥਾਵਾਂ ਦੇ ਵਾਸੀ ਹੋ ਜਾਂਦੇ ਹਨ। ਜਿਵੇਂ ਕਿ ਸ਼ਰਨ ਸਿੰਘ ਤੇ ਉਸ ਦੀ ਪਤਨੀ ਗੁੱਲਾਂ ਅਪਣੇ ਬੱਚਿਆਂ ਸਮੇਤ ਹੁਸ਼ਿਆਰਪੁਰ ਵਿਚ ਆ ਕੇ ਰਹਿਣ ਲੱਗ ਜਾਂਦੇ ਹਨ। ਬੇ-ਗੁਜਰੀ ਦੀ ਗੁਆਂਢਣ ਰਾਮੋ ਭੂਆ ਦਾ ਭਰਾ ਅਵਤਾਰ ਤੇ ਉਸ ਦੀ ਪਤਨੀ ਭਾਗਭਰੀ ਬੱਚਿਆਂ ਸਮੇਤ ਪਟਿਆਲੇ ਆ ਕੇ ਰਹਿਣ ਲੱਗ ਜਾਂਦੇ ਹਨ।

ਇਹ ਅਪਣੀ ਬੋਲੀ ਪਸਤੋ ਬੋਲਦੇ ਹਨ ਪਰ ਹੌਲੀ ਹੌਲੀ ਉਨ੍ਹਾਂ ਦੀ ਅਗਲੀ ਪੀੜ੍ਹੀ ਤੇ ਪਸਤੋ ਦਾ ਪ੍ਰਭਾਵ ਘਟਦਾ ਜਾ ਰਿਹਾ ਹੈ, ਪਰ ਪੂਰੀ ਤਰ੍ਹਾਂ ਖ਼ਤਮ ਨਹੀਂ ਹੁੰਦਾ। ਭਾਗ ਸਿੰਘ ਦੀ ਕੁੜੀ ਪਰਕਾਸ਼ ਨਾਵਲ ਦੇ ਅੰਤ ਤਕ ਜਦੋਂ ਇੰਦਰਾ ਗਾਂਧੀ ਦਾ ਕਤਲ ਹੁੰਦਾ ਹੈ, ਉਸ ਸਮੇਂ ਵੀ ਪਸਤੋ ਸ਼ਬਦਾਂ ਨਾਲ ਮਿਲੀ-ਜੁਲੀ ਬੋਲੀ ਬੋਲਦੀ ਹੈ।

'ਭਾਪਾ ਜੀਉ... ਲੈ ਗਿਉ ਸੁਰਜੀਤ ਨੂੰ ਬੀ ਅਪਣੇ ਕੋਲ...।
ਵਹੀ! ਮੈਂ ਤੱਤੜੀ ਇਹ ਆਂਦਰਾਂ ਦਾ ਦੁੱਖ ਕਿਵੇਂ ਸਹਾਰਾਂ...।'

ਇਨ੍ਹਾਂ ਦੀ ਇਸ ਭਾਸ਼ਾ ਵਿਚਲੇ ਸ਼ਬਦ ‘ਭਾਪਾ’ ਤੋਂ ਹੀ ਇਨ੍ਹਾਂ ਦੇ ਨਾਂਅ ਨਾਲ ਭਾਪੇ ਜੋੜ ਦਿੱਤਾ ਗਿਆ। ਪਾਕਿਸਤਾਨੀ ਪੰਜਾਬ ਤੋਂ ਆਏ ਸਿੱਖ ਭਾਈਚਾਰੇ ਨੂੰ ਭਾਰਤੀ ਪੰਜਾਬ ਵਿਚ ਭਾਪਾ ਕਹਿ ਕੇ ਬੁਲਾਇਆ ਜਾਂਦਾ ਹੈ। ਇੱਥੇ ਉਨ੍ਹਾਂ ਨੂੰ ਉਹ ਮਾਣ ਸਤਿਕਾਰ ਵੀ ਨਹੀਂ ਮਿਲਦਾ ਜੋ ਉਨ੍ਹਾਂ ਨੂੰ ਅਪਣੀ ਮਾਤ-ਭੂਮੀ ’ਤੇ ਮਿਲਦਾ ਸੀ। ਕੋਈ ਵੀ ਕੌਮ ਜਦੋਂ ਅਪਣੀ ਇਕ ਥਾਂ ਤੋਂ ਉਠ ਕੇ ਦੂਜੀ ਥਾਂ ’ਤੇ ਰੋਜ਼ੀ ਰੋਟੀ ਕਾਰਨ ਜਾਂ ਮਜਬੂਰੀ ਤਹਿਤ ਅਪਣਾ ਵਸੇਬਾ ਬਣਾਉਂਦੀ ਹੈ ਤਾਂ ਉਨ੍ਹਾਂ ਨੂੰ ਉਸ ਧਰਤੀ ਦੇ ਵਸਨੀਕ ਤ੍ਰਿਸਕਾਰ ਦੀ ਭਾਵਨਾ ਨਾਲ ਦੇਖਦੇ ਹਨ ਤੇ ਛੇਤੀ ਕਿਧਰੇ ਬਣਦੀ ਥਾਂ ਨਹੀਂ ਦਿੰਦੇ। ਜਿਹੜੇ ਸ਼ਬਦ ਬਾਹਰੋਂ ਆਇਆ ਭਾਈਚਾਰਾ ਇਕ ਦੂਜੇ ਨੂੰ ਬੁਲਾਉਣ ਲਈ ਸਤਿਕਾਰ ਤਹਿਤ ਉਚਾਰਦੇ ਹਨ, ਇਨ੍ਹਾਂ ਹੀ ਸ਼ਬਦਾਂ ਨੂੰ ਅਜਿਹੇ ਤਰੀਕਿਆਂ ਨਾਲ ਉਨ੍ਹਾਂ ਦੇ ਨਾਵਾਂ ਨਾਲ ਜੋੜ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਦੀ ਇਕ ਵੱਖਰੀ ਜਾਤੀ ਸਿੱਧ ਕਰ ਦਿੱਤੀ ਜਾਂਦੀ ਹੈ। ਡਾ. ਸੁਰਜੀਤ ਸਿੰਘ ਅਨੁਸਾਰ, ‘‘ਇਨ੍ਹਾਂ ਲਈ ਭਾਊ ਜਾਂ ਭਾਪੇ ਸ਼ਬਦ ਵਰਤਿਆ ਜਾਂਦਾ ਹੈ। ਕਮਾਲ ਦੀ ਗੱਲ ਇਹ ਹੈ ਕਿ ਇਹ ਸ਼ਬਦ ਉਨ੍ਹਾਂ ਦੇ ਮੂਲ ਤੇ ਸਤਿਕਾਰ ਦੀ ਭਾਵਨਾ ਵਾਲੇ ਸ਼ਬਦ ਸਨ ਪਰ ਅਪਣੀ ਮਾਤ-ਭੂਮੀ ਤੋਂ ਟੁੱਟ ਕੇ ਇਹ ਸ਼ਬਦ ਨਾਪਸੰਦੀ ਅਤੇ ਨਫ਼ਰਤ ਦੇ ਭਾਵਾਂ ਨੂੰ ਪ੍ਰਗਟ ਕਰਨ ਲੱਗ ਪਏ। ਇਸ ਦਾ ਸਿੱਟਾ ਇਹ ਹੋਇਆ ਕਿ ਇਹ ਲੋਕ ਅਪਣੀ ਪਛਾਣ ਲੁਕੋਣ ਲੱਗੇ ਤੇ ਇਨ੍ਹਾਂ ਦੀ ਭਾਸ਼ਾ ਮਜ਼ਾਕ ਦਾ ਵਿਸ਼ਾ ਬਣਨ ਲੱਗੀ।’’

ਇਨਸਾਨ ਅੱਜ ਦੇ ਵਿਗਿਆਨਕ ਸਮੇਂ ਤੇ ਵਿਗਿਆਨਕ ਸੋਚ ਦੇ ਹੁੰਦਿਆਂ ਹੋਇਆਂ ਵੀ ਨਵੀਂ ਕਿਸਮ ਦੀਆਂ ਹੋਰ ਜ਼ਾਤਾਂ-ਪਾਤਾਂ ਬਣਾਉਣ ਵਿਚ ਲੱਗਿਆ ਹੋਇਆ ਹੈ। ਇਨ੍ਹਾਂ ਜ਼ਾਤਾਂ-ਪਾਤਾਂ ਦਾ ਸਬੰਧ ਪ੍ਰੰਪਰਿਕ ਵਰਣ ਵਿਵਸਥਾ ਤੋਂ ਅਲੱਗ, ਵੱਖਰੇ ਖਿੱਤੇ ਤੇ ਵੱਖਰੀ ਭਾਸ਼ਾ ਨਾਲ ਜੁੜਿਆ ਹੋਇਆ ਹੈ। ਇਹ ਭਾਈਚਾਰਾ ਅਪਣੇ ਨਾਲ ਅਪਣਾ ਸਭਿਆਚਾਰ ਵੀ ਲੈ ਕੇ ਆਇਆ। ਇਨ੍ਹਾਂ ਦੇ ਖਾਣ ਪੀਣ ਦੇ ਤਰੀਕੇ, ਰਸਮੋ-ਰਿਵਾਜ, ਪੂਰਬੀ ਪੰਜਾਬ ਨਾਲ, ਇਕ ਸਿੱਖ ਭਾਈਚਾਰਾ ਹੋਣ ਕਰ ਕੇ, ਮਿਲਦੇ-ਜੁਲਦੇ ਵੀ ਸਨ ਤੇ ਥੋੜ੍ਹੇ ਬਹੁਤੇ ਵਖਰੇ ਵੀ ਸਨ। ਇਸ ਵਖਰੀ ਤਰ੍ਹਾਂ ਦੇ ਸਭਿਆਚਾਰ ਦੀਆਂ ਬਹੁਤ ਸਾਰੀਆਂ ਚੀਜ਼ਾਂ ਤੇ ਤੌਰ ਤਰੀਕੇ ਇਥੋਂ ਦੇ ਸਭਿਆਚਾਰ ਵਿਚ ਵੀ ਰਚ ਮਿਚ ਗਏ। ਇਸ ਨੇ ਇਕ ਅਮੀਰੀ ਇਥੋਂ ਦੇ ਸਭਿਆਚਾਰ ਨੂੰ ਪ੍ਰਦਾਨ ਕੀਤੀ। ਜੇਕਰ ਖਾਣਿਆਂ ਦੀ ਗੱਲ ਕਰੀਏ ਤਾਂ ਇਨ੍ਹਾਂ ਦੇ ਖਾਣਿਆਂ ਵਿਚ ਮੇਵਿਆਂ ਵੀ ਵਰਤੋਂ ਵਧੇਰੇ ਮਾਤਰਾ ਵਿਚ ਕੀਤੀ ਜਾਂਦੀ ਰਹੀ ਹੈ। ਜਿਵੇਂ ਕਿ ਸਰਨ ਸਿੰਘ ਦੇ ਸਹੁਰਿਆਂ ਵਲੋਂ ਵਿਆਹ ਵੇਲੇ ਪਰੋਸੇ ਗਏ ਖਾਣਿਆਂ ਦਾ ਵੇਰਵਾ ਹੈ, ‘‘ਹੁਣ ਥਾਲ ਆਣੇ ਸ਼ੁਰੂ ਹੋਏ। ਮੇਵੇ ਵਾਲਾ ਮਿੱਠਾ ਜ਼ਰਦਾ, ਗੁਛੀਆਂ ਦਾ ਪੁਲਾਓ, ਢੀਂਗਰੀ, ਪਨੀਰ, ਛੋਲੇ, ਭੱਲੇ ਤੇ ਕਿੰਨਾ ਕੁਝ ਹੋਰ। ਚੌਂਕੀ ਉਤੇ ਥਾਲ ਸੱਜ ਗਏ।’’

ਸਭਿਆਚਾਰਕ ਤਬਦੀਲੀ ਨੂੰ ਵੀ ਇਸ ਨਾਵਲ ਰਾਹੀਂ ਦੇਖਿਆ ਜਾ ਸਕਦਾ ਹੈ। ਵੰਡ ਤੋਂ ਪਹਿਲਾਂ ਦਾ ਪੰਜਾਬੀ ਭਾਈਚਾਰਾ ਸੰਯੁਕਤ ਪਰਿਵਾਰ ਵਿਚ ਰਹਿੰਦਾ ਸੀ। ਆਪਸੀ ਪਰਿਵਾਰਕ ਸਾਂਝਾਂ ਬਹੁਤ ਪੀਢੀਆਂ ਸਨ। ਭਾਗ ਦੇ ਜਪਾਨੀ ਲੜਾਈ ਵੇਲੇ ਜਪਾਨੀ ਫ਼ੌਜ ਵਲੋਂ ਬੰਦੀ ਬਣਾਏ ਜਾਣ ਪਿਛੋਂ ਭਾਗ ਦਾ ਪਰਿਵਾਰ ਸ਼ਰਨ ਸਿੰਘ ਦੇ ਘਰ ਰਹਿੰਦਾ ਹੈ। ਜਦੋਂ ਗੁੱਲਾਂ ਭਾਗ ਸਿੰਘ ਦੇ ਗਮ ਵਿਚ ਬੇਹੋਸ਼ ਹੋ ਕੇ ਪੈ ਜਾਂਦੀ ਹੈ ਤਾਂ ਪਰਿਵਾਰ ਅਪਣੀ ਬਣਦੀ ਵਾਹ ਲਾਉਂਦਾ ਹੈ। ‘‘ਸ਼ਰਨ ਸਿੰਘ ਹੋਰੀਂ ਟੁਰ ਪਏ ਵੀਰਾਂ, ਫਕੀਰਾਂ ਉਝਿਆਂ ਦੇ ਡੇਰੇ ’ਤੇ। ਸਾਰੇ ਅੱਡੀ ਚੋਟੀ ਦਾ ਜ਼ੋਰ ਲਗਾ ਚੁੱਕੇ ਤਵੀਤ, ਜੰਤਰ, ਚੌਂਕੀਆਂ ਕਿਸੀ ਦੇ ਇਲਾਜ ਦਾ ਕੋਈ ਫ਼ਰਕ ਨਾ ਪਿਆ।’’

ਪਰ ਵੰਡ ਤੋਂ ਪਿਛੋਂ ਦੇ ਸਮਾਜ ਵਿਚ ਸਭਿਆਚਾਰਕ ਤਬਦੀਲੀ ਦੇ ਪ੍ਰਭਾਵ ਸਦਕਾ ਨਵੀਂ ਪੀੜ੍ਹੀ ਘਰ ਦੇ ਵਡੇਰੇ ਦੀ ਵੀ ਕੋਈ ਪਰਵਾਹ ਨਹੀਂ ਕਰਦੀ, ਜਿਵੇਂ ਕਿ ਨਿਆਮਤ ਦੇ ਦੋਵੇਂ ਪੁੱਤਰ ਤੇ ਨੂੰਹਾਂ ਉਸ ਨੂੰ ਘਰ ਵਿਚ ਬਣਦੀ ਥਾਂ ਨਹੀਂ ਦਿੰਦੇ। ਪੂਰਬੀ ਪੰਜਾਬ ਵਿਚ ਵੀ ਆ ਕੇ ਇਸ ਤਬਦੀਲੀ ਨੂੰ ਹੇਠ ਲਿਖੇ ਵਾਰਤਾਲਾਪ ਰਾਹੀਂ ਵੀ ਦੇਖਿਆ ਜਾ ਸਕਦਾ ਹੈ।

‘‘ਕ੍ਹੇ ਕਹਵਾਂ? ਇਧਰ ਦੀ ਧਰਤੀ, ਹਵਾ-ਪਾਣੀ ਨੇ ਸਾਰਿਆਂ ਦੇ ਲਹੂ ਚਿੱਟੇ ਕਰ ਦਿਤੇਨ।’’

ਲੰਮੇ ਸਮੇਂ ਦਾ ਇਤਿਹਾਸ ਇਸ ਨਾਵਲ ਵਿਚ ਦਿਖਾਈ ਦਿੰਦਾ ਹੈ। ਜੈਤੋਂ ਦਾ ਮੋਰਚਾ ਫਿਰ ਸੰਤਾਲੀ ਦੀ ਵੰਡ, ਵੰਡ ਤੋਂ ਪਿੱਛੋਂ ਪੰਜਾਬੀ ਸੂਬਾ ਲਹਿਰ, ਚੀਨ ਦੀ ਭਾਰਤ ਨਾਲ ਲੜਾਈ, ਪਾਕਿਸਤਾਨ ਦੀ ਭਾਰਤ ਨਾਲ ਲੜਾਈ, ਬਲਿਊ ਸਟਾਰ ਅਪ੍ਰੇਸ਼ਨ ਤੇ ਇਸ ਪਿਛੋਂ ਇੰਦਰਾ ਗਾਂਧੀ ਦੇ ਕਤਲ ਤੱਕ ਦਾ ਇਤਿਹਾਸ ਇਸ ਨਾਵਲ ਵਿਚ ਸਮੋਇਆ ਹੋਇਆ ਹੈ। ਇਨ੍ਹਾਂ ਸਾਰੇ ਸਮਿਆਂ ਦੌਰਾਨ ਭਾਪਾ ਕਹੇ ਜਾਣ ਵਾਲੇ ਪੱਛਮੀ ਪੰਜਾਬ ਦੇ ਸਿੱਖਾਂ ਦੇ ਯੋਗਦਾਨ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ।

ਸਿਰਫ਼ ਭਾਰਤ ਹੀ ਨਹੀਂ ਸਗੋਂ ਪੂਰੀ ਦੁਨੀਆ ਵਿਚ ਜੋ ਇਤਿਹਾਸਕ ਘਟਨਾਵਾਂ ਵਾਪਰੀਆਂ ਉਨ੍ਹਾਂ ਦੇ ਵੇਰਵੇ ਵੀ ਇਸ ਨਾਵਲ ਵਿਚ ਦਿੱਤੇ ਗਏ ਹਨ। ਵਿਸ਼ਵ ਜੰਗ ਲੱਗਣ ’ਤੇ ਭਾਰਤੀ ਫ਼ੌਜਾਂ ਦੀ ਸ਼ਮੂਲੀਅਤ ਵੀ ਦਿਖਾਈ ਦਿੰਦੀ ਹੈ। ਫ਼ੌਜ ਵਿਚ ਲੱਖਾਂ ਜੁਆਨ ਭਰਤੀ ਹੋਏ। ਭਾਗ ਸਿੰਘ ਪਹਿਲਾਂ ਜੈਤੋਂ ਦੇ ਮੋਰਚੇ ’ਤੇ ਗਿਆ ਸੀ, ਹੁਣ ਉਹ ਭਾਰਤੀ ਫ਼ੌਜ ਵਿਚ ਭਰਤੀ ਹੋ ਜਾਂਦਾ ਹੈ। ਵਿਸ਼ਵ ਯੁੱਧ ਵਿਚ ਭਾਗ ਲੈਣ ਪਿੱਛੋਂ ਭਾਗ ਸਿੰਘ ਜਦੋਂ ਘਰ ਵਾਪਸ ਆਉਂਦਾ ਹੈ ਤਾਂ ਸਰਕਾਰ ਉਸ ਨੂੰ ਬਾਰ ਵਿਚ ਜ਼ਮੀਨ ਅਲਾਟ ਕਰ ਦਿੰਦੀ ਹੈ। ਜਿਹੜਾ ਪਰਿਵਾਰ ਦਾਦਿਆਂ, ਪੜਦਾਦਿਆਂ ਤੋਂ ਵਪਾਰ ਨਾਲ ਜੁੜਿਆ ਹੋਇਆ ਸੀ, ਹੁਣ ਉਸ ਦਾ ਇਕ ਜੀਅ ਉਹ ਖੇਤੀਬਾੜੀ ਵਾਲੇ ਪਾਸੇ ਚਲਾ ਜਾਂਦਾ ਹੈ। ਭਾਗ ਸਿੰਘ ਅਪਣੀ ਡਿਊਟੀ ਦੇ ਨਾਲ-ਨਾਲ ਅਲਾਟ ਹੋਈ ਜ਼ਮੀਨ ਵਿਚ ਖੇਤੀਬਾੜੀ ਵੀ ਕਰਵਾਉਂਦਾ ਹੈ। ਆਮ ਤੌਰ ’ਤੇ ਪੂਰਬੀ ਪੰਜਾਬ ਵਿਚ ਪੱਛਮੀ ਪੰਜਾਬ ਦੇ ਪੰਜਾਬੀਆਂ ਬਾਰੇ ਇਹ ਧਾਰਨਾ ਪਾਈ ਜਾਂਦੀ ਹੈ ਕਿ ਇਹ ਭਾਈਚਾਰਾ ਸਿਰਫ਼ ਵਪਾਰ ਤੱਕ ਸੀਮਤ ਸੀ। ਪਰ ਨਾਵਲੀ ਵੇਰਵਿਆਂ ਵਿਚ ਇਨ੍ਹਾਂ ਦੇ ਖੇਤੀਬਾੜੀ ਨਾਲ ਜੁੜੇ ਹੋਣ ਦਾ ਵੀ ਪਤਾ ਚਲਦਾ ਹੈ।

ਵਿਸ਼ਵ ਯੁੱਧ ਦੀਆਂ ਖ਼ਬਰਾਂ ਦੁਨੀਆ ਵਿਚ ਫੈਲਾਉਣ ਵਾਲੇ ਉਸ ਸਮੇਂ ਦੇ ਅਖ਼ਬਾਰਾਂ ਦਾ ਵੇਰਵਾ ਵੀ ਇਸ ਨਾਵਲ ਵਿਚ ਦਿੱਤਾ ਗਿਆ ਹੈ। ਜਿਵੇਂ ਕਿ ਇੰਡੀਅਨ ਨਿਊਜ਼, ਕਰਾਨੀਕਲ, ਡੇਹਲੀ ਟ੍ਰਿਬਿਊਨ, ਮਿਲਾਪ, ਪਰਤਾਪ ਆਦਿ। ਸਦੀਆਂ ਤੋਂ ਸਭ ਦੁੱਖ-ਸੁੱਖ ਸਾਂਝੇ ਕਟਦੇ ਆ ਰਹੇ ਹਨ, ਇਕੱਠਿਆਂ ਸਭ ਲੜਾਈਆਂ ਲੜਦੇ, ਹੁਣ ਇਹ ਵੱਖਰੇ-ਵੱਖਰੇ ਦੇਸ਼ ਦੇ ਵਾਸੀ ਹੋ ਜਾਣਗੇ, ਲੋਕਾਂ ਨੇ ਇਹ ਕਦੇ ਨਹੀਂ ਸੋਚਿਆ ਸੀ। ਲੋਕਾਂ ਦੀਆਂ ਗੱਲਾਂ ਹਨ :- ‘‘ਇਹ ਨਵਾਂ ਕੇ ਕਹਿਰ ਕਮਾਇਆਸ। ਅੰਗਰੇਜ਼ਾਂ ਤੋਂ ਆਜ਼ਾਦੀ ਵਾਸਤੇ ਤਾਂ ਸਾਰੇ ਇਕੱਠੇ ਹੋ ਕੇ ਲੜੇਨ- ਉਦੋਂ ਤਾਂ ਵੱਖਰੇ ਹੋਣ ਦਾ ਕਿਸੀ ਨੂੰ ਖ਼ਾਬ ਖ਼ਿਆਲ ਨ੍ਹੀਂ ਆਇਆ। ਇਹ ਕਿਹੜੀ ਮਾਰ ਵਗੀਸ?’’

ਦੇਸ਼ ਦੇ ਬਟਵਾਰੇ ਤੋਂ ਬਾਅਦ ਬੇ-ਗੁਜਰੀ ਦਾ ਪਰਿਵਾਰ ਉਤਰੀ ਭਾਰਤ ਵਿਚ ਅਲੱਗ-ਅਲੱਗ ਸ਼ਹਿਰਾਂ ਵਿਚ ਖ਼ਿਲਰ ਗਿਆ। ਲੁੱਟੇ-ਪੁੱਟੇ ਲੋਕ ਹੌਲੀ-ਹੌਲੀ ਸਥਾਪਤ ਹੋਣ ਲੱਗੇ, ਸਭਨਾਂ ਦੇ ਥਾਂ ਟਿਕਾਣਿਆਂ ’ਤੇ ਟਿਕ ਜਾਣ ਪਿਛੋਂ ਪੰਜਾਬੀ ਸੂਬੇ ਦੀ ਮੰਗ ਜ਼ੋਰ ਫੜਨ ਲੱਗੀ।

ਮੋਰਚੇ ਵਿਚ ਹਿੱਸਾ ਲੈਣ ਵਾਲਾ ਉਹ ਸਾਰਾ ਸਿੱਖ ਭਾਈਚਾਰਾ ਸ਼ਾਮਲ ਸੀ, ਜਿਹੜਾ ਪੂਰਬੀ ਪੰਜਾਬ ਦਾ ਵਸਨੀਕ ਸੀ ਤੇ ਉਹ ਵੀ ਜਿਹੜਾ ਪੱਛਮੀ ਪੰਜਾਬ ਤੋਂ ਆ ਕੇ ਪੂਰਬੀ ਪੰਜਾਬ ਵਿਚ ਵਸਿਆ ਸੀ। ਭਾਗ ਸਿੰਘ ਦਾ ਪੁੱਤਰ ਸੁਰਜੀਤ ਪਟਿਆਲੇ ਤੋਂ, ਲਛਮਣ ਦਾ ਪੁੱਤਰ ਕੁਲਦੀਪ ਡੇਹਰਾਦੂਨ ਤੋਂ ਅਕਾਲੀ ਮੋਰਚੇ ਲਈ ਗੁਰਦੁਆਰਾ ਸੀਸਗੰਜ ਵਿਖੇ ਗ੍ਰਿਫ਼ਤਾਰੀ ਦੇਣ ਲਈ ਦਿੱਲੀ ਜਾਂਦੇ ਹਨ। ਜਦੋਂ ਸੁਰਜੀਤ ਦਿੱਲੀ ਆਪਣੇ ਰਿਸ਼ਤੇਦਾਰ ਸ਼ਰਨ ਸਿੰਘ ਦੇ ਘਰ ਜਾਂਦਾ ਹੈ ਤਾਂ ਉਹ ਪਾਕਿਸਤਾਨ ਛੱਡਣ ਤੋਂ ਬਾਅਦ ਇਥੇ ਮਿਲੀ ਮਾੜੀ ਜ਼ਮੀਨ ਬਾਰੇ ਗੱਲਬਾਤ ਕਰਦਾ ਹੈ :-

‘‘ਤੁਹਾਨੂੰ ਪਤੈ ਨਾ ਕਿੰਨੀ ਕਲੱਰੀ ਜ਼ਮੀਨ ਮਿਲੀ ਸਾਨੂੰ... ਇਕ ਤੀਲਾ ਘਾਹ ਦਾ ਬੀ ਨ੍ਹੀਂ ਉਗਦਾ ਸੀ। ਬੜੀ ਮਿਹਨਤ ਕੀਤੀ ਏ, ਜਿਸ ਤਰ੍ਹਾਂ ਲੋਕ ਸਲਾਹ ਦੇਂਦੇ ਅਸੀਂ ਕਰਦੇ ਗਏ। ਮਿੱਟੀ ਬੀ ਹੋਰ ਪਾਣੀ, ਖਾਦ ਪਾ -ਪਾ ਕੇ ਧਰਤੀ ਦਾ ਰੰਗ ਹੀ ਬਦਲ ਦਿੱਤਾ... ਹੁਣ ਉਸੀ ਧਰਤੀ ’ਤੇ ਛੇ-ਛੇ ਫੁੱਟ ਉਚੀ ਖੇਤੀ ਹੁੰਦੀ ਏ...।’’

ਇਸ ਗੱਲਬਾਤ ਤੋਂ ਪਤਾ ਲਗਦਾ ਹੈ ਕਿ ਇਧਰ ਆ ਕੇ ਲੋਕਾਂ ਨੂੰ ਮਾੜੀਆਂ ਜ਼ਮੀਨਾਂ ਮਿਲੀਆਂ ਕਿਉਂਕਿ ਪੂਰਬੀ ਪੰਜਾਬ ਦੀ ਜ਼ਮੀਨ ਪੱਛਮੀ ਪੰਜਾਬ ਦੀ ਜ਼ਮੀਨ ਤੋਂ ਘੱਟ ਉਪਜਾਊ ਸੀ। ਪਰ ਪੱਛਮੀ ਪੰਜਾਬ ਤੋਂ ਆਏ ਲੋਕ ਬਹੁਤ ਮਿਹਨਤੀ ਸਨ ਤੇ ਉਨ੍ਹਾਂ ਨੇ ਮਿਹਨਤ ਸਦਕਾ ਇਥੋਂ ਦੀ ਜ਼ਮੀਨ ਨੂੰ ਵੀ ਉਪਜਾਊ ਬਣਾਇਆ। ਮੋਰਚੇ ਦੀ ਮੰਗ ਦਾ ਸੰਘਰਸ਼ ਹਾਲੇ ਖ਼ਤਮ ਨਹੀਂ ਹੋਇਆ ਸੀ ਕਿ ਭਾਰਤ ’ਤੇ ਚੀਨ ਨੇ ਹਮਲਾ ਕਰ ਦਿੱਤਾ।

ਭਾਰਤ ਦੇ ਇਤਿਹਾਸ ਨੂੰ ਚਿਤਰਦਿਆਂ ਨਾਵਲਕਾਰ ਵਿਚ-ਵਿਚ ਬਾਹਰੋਂ ਆਏ ਹਮਲਾਵਰਾਂ ਜਿਵੇਂ ਕਿ ਨਾਦਰ ਸ਼ਾਹ, ਮੀਰ ਮਨੂੰ, ਅਬਦਾਲੀ, ਗਜ਼ਨੀ ਆਦਿ ਦੇ ਵੇਰਵੇ ਵੀ ਦੇ ਜਾਂਦੀ ਹੈ। ਜਿਹੜੇ ਲੋਕਾਂ ਦੇ ਚੇਤਿਆਂ ਵਿਚ ਸਮੇਂ-ਸਮੇਂ ’ਤੇ ਯਾਦ ਆਉਂਦੇ ਰਹਿੰਦੇ ਹਨ। ਇਹ ਨਾਵਲ ਬਹੁਤ ਹੀ ਵੱਡੇ ਇਲਾਕੇ ਪੂਰੇ ਉਤਰੀ ਭਾਰਤ ਨੂੰ ਅਪਣੇ ਕੈਨਵਸ ਵਿਚ ਲੈ ਆਉਂਦਾ ਹੈ। ਜਿੱਥੇ ਜਿੱਥੇ ਪੰਜਾਬੀ ਵਸਦੇ ਹਨ, ਉਥੇ-ਉਥੇ ਨਾਵਲ ਚਲਦਾ ਹੈ, ਜਿਵੇਂ ਪੇਸ਼ਾਵਰ ਤੋਂ ਸ਼ੁਰੂ ਹੁੰਦਾ ਹੈ, ਫਿਰ ਦਿੱਲੀ, ਦੇਹਰਾਦੂਨ, ਪਟਿਆਲਾ, ਹੁਸ਼ਿਆਰਪੁਰ, ਜੰਮੂ, ਸ੍ਰੀਨਗਰ ਆਦਿ। ਨਾਵਲ ਦੀ ਬੋਲੀ ਪੇਸ਼ਾਵਰ ਦੇ ਇਲਾਕੇ ਦੀ ਹਿੰਦਕੋ ਹੈ। ਇਹ ਨਾਵਲ ਨੂੰ ਖ਼ੂਬਸੂਰਤ ਤਾਂ ਬਣਾਉਂਦੀ ਹੀ ਹੈ ਸਗੋਂ ਪੂਰੇ ਦਾ ਪੂਰਾ ਪੇਸ਼ਾਵਰ ਦਾ ਇਲਾਕਾ ਸਾਡੇ ਅੱਗੇ ਹੂਬਹੂ ਖੋਲ੍ਹ ਕੇ ਰੱਖ ਦਿੰਦੀ ਹੈ।

ਨਾਵਲਕਾਰ ਦੀ ਰਚਨਾ ਦ੍ਰਿਸ਼ਟੀ ਵਿਚ ਕਿਤੇ ਵੀ ਨਾਰੀਵਾਦੀ ਦ੍ਰਿਸ਼ਟੀ ਹਾਵੀ ਨਹੀਂ ਹੁੰਦੀ। ਇਹ ਇਕ ਨਾਵਲਕਾਰ ਵਲੋਂ ਲਿਖਿਆ ਗਿਆ ਨਾਵਲ ਹੈ, ਨਾਵਲਕਾਰਾਂ ਵਲੋਂ ਨਹੀਂ। ਉਸ ਨੇ ਮਰਦ ਤੇ ਔਰਤ ਪਾਤਰਾਂ ਨੂੰ ਇਕੋ ਜਿੰਨੀ ਸਫ਼ਲਤਾ ਨਾਲ ਚਿਤਰਿਆ ਹੈ। ਨਾਵਲਕਾਰ ਨੇ ਬਹੁਤ ਹੀ ਸੰਤੁਲਤ ਵਿਧੀ ਨਾਲ ਸਾਰੇ ਇਤਿਹਾਸਕ ਅਤੇ ਰਾਜਨੀਤਕ ਘਟਨਾਵਾਂ ਦੇ ਵੇਰਵੇ ਦਿੱਤੇ ਹਨ। ਅਲੱਗ-ਅਲੱਗ ਥਾਂ ਵਸੇ ਪਾਤਰ ਨਾਵਲਕਾਰ ਦੇ ਫ਼ੋਕਸ ਵਿਚ ਰਹਿੰਦੇ ਹਨ। ਕਿਸੇ ਪਾਤਰ ਨੂੰ ਜ਼ਿਆਦਾ ਸਪੇਸ ਨਹੀਂ ਦਿੱਤੀ ਗਈ। ਇਸ ਤਰ੍ਹਾਂ ਇਸ ਨਾਵਲ ਵਿਚ ਕੋਈ ਮੁੱਖ ਪਾਤਰ ਨਹੀਂ ਹੈ। ਇਹ ਨਾਵਲ ਇਕ ਪਰਿਵਾਰ ਦੇ ਵਿਗਸਣ, ਉਜੜਣ, ਖਿਲਰਨ ਤੇ ਦੁਆਰਾ ਸਥਾਪਤ ਹੋਣ ਦੀ ਰੌਚਕ ਗਾਥਾ ਹੈ।









# ਛਿਲਕੇ-ਪੱਤੇ ਤੇ ਫ਼ਲ ਸ਼ਬਜ਼ੀਆਂ ਸਿਹਤ ਲਈ ਲਾਹੇਵੰਦ

ਅਕਸਰ ਦੇਖਣ ਵਿਚ ਆਉਂਦਾ ਹੈ ਕਿ ਅਸੀਂ ਸਬਜ਼ੀਆਂ, ਫਲਾਂ ਦਾ ਇਸਤੇਮਾਲ ਕਰਦੇ ਸਮੇਂ ਉਨ੍ਹਾਂ ਦੇ ਛਿਲਕੇ ਅਤੇ ਪੱਤੇ ਸੁੱਟ ਦਿੰਦੇ ਹਾਂ। ਜਦੋਂਕਿ ਇਕ ਖੋਜ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਉਨ੍ਹਾਂ ਦੇ ਇਹ ਛਿਲਕੇ ਉਨ੍ਹਾਂ ਫਲਾਂ ਅਤੇ ਸਬਜ਼ੀਆਂ ਤੋਂ ਕਿਤੇ ਵੱਧ ਪੌਸ਼ਟਿਕ ਅਤੇ ਫਾਇਦੇਮੰਦ ਹੁੰਦੇ ਹਨ। ਇਹ ਹੀ ਨਹੀਂ ਇਹ ਸਾਡੇ ਸਰੀਰ ਨੂੰ ਕਈ ਭਿਆਨਕ ਬਿਮਾਰੀਆਂ ਤੋਂ ਬਚਾਉਂਦੇ ਹਨ ਕਿਉਂਕਿ ਇਹ ਸਰੀਰ ਨੂੰ ਬਿਮਾਰੀਆਂ ਦਾ ਮੁਕਾਬਲਾ ਕਰ ਸਕਣ ਦੇ ਸਮਰੱਥ ਬਣਾਉਂਦੇ ਹਨ। ਦੂਸਰੇ ਸ਼ਬਦਾਂ ਵਿਚ ਇਹ ਕਹਿ ਸਕਦੇ ਹਾਂ ਕਿ ਸਬਜ਼ੀਆਂ ਦੇ ਪੱਤੇ ਸਬਜ਼ੀਆਂ ਤੋਂ ਕਿਤੇ ਵੱਧ ਪੌਸ਼ਟਿਕਤਾ ਨਾਲ ਭਰਪੂਰ ਹੁੰਦੇ ਹਨ। ਇਸ ਲਈ ਸਾਨੂੰ ਇਨ੍ਹਾਂ ਛਿਲਕਿਆਂ ਨੂੰ ਸੁੱਟਣਾ ਨਹੀਂ ਚਾਹੀਦਾ ਬਲਕਿ ਇਨ੍ਹਾਂ ਦਾ ਵੱਧ ਤੋਂ ਵੱਧ ਪ੍ਰਯੋਗ ਕਰਕੇ ਸਰੀਰ ਨੂੰ ਤੰਦਰੁਸਤ ਬਣਾਉਣਾ ਚਾਹੀਦਾ ਹੈ। ਮਾਹਰਾਂ ਦੀ ਮੰਨੀਏ ਤਾਂ ਸਬਜ਼ੀਆਂ ਦੇ ਇਲਾਵਾ ਸੇਬ ਦੇ ਛਿਲਕੇ ਵਿਚ ਸਭ ਤੋਂ ਵੱਧ ਆਇਰਨ (ਲੋਹ ਤੱਤ) ਹੁੰਦਾ ਹੈ, ਇਸ ਨੂੰ ਉਤਾਰ ਕੇ ਸੁੱਟ ਦੇਣ ਨਾਲ ਪੌਸ਼ਟਿਕ ਤੱਤਾਂ ਦਾ ਨਾਸ਼ ਹੁੰਦਾ ਹੈ। ਇਸ ਲਈ ਕੋਸ਼ਿਸ਼ ਇਹ ਹੀ ਹੋਣੀ ਚਾਹੀਦੀ ਹੈ ਕਿ ਫਲ ਅਤੇ ਸਬਜ਼ੀਆਂ ਹਮੇਸ਼ਾ ਛਿਲਕੇ ਸਮੇਤ ਵਰਤੋ। ਬਿਨਾਂ ਸ਼ੱਕ ਕੁਝ ਦੇਰ ਬਾਅਦ ਇਸ ਦਾ ਅਸਰ ਚਿਹਰੇ 'ਤੇ ਦਿਖਾਈ ਦੇਣ ਲੱਗੇਗਾ। ਆਓ ਦੇਖੀਏ ਇਨ੍ਹਾਂ ਫਜ਼ੂਲ ਸਮਝ ਕੇ ਸੁੱਟੇ ਜਾਣ ਵਾਲੇ ਛਿਲਕਿਆਂ ਦੇ ਗੁਣਾਂ ਬਾਰੇ।



ਅਨਾਰ : ਅਨਾਰ ਦੇ ਛਿਲਕਿਆਂ ਨੂੰ ਧੁੱਪ ਵਿਚ ਸੁਕਾ ਕੇ ਪਾਊਡਰ ਦੇ ਰੂਪ ਵਿਚ ਤਿਆਰ ਕਰਕੇ ਇਸ ਨੂੰ ਸਾਫ਼ ਪਾਣੀ ਨਾਲ ਫੱਕੀ ਮਾਰਨ ਨਾਲ ਪੁਰਾਣੀ ਤੋਂ ਪੁਰਾਣੀ ਪੇਚਿਸ ਦਾ ਨਾਸ਼ ਹੁੰਦਾ ਹੈ।

ਕਰੇਲੇ : ਕਰੇਲੇ ਦੇ ਛਿਲਕੇ ਨੂੰ ਨਿਚੋੜ ਕੇ ਨਮਕ 'ਚ ਲਪੇਟ ਕੇ ਲਗਭਗ ਇਕ ਘੰਟੇ ਤੱਕ ਤੇਜ਼ ਧੁੱਪ ਦੀਆਂ ਕਿਰਨਾਂ ਵਿਚ ਸੁਕਾਓ। ਫਿਰ ਇਸ ਨੂੰ ਤਲ ਕੇ ਇਸਤੇਮਾਲ ਵਿਚ ਲਿਆਓ। ਯਕੀਨਨ ਸ਼ੂਗਰ ਦੀ ਮਾਰ ਸਹਿ ਰਹੇ ਰੋਗੀਆਂ ਦੇ ਲਈ ਕਿਸੇ ਰਾਣਬਾਣ ਔਸ਼ਧੀ ਤੋਂ ਘੱਟ ਸਾਬਤ ਨਹੀਂ ਹੋਵੇਗੀ।

ਸ਼ਲਗਮ : ਬਵਾਸੀਰ ਦੇ ਮਰੀਜ਼ ਨੂੰ ਸ਼ਲਗਮ ਦੇ ਛਿਲਕੇ ਉੱਬਲੇ ਹੋਏ ਆਲੂ ਅਤੇ ਬੇਸਣ ਮਿਲਾ ਕੇ ਕੋਫਤੇ ਬਣਾ ਕੇ ਖਵਾਉਣ ਨਾਲ ਕਾਫ਼ੀ ਆਰਾਮ ਮਿਲਦਾ ਹੈ। ਇਸ ਨਾਲ ਪੇਟ ਵੀ ਸਾਫ਼ ਹੋ ਜਾਂਦਾ ਹੈ।

ਮਟਰ : ਸਬਜ਼ੀਆਂ ਵਿਚ ਸਭ ਤੋਂ ਵੱਧ ਪਸੰਦ ਕੀਤੀ ਜਾਣ ਵਾਲੀ ਸਬਜ਼ੀ ਮਟਰ ਹੈ। ਮਟਰ ਦੇ ਛਿਲਕਿਆਂ ਤੋਂ ਪਤਲੀ ਪਰਤ ਉਤਾਰ ਕੇ ਉਸ ਵਿਚ ਆਲੂ ਦਾ ਮਿਸ਼ਰਣ ਕਰਕੇ ਸਬਜ਼ੀ ਦਾ ਸੇਵਨ ਕਰਨ ਨਾਲ ਪੇਟ ਸਾਫ਼ ਰਹਿੰਦਾ ਹੈ, ਨਾਲ ਹੀ ਚਮੜੀ ਦੀ ਚਮਕ ਪੈਂਦੀ ਹੈ। ਮੂੰਹ 'ਤੇ ਮੁਹਾਸੇ ਨਹੀਂ ਨਿਕਲਦੇ।

ਇਲਾਇਚੀ :ਇਸੇ ਤਰ੍ਹਾਂ ਇਲਾਇਚੀ ਦੇ ਦਾਣੇ ਕੱਢਣ ਉਪਰੰਤ ਇਸ ਦੇ ਛਿਲਕੇ ਨੂੰ ਇਸਤੇਮਾਲ ਕਰਨ ਲਈ ਪਾਊਡਰ ਬਣਾ ਲਓ ਅਤੇ ਚਾਹ-ਪੱਤੀ ਦੇ ਡੱਬੇ ਵਿਚ ਰੱਖੋ। ਚਾਹ ਦਾ ਸਵਾਦ ਅਤੇ ਖੁਸ਼ਬੂ ਬਦਲ ਜਾਵੇਗੀ। ਇਸ ਪਾਊਡਰ ਨੂੰ ਵੱਖ-ਵੱਖ ਪਕਵਾਨਾਂ ਵਿਚ ਵੀ ਪਾ ਸਕਦੇ ਹੋ।

ਪਾਲਕ : ਪਾਲਕ ਦੀਆਂ ਡੰਡੀਆਂ ਨੂੰ ਵੀਵਿਅਰਥ ਸਮਝ ਕੇ ਨਾ ਸੁੱਟੋ। ਇਸ ਵਿਚ ਮਟਰ ਦੇ ਛਿਲਕੇ ਅਤੇ ਹਰਾ ਧਨੀਆ, ਬਰੀਕ ਕੱਟ ਕੇ ਪਾਓ ਇਸ ਦਾ ਸੂਪ ਤਿਆਰ ਕਰੋ। ਇਸ ਵਿਚ ਨਿਬੂ ਪਾ ਕੇ ਸੇਵਨ ਕਰੋ। ਯਕੀਨਨ ਗਰਭਵਤੀ ਔਰਤਾਂ ਲਈ ਬੇਹੱਦ ਫਾਇਦੇਮੰਦ ਹੁੰਦਾ ਹੈ। ਕਿਉਂਕਿ ਪਾਲਕ ਦੀਆਂ ਡੰਡੀਆਂ ਵਿਚ ਆਇਰਨ ਕਾਫ਼ੀ ਮਾਤਰਾ ਵਿਚ ਪਾਇਆ ਜਾਂਦਾ ਹੈ ਜੋ ਗਰਭਵਤੀ ਔਰਤਾਂ ਲਈ ਅੰਮ੍ਰਿਤ ਤੁਲ ਹੈ। ਇਸ ਤੋਂ ਇਲਾਵਾ ਤੁਸੀਂ ਸਿਹਤਮੰਦ ਸਮਝੇ ਜਾਣ ਵਾਲੇ ਇਨ੍ਹਾਂ ਛਿਲਕਿਆਂ ਦਾ ਉਪਯੋਗ ਦਾਲ, ਇਡਲੀ, ਸਾਂਬਰ, ਖਿਚੜੀ ਸਮੇਤ ਸੈਂਡਵਿਚ ਬਣਾਉਣ ਵਿਚ ਵੀ ਕਰ ਸਕਦੇ ਹੋ। ਸੋ, ਬੇਕਾਰ ਸਮਝੇ ਜਾਣ ਵਾਲੇ ਛਿਲਕਿਆਂ ਨੂੰ ਸੁੱਟੋ ਨਾ, ਇਨ੍ਹਾਂ ਦੀ ਵਰਤੋਂ ਨਾਲ ਤੰਦਰੁਸਤੀ ਨੂੰ ਕਾਇਮ ਰੱਖਿਆ ਜਾ ਸਕਦਾ ਹੈ।



# ਪਿਆਜ਼-ਲਸਣ ਬਚਾਉਂਦੇ ਹਨ ਕੈਂਸਰ ਤੋਂ

ਪਿਆਜ਼ ਤੇ ਲਸਣ ਹਰੇਕ ਰਸੋਈ ਲਈ ਜ਼ਰੂਰੀ ਚੀਜ਼ਾਂ 'ਚੋਂ ਹਨ। ਇਨ੍ਹਾਂ ਕਾਰਨ ਹੀ ਦਾਲ-ਸਬਜ਼ੀਆਂ ਦਾ ਸੁਆਦ ਵਧਦਾ ਹੈ। ਪੁਲਾਅ, ਬਿਰਿਆਨੀ ਆਦਿ ਨੂੰ ਇਹ ਸੁਆਦੀ ਬਣਾਉਂਦੇ ਹਨ। ਇਹ ਸਲਾਦ ਦੇ ਰੂਪ 'ਚ ਵੀ ਉਪਯੋਗੀ ਹਨ। ਇਨ੍ਹਾਂ ਦੀ ਵਰਤੋਂ ਅਚਾਰ ਤੇ ਚਟਨੀ ਵਿਚ ਵੀ ਹੁੰਦੀ ਹੈ। ਇਹ ਸਰੀਰ ਵਿਚ ਗਰਮੀ ਲਿਆਉਂਦੇ ਹਨ। ਇਨ੍ਹਾਂ ਵਿਚ ਉਤੇਜਕ ਗੁਣ ਹੁੰਦੇ ਹਨ। ਇਸੇ ਲਈ ਸਾਧੂ-ਮਹਾਤਮਾ ਆਦਿ ਵਲੋਂ ਇਨ੍ਹਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ। ਪਿਆਜ਼ ਤੇ ਲਸਣ ਵਿਚ ਬੈਕਟੀਰੀਆ-ਰੋਕੂ ਤੱਤ ਹੁੰਦੇ ਹਨ। ਇਹ ਖ਼ੂਨ ਵਿਚ ਕੋਲੈਸਟ੍ਰੋਲ ਦੇ ਲੈਵਲ ਨੂੰ ਨਾਰਮਲ ਕਰਦੇ ਹਨ। ਇਸ ਨਾਲ ਦਿਲ ਦੇ ਰੋਗੀਆਂ ਨੂੰ ਫਾਇਦਾ ਮਿਲਦਾ ਹੈ। ਇਨ੍ਹਾਂ ਵਿਚ ਰੋਗਾਣੂਆਂ ਨੂੰ ਖਤਮ ਕਰਨ ਦੇ ਗੁਣ ਵੀ ਹੁੰਦੇ ਹਨ। ਬੁਖਾਰ ਵੇਲੇ ਬੱਚਿਆਂ ਨੂੰ ਲਸਣ ਦੀ ਮਾਲਾ ਪਹਿਨਾਈ ਜਾਂਦੀ ਹੈ। ਪਿਆਜ਼ ਗਰਮੀ ਵਿਚ ਲੂ ਲੱਗਣ ਤੋਂ ਬਚਾਉਂਦੇ ਹਨ। ਅਜੀਬ ਪਹੇਲੀ ਬਣੇ ਕੈਂਸਰ ਤੋਂ ਬਚਾਉਣ 'ਚ ਵੀ ਪਿਆਜ਼ ਤੇ ਲਸਣ ਦਵਾਈ ਦਾ ਕੰਮ ਕਰਦੇ ਹਨ। ਅਮਰੀਕੀ ਕੈਂਸਰ ਸੰਸਥਾ ਦੇ ਖੋਜ ਰਸਾਲੇ ਵਿਚ ਇਕ ਵਿਸਤ੍ਰਿਤ ਰਿਪੋਰਟ ਛਪੀ ਹੈ, ਜਿਸ ਅਨੁਸਾਰ ਇਸਦੀ ਵਰਤੋਂ ਨਾਲ ਪਿੱਤੇ ਦਾ ਕੈਂਸਰ ਹੋਣ ਦੀ ਸੰਭਾਵਨਾ 'ਚ ਕਮੀ ਆਉਂਦੀ ਹੈ






# ਆਂਵਲਾ ਖਾਓ, ਬੁਢਾਪਾ ਦੂਰ ਭਜਾਓ



ਆਂਵਲਾ ਫਲ ਸਰੀਰ ਨੂੰ ਤਾਕਤ ਦਿੰਦਾ ਹੈ। ਇਸ ਦਾ ਦੂਜਾ ਨਾਂ ਅੰਮ੍ਰਿਤ ਫਲ ਹੈ। ਸੱਚਮੁੱਚ ਹੀ ਇਸ ਵਿਚ ਅੰਮ੍ਰਿਤ ਦੇ ਗੁਣ ਹਨ। ਇਸ ਵਿਚ ਵਿਟਾਮਿਨ-ਸੀ ਭਰਪੂਰ ਮਾਤਰਾ ਵਿਚ ਹੁੰਦਾ ਹੈ। ਇਕ ਤਾਜ਼ੇ ਆਂਵਲੇ ਵਿਚ 20 ਨਾਰੰਗੀਆਂ ਦੇ ਬਰਾਬਰ ਵਿਟਾਮਿਨ-ਸੀ ਹੁੰਦਾ ਹੈ। ਇਹ ਸਰੀਰ ਨੂੰ ਸਿਹਤਮੰਦ ਬਣਾਉਣ ਦੇ ਨਾਲ ਹੀ ਸੁੰਦਰ ਵੀ ਬਣਾਉਂਦਾ ਹੈ। ਇਸ ਨਾਲ ਖ਼ੂਨ ਸਾਫ ਹੁੰਦਾ ਹੈ ਅਤੇ ਸਰੀਰ ਵਿਚ ਬੀਮਾਰੀਆਂ ਨਾਲ ਲੜਨ ਦੀ ਤਾਕਤ ਵਧਦੀ ਹੈ। ਆਂਵਲੇ ਦੀ ਵਿਸ਼ੇਸ਼ਤਾ ਹੈ ਕਿ ਇਸ ਦੇ ਵਿਟਾਮਿਨ ਗਰਮ ਕਰਨ ਜਾਂ ਸੁਕਾਉਣ ਨਾਲ ਵੀ ਖਤਮ ਨਹੀਂ ਹੁੰਦੇ। ਤ੍ਰਿਫਲਾ ਚੂਰਨ ਦਾ ਮੁੱਖ ਹਿੱਸਾ ਆਂਵਲਾ ਹੀ ਹੈ। ਚਵਨਪ੍ਰਾਸ਼ ਇਸ ਅੰਮ੍ਰਿਤ ਫਲ ਨਾਲ ਹੀ ਬਣਦਾ ਹੈ।

ਆਂਵਲਾ ਦੰਦਾਂ-ਮਸੂੜਿਆਂ ਨੂੰ ਮਜ਼ਬੂਤ ਬਣਾਉਂਦਾ ਹੈ। ਇਸ ਨਾਲ ਅੱਖਾਂ ਦੀ ਰੌਸ਼ਨੀ ਵਧਦੀ ਹੈ। ਇਨ੍ਹਾਂ ਦੀ ਵਰਤੋਂ ਨਾਲ ਬਲੱਡ ਪ੍ਰੈਸ਼ਰ ਵਧਣ, ਦਿਲ ਦੀਆਂ ਬੀਮਾਰੀਆਂ, ਕੈਂਸਰ, ਨਾਮਰਦੀ, ਚਮੜੀ ਦੀਆਂ ਬੀਮਾਰੀਆਂ ਅਤੇ ਗੁਰਦਿਆਂ, ਖ਼ੂਨ, ਪੀਲੀਏ, ਟੀ. ਬੀ., ਪਿਸ਼ਾਬ ਤੇ ਹੱਡੀਆਂ ਨਾਲ ਸੰਬੰਧਿਤ ਸਮੱਸਿਆਵਾਂ ਦੂਰ ਹੁੰਦੀਆਂ ਹਨ।

ਆਂਵਲੇ ਦਾ ਤੇਲ ਸਿਰ ਦੀਆਂ ਬੀਮਾਰੀਆਂ ਤੇ ਵਾਲਾਂ ਲਈ ਫਾਇਦੇਮੰਦ ਹੈ। ਬਾਜ਼ਾਰ ਵਿਚ ਮਿਲਦੇ ਆਂਵਲਾ ਤੇਲ ਵਿਚ ਬਨਾਉਟੀ ਖੁਸ਼ਬੂ ਮਿਲਾਈ ਹੁੰਦੀ ਹੈ। ਇਸ ਨੂੰ ਘਰ ਵਿਚ ਬਣਾਉਣ ਲਈ ਤਿਲਾਂ ਦੇ ਤੇਲ ਵਿਚ ਤਾਜ਼ੇ ਆਂਵਲੇ ਦਾ ਰਸ ਮਿਲਾ ਕੇ ਗਰਮ ਕਰੋ। ਜਦੋਂ ਉਸ ਦਾ ਪਾਣੀ ਸੜ ਜਾਵੇ ਤਾਂ ਲਾਹ ਕੇ ਠੰਡਾ ਕਰਕੇ ਬੋਤਲ ਵਿਚ ਭਰ ਲਵੋ ਅਤੇ ਵਰਤੋਂ ਵਿਚ ਲਿਆਓ।

# ਸ੍ਰੀ ਗੁਰੂ ਸਿੰਘ ਸਭਾ ਐਡਮਿੰਟਨ

## ਵਿਸ਼ੇਸ਼ ਸੂਚਨਾਵਾਂ : ਵਿਸਾਖੀ ਸੰਬੰਧੀ ਪ੍ਰੋਗਰਾਮ

ਅਖੰਡ ਪਾਠ : 11, 12, 13 ਅਪ੍ਰੈਲ 2014

ਅੰਮ੍ਰਿਤ ਸੰਚਾਰ : 19 ਅਪ੍ਰੈਲ 2014

ਦਸਤਾਰ ਦਿਵਸ ਅਤੇ ਮੁਕਾਬਲੇ
13 ਅਪ੍ਰੈਲ 2014

ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਦੀ ਸੇਵਾ
13 ਅਪ੍ਰੈਲ 2014

## ਸੀ.ਐਫ.ਐਲ. ਦੇ ਕਮਿਸ਼ਨਰ ਦਾ ਐਲਾਨ

ਵਿਨੀਪੈੱਗ (ਨਦਬ) ਇੱਥੇ ਦੌਰੇ 'ਤੇ ਆਏ ਸੀ.ਐਫ.ਐਲ. ਦੇ ਕਮਿਸ਼ਨਰ ਮਾਰਕ ਚੋਹਨ ਨੇ ਐਲਾਨ ਕੀਤਾ ਕਿ 2015 ਕਨੇਡੀਅਨ ਫੁੱਟਬਾਲ ਲੀਗ ਚੈਂਪੀਅਨਸ਼ਿਪ ਦੇ ਮੈਚ ਵਿਨੀਪੈੱਗ ਵਿਚ ਹੋਣਗੇ। ਇਹ ਮੈਚ ਵਿਨੀਪੈੱਗ ਦੇ ਇਨਵੈਸਟਰਜ਼ ਗਰੁੱਪ ਫੀਲਡ ਵਿਚ ਖੇਡੇ ਜਾਣਗੇ। ਤਿੰਨ ਵਾਰ ਗ੍ਰੇ ਕੱਪ ਖੇਡ ਚੁੱਕੇ ਬ੍ਰੋਨ ਨੇ ਆਪਣੀ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਕਿਹਾ ਕਿ ਇਹ ਇਸ ਲਈ ਸੰਭਵ ਹੋਇਆ ਹੈ, ਕਿਉਂਕਿ ਵਿਨੀਪੈੱਗ ਦੇ ਫੁੱਟਬਾਲ ਕਲੱਬ ਵੱਲੋਂ ਸਟੇਡੀਅਮ ਅਤੇ ਖੇਡਾਂ ਦੇ ਹੋਰ ਸਾਜ਼ੋ ਸਾਮਾਨ ਵਿਚ ਵੱਡੀ ਪੱਧਰ 'ਤੇ ਨਿਵੇਸ਼ ਕੀਤਾ ਗਿਆ ਹੈ। ਇਹੀ ਕਾਰਨ ਹੈ ਕਿ ਸੀਐਫਐਲ ਨੇ ਇੱਥੇ ਮੈਚ ਕਰਵਾਉਣ ਦਾ ਫੈਸਲਾ ਲਿਆ ਹੈ। ਇੱਥੇ ਦੱਸਣਾ ਬਣਦਾ ਹੈ ਕਿ 2013 ਦੇ ਫੁੱਟਬਾਲ ਸੀਜ਼ਨ ਦੌਰਾਨ ਸਟੇਡੀਅਮ 'ਤੇ ਕਲੱਬ ਵਲੋਂ ਲਗਭਗ ਦੋ ਸੌ ਮਿਲੀਅਨ ਡਾਲਰ ਖਰਚਿਆ ਗਿਆ ਸੀ। ਇਹ ਸਟੇਡੀਅਮ ਪੂਰੀ ਤਰ੍ਹਾਂ ਆਧੁਨਿਕ ਅਤੇ ਮੌਸਮੀ ਹਾਲਤਾਂ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤਾ ਗਿਆ ਹੈ। ਸੀਐਫਐਲ ਦੇ ਕਮਿਸ਼ਨਰ ਨੇ ਕਿਹਾ ਕਿ ਖੇਡਾਂ ਨਵੰਬਰ ਦੇ ਦੂਜੇ ਹਫ਼ਤੇ ਵਿਚ ਸ਼ੁਰੂ ਕੀਤੀਆਂ ਜਾਣਗੀਆਂ।

> 2015 ਕਨੇਡੀਅਨ ਫੁੱਟਬਾਲ ਲੀਗ ਚੈਂਪੀਅਨਸ਼ਿਪ ਦੇ ਮੈਚ ਵਿਨੀਪੈੱਗ ਵਿਚ ਹੋਣਗੇ

## ਸਚਿਨ ਦੀ ਤਸਵੀਰ ਵਾਲੇ ਸਿੱਕੇ ਜਾਰੀ

ਮੁੰਬਈ (ਨਦਬ) ਭਾਰਤੀ ਕ੍ਰਿਕਟ ਟੀਮ ਤੋਂ ਸੰਨਿਆਸ ਲੈਣ ਵਾਲੇ ਸਟਾਰ ਬੱਲੇਬਾਜ਼ ਸਚਿਨ ਤੇਂਦੁਲਕਰ ਦੇ ਨਾਂ 'ਤੇ ਉਨ੍ਹਾਂ ਦੇ ਮੈਚਾਂ ਦੀ ਗਿਣਤੀ ਦਰਸਾਉਂਦੇ ਚਾਂਦੀ ਦੇ ਸਿੱਕੇ ਜਾਰੀ ਕੀਤੇ ਗਏ। ਇੱਥੇ ਦੱਸਣਾ ਬਣਦਾ ਹੈ ਕਿ ਇਨ੍ਹਾਂ ਸਿੱਕਿਆਂ ਨੂੰ ਵਾਲਮਾਰਟ ਗੋਲਡ ਤੇਜਵੈਲਸ ਵਲੋਂ ਡਾਇਮੰਡ ਇੰਡੀਆ ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ ਹੈ। ਤੇਂਦੁਲਕਰ ਨੇ ਆਪਣੇ 24 ਸਾਲਾਂ ਦੇ ਕੈਰੀਅਰ ਵਿਚ 15921 ਦੌੜਾਂ ਬਣਾਈਆਂ ਹਨ, ਇਸ ਆਧਾਰ 'ਤੇ ਹੀ ਇਨ੍ਹਾਂ ਸਿੱਕਿਆਂ ਦੀ ਗਿਣਤੀ ਵੀ 15921 ਹੀ ਰੱਖੀ ਗਈ ਹੈ।





ਅਲਬਰਟਾ ਪ੍ਰੋਵਿੰਸ਼ੀਅਲ ਅੰਡਰ 13 ਬਾਸਕਿਟ ਬਾਲ ਟੂਰਨਾਮੈਂਟ ਵਿਚੋਂ ਸਵਾਰਮ ਲੀਗ ਵਲੋਂ ਖੇਡਦਿਆਂ ਸੂਬੇ ਭਰ ਵਿਚੋਂ ਚੌਥੇ ਸਥਾਨ ਰਹਿਣ ਵਾਲੀ ਐਡਮਿੰਟਨ ਦੀ ਬਾਸਕਿਟ ਬਾਲ ਟੀਮ।

## ਸੀ.ਆਈ.ਐਸ. ਮਹਿਲਾ ਵਰਗ ਦੀ ਵਾਲੀਵਾਲ ਚੈਂਪੀਅਨਸ਼ਿਪ



ਵਿਨੀਪੈੱਗ (ਨਦਬ) ਛੇਵੀਂ ਸੀਆਈਐਸ ਮਹਿਲਾ ਵਰਗ ਦੀ ਵਾਲੀਵਾਲ ਚੈਂਪੀਅਨਸ਼ਿਪ ਅਤੇ ਚਾਲ੍ਹੀਵੀਂ ਸੀਆਈਐਸ ਰਾਸ਼ਟਰੀ ਚੈਂਪੀਅਨਸ਼ਿਪ ਵਿਚ ਮੈਨੀਟੋਬਾ ਯੂਨੀਵਰਸਿਟੀ ਦੀ ਬਿਸਨਸ ਟੀਮ ਨੇ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੀ ਥੰਡਰਬਰਡਜ਼ ਟੀਮ ਨੂੰ ਹਰਾ ਕੇ ਖਿਤਾਬ 'ਤੇ ਕਬਜ਼ਾ ਕਰ ਲਿਆ ਹੈ। ਇਸ ਟੀਮ ਨੇ ਤਿੰਨ ਸਿੱਧੇ ਸੈੱਟਾਂ ਵਿਚ ਵਿਰੋਧੀ ਟੀਮ ਨੂੰ ਮਾਤ ਦਿੱਤੀ ਹੈ। ਜ਼ਿਕਰਯੋਗ ਹੈ ਕਿ ਫਾਈਨਲ ਮੈਚ ਲੰਘੀ ਦੋ ਮਾਰਚ ਨੂੰ ਰੈਜਿਨਾ ਯੂਨੀਵਰਸਿਟੀ ਵਿਚ ਖੇਡਿਆ ਗਿਆ ਸੀ। ਇਹ ਜਿੱਤ ਟੀਮ ਦੀ ਸਖ਼ਤ ਮਿਹਨਤ ਤੇ ਲਗਨ ਸਦਕਾ ਸੰਭਵ ਹੋਇਆ ਹੈ। ਇਸ ਪ੍ਰਤੀਯੋਗਤਾ ਵਿਚ ਬਿਸਨਸ ਟੀਮ ਦਾ ਥੰਡਰਬਰਡਜ਼ ਨੂੰ ਹਰਾਉਣਾ ਪੂਰੀ ਟੀਮ ਲਈ ਵੱਡੀ ਪ੍ਰਾਪਤੀ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਥੰਡਰਬਰਡਜ਼ ਟੀਮ ਨੇ ਸੀਆਈਐਸ ਚੈਂਪੀਅਨਸ਼ਿਪ ਵਿਚ ਛੇਵੀਂ ਵਾਰ ਮਾਤ ਖਾਧੀ ਹੈ।

ਬਿਸਨਸ ਟੀਮ ਦੇ ਸਟਾਰ ਖਿਡਾਰੀ ਰੈਚਲ ਕੌਕਰੈਲ ਨੇ ਕਿਹਾ ਕਿ ਇਸ ਜਿੱਤ ਦੀ ਸਾਨੂੰ ਇੰਨੀ ਖੁਸ਼ੀ ਹੈ ਕਿ ਇਸ ਨੂੰ ਅਸੀਂ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦੇ, ਇਸ ਬਾਰੇ ਏਹੀ ਕਹਾਂਗਾ ਕਿ ਸਾਨੂੰ ਇਸ ਗੱਲ ਦਾ ਯਕੀਨ ਸੀ ਕਿ ਅਸੀਂ ਜਿੱਤ ਜਾਵਾਂਗੇ। ਅਸੀਂ ਸਾਰੀਆਂ ਗੱਲਾਂ ਅਤੇ ਸਥਿਤੀਆਂ ਨੂੰ ਦਰਕਿਨਾਰ ਕਰ ਕੇ ਸਿਰਫ਼ ਆਪਣੀ ਗੇਮ ਵੱਲ ਧਿਆਨ ਦਿੱਤਾ ਹੈ ਤੇ ਨਤੀਜੇ ਸਾਰਿਆਂ ਦੇ ਸਾਹਮਣੇ ਹਨ। ਕੋਚ ਕਿਨ ਬੈਂਟਲੇ ਨੇ ਆਪਣੀ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਕਿਹਾ ਕਿ ਇਹ ਜਿੱਤ ਅਸੀਂ ਜਿਸ ਢੰਗ ਨਾਲ ਪ੍ਰਾਪਤ ਕੀਤੀ ਹੈ, ਇਸ ਨੂੰ ਪ੍ਰਾਪਤ ਕਰਨ ਦਾ ਇਸ ਤੋਂ ਵਧੀਆ ਢੰਗ ਹੋਰ ਕੋਈ ਨਹੀਂ ਹੈ। ਇਸ ਜਿੱਤ 'ਤੇ ਮੈਨੀਟੋਬਾ ਯੂਨੀਵਰਸਿਟੀ ਦੇ ਮੇਅਰ ਨੇ ਪੂਰੀ ਟੀਮ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਵਿਨੀਪੈੱਗ ਸ਼ਹਿਰ ਵਲੋਂ ਮੈਂ ਸਮੁੱਚੀ ਟੀਮ ਨੂੰ ਇਸ ਜਿੱਤ ਮੌਕੇ ਵਧਾਈ ਦੇਣਾ ਚਾਹਾਂਗਾ। ਉਨ੍ਹਾਂ ਨੇ ਕੋਚ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਦੇ ਯਤਨਾਂ ਸਦਕਾ ਵਿਨੀਪੈੱਗ ਦਾ ਇਸ ਖ਼ਿਤਾਬ 'ਤੇ ਮੁੜ ਤੋਂ ਕਬਜ਼ਾ ਹੋ ਗਿਆ ਹੈ।

## ਸਿਮਰਨ ਕੌਰ ਧਾਲੀਵਾਲ ਵਲੋਂ ਫ਼ੀਫ਼ਾ ਵਿਸ਼ਵ ਕੱਪ ਅੰਡਰ-17 'ਚ ਕਨੇਡਾ ਦੀ ਪ੍ਰਤੀਨਿਧਤਾ



ਵੈਨਕੂਵਰ (ਨਦਬ)-ਕੈਨੇਡਾ ਦੀ ਜੰਮਪਲ ਮੁਟਿਆਰ ਸਿਮਰਨ ਕੌਰ ਧਾਲੀਵਾਲ ਦਾ ਨਾਅ ਉਸ ਵੇਲੇ ਫੁੱਟਬਾਲ ਦੇ ਖੇਤਰ 'ਚ ਸੁਨਹਿਰੀ ਅੱਖਰਾਂ 'ਚ ਅੰਕਿਤ ਹੋ ਗਿਆ, ਜਦੋਂ ਉਸ ਨੂੰ ਫ਼ੀਫ਼ਾ ਵਿਸ਼ਵ ਕੱਪ ਅੰਡਰ-17 ਵਿਚ ਕੈਨੇਡਾ ਦੀ ਰਾਸ਼ਟਰੀ ਟੀਮ 'ਚ ਚੁਣਿਆ ਗਿਆ। ਸਰੀ ਸ਼ਹਿਰ ਦੇ ਪੈਨੋਰਾਮਾ ਰਿਜ ਸੈਕੰਡਰੀ ਸਕੂਲ ਦੀ 11ਵੀਂ ਦੀ ਵਿਦਿਆਰਥਣ ਸਿਮਰਨ ਕੌਰ ਵੱਲੋਂ ਕੋਸਟਰੀਕਾ 'ਚ ਫ਼ੀਫ਼ਾ ਵਿਸ਼ਵ ਕੱਪ ਦੌਰਾਨ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ ਗਿਆ ਅਤੇ ਟੀਮ ਕੈਨੇਡਾ ਨੇ ਜਮਾਇਕਾ 'ਤੇ ਜਿੱਤ ਪ੍ਰਾਪਤ ਕੀਤੀ। ਹੁਣ ਵਿਸ਼ਵ ਕੱਪ ਦੇ ਕੁਆਰਟਰ ਫਾਈਨਲ 'ਚ ਪੁੱਜਣ ਲਈ ਕੈਨੇਡਾ ਦੀ ਲੜਕੀਆਂ ਦੀ ਟੀਮ ਪੂਰੀ ਤਿਆਰੀ 'ਚ ਹੈ। ਬ੍ਰਿਟਿਸ਼ ਕੋਲੰਬੀਆ ਅਤੇ ਕੈਨੇਡਾ ਪੱਧਰ 'ਤੇ ਕਈ ਸੋਨੇ ਦੇ ਤਗਮੇ ਜਿੱਤਣ ਵਾਲੀ 17 ਸਾਲਾ ਸਿਮਰਨ ਕੌਰ ਧਾਲੀਵਾਲ ਦੇ ਮਾਪੇ ਗੁਰਵਿੰਦਰ ਸਿੰਘ ਧਾਲੀਵਾਲ ਅਤੇ ਗੁਰਮੀਤ ਕੌਰ ਧਾਲੀਵਾਲ ਪੰਜਾਬ ਤੋਂ ਜ਼ਿਲ੍ਹਾ ਲੁਧਿਆਣਾ 'ਚ ਪੈਂਦੇ ਪਿੰਡ ਮਾਛੀਕੇ ਨਾਲ ਸੰਬੰਧਿਤ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਦੀ ਵਿਸ਼ਵ ਕੱਪ ਖੇਡ ਰਹੀ ਸੌਕਰ ਟੀਮ 'ਚ ਇਕੋ-ਇਕ ਪੰਜਾਬਣ ਖਿਡਾਰਨ ਹੋਣ ਕਾਰਨ ਸਿਮਰਨ ਕੌਰ ਖੇਡ ਮੈਦਾਨ 'ਚ ਪੰਜਾਬੀਆਂ ਦੀ ਵੀ ਦੂਤ ਹੈ। ਉਹ 7 ਸਾਲ ਦੀ ਉਮਰ ਤੋਂ ਫੁੱਟਬਾਲ ਖੇਡਣ ਦੀ ਰੁਚੀ ਨਾਲ ਕੌਮਾਂਤਰੀ ਪਛਾਣ ਬਣਾ ਚੁੱਕੀ ਹੈ ਅਤੇ ਆਪਣਾ ਨਾਂਅ ਫ਼ੀਫ਼ਾ ਕੱਪ 'ਚ ਸਥਾਪਤ ਕਰਨ ਲਈ ਯਤਨਸ਼ੀਲ ਹੈ।

## ਓਲੰਪੀਅਨ ਗੋਲਡ ਮੈਡਲ ਜੇਤੂ ਟੀਮ ਦਾ ਸਵਾਗਤ

ਵਿਨੀਪੈੱਗ (ਨਦਬ) ਵਿਨੀਪੈੱਗ ਕਰਲਿੰਗ ਰਿੰਕ 'ਚ ਓਲੰਪੀਅਨ ਗੋਲਡ ਮੈਡਲ ਜੇਤੂ ਜੈਨੀਫ਼ਰ ਜੌਨਸ ਦੀ ਟੀਮ ਦੇ ਵਿਨੀਪੈੱਗ ਪਰਤਣ 'ਤੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਦੀ ਇਸ ਪ੍ਰਾਪਤੀ ਨੂੰ ਧਿਆਨ ਵਿਚ ਰੱਖਦਿਆਂ ਰੀਗਲ ਐਵਿਨਿਊ ਜੋ ਕਿ ਸੇਂਟ ਵਾਈਟਲ ਕਰਲਿੰਗ ਕਲੱਬ ਨੂੰ ਜਾਣ ਵਾਲੀ ਸੜਕ ਹੈ, ਨੂੰ ਹੁਣ ਟੀਮ ਜੌਨਸ ਵੇਅ ਦੇ ਨਾਂ ਨਾਲ ਵੀ ਜਾਣਿਆ ਜਾਵੇਗਾ। ਜ਼ਿਕਰਯੋਗ ਹੈ ਕਿ ਜਦੋਂ ਇਹ ਟੀਮ ਮੈਡਲ ਜਿੱਤ ਕੇ ਵਿਨੀਪੈੱਗ ਪਹੁੰਚੀ ਤਾਂ ਇਨ੍ਹਾਂ ਦੇ ਸਵਾਗਤ ਲਈ ਲਗਭਗ ਤਿੰਨ ਸੌ ਬੰਦਿਆਂ ਦੀ ਭੀੜ ਲੱਗੀ ਹੋਈ ਸੀ। ਕਾਟਜ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਸ ਸੜਕ ਦਾ ਨਾਂ ਜੈਨੀਫ਼ਰ ਜੋਹਨਸ ਟੀਮ ਦੇ ਨਾਂ 'ਤੇ ਰੱਖਿਆ ਗਿਆ ਹੈ, ਉਸ ਦਾ ਪੁਰਾਣਾ ਨਾਂ ਵੀ ਕਾਇਮ ਰਹੇਗਾ, ਸ਼ਹਿਰ ਦੇ ਲੋਕ ਦੋਵਾਂ ਨਾਂਵਾਂ ਨੂੰ ਹੀ ਆਪਣੇ ਪਤੇ ਵਿਚ ਵਰਤੋਂ 'ਚ ਲਿਆ ਸਕਦੇ ਹਨ। ਉਨ੍ਹਾਂ ਦੱਸਿਆ ਕਿ ਟੀਮ ਦਾ ਸਨਮਾਨ ਇਸ



ਲਈ ਕੀਤਾ ਗਿਆ ਹੈ ਕਿਉਂਕਿ ਟੀਮ ਨੇ ਗੋਲਡ ਮੈਡਲ ਜਿੱਤ ਕੇ ਸਿਟੀ ਦਾ ਨਾਂ ਪੂਰੀ ਦੁਨੀਆ ਵਿਚ ਰੌਸ਼ਨ ਕੀਤਾ ਹੈ। ਟੀਮ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸਫਲਤਾ ਜੌਨਸ, ਕੈਟਲੀਨ, ਜਿਲ ਓਫ਼ੀਸਰ, ਡਾਨ ਮੈਕ ਇਵਨ, ਕ੍ਰਿਸਟਨ ਵਾਲ ਅਤੇ ਕੋਚ ਜੈਨਟ ਅਰਨੌਟ ਦੇ ਸਾਂਝੇ ਯਤਨਾਂ ਸਦਕਾ ਪ੍ਰਾਪਤ ਹੋਈ ਹੈ। ਇਸ ਮੌਕੇ ਇਸ ਪੂਰੀ ਟੀਮ ਨੂੰ ਸ਼ਹਿਰ ਵਲੋਂ ਆਊਟਸਟੈਂਡਿੰਗ ਅਚੀਵਮੈਂਟ ਐਵਾਰਡ ਦੇ ਕੇ ਸਨਮਾਨਤ ਕੀਤਾ ਗਿਆ।

### ਜੌਨਸ ਦੀ ਟੀਮ ਦਾ ਆਊਟਸਟੈਂਡਿੰਗ ਅਚੀਵਮੈਂਟ ਐਵਾਰਡ ਨਾਲ ਸਨਮਾਨ

ਜੌਨਸ ਨੇ ਇਸ ਜਿੱਤ 'ਤੇ ਆਪਣੀ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਕਿਹਾ ਕਿ ਓਲਿੰਪਕ ਵਿਚ ਜਿੱਤ ਪ੍ਰਾਪਤ ਕਰਨਾ ਸਾਡੀ ਟੀਮ ਦਾ ਸੁਪਨਾ ਸੀ ਤੇ ਸੁਪਨਾ ਅਸੀਂ ਸੱਚ ਕਰ ਵਿਖਾਇਆ ਹੈ, ਇਸ ਗੱਲ ਦੀ ਸਾਨੂੰ ਸਾਰਿਆਂ ਨੂੰ ਖੁਸ਼ੀ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਵਾਸੀਆਂ ਨੇ ਸਾਡਾ ਬਹੁਤ ਹੀ ਸਤਿਕਾਰ ਕੀਤਾ ਹੈ, ਇਸ ਮਾਣ ਸਤਿਕਾਰ ਕਰ ਕੇ ਸਾਡੀ ਖੁਸ਼ੀ ਦੋਹਰੀ ਹੋ ਗਈ ਹੈ। ਇੱਥੇ ਦੱਸਣਾ ਬਣਦਾ ਹੈ ਕਿ ਮੈਨੀਟੋਬਾ ਸਰਕਾਰ ਵਲੋਂ ਅਜਿਹੀ ਯੋਜਨਾ ਬਣਾਈ ਜਾ ਰਹੀ ਹੈ ਕਿ ਪੂਰੀ ਮੈਨੀਟੋਬਾ ਦੇ ਓਲੰਪੀਅਨਾਂ ਦਾ ਸੂਬੇ ਪੱਧਰ 'ਤੇ ਵੀ ਵਿਸ਼ੇਸ਼ ਸਨਮਾਨ ਕੀਤਾ ਜਾਵੇ।


WE LOOK AFTER ALL YOUR MORTGAGE NEEDS Ph. : (780)479-2222

Best Rates, Choice of Lenders, Mortagage for purchase, construction renewal, Refinance of your home, rental or commercial property, Good or bad credit, New Immigrant or Self Employed



Anuj Gupta
Associate Broker

Alberta Mortgage Centre
Phone # 78, 4003-98 Street, Edmonton, AB

CAAMP ACCHA · AXIOM · AMBA · BBB · think MORTGAGE think AMP

www.albertamortgagecentre.com



Krishan(KK)Gupta, AMP
"Experienced, Knowledgeable, Committed"
Serving the Community Since 1999


PUNJABI HERITAGE FOUNDATION EDMONTON
SATINDER SARTAAJ
LIVE IN CONCERT 2014
Monday , May 19, 2014
@ 4:00 PM
Jubilee Auditorium
11455 - 87 Avenue NW, Edmonton
Tickets
$35, $50, $75, $100 & VIP
Gurcharan Singh Garcha
Lakhvinder Atwal
Hardeep Singh Lall
Talwinder Panesar
Kamal Ghuman
Labha Dhanoa
Jaberjit Singh Channa
Manjit Singh
For More Info. Hardip Singh Lall 780.990.6738 Lakhvinder Singh Atwal 587.709.5205 Talwinder S Panser 780.990.9277 Kamal Ghuman 780.239.9377
Printed by: Rainbow Copy & Printing 780. 461.6000


DASHMESH TIRE & LUBE
All Brands of Tires
MRF Or JK (Indian)
B.F. Goodrich. Michelin. Dunlop
Tire Repairs, Brakes, Oil Change & Lubrication
Do Service on Remote Locations Including weighing scales
vehicle inspection by certified machines
ਲੌਂਗਹਾਲ, ਗਰੈਵਲ ਆਦਿ ਹਰ ਤਰ੍ਹਾਂ ਦੇ ਟਰੱਕਾਂ ਦੀ ਫਾਇਨਾਇੰਗ ਕੀਤੀ ਜਾਂਦੀ ਹੈ।
ਕਿਸੇ ਵੀ ਸਮੇਂ, ਕਿਸੇ ਵੀ ਤਰ੍ਹਾਂ ਦੇ ਟਰੱਕਾਂ ਦੇ ਲੋਨ ਲੈਣ ਲਈ ਸੰਪਰਕ ਕਰੋ।
Enough Parking Space
Call : Manjit S. Khosa. Garry Dhaliwal
Ph: 780-298-1114, 780-993-4441
6609 34 St. Edmonton. Alberta.


Maharaja
Banquet Facility
ਵਿਆਹ-ਸ਼ਾਦੀ, ਜਨਮ ਦਿਨ ਜਾਂ ਹੋਰ ਕਿਸੇ ਵੀ ਖ਼ੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ ਮਹਾਰਾਜਾ ਬੈਂਕੁਇਟ ਹਾਲ ਬੁਕ ਕਰੋ।
Banques Facility From 100 to 1200 People
Big Dance Floor
Full Bar
Excellent Bridal Chair
Great Music System
Beauty Service Elegance
9257-34A Ave. Edmonton, AB.
Call : Tariq Chaudhry 780-695-7200


Residential | Commercial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
FAX: 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ
Sales Representative
Harinder Hundal
M.Sc. Eco, M.B.A
MLS
50 SunnyVale Gate, Unit # 7, Brampton, ON L6S 0C4


ਮੁਲਾਕਾਤ
Productions
ਟੀ.ਵੀ ਪ੍ਰੋਗਰਾਮ ਮੁਲਾਕਾਤ
Aired on VISION TV
1:00 pm to 1:30 pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com


STP ELECTRIC LTD.
stpelectric@hotmail.com
Offering Full Range of Electrical Services of
C. 780.984 2356
F. 780.463 6276
Residential
Commercial
Industrial Installations
ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ


WILDROSE MASONARY & STONE WORKS
Commertial & Residential
Ph: 780 340 1400
Off: 780 450 1413
Fax: 780 490 4888
ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜਰੂਰ ਐਸਟੀਮੇਟ ਲਗਵਾਓ
Dave Johal
Culture Stone Bricks
Blocks Glass Blocks
email:wildrosemasonary@live.ca ✦ 1404-69th St. SW Edmonton, AB T6L 1L4


HARRY`S EXCAVATING
PH: 780-918-2252
Specialist in :
Digging Basements & All Kind Of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ, ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਵੀ ਕੰਮ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ।


A & K INSULATION & DRYWALL LTD.
Best Quailty at Reasonable Rates
ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ
Rana : 780-245-5191 Joga : 780-245-5192


NEW WAY
Stucco Ltd.
Quality work at reasonable rates.
We do Splash Dash Stucco and Acrylic. For free estimates call
(BALJIT) Ph. : (780)-708-1436, Fax : (780)-462-0691
All Kind of Stucco Acrylic & Rain Screen Residential & Commercial


Moga Painting Company
Serving Since 1985
Experts in Interior & Exterior Paint
Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070

ਨਵੀਂ ਦੁਨੀਆ

## ਪੀ.ਪੀ.ਐਫ਼.ਈ. ਵਲੋਂ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਨੂੰ ਸ਼ਰਧਾਂਜਲੀਆਂ ਭੇਟ

# ਸਾਲ 2014 ਕਾਮਾਗਾਟਾ ਮਾਰੂ ਸ਼ਤਾਬਦੀ ਵਰ੍ਹੇ ਵਜੋਂ ਮਨਾਉਣ ਦਾ ਫ਼ੈਸਲਾ



ਐਡਮਿੰਟਨ (ਨਬਦ) : ਚਾਰ ਜਥੇਬੰਦੀਆਂ ਪੰਜਾਬੀ ਆਰਟ ਐਸੋਸੀਏਸ਼ਨ, ਮੇਪਲ ਲੀਫ਼ ਰਾਈਟਰ ਫ਼ਾਊਂਡੇਸ਼ਨ, ਪੰਜਾਬੀ ਕਲਚਰਲ ਐਸੋਸੀਏਸ਼ਨ ਅਤੇ ਸੈਕੂਲਰ ਪੀਪਲਜ਼ ਐਸੋਸੀਏਸ਼ਨ ’ਤੇ ਅਧਾਰਤ ਪ੍ਰੋਗ੍ਰੈਵਿਸ ਪੀਪਲਜ਼ ਫ਼ਾਊਂਡੇਸ਼ ਆਫ਼ ਐਡਮਿੰਟਨ ਵਲੋਂ ਪੀ.ਸੀ.ਏ. ਦੇ ਹਾਲ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਰਾਜ ਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀ ਭੇਟ ਕਰਨ ਲਈ, ਇਕ ਪਬਲਿਕ ਮੀਟਿੰਗ ਦਾ ਆਯੋਜਨ ਕੀਤਾ ਗਿਆ। ਮੀਟਿੰਗ ਵਿਚ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਅੱਜ ਦੇ ਯੁੱਗ ਵਿਚ ਲਾਗੂ ਕਰਨ ਜਾਂ ਅਪਣਾਉਣ ਬਾਰੇ ਖੁਲ੍ਹ ਕੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੀ ਸ਼ੁਰੂਆਤ ਪੀ.ਪੀ.ਐਫ.ਈ. ਦੇ ਖ਼ਜ਼ਾਨਚੀ ਨਵਤੇਜ ਬੈਂਸ ਨੇ ਕਰਦਿਆਂ ਸਾਲ 2013 ਵਿਚ ਗ਼ਦਰ ਸ਼ਤਾਬਦੀ ਵਰ੍ਹੇ ਦੌਰਾਨ ਪੀ.ਪੀ.ਐਫ਼.ਈ. ਵਲੋਂ ਕੀਤੇ ਗਏ ਸਮਾਗਮਾਂ ਸਬੰਧੀ ਜਾਣਕਾਰੀ ਦਿੱਤੀ। ਉਪਰੰਤ ਉਨ੍ਹਾਂ ਬਹਿਸ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਭਗਤ ਸਿੰਘ ਦੀ ਵਿਚਾਰਧਾਰਾ ਦੀ ਜ਼ਰੂਰਤ ਅੱਜ ਦੇ ਸਮੇਂ ਵਿਚ ਵੀ ਓਨੀ ਹੈ ਜਦੋਂ ਉਨ੍ਹਾਂ ਨੇ ਬਰਤਾਨਵੀ ਸਰਕਾਰ ਅਤੇ ਸਾਮਰਾਜ ਦੇ ਖ਼ਿਲਾਫ਼ ਆਪਣਾ ਘੋਲ ਵਿੱਢਿਆ ਸੀ। ਕਨੇਡਾ ਦੀ ਨੌਜਵਾਨ ਪੀੜ੍ਹੀ ਬਾਰੇ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਨੌਜਵਾਨ ਸਾਡੇ ਤੋਂ ਦੂਰ ਹੁੰਦੇ ਜਾ ਰਹੇ ਹਨ, ਜਿਸ ਕਾਰਨ ਉਨ੍ਹਾਂ ਵਲੋਂ ਇਹ ਕਿਹਾ ਜਾਂਦਾ ਹੈ ਕਿ ਅਸੀਂ ਅਜੇ ਵੀ ਆਪਣੇ ਪਿਛੋਕੜ ਨੂੰ ਨਹੀਂ ਛੱਡਿਆ। ਵਿਚਾਰ ਚਰਚਾ ਨੂੰ ਅੱਗੇ ਵਧਾਉਂਦਿਆਂ ਸਾਬਕਾ ਪ੍ਰੋਫ਼ੈਸਰ ਯੂਨੀਵਰਸਿਟੀ ਆਫ਼ ਅਲਬਰਟਾ ਡਾ. ਰਾਜ ਪਨੂੰ ਨੇ ਕਿਹਾ ਕਿ ਅੱਜ ਵੀ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਨਕਾਰਿਆ ਨਹੀਂ ਜਾ ਸਕਦਾ। ਉਨ੍ਹਾਂ ਦੀ ਵਿਚਾਰਧਾਰਾ ਨੂੰ ਅਪਣਾ ਕੇ ਹੀ ਅੱਜ ਦੇ ਸਾਮਰਾਜ ਵਿਰੁੱਧ ਲੜਾਈ ਲੜੀ ਜਾ ਸਕਦੀ ਹੈ। ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵਲੋਂ ਵਿੱਢੀ ਗਈ ਲੜਾਈ ਨੂੰ ਜਾਰੀ ਰੱਖਣਾ ਸਾਡਾ ਸਾਰਿਆਂ ਦਾ ਫ਼ਰਜ਼ ਹੈ। ਉਨ੍ਹਾਂ ਕਿਹਾ ਕਿ ਇਥੋਂ ਦੀ ਨੌਜਵਾਨ ਪੀੜ੍ਹੀ ਨੂੰ ਆਪਣੇ ਨਾਲ ਜੋੜਨ ਲਈ ਸਾਨੂੰ ਸਥਾਨਕ ਮੁੱਦਿਆਂ ਨੂੰ ਅਪਣਾਉਣਾ ਪਵੇਗਾ। ਡਾ. ਪਨੂੰ ਨੇ ਅੱਗੇ ਕਿਹਾ ਕਿ ਅੱਜ ਦੇ ਯੁੱਗ ਵਿਚ ਸਾਮਰਾਜ ਐਨਾ ਕੁ ਵਿਸ਼ਾਲ ਰੂਪ ਧਾਰਨ ਕਰ ਚੁੱਕਾ ਹੈ ਕਿ ਉਹ ਮਨੁੱਖ ਨੂੰ ਖ਼ਤਮ ਕਰਨ ਤਕ ਪਹੁੰਚ ਚੁੱਕਾ ਹੈ। ਕਨੇਡਾ ਦੀਆਂ ਆਵਾਸੀ ਨੀਤੀਆਂ ਬਾਰੇ ਚਰਚਾ ਕਰਦਿਆਂ ਡਾ. ਪਨੂੰ ਨੇ ਕਿਹਾ ਕਿ ਕਾਮਾਗਾਟਾ ਮਾਰੂ ਜੋ ਕਿ 1914 ਵਿਚ ਵਾਪਰਿਆ ਸੀ, ਨੂੰ ਕਨੇਡਾ ਦੀ ਹਾਰਪਰ ਸਰਕਾਰ 2014 ਵਿਚ ਹੂਬਹੂ ਦੁਹਰਾ ਰਹੀ ਹੈ। ਇਸ ਉਪਰੰਤ ਪੀ.ਪੀ.ਐਫ਼.ਈ. ਦੇ ਮੈਂਬਰ ਡਾ. ਪੀ.ਆਰ. ਕਾਲੀਆ ਨੇ ਕਿਹਾ ਕਿ ਭਾਰਤ ਵਿਚ ਰਾਜ ਕਰ ਰਹੀਆਂ ਜਾਂ ਸੱਤਾ ਨੂੰ ਹਾਸਲ ਕਰਨ ਲਈ ਦੌੜ ਲਾ ਰਹੀਆਂ ਰਾਜਨੀਤਕ ਪਾਰਟੀਆਂ ਸਰਮਾਏਦਾਰੀ ਦੇ ਹੱਥਾਂ ਦੀਆਂ ਕਠਪੁਤਲੀਆਂ ਬਣ ਕੇ ਰਹਿ ਗਈਆਂ ਹਨ। ਇਸ ਵਿਚਾਰ ਚਰਚਾ ਵਿਚ ਵਰਿੰਦਰ ਭੁੱਲਰ,ਪੀ.ਪੀ.ਐਫ਼.ਈ. ਦੇ ਪ੍ਰਧਾਨ ਦਲਬੀਰ ਸਾਂਗਿਆਣ, ਸਵਿੰਦਰ ਪਨੂੰ, ਟਿਪੀ ਗਿੱਲ, ਸੈਂਡੀ ਬਰਾੜ ਆਦਿ ਨੇ ਵੀ ਹਿੱਸਾ ਲਿਆ।

ਇਸ ਦੇ ਨਾਲ ਹੀ ਦੂਸਰੇ ਪੜਾਅ ਵਿਚ ਕਵਿਤਾਵਾਂ ਅਤੇ ਗ਼ਜ਼ਲਾਂ ਦੇ ਦੌਰ ਵਿਚ ਲਾਡੀ ਸੂਸਾਂਵਾਲਾ, ਪਵਿੱਤਰ ਧਾਲੀਵਾਲ, ਅਨੂਪ ਧਾਲੀਵਾਲ, ਜਰਨੈਲ ਧਾਲੀਵਾਲ ਆਦਿ ਨੇ ਹਿੱਸਾ ਲਿਆ। ਅੰਤ ਵਿਚ ਸਾਲ 2014 ਨੂੰ ਕਾਮਾਗਾਟਾ ਮਾਰੂ ਸ਼ਤਾਬਦੀ ਵਜੋਂ ਮਨਾਉਣ ਦਾ ਮਤਾ ਪੇਸ਼ ਕੀਤਾ ਗਿਆ ਸੀ ਜਿਸ ਨੂੰ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ।

## ਵਰਿੰਦਰ ਭੁੱਲਰ ਮਿਲਵੁਡਜ਼ ਇਲਾਕੇ ਲਈ ਫ਼ੈਡਰਲ ਲਿਬਰਲ ਨਾਮਜ਼ਦਗੀ ਵਾਸਤੇ ਉਮੀਦਵਾਰ






ਐਡਮਿੰਟਨ (ਨਦਬ) : ਐਡਮਿੰਟਨ ਦੇ ਦੱਖਣ ਪੂਰਬ ਵਿਚਲੇ ਡੇਲੀ ਗਰਵੇ ਸਕੂਲ ’ਚ 350 ਤੋਂ ਵੱਧ ਸਮਰਥਕਾਂ ਨਾਲ ਭਰੇ ਹੋਏ ਹਾਲ ਵਿਚ ਮਿਲਵੁਡਜ਼ ਇਲਾਕੇ ਲਈ ਫੈਡਰਲ ਲਿਬਰਲ ਨਾਮਜ਼ਦਗੀ ਵਾਸਤੇ ਵਰਿੰਦਰ ਭੁੱਲਰ ਨੇ ਉਮੀਦਵਾਰ ਵਜੋਂ ਚੋਣ ਮੈਦਾਨ ਵਿਚ ਨਿਤਰਨ ਦਾ ਐਲਾਨ ਕਰ ਦਿੱਤਾ ਹੈ। ਸਮਰਥਕਾਂ ਦੇ ਇਸ ਇਕੱਠ ਵਿਚ ਭਾਈਚਾਰੇ ਦੀਆਂ ਵੱਖ-ਵੱਖ ਸੰਸਥਾਵਾਂ ਦੇ ਸੇਵਾਦਾਰ ਵੀ ਵੱਡੀ ਗਿਣਤੀ ਵਿਚ ਸ਼ਾਮਲ ਸਨ। ਲਿਬਰਲ ਪਾਰਟੀ ਵਿਚ ਜਾਣੀ ਪਛਾਣੀ ਸਖ਼ਸ਼ੀਅਤ ਮਾਰਟਨ ਮਕੇਬ ਨੇ ਸਾਰੇ ਆਉਣ ਵਾਲਿਆਂ ਦਾ ਧੰਨਵਾਦ ਕਰਿਦਆਂ ਇਸ ਇਕੱਠ ਦੀ ਕਾਰਵਾਈ ਸ਼ੁਰੂ ਕੀਤੀ। ਦਲਬੀਰ ਸਾਂਗਿਆਣ ਨੇ ਮੁੱਢਲੀ ਜਾਣ-ਪਛਾਣ ਵਿਚ ਵਰਿੰਦਰ ਭੁੱਲਰ ਦੀ ਨਿੱਜੀ ਕਾਮਯਾਬੀ ਦੇ ਨਾਲ-ਨਾਲ ਸਮੁੱਚੇ ਭਾਈਚਾਰੇ ਸਬੰਧੀ ਨਿਭਾਏ ਨਿੱਗਰ ਅਤੇ ਉਸਾਰੂ ਰੋਲ ਦੀ ਭੂਮਿਕਾ ਨੂੰ ਸਾਂਝਾ ਕੀਤਾ। ਇਸ ਤੋਂ ਬਾਅਦ ਕਮਿਊਨਿਟੀ ਦੇ ਨੌਜਵਾਨ ਸੇਵਾਦਾਰ ਹਰਮਨ ਕੰਦੋਲਾ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਆਪਣੇ ਬੁਨਿਆਦੀ ਰਾਜਨੀਤਕ ਮਸਲਿਆਂ ਨੂੰ ਯੋਗ ਆਵਾਜ਼ ਦੇਣ ਲਈ ਵਰਿੰਦਰ ਭੁੱਲਰ ਨੂੰ ਆਪਣਾ ਪ੍ਰਤੀਨਿਧ ਬਣਾ ਕੇ ਔਟਵਾ ਭੇਜੀਏ।

ਵਰਿੰਦਰ ਭੁੱਲਰ ਨੇ ਬੋਲਦਿਆਂ ਕਿਹਾ ਕਿ ਕਨੇਡਾ ਦੀ ਵਰਤਮਾਨ ਫ਼ੈਡਰਲ ਸਰਕਾਰ ਦੀ ਨੀਤੀ ਮੱਧ-ਵਰਗ ਭਾਵ ਮਿਡਲ ਕਲਾਸ ਦੇ ਲੋਕਾਂ ਲਈ ਸੁਹਿਰਦ ਨਹੀਂ ਹੈ। ਅੱਜ ਦੇ ਸਮੇਂ ਦੀ ਲੋੜ ਹੈ ਕਿ ਫ਼ੈਡਰਲ ਸਰਕਾਰ ਦੀ ਨੀਤੀ ਹੇਠਾਂ ਤੋਂ ਆਮ ਲੋਕਾਂ ’ਤੇ ਆਧਾਰਤ ਹੋਵੇ ਜਦਕਿ ਹੋ ਬਿਲਕੁਲ ਉਲਟ ਰਿਹਾ ਹੈ। ਜਦ ਫੈਡਰਲ ਸਰਕਾਰ, ਲਿਬਰਲ ਪਾਰਟੀ ਦੇ ਬਹੁਮਤ ਤਹਿਤ ਸੀ ਤਾਂ 67% ਕਨੇਡੀਅਨ ਆਪਣੇ ਆਪ ਨੂੰ ਮੱਧ ਵਰਗ ਵਿਚ ਗਿਣਦੇ ਸਨ। ਹੁਣ ਸਟੀਫਨ ਹਾਰਪਰ ਦੀ ਸਰਕਾਰ ਦੇ ਕੁੱਝ ਸਾਲਾਂ ਬਾਅਦ ਹੀ 2013 ਦੇ ਅਖੀਰ ਵਿਚ ਸਿਰਫ 47% ਕਨੇਡੀਅਨ ਆਪਣੇ ਆਪ ਨੂੰ ਮੱਧ-ਵਰਗ ਵਿਚ ਗਿਣਦੇ ਹਨ। ਇਕ ਦਹਾਕੇ ਵਿਚ ਸਾਡਾ ਤੀਜਾ ਹਿੱਸਾ ਮੱਧ-ਵਰਗ ਅਲਪੋ ਹੋ ਗਿਆ। ਹੁਣ ਹਰ ਕਨੇਡੀਅਨ ਨੂੰ ਸੋਚਣਾ ਪਵੇਗਾ ਕਿ ਸਰਕਾਰ ਦੀ ਇਹ ਨੀਤੀ ਸਾਨੂੰ ਕਿਸ ਤਰ੍ਹਾਂ ਦੇ ਭਵਿੱਖ ਵੱਲ ਨੂੰ ਲੈ ਕੇ ਜਾ ਰਹੀ ਹੈ। ਭਵਿੱਖ ਵਿਚ ਮਜ਼ਬੂਤ ਮੱਧ-ਵਰਗ ਯਕੀਨੀ ਬਨਾਉਣ ਲਈ, ਸਰਕਾਰ ਦੀ ਯੋਜਨਾਬੱਧ ਦੂਰਅੰਦੇਸ਼ ਨੀਤੀ ਬਹੁਤ ਜ਼ਰੂਰੀ ਹੈ। ਭਾਂਵੇ ਕਿਸੇ ਕਨੇਡੀਅਨ ਦੀ ਵਿੱਤੀ ਸਮਰੱਥਾ ਕਿਸੇ ਵੀ ਤਰ੍ਹਾਂ ਦੀ ਹੋਵੇ, ਅਸੀਂ ਹਰ ਕਨੇਡੀਅਨ ਲਈ ਸਰਕਾਰ ਵਲੋਂ ਨਰੋਈ ਸਿਹਤ ਸੰਭਾਲ ਵਿਵਸਥਾ ਵਿਚ ਵਿਸ਼ਵਾਸ ਰਖਦੇ ਹਾਂ। ਇਸ ਖੇਤਰ ਵਿਚ ਲਿਬਰਲ ਪਾਰਟੀ ਦੀਆਂ ਸਰਕਾਰਾਂ ਦਾ ਯੋਗਦਾਨ ਬਹੁਤ ਮਹੱਤਵਪੂਰਨ ਰਿਹਾ ਹੈ। ਪਰ ਸਟੀਫਨ ਹਾਰਪਰ ਦੀ ਸਰਕਾਰ ਦਾ ਰੋਲ ਇਸ ਪੱਖ ਤੋਂ ਬਹੁਤ ਨਿਰਾਸ਼ਾਜਨਕ ਰਿਹਾ ਹੈ। ਦੇਸ਼ ਦੇ ਬੁਨਿਆਦੀ ਢਾਂਚੇ ਵਿਚ ਮੁੱਢਲੀਆਂ ਸਹੂਲਤਾਂ ਤੋਂ ਲੈ ਕੇ ਦੇਸ਼ ਦੀ ਆਰਥਕਤਾ, ਇੰਮੀਗਰੇਸ਼ਨ ਅਤੇ ਵਾਤਾਵਰਨ ਤੱਕ ਦੇ ਬਹੁਤ ਸਾਰੇ ਮਹੱਤਵਪੂਰਨ ਮਸਲਿਆਂ ਬਾਰੇ ਵਰਿੰਦਰ ਭੁੱਲਰ ਨੇ ਆਪਣੇ ਵਿਚਾਰਾਂ ਦੀ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਸਾਂਝ ਪਾਈ। ਵੱਖਰੇ-ਵੱਖਰੇ ਖੇਤਰਾਂ ਨਾਲ ਸਬੰਧਤ ਮਸਲਿਆਂ ਬਾਰੇ ਵਰਿੰਦਰ ਭੁੱਲਰ ਦੀ ਰਾਜਨੀਤਕ ਚੇਤਨਤਾ ਅਤੇ ਵੱਖ-ਵੱਖ ਸਮਾਜਕ ਜਥੇਬੰਦੀਆਂ ਵਿਚ ਕੀਤੇ ਕੰਮ ਦਾ ਤਜ਼ਰਬਾ ਸਪੱਸ਼ਟ ਨਜ਼ਰ ਆ ਰਿਹਾ ਸੀ। ਸਾਇੰਸ ਦੀ ਵਿਦਿਆ ਵਿਚ ਐਮ.ਐਸ.ਸੀ. ਕਰਨ ਤੋਂ ਬਾਅਦ ਵਰਿੰਦਰ ਭੁੱਲਰ ਦਾ ਫਰਮਾਂਸੂਟੀਕਲ ਖੇਤਰ ਵਿਚ 20 ਸਾਲ ਕੰਮ ਕਰਨ ਦਾ ਤਜ਼ਰਬਾ ਹੈ। ਇਸ ਤਰ੍ਹਾਂ ਦੇ ਯੋਗ ਉਮੀਦਵਾਰ ਦੀ ਨਾਮਜ਼ਦਗੀ ਹੋਣ ਨਾਲ ਅੱਜਕਲ ਐਡਮਿੰਟਨ-ਮਿਲਵੁਡਜ਼ ਇਲਾਕੇ ਵਿਚ ਲਿਬਰਲ ਪਾਰਟੀ ਦੇ ਸਮਰੱਥਕਾਂ ਵਿਚ ਬਹੁਤ ਉਤਸ਼ਾਹ ਨਜ਼ਰ ਆ ਰਿਹਾ ਹੈ।

## ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ ਲਈ ਨਵੀਂ ਕਮੇਟੀ ਦਾ ਗਠਨ



ਐਡਮਿੰਟਨ (ਕਿਰਤਮੀਤ) : ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ (ਪੀ.ਸੀ.ਏ.) ਦੀ ਜਨਰਲ ਬਾਡੀ ਮੀਟਿੰਗ ਪੀ.ਸੀ.ਏ. ਹਾਲ 9158- 23 ਐਵੀਨਿਊ (ਐਡਮਿੰਟਨ) ਵਿਖੇ ਹੋਈ। ਮੀਟਿੰਗ ਵਿਚ ਪੁਰਾਣੀ ਕਮੇਟੀ ਨੂੰ ਭੰਗ ਕਰ ਕੇ ਸਾਲ 2014-15 ਲਈ 13 ਮੈਂਬਰੀ ਨਵੀਂ ਕਮੇਟੀ ਦਾ ਗਠਨ ਕੀਤਾ ਗਿਆ। ਨਵੀਂ ਕਮੇਟੀ ਦੀ ਚੋਣ ਵਿਚ ਗੁਰਚਰਨ ਬਰਾੜ ਨੂੰ ਮੁੜ ਤੋਂ ਐਸੋਸੀਏਸ਼ਨ ਦਾ ਪ੍ਰਧਾਨ, ਇੰਦਰਾ ਸਰੋਆ ਨੂੰ ਮੀਤ ਪ੍ਰਧਾਨ ਅਤੇ ਦਲਬੀਰ ਸਾਂਗਿਆਂਣ ਨੂੰ ਮੁੜ ਤੋਂ ਸਕੱਤਰ ਨਾਮਜ਼ਦ ਕੀਤਾ ਗਿਆ। ਇਸ ਤੋਂ ਇਲਾਵਾ ਗੁਰਸੇਵਕ ਮਾਨ ਅਤੇ ਰਵਿੰਦਰ ਸ਼ਾਹੀ ਨੂੰ ਡਾਇਰੈਕਟਰ ਐਟ ਲਾਰਜ਼, ਪਰਮਿੰਦਰ ਧਾਲੀਵਾਲ ਨੂੰ ਖ਼ਜ਼ਾਨਚੀ, ਬਖ਼ਸ਼ ਸੰਘਾ ਨੂੰ ਸਭਿਆਚਾਰਕ ਨਿਰਦੇਸ਼ਕਾ (ਮਹਿਲਾ), ਕਿਰਤਮੀਤ ਕੁਹਾੜ ਨੂੰ ਸਭਿਆਚਾਰਕ ਨਿਰਦੇਸ਼ਕ (ਪੁਰਸ਼), ਜਗਜੀਤ ਕੌਰ ਦਿਉਲ ਨੂੰ ਅਸਿਸਟੈਂਟ ਸਭਿਆਚਾਰਕ ਵਿੰਗ, ਵਰਿੰਦਰ ਭੁੱਲਰ ਨੂੰ ਭਾਸ਼ਾ ਨਿਰਦੇਸ਼ਕ (ਪੁਰਸ਼), ਕੁਲਦੀਪ ਧਾਲੀਵਾਲ ਨੂੰ ਭਾਸ਼ਾ ਨਿਰਦੇਸ਼ਕਾ (ਮਹਿਲਾ), ਗੁਰਵਿੰਦਰ ਗਿੱਲ (ਸੋਨੀ ਗਿੱਲ) ਨੂੰ ਖੇਡ ਨਿਰਦੇਸ਼ਕ (ਪੁਰਸ਼), ਹਰਮਨਦੀਪ ਕੌਰ ਨੂੰ ਖੇਡ ਨਿਰਦੇਸ਼ਕਾ (ਮਹਿਲਾ) ਦੀ ਜ਼ਿੰਮੇਵਾਰੀ ਸੌਂਪੀ ਗਈ।

ਨਵੀਂ ਬਣੀ ਕਮੇਟੀ ਵੱਲੋਂ ਪੰਜਾਬੀ ਸਭਿਆਚਾਰ ਨੂੰ ਵਧੇਰੇ ਪ੍ਰਫੁਲਤ ਕਰਨ ਅਤੇ ਨਵੀਂ ਪੀੜ੍ਹੀ ਨੂੰ ਸਭਿਆਚਾਰ ਨਾਲ ਜੋੜਨ ਦਾ ਅਹਿਦ ਕੀਤਾ ਗਿਆ। ਪੀ.ਸੀ.ਏ. ਦੇ ਪ੍ਰਧਾਨ ਗੁਰਚਰਨ ਬਰਾੜ ਨੇ ਮੀਟਿੰਗ ’ਚ ਹਾਜ਼ਰ ਲੋਕਾਂ ਤੇ ਮੈਂਬਰਾਂ ਦਾ ਮੀਟਿੰਗ ’ਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ ਤੇ ਸਲਾਨਾ ਸਮਾਗਮਾਂ ਨੂੰ ਮੈਬਰਾਂ ਦੇ ਸਹਿਯੋਗ ਦੇ ਨਾਲ ਹੋਰ ਬੇਹਤਰ ਬਣਾਉਣ ਲਈ ਯਤਨ ਜਾਰੀ ਰੱਖਣ ਬਾਰੇ ਕਿਹਾ। ਸਕੱਤਰ ਦਲਬੀਰ ਸਾਂਗਿਆਂਣ ਨੇ ਕਿਹਾ ਕਿ ਉਹ ਪੀ.ਸੀ.ਏ. ਦੇ ਕਮੇਟੀ ਮੈਂਬਰਾਂ ਨੂੰ ਨਾਲ ਲੈ ਕੇ ਮੈਂਰਬਸ਼ਿਪ ਵਧਾਉਣ ਅਤੇ ਪੰਜਾਬੀ ਭਾਸ਼ਾ ਪ੍ਰਤੀ ਨੌਜਵਾਨਾਂ ਵਿੱਚ ਸਨੇਹ ਪੈਦਾ ਕਰਨ ਦਾ ਯਤਨ ਕਰਨਗੇ।

# ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਨੂੰ ਸਮਰਪਤ ਪ੍ਰੋਗਰਾਮ ਦੀ ਸਫਲ ਪੇਸ਼ਕਾਰੀ



ਬਰੈਂਪਟਨ (ਨਦਬ) : ਸ਼ਹੀਦ ਭਗਤ ਸਿੰਘ, ਰਾਜਗੁਰੁ ਅਤੇ ਸੁਖਦੇਵ ਦੀ ਸ਼ਹਾਦਤ ਨੂੰ ਸਮਰਪਤ ਪ੍ਰੋਗਰਾਮ ਇੱਥੋਂ ਦੇ ਪੀਅਰਸਨ ਹਾਲ ਵਿਚ ਹੋਇਆ। ਸਮਾਗਮ ਵਿਚ ਉੱਘੇ ਲੇਖਕ ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਮੌਜੂਦਾ ਦੌਰ ਵਿਚ ਸਾਨੂੰ ਪੱਥਰ ਦੇ ਭਗਤ ਸਿੰਘ ਦੀ ਲੋੜ ਨਹੀਂ ਹੈ, ਨਾ ਹੀ ਪਗੜੀਧਾਰੀ ਜਾਂ ਟੋਪੀ ਵਾਲਾ ਭਗਤ ਸਿੰਘ ਚਾਹੀਦਾ ਹੈ, ਸਗੋਂ ਭਾਰਤ ਦੇ ਨੌਜਵਾਨਾਂ ਨੂੰ ਭਗਤ ਸਿੰਘ ਦਾ ਦਿਮਾਗ਼ ਚਾਹੀਦਾ ਹੈ, ਉਸ ਦੇ ਵਿਚਾਰ, ਉਸ ਵਰਗਾ ਸਮਰਪਨ ਅਤੇ ਉਸ ਵਰਗੀ ਪ੍ਰਤੀਬੱਧਤਾ ਚਾਹੀਦੀ ਹੈ। ਅਜੀਹੀ ਸੋਚ ਸਦਕਾ ਹੀ ਭਾਰਤ ਨੂੰ ਭਗਤ ਸਿੰਘ ਅਤੇ ਸਾਥੀਆਂ ਦੇ ਸੁਪਨਿਆ ਵਰਗਾ ਬਣਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਭਗਤ ਸਿੰਘ ਦੀ ਸ਼ਹਾਦਤ ਅਤੇ ਲੋਕਪ੍ਰਿਅਤਾ ਨੂੰ ਉਹ ਹਾਕਮ ਵੀ ਅਣਗੋਲਿਆਂ ਨਹੀਂ ਕਰ ਸਕੇ ਜੋ ਅਸਲ ਵਿਚ ਭਗਤ ਸਿੰਘ ਦੀ ਸੋਚ ਤੋਂ ਬਿਲਕੁਲ ਉਲਟ ਕੰਮ ਕਰ ਰਹੇ ਹਨ। ਅੰਮ੍ਰਿਤ ਢਿਲੋਂ ਹੋਰਾਂ ਭਗਤ ਸਿੰਘ ਦੇ ਜੀਵਨ ਨਾਲ ਸਬੰਧਤ ਯਾਦਾਂ ਸਾਂਝੀਆਂ ਕੀਤੀਆਂ। ਲਾਹੌਰ ਵਿਚ ਜਨਮੇ, ਕਮੇਟੀ ਆਫ ਪ੍ਰੋਗਰੈਸਿਵ ਪਾਕਿਸਤਾਨ ਦੇ ਫਹੀਮ ਖਾਨ ਨੇ ਦੱਸਿਆ ਕਿ ਭਗਤ ਸਿੰਘ ਦੀ ਸ਼ਹਾਦਤ ਵਾਲੇ ਥਾਂ ’ਤੇ ਉਸਰੇ ਚੌਕ ਦਾ ਨਾਂ ਸ਼ਹੀਦ ਭਗਤ ਸਿੰਘ ਚੌਕ ਰੱਖਣ ਲਈ ਯਤਨ ਜਾਰੀ ਹਨ। ਕੱਟੜਵਾਦੀ ਇਸ ਦਾ ਜ਼ਬਰਦਸਤ ਵਿਰੋਧ ਕਰ ਰਹੇ ਹਨ ਅਤੇ ਮਾਮਲੇ ਨੂੰ ਅਦਾਲਤ ਵਿਚ ਵੀ ਲੈ ਗਏ ਹਨ। ਉਨ੍ਹਾਂ ਕਿਹਾ ਕਿ ਆਪਣੇ ਧਰਮ ਲਈ ਕੁਰਬਾਨ ਹੋਣ ਵਾਲਿਆਂ ਨਾਲੋਂ ਭਗਤ ਸਿੰਘ ਸਮੁੱਚੀ ਮਨੁੱਖ ਜਾਤੀ ਦੀ ਮੁਕਤੀ ਲਈ ਕੁਰਬਾਨ ਹੋਣ ਕਰ ਕੇ ਵੱਖਰਾ ਮੁਕਾਮ ਰੱਖਦਾ ਹੈ ਅਤੇ ਪਾਕਿਸਤਾਨ ਦੇ ਮਿਹਨਤਕਸ਼ ਲੋਕਾਂ ਦਾ ਭਗਤ ਸਿੰਘ ਉੱਪਰ ਉਨਾ ਹੀ ਹੱਕ ਹੈ, ਜਿੰਨਾ ਭਾਰਤ ਦੇ ਲੋਕਾਂ ਦਾ। ਪ੍ਰੋਗਰਾਮ ਵਿਚ ਕਵਿਤਰੀ ਸੁਰਜੀਤ ਕੌਰ, ਸੁਖਚਰਨਪ੍ਰੀਤ ਅਤੇ ਪਰਮਜੀਤ ਕੌਰ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ ਅਤੇ ਭਦੌੜ ਮੰਡਲੀ ਦੇ ਗਾਇਕ ਕਲਾਕਾਰ ਸੁਖਦੇਵ ਅਤੇ ਨਵਤੇਜ ਨੇ ਆਪਣੀ ਖ਼ੂਬਸੂਰਤ ਆਵਾਜ਼ ਅਤੇ ਇਨਕਲਾਬੀ ਗੀਤਾਂ ਨਾਲ ਲੋਕਾਂ ਦਾ ਮਨ ਮੋਹ ਲਿਆ। ਨਾਟਕ ‘ਇਨਕਲਾਬ ਜ਼ਿੰਦਾਬਾਦ’ ਦੀ ਪੇਸ਼ਕਾਰੀ ਬਹੁਤ ਸਫਲ ਰਹੀ। ਨੌਜਵਾਨ ਨਿਰਦੇਸ਼ਕ ਸ਼ਹਿਨਾਜ਼ ਸਿੰਘ ਗੋਰਾਇਆ ਦੁਆਰਾ ਤਿਆਰ ਅਤੇ ਭਾਜੀ ਗੁਰਸ਼ਰਨ ਸਿੰਘ ਦੇ ਲਿਖੇ ਇਸ ਨਾਟਕ ਦਾ ਲੋਕਾਂ ਖ਼ੂਬ ਆਨੰਦ ਮਾਣਿਆ। ਹਰਿੰਦਰ ਹੁੰਦਲ ਨੇ ਆਟੋ ਇੰਸ਼ੋਰੈਂਸ ਨੂੰ ਸਰਕਾਰੀ ਕਰਨ, ਰੁਜ਼ਗਾਰ ਏਜੰਸੀਆਂ ਨੂੰ ਖ਼ਤਮ ਕਰਨ ਅਤੇ ਘੱਟੋ ਘੱਟ ਉਜਰਤ/14 ਕਰਨ ਬਾਰੇ ਸੰਸਥਾ ਦੀ ਮੰਗ ਹਾਜ਼ਰ ਲੋਕਾਂ ਨਾਲ ਸਾਂਝੀ ਕੀਤਾ। ਸੰਸਥਾ ਦੇ ਸਕੱਤਰ ਸੁਰਜੀਤ ਸਹੋਤਾ ਨੇ ਆਏ ਲੋਕਾਂ ਨੂੰ ਜੀ ਆਇਆਂ ਕਿਹਾ ਅਤੇ ਅਖੀਰ ਵਿਚ ਸੰਸਥਾ ਦੇ ਪ੍ਰਧਾਨ ਸੁਰਿੰਦਰ ਸੰਧੂ ਨੇ ਹਾਜ਼ਰ ਲੋਕਾਂ ਦਾ ਧੰਨਵਾਦ ਕੀਤਾ। ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਜਗੀਰ ਕਾਹਲੋਂ ਅਤੇ ਕੁਲਦੀਪ ਰੰਧਾਵਾ ਵਲੋਂ ਬਾਖੂਬੀ ਨਿਭਾਇਆ ਗਿਆ।

Nu Tech Plumbing
Services & Maintenance for
Residential & Commercial Projects
Licensed Insured Bonded
Email : nutechplumbing@gmail.com
Gurpreet Mann Jagwant Wraich
780-267-8033 FAX 780-450-2464






City Furnace Cleaning Ltd
Your Indoor Air Quality Specialist
We have certified, insured and bonded Techinican's who clean :-
FURNACES
AIR DUCTS
HOT WATER TANKS
DRYER VENTS
AIR CONDITIONING COILS
Free Estimate
'ਨਵੀਂ ਦੁਨੀਆ' ਨੂੰ ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਨ ਲਈ ਸ਼ੁਭ ਇਛਾਵਾਂ
For a free, none obligation quote please call
(780) 469-7202
ਭਾਵੇਂ ਤੁਸੀਂ ਨਵਾਂ ਘਰ ਬਣਾਇਆ ਹੈ ਜਾਂ ਆਪਣੇ ਪੁਰਾਣੇ ਘਰ ਦਾ ਫਰਨਸ ਅਤੇ ਵਾਟਰ ਟੈਂਕ ਸਾਫ ਕਰਵਾਉਣਾ ਚਾਹੁੰਦੇ ਹੋ ਤਾਂ ਸਾਨੂੰ ਕਾਲ ਕਰੋ



Mission AUTO & TRUCK REPAIR LTD.
Specialized in European & Japanese Cars
ਆਪਣੀਆਂ ਗੱਡੀਆਂ ਅਤੇ ਟਰੱਕਾਂ ਦੀ ਤਸੱਲੀਬਖ਼ਸ਼ ਰਿਪੇਅਰ ਵਾਜਬ ਕੀਮਤਾਂ 'ਤੇ ਕਰਾਉਣ ਲਈ ਸਾਡੇ ਕੋਲ ਆਓ





Sam Rooprai
2 ਮਕੈਨਿਕ, 2 ਹੈਲਪਰ ਅਤੇ ਇਕ Receptionist ਦੀ ਤੁਰੰਤ ਲੋੜ ਹੈ।
Receptionist ਨੂੰ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਦੀ ਜਾਣਕਾਰੀ ਹੋਣੀ ਚਾਹੀਦੀ ਹੈ।
Tel : (780) 243 7918 Cell. : (780) 243 7918
3107 92 st NW, Edmonton, Alberta T6N 189
Fax : (780) 439 3359

CONSERVATIVE PARTY OF CANADA
NOMINATION ELECTIONS 2014
for 2015 Federal Elections
Mohinder
TOOR
Vote & Support
Running for
Nomination Elections 2014
From Edmonton-Wetaskiwin
as a Member of Parliament (MP)
for Conservative Party of Canada



Phone: 587-989-6711
Email: mohindertoor@ymail.com

# SOUTH ASIAN FINANCIAL LTD

# ਸਾਊਥ ਏਸ਼ੀਅਨ ਫ਼ਾਈਨੈਂਸ਼ੀਅਲ ਲਿਮ.

## Welcome to South Asian Financial

*We, at South Asian Financial, strive not only to be the best in the industry by being the leader in client care, but also provide innovative financial solutions. We do not categorize each purchase/finance/sale in one box as we understand that each and every one and circumstances are unique. Our innovative financial representatives will provide financing solutions to best suite your needs.*

*Let us help you with your financial needs, whether it's purchasing or selling your equipment. Make South Asian Financial your loyal financial companion in building your business.*

## ਸਾਊਥ ਏਸ਼ੀਅਨ ਫਾਈਨੈਂਸ਼ੀਅਲ ’ਚ ਸਵਾਗਤ ਹੈ

ਅਸੀਂ, ਸਾਊਥ ਏਸ਼ੀਅਨ ਫਾਈਨੈਂਸ਼ੀਅਲ ਨਾ ਸਿਰਫ਼ ਆਪਣੇ ਗਾਹਕਾਂ (ਕਲਾਇੰਟਸ) ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਿਚ ਸਭ ਤੋਂ ਅੱਗੇ ਹਾਂ, ਸਗੋਂ ਉਨ੍ਹਾਂ ਨੂੰ ਨਵੇਂ ਤੇ ਬਿਹਤਰੀਨ ਹੱਲ ਵੀ ਮੁਹੱਈਆ ਕਰਾਉਂਦੇ ਹਾਂ। ਅਸੀਂ ਹਰੇਕ ਖ਼ਰੀਦ/ਫਾਇਨਾਂਸ/ਵੇਚ ਨੂੰ ਇਕੋ ਬਕਸੇ ਵਿਚ ਨਹੀਂ ਰੱਖਦੇ ਕਿਉਂਕਿ ਅਸੀਂ ਸਮਝਦੇ ਹਾਂ ਕਿ ਹਰੇਕ, ਹਰ ਇਕ ਲਈ ਤੇ ਹਰ ਹਾਲਾਤ ਵਿਲੱਖਣ ਹੁੰਦੇ ਹਨ। ਸਾਡੇ ਉਤਸ਼ਾਹੀ ਵਿੱਤੀ ਪ੍ਰਤੀਨਿਧ ਤੁਹਾਡੀਆਂ ਜ਼ਰੂਰਤਾਂ ਮੁਤਾਬਕ ਤੁਹਾਨੂੰ ਬਿਹਤਰ ਤੋਂ ਬਿਹਤਰ ਹੱਲ ਸੁਝਾਉਣਗੇ।

ਆਪਣੀਆਂ ਵਿੱਤੀ ਲੋੜਾਂ ਮੁਤਾਬਕ, ਭਾਵੇਂ ਤੁਸੀਂ ਕੋਈ ਖ਼ਰੀਦ ਕਰਨੀ ਹੈ ਜਾਂ ਤੁਸੀਂ ਕੋਈ ਸਾਮਾਨ ਵੇਚਣਾ ਹੈ, ਤੁਸੀਂ ਸਾਨੂੰ ਮਦਦ ਦਾ ਮੌਕਾ ਦਿਓ। ਆਪਣਾ ਕਾਰੋਬਾਰ ਵਧਾਉਣ ਵਿਚ ਸਾਊਥ ਏਸ਼ੀਅਨ ਫਾਇਨਾਸ਼ੀਅਲ ਨੂੰ ਆਪਣਾ ਸੱਚਾ ਵਿੱਤੀ ਸਹਾਇਕ ਬਣਾਓ।

## Why South Asian Financial

- *Loyal Financial Companion*
- *Innovative financing/solutions*
- *Quick turnaround time/approvals*
- *Competitive rates*
- *Excellent client care*
- *Down payment assistance*
- *Finance and/or sell your equipment*

## ਸਾਊਥ ਏਸ਼ੀਅਨ ਫਾਈਨੈਂਸ਼ੀਅਲ ਹੀ ਕਿਉਂ !

- ਭਰੋਸੇਮੰਦ ਵਿੱਤੀ ਸਾਥੀ
- ਉਤਸ਼ਾਹੀ ਫਾਇਨਾਂਸ/ਹੱਲ
- ਤੁਰੰਤ ਨਵੀਂ ਨੀਤੀ ਧਾਰਕ/ਮਨਜ਼ੂਰੀਆਂ
- ਮੁਕਾਬਲਾ ਦਰਾਂ
- ਬਿਹਤਰੀਨ ਗਾਹਕ ਸਹੂਲਤਾਂ
- ਨਕਦ ਅਦਾਇਗੀ ਸਹਾਇਤਾ
- ਆਪਣੇ ਔਜਾਰ ਵੇਚਣ ਜਾਂ ਫਾਇਨਾਂਸ ਦੀ ਸਹੂਲਤ

## Available Financial Solutions

*Whether it's your first time purchasing/leasing your very first equipment or seeking to further expand your company, South Asian Financial is your loyal financial companion. We strive to be the best in the industry by providing innovative ways to help you achieve your financial needs.*

*South Asian Financial not only assist you in your purchases/leases (from construction, to office to medical equipments) but also will assist in many ways that other financial companies won't do. Our financial representatives are all experienced in the industry and have seen and experienced it all.*

*Contact us and let us show and prove to you what we can do. Let South Asian Financial be your loyal financial companion.*

## ਮੌਜੂਦ ਵਿੱਤੀ ਹੱਲ

ਭਾਵੇਂ ਤੁਸੀਂ ਪਹਿਲੀ ਵਾਰ ਆਪਣੇ ਔਜਾਰ ਖ਼ਰੀਦ ਜਾਂ ਲੀਜ਼ ’ਤੇ ਲੈ ਰਹੇ ਹੋ ਜਾਂ ਤੁਸੀਂ ਆਪਣੀ ਕੰਪਨੀ ਦਾ ਵਿਸਥਾਰ ਕਰਨਾ ਚਾਹੁੰਦੇ ਹੋ। ਸਾਊਥ ਏਸ਼ੀਅਨ ਫਾਈਨੈਂਸ਼ੀਅਲ ਤੁਹਾਡਾ ਭਰੋਸੇਮੰਦ ਵਿੱਤੀ ਸਾਥੀ ਹੈ। ਤੁਹਾਡੀਆਂ ਵਿੱਤੀ ਲੋੜਾਂ ਪੂਰੀਆਂ ਕਰਨ ਵਿਚ ਹਰ ਸੰਭਵ ਮਦਦ ਕਰਨ ਦੀ ਸਾਡੀ ਕੋਸ਼ਿਸ਼ ਰਹਿੰਦੀ ਹੈ।

ਸਾਊਥ ਏਸ਼ੀਅਨ ਫਾਈਨੈਂਸ਼ੀਅਲ ਨਾ ਸਿਰਫ਼ ਖ਼ਰੀਦ/ਲੀਜ਼ (ਨਿਰਮਾਣ ਕਾਰਜਾਂ ਤੋਂ ਲੈ ਕੇ ਦਫ਼ਤਰ ਤੇ ਮੈਡੀਕਲ ਔਜਾਰ) ਵਿਚ ਤੁਹਾਡੀ ਮਦਦ ਕਰਦਾ ਹੈ, ਸਗੋਂ ਹੋਰਨਾਂ ਕੰਮਾਂ ਵਿਚ ਵੀ ਤੁਹਾਨੂੰ ਸਹਿਯੋਗ ਕਰੇਗਾ ਜੋ ਦੂਜੀਆਂ ਵਿੱਤੀ ਕੰਪਨੀਆਂ ਨਹੀਂ ਕਰਦੀਆਂ। ਇਸ ਖੇਤਰ ਵਿਚ ਸਾਡੇ ਸਾਰੇ ਪ੍ਰਤੀਨਿਧ ਬੇਹੱਦ ਤਜਰਬੇਕਾਰ ਹਨ।

ਸਾਡੇ ਨਾਲ ਸੰਪਰਕ ਕਰੋ ਅਤੇ ਸਾਨੂੰ ਆਪਣਾ ਬਿਹਤਰੀਨ ਕੰਮ ਦਿਖਾਉਣ ਦਾ ਮੌਕਾ ਦਿਓ। ਸਾਊਥ ਏਸ਼ੀਅਨ ਫਾਈਨੈਂਸ਼ੀਅਲ ਨੂੰ ਆਪਣਾ ਸੱਚਾ, ਭਰੋਸਾਮੰਦ ਸਾਥੀ ਬਣਾਓ।



## For More info Contact South Asian Financial

ਵਧੇਰੇ ਜਾਣਕਾਰੀ ਲਈ ਸਾਊਥ ਏਸ਼ੀਅਨ ਫਾਈਨੈਂਸ਼ੀਅਲ ਨਾਲ ਸੰਪਰਕ ਕਰੋ:

*Toll Free:1-877-816-3510*
www.southasianfinancial.com
1819 67 St, Edmonton, AB T6X 0L9

*Alan Ajit Walia*
780-995-2719 (Cell)
Suit 104-10525 170 St. Edmonton

*Email: info@southasianfinancial.com*

ਸਫ਼ਾ 26 ਦੀ ਬਾਕੀ

# ਮੁੱਲ ਦੀਆਂ ਖ਼ਬਰਾਂ ਤੇ ਮੀਡੀਆ

ਜਦ ਨਤੀਜੇ ਦਿੱਲੀ ਦੀ ਇਸ ਵਾਰ ਦੀ ਵਿਧਾਨ ਸਭਾ ਚੋਣ ਵਾਂਗ ਬਿਲਕੁਲ ਹੀ ਐਗਜ਼ਿਟ ਪੋਲ ਦੇ ਅੰਦਾਜ਼ਿਆਂ ਦੇ ਉਲਟ ਨਿਕਲਦੇ ਹਨ ਤਦ ਵੀ ਮੀਡੀਆ ਸ਼ਰਮਿੰਦਾ ਨਹੀਂ ਹੁੰਦਾ। ਰਾਜਨੀਤਕ ਪਾਰਟੀਆਂ ਦੇ ਝੂਠੇ ਮੈਨੀਫੈਸਟ ਵਾਂਗ ਹੀ ਮੀਡੀਆ ਨੂੰ ਵੀ ਕੋਈ ਸਜ਼ਾ ਨਹੀਂ ਮਿਲਦੀ। ਹੁਣ ਜਦ ਕੇਂਦਰ ਸਰਕਾਰ ਸਾਰੇ ਤਰ੍ਹਾਂ ਦੇ ਮੀਡੀਆ ਨੂੰ ਹੀ ਸਿੱਧੇ ਵਿਦੇਸ਼ੀ ਨਿਵੇਸ਼ (ਐਫ਼.ਡੀ.ਆਈ.) ਰਾਹੀਂ ਬਹੁ-ਰਾਸ਼ਟਰੀ ਕੰਪਨੀਆਂ ਦੇ ਹਵਾਲੇ ਕਰਨ ਜਾ ਰਹੀ ਹੈ, ਤਦ ਇਸ ਦੇ ਕਿੰਨੇ ਖ਼ਤਰਨਾਕ ਨਤੀਜੇ ਨਿਕਲਣਗੇ, ਸੋਚ ਕੇ ਹੀ ਡਰ ਲਗਦਾ ਹੈ। ਅਮੀਰ, ਸਾਮਰਾਜੀ ਮੁਲਕਾਂ ਦੀਆਂ ਕੰਪਨੀਆਂ ਐਨੀਆਂ ਵੱਡੀਆਂ ਹਨ ਕਿ ਉਨ੍ਹਾਂ ਦਾ ਇਸ਼ਤਿਹਾਰਾਂ ਦਾ ਖ਼ਰਚਾ ਹੀ ਇਨ੍ਹਾਂ ਮੁਲਕਾਂ ਦੇ ਸਾਲਾਨਾ ਬਜਟ ਤੋਂ ਵੱਧ ਹੈ। ਇਹ ਸਾਰੀਆਂ ਲੋਕ ਖ਼ਾਹਿਸ਼ਾਂ ਤੇ ਛੋਟੇ ਕਾਰੋਬਾਰੀਆਂ ਨੂੰ ਤਾਂ ਨਿਗਲਣਗੀਆਂ ਹੀ ਸਾਡੇ ਦੇਸ਼ ਦਾ ਲੋਕਤੰਤਰੀ ਢਾਂਚਾ ਹੀ ਅਮੀਰਾਂ ਦੀ ਤਾਨਾਸ਼ਾਹੀ ਵਿਚ ਤਬਦੀਲ ਹੋ ਜਾਵੇਗਾ। ਗ਼ਰੀਬ ਜੋ ਪਹਿਲਾਂ ਹੀ ਹਾਸ਼ੀਏ ਤੋਂ ਬਾਹਰ ਹਨ, ਉਨ੍ਹਾਂ ਦੇ ਖ਼ੂਨ ਦਾ ਆਖ਼ਰੀ ਕਤਰਾ ਵੀ ਨਿਚੋੜ ਲਿਆ ਜਾਵੇਗਾ। ਐਸੀ ਹਾਲਤ ਵਿਚ ਕੀ ਕੀਤਾ ਜਾਵੇਗਾ।

ਐਸੀ ਹਾਲਤ ਵਿਚ ਕੀ ਕੀਤਾ ਜਾਵੇ, ਸੋਚਣ ਦੀ ਘੜੀ ਹੈ। ਬੁਧੀਜੀਵੀਆਂ ਨੂੰ ਮਿਲ ਬੈਠ ਕੇ ਸੋਚਣਾ ਹੋਵੇਗਾ। ਸਰਕਾਰ 'ਤੇ ਇਹ ਸਾਰਾ ਕੁਝ ਨਹੀਂ ਛੱਡਿਆ ਜਾ ਸਕਦਾ। ਸਰਕਾਰ ਤਾਂ ਪਹਿਲਾਂ ਹੀ ਅਮੀਰ ਘਰਾਣਿਆਂ ਦੇ ਸ਼ਿਕੰਜੇ ਵਿਚ ਹੈ। ਕੀ ਹਸ਼ਰ ਹੋਵੇਗਾ ਇਸ ਦੀ ਅਖੌਤੀ 'ਜਮਹੂਰੀਅਤ' ਦਾ। ਜੇ ਇਹ ਅਮੀਰਾਂ ਦੀ ਤਾਨਾਸ਼ਾਹੀ ਵਿਚ ਬਦਲ ਗਈ। ਦੇਸ਼ ਕਿਵੇਂ ਬਚੇਗਾ? ਕਿਵੇਂ ਬਚਣਗੇ ਉਹ ਬੁਨਿਆਦੀ ਹੱਕ ਜੋ ਮੌਜੂਦਾ ਸੰਵਿਧਾਨ ਵਿਚ ਥੋੜ੍ਹੇ ਬਹੁਤ ਮਿਲੇ ਵੀ ਹਨ ਅਤੇ ਜੋ ਪਹਿਲਾਂ ਹੀ ਇਕ-ਇਕ ਕਰ ਕੇ ਖੋਹੇ ਜਾ ਰਹੇ ਹਨ।

ਸਭ ਤੋਂ ਜ਼ਰੂਰੀ ਅਤੇ ਚੰਗਾ ਇਹੀ ਹੈ ਕਿ ਮੀਡੀਆ ਆਪਣੀ ਜ਼ਿੰਮੇਵਾਰੀ ਨੂੰ ਖ਼ੁਦ ਸਮਝੇ। ਆਪਣੀਆਂ ਸੀਮਾਵਾਂ ਆਪ ਤਹਿ ਕਰੇ। ਮੁਨਾਫ਼ੇ ਦੀ ਥਾਂ ਜਨਹਿਤ ਨੂੰ ਪਹਿਲ ਦੇਵੇ। ਪਰ ਅੱਜ ਦੇ ਦੌਰ ਵਿਚ ਇਹ ਸੰਭਵ ਨਹੀਂ ਲਗਦਾ।

ਦੂਜਾ ਸਰਕਾਰ ਦੀ ਇਸ 'ਤੇ ਸਖ਼ਤ ਪਹਿਰੇਦਾਰੀ ਹੋਵੇ। ਨਿਗਰਾਨੀ ਹੋਵੇ। ਮੁਨਾਫ਼ੇ ਦੀ ਕੋਈ ਸੀਮਾ ਨਿਰਧਾਰਤ ਹੋਵੇ। ਅਖ਼ਬਾਰਾਂ ਟੀ.ਵੀ., ਐਫ਼.ਐਮ. ਰੇਡੀਓ ਆਦਿ ਦੀ ਇਸ਼ਤਿਹਾਰਬਾਜ਼ੀ ਦਾ ਕੋਈ ਵੱਧ ਤੋਂ ਵੱਧ ਸਮਾਂ ਤਹਿ ਹੋਵੇ ਤਾਂ ਕਿ ਪਾਠਕਾਂ, ਸਰੋਤਿਆਂ, ਦਰਸ਼ਕਾਂ ਨੂੰ ਇਸ਼ਤਿਹਾਰੀ ਜੁਲਮ ਤੋਂ ਕੁਝ ਨਾ ਕੁਝ ਬਚਾਇਆ ਜਾ ਸਕੇ। ਏਸ ਮਾਨਸਿਕ ਤਸੀਹੇ ਤੋਂ ਕੁਝ ਤਾਂ ਛੁਟਕਾਰਾ ਮਿਲੇ। ਇਸ਼ਤਿਹਾਰਾਂ ਦੀ ਭਾਸ਼ਾ, ਲੱਚਰ ਦ੍ਰਿਸ਼ਾਂ, ਔਰਤ ਨੂੰ ਸਿਰਫ਼ ਇਸ਼ਤਿਹਾਰੀ ਸਮਗਰੀ ਹੀ ਬਣਾ ਦੇਣ ਜਿਹੇ ਅਤੇ ਇਸ਼ਤਿਹਾਰ ਵਿਚਲੇ ਝੂਠ 'ਤੇ ਮੁਕੰਮਲ ਪਾਬੰਦੀ ਲਾਈ ਜਾਵੇ। ਇਸ਼ਤਿਹਾਰ ਜੇ ਆਪਣੀ ਕਹਿਣੀ 'ਤੇ ਮੁਕੰਮਲ ਖਰਾ ਨਹੀਂ ਉਤਰਦਾ, ਵਿਖਾਵੇ ਤੇ ਹਕੀਕਤ ਵਿਚ ਅੰਤਰ ਰਖਦਾ ਹੈ ਤਾਂ ਉਸ ਕੰਪਨੀ ਵਿਰੁੱਧ ਅਤੇ ਸਬੰਧਤ ਮੀਡੀਆ ਵਿਰੁੱਧ ਵੀ ਕਾਰਵਾਈ ਹੋਵੇ। ਪਰ ਇਹ ਵੀ ਤਾਂ ਹੀ ਸੰਭਵ ਹੋਵੇਗਾ ਜੇ ਸਰਕਾਰ ਦਾ ਆਪਣਾ ਕਿਰਦਾਰ ਸਹੀ ਹੋਵੇਗਾ। ਗਲ਼-ਗਲ਼ ਤੀਕ ਡੁੱਬੇ, ਸੜ ਰਹੇ ਏਸ ਭ੍ਰਿਸ਼ਟ ਪ੍ਰਬੰਧ ਵਿਚ ਐਸਾ ਸੰਭਵ ਤਾਂ ਨਹੀਂ ਲਗਦਾ, ਪਰ 'ਸਰਕਾਰ' ਨੂੰ ਐਸਾ ਕਰਨ ਲਈ ਵਿਵਸਥਾ ਵਿਰੁੱਧ ਲੋਕਾਂ ਨੂੰ ਲਾਮਬੰਦ ਹੋਣ ਬਿਨਾ ਸਰਨਾ ਨਹੀਂ।

ਜੋ ਹੇਠਲੇ ਸਥਾਨਕ ਪੱਤਰਕਾਰ ਹਨ, ਉਨ੍ਹਾਂ ਦੀ ਬਕਾਇਦਾ ਘੱਟੋ ਘੱਟ ਤਨਖ਼ਾਹ ਨਿਸ਼ਚਿਤ ਹੋਵੇ। ਉਨ੍ਹਾਂ ਨੂੰ ਇਸ਼ਤਿਹਾਰ ਲੈਣ ਤੇ ਸਪੈਸ਼ਲ ਅੰਕ ਕੱਢਣ ਲਈ ਮਜਬੂਰ ਨਾ ਕੀਤਾ ਜਾਵੇ। ਪੱਤਰਕਾਰ ਚਾਹੇ ਕਿਸੇ ਅਖ਼ਬਾਰ ਦਾ ਹੋਵੇ ਜਾਂ ਟੀ.ਵੀ. ਆਦਿ ਦਾ ਉਸ ਨੂੰ 'ਆਪ ਕਮਾ, ਆਪੇ ਈ ਖਾਹ ਤੇ ਸਾਨੂੰ ਵੀ ਖੁਆ' ਦੇ ਰਹਿਮੋ ਕਰਮ 'ਤੇ ਨਾ ਛਡਿਆ ਜਾਵੇ। ਬੁਨਿਆਦੀ ਤੌਰ 'ਤੇ ਮੁੱਲ ਦੀ ਖ਼ਬਰ ਇਥੋਂ ਹੀ ਸ਼ੁਰੂ ਹੁੰਦੀ ਹੈ। ਜੇ ਸਭ ਤੋਂ ਹੇਠਲੇ ਪੱਧਰ ਦੇ ਪੱਤਰਕਾਰ ਨੂੰ ਕੁਝ ਮਿਲਣਾ ਹੀ ਨਹੀਂ ਤਾਂ ਉਸ ਨੇ 'ਕੁਝ ਨਾ ਕੁਝ' ਤਾਂ ਕਰਨਾ ਹੀ ਹੈ। ਵਰਨਾ ਕਿਵੇਂ ਰੋਟੀ ਦਾ ਜੁਗਾੜ ਕਰੇਗਾ ਉਹ ।

ਹਕੀਕਤ ਤੋਂ ਦੂਰ ਜੇ ਕਿਸੇ ਖ਼ਬਰ ਦੇ ਪ੍ਰਕਾਸ਼ਤ/ਪ੍ਰਸਾਰਤ ਹੋਣ ਦਾ ਪਤਾ ਲੱਗੇ ਤਾਂ ਉਸ ਵਿਰੁੱਧ ਕਾਰਵਾਈ ਕਰਨ ਅਤੇ ਖ਼ੁਦ-ਬ-ਖ਼ੁਦ ਪੜਤਾਲ ਕਰਨ ਲਈ ਇਕ ਏਜੰਸੀ ਹੋਵੇ। ਜੋ ਹਰ ਸ਼ਹਿਰ, ਹਰ ਜ਼ਿਲ੍ਹੇ ਪੱਧਰ 'ਤੇ ਕੰਮ ਕਰੇ। ਲਗਾਤਾਰ ਨਿਗਰਾਨੀ ਰੱਖੀ ਜਾਵੇ। ਸਰਕਾਰ ਜਦ ਆਪਣੇ ਸੂਚਨਾ ਇਸ਼ਤਿਹਾਰ ਦੇਂਦੀ ਹੈ ਤਦ ਵੱਡੀਆਂ ਅਖ਼ਬਾਰਾਂ ਨੂੰ ਹੀ ਵਧੇਰੇ ਨਿਵਾਜਦੀ ਹੈ। ਲੋੜ ਇਸ ਗੱਲ ਦੀ ਹੈ ਕਿ ਛੋਟੀਆਂ ਅਤੇ ਮੁਨਾਫ਼ੇ ਦੀ ਥਾਂ ਜਨਹਿਤ ਨੂੰ ਪਹਿਲ ਦਿੰਦੀਆਂ ਅਖ਼ਬਾਰਾਂ ਵੱਲ ਵਧੇਰੇ ਧਿਆਨ ਦਿੱਤਾ ਜਾਵੇ। ਜੋ ਅਖ਼ਬਾਰਾਂ ਜਾਂ ਮੀਡੀਆ ਦੇ ਹੋਰ ਸਾਧਨ ਮੁਨਾਫ਼ੇ ਦੀ ਥਾਂ ਜਨਹਿਤ ਲਈ ਵਧੇਰੇ ਕੰਮ ਕਰਦੇ ਹਨ, ਉਨ੍ਹਾਂ ਨੂੰ ਹੋਰ ਉਤਸ਼ਾਹਤ ਕੀਤਾ ਜਾਵੇ।

ਕੁਝ ਵੀ ਹੋਵੇ ਕੁਝ ਨਾ ਕੁਝ ਹੋਣਾ ਜ਼ਰੂਰ ਚਾਹੀਦਾ ਹੈ। ਵਰਨਾ ਇਸ ਚੌਥੇ ਥੰਮ ਪ੍ਰਤੀ ਵੀ ਦੂਜੇ ਤਿੰਨਾਂ ਥੰਮਾਂ ਵਾਂਗ ਲੋਕਾਂ ਦਾ ਵਿਸ਼ਵਾਸ ਖ਼ਤਮ ਹੋ ਗਿਆ ਤਾਂ ਨਿਕਲਣ ਵਾਲੇ ਸਿੱਟੇ ਭਿਆਨਕ ਹੋਣਗੇ। ਦੇਸ਼ ਫੇਰ ਤੋਂ ਦੇਸੀ-ਵਿਦੇਸ਼ੀ 'ਈਸਟ ਇੰਡੀਆ' ਕੰਪਨੀਆਂ ਦਾ ਗੁਲਾਮ ਬਣ ਸਕਦਾ ਹੈ। ਬਾ-ਮੁਲਾਹਜਾ ਹੋਸ਼ਿਆਰ!

ਸਫ਼ਾ 17 ਦੀ ਬਾਕੀ

# ਕੋਸੋਵੋ ਤੇ ਕਰੀਮੀਆ....

ਕੋਸੋਵੋ ਮੁਸਲਿਮ ਬਹੁਗਿਣਤੀ ਵਾਲਾ ਯੂਗੋਸਲਾਵੀਆ ਦਾ ਹਿੱਸਾ ਸੀ। ਪੱਛਮੀ ਦੇਸ਼ਾਂ ਨੇ ਉਸ ਨੂੰ ਸਰਬੀਆ, ਜੋ ਕਿ ਇਸਾਈਆਂ ਦੀ ਬਹੁਗਿਣਤੀ ਵਾਲਾ ਹਿੱਸਾ ਸੀ, ਵਿਰੁੱਧ ਚੁੱਕਿਆ ਤੇ ਕਤਲੇਆਮ ਕਰਵਾਏ। ਹੁਣ ਵੀ ਇਨਾਂ ਦੇਸ਼ਾਂ ਨੇ ਕੱਟੜ ਤੇ ਜਨੂੰਨੀ ਮੁਸਲਮਾਨਾਂ ਕੋਲੋਂ ਸੀਰੀਆ ਤੇ ਮਿਸਰ ਵਿਚ ਬਹੁਤ ਸਾਰੇ ਗਿਰਜਿਆਂ 'ਤੇ ਹਮਲੇ ਕਰਵਾਏ, ਮਿਸਰ ਵਿਚ ਇਨਾਂ ਅਖੌਤੀ ਇਸਾਈ ਦੇਸ਼ਾਂ ਦੀ ਹੱਲਾਸ਼ੇਰੀ ਅਤੇ ਸਰਪ੍ਰਸਤੀ ਹੇਠ ਜਨੂੰਨੀ ਮੁਸਲਮਾਨਾਂ ਨੇ 67 ਚਰਚ ਸਾੜ ਦਿੱਤੇ, ਸੀਰੀਆ ਵਿਚ ਪ੍ਰਧਾਨ ਅਸਦ ਅਤੇ ਰੂਸ ਨੇ ਚਰਚਾਂ ਦੀ ਰਾਖੀ ਕੀਤੀ। ਮਿਸਰ ਵਿਚ ਫੌਜ ਨੇ ਰੂਸ ਦੀ ਸਹਾਇਤਾ ਨਾਲ ਬਹੁਤ ਸਾਰੇ ਗਿਰਜਿਆਂ 'ਤੇ ਹਮਲਾ ਹੋਣ ਤੋਂ ਬਚਾਇਆ। ਭਾਰਤ ਵਿਚ ਤੇ ਖ਼ਾਸ ਕਰਕੇ ਪੰਜਾਬ ਵਿਚ ਜਿੱਥੇ ਪੱਛਮਪ੍ਰਸਤੀ ਅਤੇ ਗੁਲਾਮ ਮਾਨਸਿਕਤਾ ਭਾਰੂ ਹੈ, ਪੱਛਮੀ ਦੇਸ਼ਾਂ ਨੂੰ ਬਹੁਤ ਸੱਭਿਅਕ, ਕਾਨੂੰਨ ਵਿਵਸਥਾ ਦਾ ਸਤਿਕਾਰ ਕਰਨ ਵਾਲੇ, ਦੂਜੇ ਧਰਮਾਂ ਦਾ ਸਤਿਕਾਰ ਕਰਨ ਵਾਲੇ, ਮਨੁੱਖੀ ਅਧਿਕਾਰਾਂ ਦੇ ਰਾਖੇ ਅਤੇ ਗਰੀਬਾਂ ਮਜ਼ਲੂਮਾਂ ਦੀ ਸਹਾਇਤਾ ਕਰਨ ਵਾਲੇ ਵਜੋਂ ਪੇਸ਼ ਕੀਤਾ ਜਾਂਦਾ ਹੈ। ਪਰ ਇਤਿਹਾਸਕ ਤੱਥ ਅਜਿਹੇ ਪ੍ਰਭਾਵਾਂ ਦੀ ਪੁਸ਼ਟੀ ਨਹੀਂ ਕਰਦੇ ਅਤੇ ਅਜਿਹੀਆਂ ਗੱਲਾਂ ਕਰਨ ਵਾਲਿਆਂ ਜਾਂ ਲਿਖਣ ਵਾਲਿਆਂ ਦੇ ਭਰਮ ਭੁਲੇਖੇ ਤਾਂ ਗੁਲਾਮ ਮਾਨਸਿਕਤਾ ਦੇ ਹੀ ਪ੍ਰਤੀਕ ਹਨ।

ਪੱਛਮੀ ਦੇਸ਼ਾਂ ਦਾ ਇਕੋ ਸਿਧਾਂਤ, ਇਕੋ ਧਰਮ ਅਤੇ ਇਕੋ ਉਦੇਸ਼ ਹੈ, ਮੁਨਾਫ਼ਾ ਅਰਥਾਤ ਪੈਸਾ ਬਣਾਉਣਾ। ਪੱਛਮੀ ਸਰਮਾਏਦਾਰ ਦੇਸ਼ਾਂ ਨੇ ਪਹਿਲਾਂ ਆਪਣੇ ਲੋਕਾਂ ਦੀ ਲੁੱਟ ਕੀਤੀ। ਫਿਰ ਬਸਤੀਵਾਦ ਅਤੇ ਸਾਮਰਾਜਵਾਦ ਦੇ ਰੂਪ ਵਿਚ ਬਾਹਰਲੇ ਦੇਸ਼ਾਂ ਦੀ ਲੁੱਟ ਕੀਤੀ। ਜਿਸ ਨੂੰ ਸਾਡੇ ਲੇਖਕ, ਚਿੰਤਕ ਅਤੇ ਅਖੌਤੀ ਬੁੱਧੀਜੀਵੀ ਉਨਾਂ ਵੱਲੋਂ ਆਪਣੇ ਲੋਕਾਂ ਨੂੰ ਦਿੱਤੀਆਂ ਸੁਖ-ਸਹੂਲਤਾਂ ਕਹਿ ਕੇ ਵਡਿਆਉਂਦੇ ਹਨ। ਅਸਲ ਵਿਚ ਉਹ ਪੱਛਮੀ ਸਾਮਰਾਜੀਆਂ ਵੱਲੋਂ ਤੀਸਰੇ ਦੇਸ਼ਾਂ ਦੇ ਕਰੋੜਾਂ ਲੋਕਾਂ ਦੀ ਲੁੱਟ ਅਤੇ ਨਿਚੋੜੇ ਲਹੂ ਵਿਚੋਂ ਕੁਝ-ਕੁ ਬੁਰਕੀਆਂ ਹਨ। ਜੇ ਕੋਈ ਇਨਾਂ ਦੇ ਸਰਮਾਏ ਅਤੇ ਉਨਾਂ ਵੱਲੋਂ ਦਿੱਤੀਆਂ ਜਾਂਦੀਆਂ ਸੁਖ-ਸਹੂਲਤਾਂ ਨੂੰ ਨਿਚੋੜ ਕੇ ਦੇਖੇ ਤਾਂ ਉਨਾਂ ਵਿਚੋਂ ਤੀਸਰੇ ਸੰਸਾਰ ਦੇ ਕਰੋੜਾਂ ਲੋਕਾਂ ਦਾ ਲਹੂ ਚੋਏਗਾ, ਜਿਵੇਂ ਕਿ ਕਿਸੇ ਵੇਲੇ ਮਲਕ ਭਾਗੋ ਦੇ ਪਕਵਾਨਾਂ ਵਿਚੋਂ ਚੋਇਆ ਸੀ। ਅੱਜ ਪੱਛਮੀ ਸਾਮਰਾਜੀ ਦੇਸ਼ਾਂ ਵਿਚ ਵਸਦੇ ਥੋੜੇ ਜਿਹੇ ਲੋਕਾਂ ਨੂੰ ਸੁਖ-ਸਹੂਲਤਾਂ ਦੇਣ ਲਈ ਤੀਸਰੇ ਸੰਸਾਰ ਵਿਚ ਵਸਣ ਵਾਲੀ ਬਹੁਗਿਣਤੀ ਨੂੰ ਮੁਢਲੀਆਂ ਲੋੜਾਂ ਤੋਂ ਵੀ ਵਾਂਝਾ ਰੱਖਿਆ ਜਾ ਰਿਹਾ ਹੈ, ਭਾਵੇਂ ਸਾਡੇ ਇਨਾਂ ਦੇਸ਼ਾਂ ਨੂੰ ਵਡਿਆਉਣ ਵਾਲੇ ਲੇਖਕ, ਚਿੰਤਕ ਅਤੇ ਅਖੌਤੀ ਬੁੱਧੀਜੀਵੀ ਇਨਾਂ ਦੇ ਜਿੰਨੇ ਵੀ ਸੋਹਲੇ ਗਾ ਲੈਣ ਅਤੇ ਇਨਾਂ ਦੀ ਲੰਮੀ ਉਮਰ ਦੀਆਂ ਜਿੰਨੀਆਂ ਮਰਜ਼ੀ ਦੁਆਵਾਂ ਦੇ ਲੈਣ ਪਰ ਕੌੜੀ ਸਚਾਈ ਇਹ ਹੈ ਕਿ ਇਨਾਂ ਦਾ ਸਮਾਂ ਹੁਣ ਪੁੱਗ ਗਿਆ ਹੈ। ਇਹ ਆਪਣੀ ਉਮਰ ਇਸ ਸਦੀ ਦੇ ਮੱਧ ਤੋਂ ਅੱਗੇ ਨਹੀਂ ਵਧਾ ਸਕਦੇ। ਹੁਣ ਤੱਕ ਇਹ ਦੂਜਿਆਂ ਨੂੰ ਝੂਠੇ ਦੋਸ਼ ਲਾ ਕੇ ਕਚਹਿਰੀਆਂ ਵਿਚ ਖੜੇ ਕਰਦੇ ਆਏ ਹਨ। ਇਹ ਕਦੇ ਇਰਾਕ, ਯੂਗੋਸਲਾਵੀਆ ਜਾਂ ਲਿਬੀਆ ਤੇ ਸੀਰੀਆ ਦੇ ਨੇਤਾਵਾਂ 'ਤੇ ਅੰਤਰਾਸ਼ਟਰਰੀ ਕਚਿਹਰੀਆਂ ਵਿਚ ਝੂਠੇ ਤੇ ਬੇਬੁਨਿਆਦ ਮੁਕੱਦਮੇ ਚਲਾਉਣ ਦੀਆਂ ਗੱਲਾਂ ਕਰਦੇ ਆਏ ਹਨ, ਹੁਣ ਸਮਾਂ ਆ ਗਿਆ ਹੈ ਕਿ ਅਸਲੀ ਦੋਸ਼ੀ, ਜਿਨਾਂ ਨੇ ਕਿ ਦੋ ਸਦੀਆਂ ਦੂਹਰੇ ਮਾਪਦੰਡ, ਮੌਕਾਪ੍ਰਸਤੀ, ਸਿਧਾਂਤਹੀਣਤਾ, ਪਾਖੰਡ ਅਤੇ ਦੰਭ ਵਰਤਦੇ ਹੋਏ ਕਈ ਦੇਸ਼ਾਂ ਦੇ ਕਰੋੜਾਂ ਲੋਕਾਂ 'ਤੇ ਘੋਰ ਅੱਤਿਆਚਾਰ ਕੀਤੇ ਹਨ, ਨੂੰ ਕਟਿਹਰੇ ਵਿਚ ਖੜਾ ਕੀਤੇ ਜਾਵੇ।

ਸਫ਼ਾ 3 ਦੀ ਬਾਕੀ

# ਮਿਲਵੁੱਡਜ਼ ਐਲ.ਆਰ.ਟੀ. ਪ੍ਰਾਜੈਕਟ....

ਉਨ੍ਹਾਂ ਕਿਹਾ ਕਿ ਉਹ ਇਸ ਪ੍ਰਾਜੈਕਟ ਲਈ ਇਸ ਸਪਰਿੰਗ ਸੀਜ਼ਨ ਦੌਰਾਨ ਪ੍ਰਕਿਰਿਆ ਆਰੰਭ ਕਰ ਦੇਣਗੇ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਉਹ ਫ਼ੈਡਰਲ ਬਿਲਡਿੰਗ ਕਨੇਡਾ ਸਕੀਮ ਤਹਿਤ 150 ਮਿਲੀਅਨ ਡਾਲਰ ਪ੍ਰਾਪਤ ਕਰ ਲੈਣਗੇ। ਜਿਕਰਯੋਗ ਹੈ ਕਿ ਪਿਛਲੇ ਕਈ ਦਹਾਕਿਆਂ ਤੋਂ ਸ਼ਹਿਰ ਵਿੱਚ ਲਾਈਟ ਰੇਲ ਟਰਾਂਜਿਟ ਦੀ ਉਡੀਕ ਕੀਤੀ ਜਾ ਰਹੀ ਸੀ, ਪਰ ਅਲਬਰਟਾ ਸਰਕਾਰ ਨੇ ਮਿਲਵੁੱਡਜ਼ ਦੇ ਲੋਕਾਂ ਦੀ ਲੰਮੀ ਉਡੀਕ ਨੂੰ ਉਸ ਸਮੇਂ ਖ਼ਤਮ ਕਰ ਦਿੱਤਾ ਜਦੋਂ ਮਿਲਵੁੱਡਜ਼ ਐਲ.ਆਰ.ਟੀ. ਪ੍ਰਾਜੈਕਟ ਨੂੰ ਮਨਜ਼ੂਰੀ ਦੇ ਦਿੱਤੀ।। ਇਸ ਪ੍ਰਾਜੈਕਟ ਉਪਰ 600 ਮਿਲੀਅਨ ਡਾਲਰ ਦਾ ਖ਼ਰਚ ਆਵੇਗਾ, ਜਿਸ ਲਈ ਅਲਬਰਟਾ ਸਰਕਾਰ ਵਲੋਂ 400 ਮਿਲੀਅਨ ਡਾਲਰ ਦੀ ਗ੍ਰਾਂਟ ਅਤੇ 200 ਮਿਲੀਅਨ ਡਾਲਰ ਵਿਆਜ ਰਹਿਤ ਕਰਜ਼ ਦਿੱਤਾ ਜਾਵੇਗਾ। ਹੁਣ ਤੱਕ ਐਲ.ਆਰ.ਟੀ. ਸਿਰਫ਼ ਸੈਨਚੁੱਰੀ ਪਾਰਕ ਤੋਂ ਸ਼ੁਰੂ ਹੋ ਕੇ ਕਲੇਅਰਵਿਊ ਤੱਕ ਹੀ ਸੀਮਤ ਸੀ।

ਸਫ਼ਾ 1 ਦੀ ਬਾਕੀ

# ਭੁੱਲਰ ਦੀ ਫਾਂਸੀ....

ਹੁਣ ਭੁੱਲਰ ਦੀ ਰਿਹਾਈ ਦੇ ਵੀ ਆਸਾਰ ਬਣ ਗਏ ਹਨ ਕਿਉਂਕਿ ਅਦਾਲਤ ਨੇ ਆਪਣੇ ਫੈਸਲੇ ਵਿੱਚ ਇਹ ਵਿਸ਼ੇਸ਼ ਜ਼ਿਕਰ ਨਹੀਂ ਕੀਤਾ ਕਿ ਉਸ ਨੂੰ ਸਾਰੀ ਉਮਰ ਜੇਲ੍ਹ ਵਿੱਚ ਰਹਿਣਾ ਪਏਗਾ। ਇਸ ਦਾ ਮਤਲਬ ਹੈ ਕਿ ਉਸ ਨੂੰ ਸਬੰਧਤ ਰਾਜ ਸਰਕਾਰ (ਦਿੱਲੀ) ਤੋਂ ਨਿਯਮਿਤ ਆਧਾਰ 'ਤੇ ਸਜ਼ਾ ਵਿੱਚ ਛੋਟ ਮਿਲ ਸਕਦੀ ਹੈ। "ਇੰਸਟੀਚਿਊਟ ਆਫ ਹਿਊਮਨ ਬਿਹੇਵੀਅਰ ਤੇ ਅਲਾਇਡ ਸਾਇੰਸਿਜ਼" ਦੇ ਡਾਇਰੈਕਟਰ ਤੇ ਚੇਅਰਮੈਨ ਅਤੇ ਚਾਰ ਮੈਂਬਰੀ ਮੈਡੀਕਲ ਬੋਰਡ ਨੇ 5 ਫਰਵਰੀ, 2014 ਨੂੰ ਭੁੱਲਰ ਦੀ ਸਿਹਤ ਅਤੇ ਵੱਖ-ਵੱਖ ਬੀਮਾਰੀਆਂ ਦੇ ਚੱਲ ਰਹੇ ਇਲਾਜ ਬਾਰੇ ਰਿਪੋਰਟ ਪੇਸ਼ ਕੀਤੀ ਸੀ। ਭੁੱਲਰ ਨੂੰ ਜਰਮਨੀ ਤੋਂ ਵਾਪਸ ਭੇਜੇ ਜਾਣ ਮਗਰੋਂ ਜਨਵਰੀ, 1995 ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਭੁੱਲਰ ਦੀ ਰਹਿਮ ਦੀ ਅਪੀਲ ਮੌਤ ਦੀ ਸਜ਼ਾ ਮਿਲਣ ਤੋਂ ਅੱਠ ਸਾਲ ਮਗਰੋਂ 14 ਮਈ, 2011 ਨੂੰ ਰਾਸ਼ਟਰਪਤੀ ਨੇ ਖਾਰਜ ਕਰ ਦਿੱਤੀ ਸੀ।

Harjeet Sandhu
REALTOR
"Serving all your Real Estate needs"
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation

To view Thousands of properties online visit:
www.harjeetsandhu.com
harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
REALTOR
MLS MULTIPLE LISTING SERVICE
Member - Edmonton Real Estate Board, Residential & Commercial Divsion

HARMAN RADIO Australia
Harman Radio Australia, exclusively target Indian audience for 24 hours a day 7 days a week. Having studio and corporate office in NSW, studios in Sydney and Patiala (Punjab). We broadcast across the World in Punjabi Language. We also feel proud for being the first ever to broadcast -Live Sports, Cultural and Religious activities of Indian origin in Australia. Being pioneers within the industry, we also contribute the Indian community, events and business by promoting their products and services on our Radio.
HQ. New South Wales Australia - 61 285992811
e mail: info@harmanradio.com :visit us: www.harmanradio.com

ਕਹਾਣੀ

# ਗੰਢਾਂ

ਦੀਪ ਦਵਿੰਦਰ ਸਿੰਘ
deepkahanikar@gmail.com
+91-98721-65707



ਭਾਪਾ ਜੀ ਦਾ ਅੰਤਿਮ ਸਸਕਾਰ ਕੰਮੀਆਂ ਦੇ ਇਸ ਤਿੰਨ ਖੂੰਜੀ ਸ਼ਮਸ਼ਾਨ ਘਾਟ ਵਿਚ ਕਰਨ ਦਾ ਮੇਰਾ ਵੱਢਿਆਂ ਰੂਹ ਨਹੀਂ ਸੀ ਕਰਦਾ ਪਰ ਉਸ ਦਿਨ ਛੋਟੇ ਤੇ ਉਸ ਦੀ ਘਰਵਾਲੀ ਅੱਗੇ ਮੇਰੀ ਕੋਈ ਵਾਹ ਪੇਸ਼ ਨਹੀਂ ਸੀ ਗਈ। ਮੈਂ ਚਾਹੁੰਦਾ ਸੀ ਭਾਪੇ ਦੀਆਂ ਅੰਤਿਮ ਰਸਮਾਂ ਅਪਣੇ ਸ਼ਹਿਰ ਵਿਚਲੇ ਮਸਾਣਾਂ 'ਚ ਕੀਤੀਆਂ ਜਾਂਦੀਆਂ। ਇਸੇ ਲਈ ਪੂਰੇ ਹੋਏ ਭਾਪੇ ਦੇ ਪੈਰਾਂ ਵੱਲ ਵਿਛੀ ਦਰੀ 'ਤੇ ਬੈਠੇ ਛੋਟੇ ਨੂੰ ਮੈਂ ਕਿੰਨੀ ਵਾਰੀ ਗਲ 'ਚ ਲਿਆ ਸੀ। ਵੱਡਿਆਂ ਵਾਲਾ ਪਿਆਰ ਦੇਂਦਿਆਂ ਹੌਸਲਾ ਦਿੱਤਾ ਸੀ ਤੇ ਮਨਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਇਨ੍ਹੇ ਜ਼ਬਾਨ ਮੂੰਹ 'ਚ ਨਹੀਂ ਸੀ ਪਾਈ। ਮੁੜ-ਮੁੜ ਉਹੀ ਰੱਟ 'ਨਾ ਭਾਊ ਤੂੰ ਗੁੱਸਾ ਮੰਨ ਭਾਵੇਂ ਰਾਜ਼ੀ ਭਾਪੇ ਨੂੰ ਪਿੰਡ ਲੈ ਕੇ ਜਾਣਾ। ਏਥੇ ਨਹੀਂ ਫੂਕਣਾ ਅਸੀਂ। ਪਿੰਡ 'ਚ ਵਿਹੜੇ ਵਾਲੇ ਕੀ ਕਹਿਣਗੇ? ਮੁੰਡਾ ਤਹਿਸੀਲਦਾਰ ਬਣ ਗਿਆ ਤਾਂ ਮਰੇ ਪਿਓ ਦੀ ਜੰਮਣ ਭਉਂ ਛਡਾ 'ਤੀ। ਆਪਾਂ ਪਿੰਡੋਂ ਵੱਡਾ ਕਰਕੇ ਕਢਣੈ ਭਾਪੇ ਨੂੰ। ਸ਼ਰੀਕੇ ਨੂੰ ਰੋਟੀ-ਟੁੱਕ ਖਵਾਉਣਾ ਚੌਥੇ 'ਤੇ। ਤੁਹਾਡੀ ਗੱਲ ਹੋਰ ਐ, ਸਰਦਾ ਤੁਹਾਡੇ ਸ਼ਹਿਰੀਆਂ ਦਾ। ਅਸੀਂ ਤਾਂ ਪਿੰਡ ਵਾਲਿਆਂ 'ਚ ਰਹਿਣਾ। ਖਾਂਦੇ-ਪੀਂਦੇ ਰਹੇ ਆਂ ਲੋਕਾਂ ਦੇ ਘਰੀਂ ਜਾ ਕੇ। ਵੀਰ ਮੇਰਿਆ। ਅਪਣੀ ਵਾਰੀ ਹੁਣ ਲੋਕਾਂ ਦੀਆਂ ਗੱਲਾਂ ਨਹੀਂ ਸੁਣਨੀਆਂ ਕਿ ਪਿਓ ਘਰੋਂ ਬੇਘਰ ਰਹਿ ਕੇ ਕਮਾਈ ਕਰਦਾ ਰਿਹਾ ਇਨ੍ਹਾਂ ਲਈ ਤੇ ਇਨ੍ਹਾਂ ਕੋਲੋਂ ਬੱਬਰ ਨਹੀਂ ਸਰਿਆ ਮਗਰ ਰੇੜ੍ਹਨ ਨੂੰ! ਜਿੱਥੇ ਵੱਡੇ ਬਾਪੂ ਤੇ ਬੇਬੇ ਵੱਡਿਆਂ ਦੇ ਸਿਵੇ ਬਲੇ ਐ ਨਾ ਅਸੀਂ ਉਥੇ ਹੀ ਸਸਕਾਰ ਕਰਨੈ ਭਾਪੇ ਦਾ ਵੀ। ਕੋਈ ਵੱਖਰੀ ਧੂਣੀ ਨਹੀਂ ਧਖਾਉਣੀ ਇਦ੍ਹੀ। ਪਹਿਲਾਂ ਗਏ ਵੱਡਿਆਂ ਦੇ ਨਾਲ ਬਿਠਾਉਣਾ ਇਹਨੂੰ ਅਸੀਂ।'

ਬੇਸ਼ਕ ਛੋਟੇ ਦੀਆਂ ਗੱਲਾਂ ਦਾ ਮੇਰੇ ਕੋਲ ਕੋਈ ਜੁਆਬ ਨਹੀਂ ਸੀ। ਉਹਦੇ ਅੱਗੇ ਹਥਿਆਰ ਖੁੰਢੇ ਪੈ ਗਏ ਸਨ। ਪਰ ਫਿਰ ਵੀ ਜਿਹੜੀ ਦੂਰੀ ਮੈਂ ਪਿੰਡ ਦੇ ਨਿਵਾਣਾਂ ਵੱਲ ਵੱਸੀ ਠੱਠੀ ਵਿਚਲੇ ਅਪਣੇ ਘਰ ਤੋਂ ਸ਼ਹਿਰ ਵਿਚਲੀ ਗਰੀਨ ਐਵੀਨਿਊ ਵਾਲੀ ਅਪਣੀ ਕੋਠੀ ਤੱਕ ਮਿਥ ਲਈ ਸੀ ਉਸ ਨੂੰ ਮੈਂ ਘਟਣ ਨਹੀਂ ਸੀ ਦੇਣਾ ਚਾਹੁੰਦਾ। ਮੇਰਾ ਅਪਣਾ ਦਿਲ ਚਾਹੁੰਦਾ ਸੀ ਕਿ ਭਾਪੇ ਦੇ ਸਸਕਾਰ ਵੇਲੇ ਸ਼ਹੀਦਾਂ ਵਾਲੇ ਮਸਾਣਾਂ ਦੇ ਬਾਹਰ ਲਾਲ-ਬੱਤੀ ਲੱਗੀਆਂ ਹੂਟਰ ਵਾਲੀਆਂ ਗੱਡੀਆਂ ਦੀ ਲੰਮੀ ਕਤਾਰ ਖੜ੍ਹੀ ਹੁੰਦੀ। ਸ਼ਹਿਰ ਦੀਆਂ ਨਾਮੀ-ਗਰਾਮੀ ਹਸਤੀਆਂ ਭਾਪੇ ਦੀ ਚਿਖ਼ਾ ਦੁਆਲੇ ਖਲੋਤੀਆਂ ਮੇਰੇ ਨਾਲ ਹਮਦਰਦੀ ਜ਼ਾਹਰ ਕਰਦੀਆਂ। ਸ਼ਰਧਾਂਜਲੀ ਸਮਾਰੋਹ ਵਾਲੇ ਦਿਨ ਅਖ਼ਬਾਰਾਂ ਦੇ ਫੁੱਲ ਪੇਜ ਉੱਤੇ ਭਾਪੇ ਦੀ ਵੱਡੀ ਫੋਟੋ ਲੱਗਦੀ ਤੇ ਹੇਠਾਂ ਛਪਿਆ ਹੁੰਦਾ ਕਿ 'ਤਹਿਸੀਲਦਾਰ ਕੁਲਬੀਰ ਸਿੰਘ ਗੁਰਾਇਆ ਦੇ ਪਿਤਾ ਰਤਨ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ, ਪਰ ਛੋਟੇ ਦੀ ਜ਼ਿਦ ਅੱਗੇ ਸਾਰਾ ਕੁਝ ਧਰਿਆ ਧਰਾਇਆ ਰਹਿ ਗਿਆ ਸੀ ਤੇ ਮੈਂ ਇਸ ਤਿੰਨ ਨੁਕਰੀ ਸ਼ਮਸ਼ਾਨ ਘਾਟ ਵਿਚ ਉੱਗੀ ਦੱਭ ਤੇ ਕਾਈ੍ ਤੋਂ ਬਚਦਾ ਪਰਾਂ ਹਟਵਾਂ ਖਲੋਤਾ ਭਾਪੇ ਦਾ ਸਿਵਾ ਬਲਦਾ ਵਿਹੰਦਾ ਰਿਹਾ ਸਾਂ।

ਭਾਪਾ ਪਿਛਲੇ ਕੁਝ ਸਮੇਂ ਤੋਂ ਮੇਰੇ ਕੋਲ ਗਰੀਨ ਐਵੀਨਿਊ ਵਾਲੀ ਰਿਹਾਇਸ਼ ਵਿਚ ਹੀ ਰਹਿ ਰਿਹਾ ਸੀ। ਕਈ ਵਾਰੀ ਮੇਰੇ ਨਾਲ ਕਿਸੇ ਜਾਣਕਾਰ ਦੇ ਦਾਹ-ਸੰਸਕਾਰ ਲਈ ਸ਼ਹੀਦਾਂ ਵਾਲੇ ਮਸਾਣਾਂ 'ਚ ਜਾਂਦਾ ਰਿਹਾ ਸੀ। ਵਖੋ-ਵਖਰੇ ਥੜ੍ਹਿਆਂ ਉੱਤੇ ਇਕੋ ਪਾਲ 'ਚ ਬਲਦੇ ਸਿਵਿਆਂ ਨੂੰ ਖਲੋਤਾ ਵਹਿੰਦਾ ਰਹਿੰਦਾ ਸੀ। ਕੋਈ ਲੱਟ-ਲੱਟ ਮਚਦਾ। ਕਿਸੇ ਦੇ ਮਘਦੇ ਕੋਲੇ ਤੇ ਕੋਈ ਗਰਮ ਸਵਾਹ ਦਾ ਢੇਰ। ਭਾਪਾ ਵਾਰੀ-ਵਾਰੀ ਇਕ-ਇਕ ਨੂੰ ਧੌਣ ਭੁਆਂ-ਭੁਆਂ ਕੇ ਵੇਖਦਾ। ਫਿਰ ਚਿਖ਼ਾ 'ਚੋਂ ਉਠਦੇ ਧੂੰਏਂ ਦੇ ਪਿੱਛੇ-ਪਿੱਛੇ ਦੂਰ ਅੰਬਰਾਂ ਵੱਲ ਝਾਕਦਾ। ਕਿਤੋਂ ਚਿੱਟੀ, ਕਿਤੋਂ ਕਾਲੀ ਤੇ ਕਿਤੋਂ ਘਸਮੈਲੀ ਜਿਹੀ ਭਾਹ ਮਾਰਦਾ ਧੂੰਆਂ ਵਿੰਗੇ-ਟੇਢੇ ਰਾਹ ਬਣਾਉਂਦਾ ਇਕ ਦੂਜੇ 'ਚ ਉਲਝਦਾ, ਪਰ੍ਹਾਂ ਦੂਰ ਖਲਾਅ 'ਚ ਜਾ ਕੇ ਅਪਣੀ ਹੋਂਦ ਖਤਮ ਕਰ ਲੈਂਦਾ ਤਾਂ ਟਿਕਟਿਕੀ ਲਗਾ ਕੇ ਵੇਖਦਿਆਂ ਭਾਪੇ ਦੀ ਨਿਗ੍ਹਾ ਵੀ ਪਾਟਣ ਲੱਗਦੀ। ਉਹ ਮੋਟੇ ਸ਼ੀਸ਼ਿਆਂ ਵਾਲੀ ਐਨਕ ਦੀਆਂ ਡੰਡੀਆਂ ਅਪਣੀ ਢਿੱਲੀ ਜਿਹੀ ਮਟਿਆਲੇ ਰੰਗ ਦੀ ਪੱਗ ਹੇਠੋਂ ਖਿਸਕਾ ਕੇ ਬਾਹਰ ਕੱਢਦਾ। ਫਿਰ ਪੋਟਿਆਂ ਨਾਲ ਦੋਵੇਂ ਪੁਤਲੀਆਂ ਨੂੰ ਸਾਫ਼ ਕਰਦਾ ਤੇ ਅਨਮੰਨੇ ਜਿਹੇ ਮਨ ਨਾਲ ਦੁੱਧ-ਚਿੱਟੇ ਵਿਰਲੇ-ਟਾਵੇਂ ਦਾਹੜੀ ਦੇ ਵਾਲਾਂ 'ਚ ਉਂਗਲਾਂ ਦੀ ਕੰਘੀ ਕਰਦਿਆਂ ਕਹਿੰਦਾ 'ਲੈ ਭਾਈ ਕੁਲਬੀਰ ਸਿਹਾਂ, ਐ ਈ ਸੱਚ। ਜਿੱਥੇ ਪਹੁੰਚ ਕੇ ਭਸਮ ਹੋਇਆ ਬੰਦਾ ਧਰਤੀ ਮਾਂ ਦੀ ਗੋਦ 'ਚ ਸਮਾ ਜਾਂਦੈ ਚੁੱਪ-ਚਪੀਤੇ।' ਕਈ ਵਾਰ ਮੈਨੂੰ ਭਾਪੇ ਦੇ ਫਿਲਾਸਫ਼ਰ ਹੋਣ ਦਾ ਭੁਲੇਖਾ ਪੈਂਦਾ। ਉਸ ਦੀਆਂ ਕਹੀਆਂ ਗੱਲਾਂ ਨੂੰ ਦੇਰ ਤੱਕ ਅਪਣੇ ਅੰਦਰ ਜਜ਼ਬ ਕਰਨ ਦੀ ਕੋਸ਼ਿਸ਼ ਕਰਦਾ।

ਭਾਪਾ ਵੀ ਅਪਣੀ ਹਿਆਤੀ ਦਾ ਪੰਧ ਸਮੇਟ ਕੇ ਧਰਤੀ ਮਾਂ ਦੀ ਹਿੱਕ 'ਤੇ ਰਾਖ ਦੀ ਢੇਰੀ ਬਣਿਆ ਮੇਰੇ ਸਾਹਮਣੇ ਐ। ਉਸ ਦੀਆਂ ਅੰਤਿਮ ਰਸਮਾਂ ਬੋਹੜ ਵਾਲੇ ਛੱਪੜ ਦੇ ਪਰਲੇ ਕੰਢੇ ਪਈ ਸ਼ਾਮਲਾਤੀ ਕੁਤਰ ਜਿਹੀ 'ਚ ਬਣੇ ਕੰਮੀਆਂ ਦੇ ਸ਼ਮਸ਼ਾਨ ਘਾਟ 'ਚ ਇਕ-ਇਕ ਕਰਕੇ ਭੁਗਤੀਆਂ ਹਨ। ਅੱਜ ਉਸ ਦਾ ਅੰਗੀਠਾ ਸੰਭਾਲਿਆ ਜਾਣਾ ਹੈ। ਛੋਟੇ ਨੇ ਰਾਤੀਂ ਸੌਣ ਤੋਂ ਪਹਿਲਾਂ ਫੋਨ ਕਰਕੇ ਪੱਕੀ ਕੀਤੀ ਸੀ ਕਿ 'ਭਾਊ ਵੇਲੇ ਸਿਰ ਆ ਜਾਇਓ। ਇਧਰੋਂ ਆਏ ਗਏ ਤੋਂ ਫਾਰਗ ਹੋ ਕੇ ਭਾਪਾ ਜੀ ਦੇ ਫੁੱਲ ਪਾਉਣ ਵੀ ਜਾਣੈਂ।' ਮੈਂ ਵਕਾਲਤ ਕਰਦੀ ਅਪਣੀ ਧੀ ਤੇ ਪਤਨੀ ਨਾਲ ਇਸ ਤਿੰਨ ਨੁਕਰੀ ਸ਼ਮਸ਼ਾਨ ਘਾਟ 'ਚ ਟੀਨ ਦੇ ਸ਼ੈੱਡ ਹੇਠ ਖੜਾ ਝਾਕ ਰਿਹਾ ਹਾਂ। ਜਿੱਥੇ ਦੋ ਦਿਨ ਪਹਿਲਾਂ ਭਾਪੇ ਦਾ ਸਿਵਾ ਬਲਿਆ ਸੀ। ਨੁੱਕਰ ਵਾਲੀ ਬੁਰਜੀ ਨਾਲ ਢਾਸਣਾ ਲਾ ਕੇ ਖਲੋਤਾ ਮੈਂ ਸ਼ੈੱਡ ਹੇਠਲੇ ਇੱਟਾਂ ਦੇ ਓਬੜ-ਖਾਬੜ ਫਰਸ਼ ਉੱਤੇ ਪਈ ਉੱਚੀ-ਨੀਵੀਂ ਸਵਾਹ ਦੀ ਢੇਰੀ ਨੂੰ ਨਿਹਾਰਦਾ ਹਾਂ। ਜਿਸ ਵਿਚ ਭਾਪਾ ਹੱਡੀਆਂ ਦੀ ਮੁੱਠ ਬਣਿਆ ਪਿਆ ਹੈ ਤੇ ਅਸੀਂ ਟੱਬਰ ਦੇ ਜੀਅ ਰਲਕੇ ਖਿੰਡਰੀ ਪੁੰਡਰੀ ਸਵਾਹ 'ਚੋਂ ਉਸਦੇ ਫੁੱਲ ਚੁਗਣ ਲਈ ਖੜ੍ਹੇ ਹਾਂ। ਭਾਮ ਵਾਲਾ ਮਾਮਾ ਹਾਲੇ ਪਹੁੰਚਿਆ ਨਹੀਂ। ਛੋਟਾ ਦੋ ਤਿੰਨ ਵਾਰੀ ਉਸਨੂੰ ਜਰਨੈਲੀ ਸੜਕ ਤੋਂ ਆਉਂਦੇ ਪਹੇ 'ਤੇ ਉਨ੍ਹਾਂ ਦਾ ਰਾਹ ਦੇਖਣ ਲਈ ਦੂਰ ਤੱਕ ਝਾਤੀ ਮਾਰਕੇ ਆਇਆ ਹੈ। ਪਰ ਉਸਦਾ ਕੋਈ ਥਹੁ ਪਤਾ ਨਹੀਂ ਲੱਗਿਆ। 'ਚਲ ਪੁੱਤ ਕੁਲਬੀਰ ਸਿਹਾਂ, ਕੋਈ ਫਰਕ ਨਹੀਂ ਪੈਂਦਾ ਦੋ ਘੜੀਆਂ ਨਾਲ, ਸਹੁਰਿਆਂ ਦੀ ਮਕਾਣ ਐ। ਉਡੀਕ ਲੈਣਾ ਚਾਹੀਦਾ। ਮੜ੍ਹੀ ਵੀ ਤਾਂ ਉਨ੍ਹਾਂ ਕੱਜਣੀ ਐ ਭਾਪੇ ਤੁਹਾਡੇ ਦੀ।' ਰੱਜੋ ਮਹਿਰੀ ਪੌਣੀ ਕੁ ਕੱਚੀ ਲੱਸੀ ਵਾਲੀ ਬਾਲਟੀ ਹੇਠਾਂ ਰੱਖਦਿਆਂ ਧੌਣ ਮੇਰੀ ਵੱਲ ਨੂੰ ਭਵਾਉਂਦਿਆਂ ਕਹਿੰਦੀ ਐ। ਮੈਂ ਵੇਖਦੈਂ ਕਿ ਉਸ ਦੀ ਢਾਕ ਨਾਲ ਲੱਗੀ ਪਰਾਤ 'ਚ ਤਿੰਨ-ਚਾਰ ਕਵਾਸੀਆਂ ਰੋਟੀਆਂ ਪਈਆਂ ਹਨ। ਇੰਨੀਆਂ ਕੁ ਲਕੜੀ ਦੀਆਂ ਘੜਾਈਆਂ ਹੋਈਆਂ ਕਿੱਲੀਆਂ, ਸਵਾਹ ਇਕੱਠੀ ਕਰਨ ਨੂੰ ਛੋਟੀ ਜਿਹੀ ਭੌਂਡੀ ਤੇ ਨਾਲ ਚਿੱਟੇ ਲੱਠੇ ਦੀ ਸੀਤੀ ਹੋਈ ਗੁਥਲੀ ਜਿਸ ਵਿਚ ਭਾਪੇ ਦੇ ਫੁੱਲ ਪਾ ਕੇ ਲਿਜਾਣੇ ਹਨ। ਮੈਂ ਚਾਚੀ ਰੱਜੋ ਦੀ ਕਹੀ ਗੱਲ ਨੂੰ ਸਿਆਣਿਆਂ ਦਾ ਕਿਹਾ ਮੰਨਦਿਆਂ ਥੋੜ੍ਹੀ ਕੁ ਧੌਣ ਹਿਲਾ ਕੇ ਰਜ਼ਾਮੰਦੀ ਜ਼ਾਹਰ ਕਰਦਾ ਹਾਂ।

ਨੁੱਕਰ ਵਾਲੀ ਬੁਰਜੀ ਨੂੰ ਟੇਕ ਲਾਈ ਮੈਂ ਅੱਡੇ ਤੋਂ ਆਉਂਦੇ ਪਹੇ ਵੱਲ ਦੂਰ ਤੱਕ ਝਾਤੀ ਮਾਰਦਾ ਹਾਂ ਜਿਧਰੋਂ ਮਾਮੇ ਦੇ ਆਉਣ ਦੀ ਉਡੀਕ ਐ। ਮੇਰੀ ਸੁਰਤੀ ਉਸੇ ਪਹੇ 'ਚ ਜਾ ਕੇ ਗੁਆਚਦੀ ਐ। ਭਾਪਾ ਬਹੁਤੀ ਵਾਰੀ ਸਾਨੂੰ ਇਸੇ ਰਸਤੇ 'ਤੇ ਆਉਂਦਾ ਮਿਲਦਾ ਸੀ ਜਦੋਂ ਉਹ ਫੌਜ 'ਚੋਂ ਛੁੱਟੀ ਆਉਂਦਾ ਹੁੰਦਾ ਸੀ। ਪੇਚ ਸਵਾਰ-ਸਵਾਰ ਬੱਧੀ ਮਿਲਟਰੀ ਰੰਗ ਦੀ ਪੋਚਵੀਂ ਪੱਗ। ਵਾਹ ਸਵਾਰ ਕੇ ਡੋਰੀ ਪਾ ਕੇ ਬੰਨ੍ਹੀ ਦਾਹੜੀ, ਉਪਰੋਂ ਦੀ ਜਾਲੀ। ਪ੍ਰੈੱਸ ਕੀਤੀ ਵਰਦੀ ਤੇ ਪੈਰੀਂ ਮਜ਼ਬੂਤ ਅੱਡੀ ਵਾਲੇ ਭਾਰੇ ਮਿਲਟਰੀ ਬੂਟ ਪਾ ਕੇ ਭਾਪਾ ਰਿਕਸ਼ੇ 'ਚ ਬੈਠਿਆ ਹੁੰਦਾ ਸੀ। ਰਿਕਸ਼ੇ ਦੇ ਟਾਪੇ 'ਚ ਲੋਹੇ ਦੀ ਮੋਟੀ ਚਾਦਰ ਵਾਲਾ ਕਾਲੇ ਰੰਗ ਦਾ ਸੰਦੂਕ ਰਖਿਆ ਹੁੰਦਾ ਸੀ। ਜਿਸ ਉੱਤੇ ਮੋਟੇ ਅੱਖਰਾਂ 'ਚ ਲਾਂਸ ਨਾਇਕ ਰਤਨ ਸਿੰਘ ਲਿਖਿਆ ਹੁੰਦਾ ਸੀ। ਉਸੇ ਟਰੰਕ ਉੱਤੇ ਭਾਪਾ ਬੂਟਾਂ ਸਮੇਤ ਦੋਵੇਂ ਪੈਰ ਟਿਕਾਈ ਕੱਛਾਂ 'ਚ ਬਾਹਵਾਂ ਦੇ ਸਿੱਧੀ ਧੌਣ ਕਰਕੇ ਰਿਕਸ਼ੇ ਦੀ ਸੀਟ 'ਤੇ ਬੈਠਾ ਕੋਈ ਅਫ਼ਸਰ ਹੀ ਤਾ ਲੱਗਦਾ ਹੁੰਦਾ ਸੀ। ਸਾਨੂੰ ਅਪਣੇ ਵੱਲ ਆਉਂਦਿਆਂ ਦੇਖ ਭਾਪੇ ਨੇ ਉਸੇ ਮੁਦਰਾ 'ਚ ਬੈਠਿਆਂ ਕਹਿਣਾ 'ਓਏ ਛੋਟੇ ਜਵਾਨ, ਕਿਧਰ ਘੂੰਮਤੇ ਹੋ ਬਾਹਰ? ਇਲਾਕੇ ਮੇਂ ?' ਅਸੀਂ ਮੱਠਾ-ਮੱਠਾ ਹੱਸਦਿਆਂ ਪਿੰਡ ਦੀਆਂ ਉੱਚੀਆਂ ਨੀਵੀਆਂ ਗਲੀਆਂ 'ਚੋਂ ਰਿਕਸ਼ੇ ਨੂੰ ਧੱਕਾ ਲਾ ਕੇ ਅਪਣੇ ਘਰ ਦੇ ਦਰਵਾਜ਼ੇ ਅੱਗੇ ਲਿਆ ਖਲਿਆਰਦੇ। ਬਿੜਕ ਲੈ ਕੇ ਵਿਹੜੇ 'ਚ ਬੈਠੀ ਬੀਬੀ ਵਿਰਲਾਂ ਜਿਹੀਆਂ ਵਾਲੇ ਅੱਧ ਢੁਕੇ ਬੂਹੇ ਨੂੰ ਖੋਲ੍ਹਦੀ। ਸਾਹਮਣੇ ਨਿਗ੍ਹਾ ਮਿਲਦਿਆਂ ਦੋਹਾਂ ਦੇ ਚਿਹਰਿਆਂ ਤੇ ਰੌਣਕ ਜਿਹੀ ਪਰਤਦੀ, ਬੀਬੀ ਦੇ ਕਣਕਵੰਨੇ ਚਿਹਰੇ 'ਚੋਂ ਸੱਕ ਵਾਲੀ ਦਾਤਣ ਨਾਲ ਮਾਂਜੇ ਦੰਦ ਲਿਸ਼ਕਦੇ। ਹੋਠਾਂ 'ਤੇ ਗੁੱਝੀ ਜਿਹੀ ਮੁਸਕਾਨ ਖਿੰਡਰਦੀ। ਸਿਰ ਦਾ ਲੀੜਾ ਥਾਂ ਸਿਰ ਕਰਦਿਆਂ ਬੀਬੀ ਥੋੜ੍ਹਾ ਪਾਸੇ ਹੋ ਕੇ ਭਾਪੇ ਨੂੰ ਅੰਦਰ ਲੰਘ ਜਾਣ ਦਾ ਰਸਤਾ ਦਿੰਦੀ। ਭਾਪਾ ਮੰਜੇ 'ਤੇ ਲੱਤਾਂ ਲਮਕਾ ਕੇ ਬੈਠਾ ਘਰ ਪਰਿਵਾਰ ਦੀਆਂ ਗੱਲਾਂ ਪੁੱਛਦਾ। ਬੀਬੀ ਨਿੰਮ੍ਹਾ-ਨਿੰਮ੍ਹਾ ਹੱਸਦੀ ਉਹਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਦਾ ਜਵਾਬ ਦਿੰਦੀ ਤੇ ਚੌਂਕੇ ਚੁੱਲੇ ਦਾ ਕੰਮ ਕਾਰ ਕਰੀ ਜਾਂਦੀ। ਦੇਰ ਤੱਕ ਉਨ੍ਹਾਂ ਦਾ ਹਾਸਾ ਠੱਠਾ ਚਲਦਾ ਰਹਿੰਦਾ ਤੇ ਅਸੀਂ ਭਾਪੇ ਦੇ ਲਾਗੇ ਬੈਠੇ ਉਨ੍ਹਾਂ ਦੀਆਂ ਗੱਲਾਂ ਸੁਣਦੇ ਰਹਿੰਦੇ ਸਾਂ।

ਛੁੱਟੀ ਕੱਟਣ ਆਇਆ ਭਾਪਾ ਦੁਨੀਆ ਜਹਾਨ ਦੀਆਂ ਗੱਲਾਂ ਦੱਸਦਾ। ਅਪਣੇ ਸਫ਼ਰ ਦੀਆਂ। ਪਲਟਣ ਦੀਆਂ। ਉੱਚੀਆਂ ਪਹਾੜੀਆਂ 'ਤੇ ਜੰਮੇ ਬਰਫ਼ ਦੇ ਤੋਦਿਆਂ ਦੀਆਂ। ਜਾਂ ਫਿਰ ਦੂਰ ਦਰਾਸ 'ਚ ਵੱਸਦੇ ਕਬੀਲਿਆਂ ਦੀ ਜੀਵਨ ਜਾਚ ਦੀਆਂ। ਪੰਜਵੀਂ 'ਚ ਪੜ੍ਹਦਿਆਂ ਇਕ ਵਾਰੀ ਮੈਂ ਭਾਪੇ ਨੂੰ ਇਸੇ ਤਰ੍ਹਾਂ ਗੱਲਾਂ ਕਰਦੇ ਸੁਣ ਰਿਹਾ ਸੀ। ਭਾਪਾ ਉਦੋਂ ਭਾਦਰੋਂ ਦੇ ਚੁਮਾਸਿਆਂ 'ਚ ਛੁਟੀ ਆਇਆ ਸੀ। ਵਿਹੜੇ 'ਚ ਅਗਲੀ ਗੁੱਠੇ ਲੱਗੀ ਟਾਹਲੀ ਛਾਵੇਂ ਅਲਾਣੀ ਮੰਜੀ ਉੱਤੇ ਬੈਠ ਕੇ ਖੱਗੇ ਦੀ ਪੱਖੀ ਨਾਲ ਮੱਠੀ-ਮੱਠੀ ਝੱਲ ਮਾਰਦਿਆਂ ਭਾਪਾ ਗੱਲਾਂ ਦੀ ਲੜੀ ਟੁਟਣ ਨਹੀਂ ਸੀ ਦੇ ਰਿਹਾ। ਅਪਣੀ ਪਲਟਣ ਦੇ ਜਵਾਨਾਂ ਦੇ ਵੰਨ-ਸੁਵੰਨੇ ਕਿੱਸੇ। ਰਲ-ਮਿਲ ਕੇ ਰਹਿਣ ਦੀਆਂ ਮਿਸਾਲਾਂ ਤੇ ਹੋਰ ਕਈ ਕੁਝ ਦਸਦਿਆਂ ਭਾਪੇ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਦੀ ਸਿੱਖ ਲਾਈਟ ਪਲਟਣ 'ਚ ਸਾਰੇ ਦੇ ਸਾਰੇ ਪੰਜਾਬੀ ਨੇ ਤੇ ਉਹ ਸਾਰੇ ਦੇ ਸਾਰੇ ਮਜ਼੍ਹਬੀ ਸਿੱਖ। ਇਕ ਵੀ ਕਿਸੇ ਹੋਰ ਜਾਤੀ ਦਾ ਨਹੀਂ ਸਾਡੇ ਵਿਚ ਸਿਵਾਏ ਉਪਰਲੇ ਅਫਸਰਾਂ ਤੋਂ। ਮੈਨੂੰ ਸੁਣਕੇ ਡਾਹਢੀ ਹੈਰਾਨੀ ਹੋਈ ਸੀ ਕਿ ਫੌਜ ਵਿਚ ਵੀ ਮਜ਼੍ਹਬੀ ਸਿੱਖਾਂ ਨੂੰ ਵੱਖਰੇ ਰੱਖਿਆ ਜਾਂਦੈ, ਅਪਣੇ ਪਿੰਡਾਂ ਵਿਚਲੀ ਠੱਠੀ ਵਾਂਗ। ਭਾਪੇ ਨੇ ਮੇਰੀ ਗੱਲ ਨੂੰ ਵਿਚਾਲਿਉਂ ਕੱਟਦਿਆਂ ਕਿਹਾ ਸੀ ਕਿ 'ਪੁੱਤ ਕੁਲਬੀਰ ਸਿਹਾਂ ਹਾ ਈ ਗੱਲ ਮੇਰੇ ਵੀ ਦਿਲ ਵਿਚ ਆਈ ਸੀ ਇਕ ਵੇਰਾਂ। ਸਕੀਮ 'ਤੇ ਗਿਆਂ ਇਕ ਵਾਰੀ ਵੱਡੇ ਸਾਹਬ ਨੇ ਧੀਰਜ ਨਾਲ ਮੇਰੇ ਖਾਨੇ 'ਚ ਗੱਲ ਪਾਈ ਸੀ ਤੇ ਤੂੰ ਵੀ ਸੁਣ। ਜੇ ਸਾਰੀਆਂ ਉੱਚੀਆਂ ਨੀਵੀਆਂ ਜਾਤਾਂ ਦੇ ਜਵਾਨ ਇਕੋ ਪਲਟਣ ਵਿਚ ਹੋਣ। ਕਿਤੇ ਖਾਣ-ਪੀਣ ਤੋਂ ਬੋਲ-ਚਾਲ ਤੋਂ, ਰਹਿਣ-ਸਹਿਣ ਤੋਂ ਕੋਈ ਦਿਲ ਵਾਢਵੀਂ ਗੱਲ ਨਾ ਕਰੇ। ਕਿਉਂਕਿ ਉੱਚੀ-ਨੀਵੀਂ ਸੋਚ ਤਾਂ ਪੀੜ੍ਹੀਆਂ ਤੋਂ ਸਾਡੇ ਦਿਮਾਗਾਂ 'ਚ ਵੜ੍ਹੀ ਐ। ਕਿਸੇ ਉਲਝਣ ਜਾਂ ਟਕਰਾਅ ਤੋਂ ਬਚਣ ਲਈ ਕੀਤਾ ਲੱਗਦਾ ਇਹ। ਹੋਰ ਕੋਈ ਮੇਜਰ ਕਾਰਨ ਲੱਗਦਾ ਨਹੀਂ ਇਹਦੇ 'ਚ। ਆਈ ਕੁਝ ਸਮਝ?' ਭਾਪੇ ਨੇ ਗੱਲ ਮੁਕਾਉਂਦਿਆਂ ਮੇਰੇ ਚਿਹਰੇ 'ਤੇ ਨਿਗ੍ਹਾ ਗੱਡਦਿਆਂ ਦੱਸਿਆ ਸੀ।

ਨਾ ਚਾਹੁੰਦਿਆਂ ਹੋਇਆ ਵੀ ਮੇਰੀ ਸੁਰਤੀ ਅਪਣੇ ਪਿੰਡ ਵਾਲੀ ਠੱਠੀ 'ਚ ਜਾ ਵੜਦੀ ਐ। ਪਿੰਡ ਦੇ ਇਕ ਸਿਰੇ ਤੋਂ ਲੈ ਕੇ ਦੂਸਰੇ ਸਿਰੇ ਤੱਕ ਇਕੱਲੇ-ਇਕੱਲੇ ਘਰ ਦਾ ਨਕਸ਼ਾ ਮੇਰੇ ਅੱਗੋਂ ਦੀ ਗੁਜ਼ਰਦਾ ਹੈ। ਕਿਤੋਂ ਭੀੜੀਆਂ ਕਿਤੋਂ ਰਤਾ ਖੁੱਲ੍ਹੀਆਂ, ਸੱਪ ਵਲੇਵੇਂ ਖਾਂਦੀਆਂ ਗਲੀਆਂ ਵਿਚਲੇ ਉੱਚੇ ਨੀਵੇਂ ਬੇਤਰਤੀਬੇ ਘਰ। ਕਿਸੇ ਵੀ ਕੰਧ ਕੋਠੇ ਦੀ ਪਿਛਾੜੀ ਜੱਟਾਂ ਜਿੰਮੀਦਾਰਾਂ ਦੇ ਘਰਾਂ ਦੀਆਂ ਪਛਾੜੀਆਂ ਨਾਲ ਨਹੀਂ ਲੱਗਦੀ। ਪਿੰਡ ਦੇ ਅੱਧ ਵਿਚਕਾਰ ਤਰਖਾਣ, ਘੁਮਾਰ, ਨਾਈ, ਝੀਉਰ ਤੇ ਛੀਂਬਿਆਂ ਦੇ ਘਰ ਨੇ। ਜਿਨ੍ਹਾਂ ਦੀਆਂ ਕੰਧਾਂ ਸਾਡੇ ਨਾਲ ਸਾਂਝੀਆਂ ਨੇ ਤੇ ਉਨ੍ਹਾਂ ਦੀਆਂ ਜੱਟਾਂ ਜ਼ਿਮੀਦਾਰਾਂ ਨਾਲ ਸਾਂਝੀਆਂ। ਇਸੇ ਤਰ੍ਹਾਂ ਚੜ੍ਹਦੇ ਪਾਸੇ ਜ਼ਿਮੀਦਾਰਾਂ ਦੀਆਂ ਮੜ੍ਹੀਆਂ ਲਹਿੰਦੇ ਪਾਸੇ ਕੰਮੀਆਂ ਕਮੀਣਾਂ ਦੀਆਂ ਤੇ ਪਾਰਲੇ ਪਾਸੇ ਬਾਕੀ ਜ਼ਾਤਾਂ ਦੀਆਂ। ਮਨ ਨੂੰ ਤਲਖੀ ਜਿਹੀ ਮਹਿਸੂਸ ਹੁੰਦੀ ਐ। ਭਾਵੇਂ ਮੈਂ ਦਫ਼ਤਰ ਬੈਠਾ ਹੋਵਾਂ ਜਾਂ ਘਰ। ਅਜਿਹੀ ਸੋਚ ਦੇ ਆਉਂਦਿਆਂ ਹੀ ਅਕਸਰ ਮੇਰੀ ਅਜਿਹੀ ਹਾਲਤ ਹੋ ਜਾਂਦੀ ਐ। ਹੱਥਾਂ ਪੈਰਾਂ ਦੀਆਂ ਤਲੀਆਂ 'ਚੋਂ ਸੇਕ ਨਿਕਲਣ ਲੱਗਦਾ। ਅੱਖਾਂ ਅੱਗੇ ਗੋਲ-ਗੋਲ ਚੱਕਰ ਘੁੰਮਣ ਲੱਗਦੇ ਐ। ਪਿੰਡੇ 'ਚ ਸੂਈਆਂ ਜਿਹੀਆਂ ਚੁਭਣ ਲੱਗਦੀਆਂ। ਗੱਲ ਪਾਏ ਲੀੜੇ ਲਾਹ ਕੇ ਸੁੱਟ ਦੇਣ ਨੂੰ ਜੀਅ ਕਰਦੈ ਕਦੀ ਤਾਂ। ਅਜਿਹੀ ਅਹੁਰ ਮੈਨੂੰ ਕੋਈ ਹੁਣੇ-ਹੁਣੇ ਪ੍ਰੇਸ਼ਾਨ ਨਹੀਂ ਕਰਨ ਲੱਗੀ। ਛੋਟੇ ਹੁੰਦਿਆਂ ਤੋਂ ਚੰਬੜੀ ਐ। ਚਿੱਚੜ ਵਾਂਗ ਲਹੂ ਚੂਸਦੀ ਐ ਮੇਰਾ। ਕਚਿਆਣ ਜਿਹੀ ਆਉਂਦੀ ਹੈ ਕਈ ਵਾਰੀ ਮੈਨੂੰ ਅਪਣੇ ਆਪ ਤੋਂ ਵੀ। ਖਹਿੜਾ ਵੀ ਨਹੀਂ ਛੁਟਦਾ ਇਸ ਤੋਂ। ਕਈ ਵਾਰੀ ਤਾਂ ਤਹਿਸੀਲ ਵਿਚਲੇ ਅਪਣੇ ਦਫ਼ਤਰ 'ਚ ਪੈਰ ਧਰਦਿਆਂ ਸਾਰ ਬਾਕੀ ਅਲਾਮਤਾਂ ਸਣੇ ਪਿੰਡੇ 'ਚ ਸੂਈਆਂ ਚੁਭਣੀਆਂ ਸ਼ੁਰੂ ਹੋ ਜਾਂਦੀਆਂ ਨੇ ਜਦੋਂ ਮੇਰਾ ਸੇਵਾਦਾਰ ਮੇਰੇ ਸਾਹਮਣੇ ਪਏ ਸ਼ੀਸ਼ੇ ਦੇ ਵੱਡੇ ਟੇਬਲ 'ਤੇ ਪਾਣੀ ਦਾ ਗਿਲਾਸ ਰੱਖਦਿਆਂ, ਚਿਹਰੇ 'ਤੇ ਖਚਰੀ ਜਿਹੀ ਮੁਸਕਾਨ ਖਿਲੇਰਦਿਆਂ ਨਖ਼ਰੇ ਜਿਹੇ ਨਾਲ ਮੈਨੂੰ ਗੁੱਡ ਮਾਰਨਿੰਗ ਸਰ ਆਖਦੈ। ਜੈਂਤੀਪੁਰੀਏ ਨੰਬਰਦਾਰ ਦਾ ਪੋਤਰਾ ਇਹ। ਸਾਹਮਣੇ ਪਈਆਂ ਫਾਈਲਾਂ ਥਾਂ ਸਿਰ ਕਰਕੇ ਮੇਜ਼ 'ਤੇ ਪੋਲਾ-ਪੋਲਾ ਕੱਪੜਾ ਫੇਰਦਿਆਂ ਕੰਜਰ ਦਾ ਟੇਢੀ ਜਿਹੀ ਨਜ਼ਰੇ ਝਾਕਦਾ ਫਿਰ ਮੇਰੇ ਵਲ। ਇਨ੍ਹਾਂ ਲੋਕਾਂ ਦੀ ਨਿਗ੍ਹਾ ਪੜ੍ਹਦੇ ਹੀ ਵੱਡੇ ਹੋਏ ਆਂ ਅਸੀਂ ਵੀ। ਅਪਣੇ ਪਿਉ ਦਾਦੇ ਵਾਲੀ ਭਾਸ਼ਾ ਬੋਲਦਾ ਹੋਊ ਇਹ ਵੀ। ਮੂੰਹੋਂ ਨਾ ਸਹੀ ਦਿਲ 'ਚ ਤਾਂ ਇਹੋ ਆਂਹਦਾ ਹੋਊ ਮੈਨੂੰ ਕਿ 'ਸਾਲਾ ਝੜੰਮ ਜਾਤ ਕਿਵੇਂ ਕਿਰਲੇ ਵਾਂਗ ਆਕੜ ਕੇ ਬੈਠਾ ਕੁਰਸੀ 'ਤੇ।' ਏਹੋ ਗੱਲਾਂ ਚੇਤੇ ਆਉਂਦਿਆਂ ਤਲੀਆਂ 'ਚੋਂ ਸੇਕ ਉੱਠਣ ਲੱਗਦਾ। ਵਾਰ-ਵਾਰ ਤਹਿ ਕੀਤਾ ਰੁਮਾਲ ਮੱਥੇ 'ਤੇ ਫੇਰਦਾਂ। ਸਾਹਮਣੇ ਪਏ ਗਿਲਾਸ 'ਚੋਂ ਦੋ ਘੁੱਟ ਪਾਣੀ ਅੰਦਰ ਸੁੱਟ ਕੇ ਅਪਣੇ ਆਪ ਨੂੰ ਸਥਿਰ ਕਰਨ ਦੀ ਕੋਸ਼ਿਸ਼ ਕਰਦਾਂ। ਕਿੰਨਾ-ਕਿੰਨਾ ਚਿਰ ਦਿਲ ਵਸ 'ਚ ਨਹੀਂ ਆਉਂਦਾ। ਦਿਲ ਧੜਕਦਾ ਕਿੱਥੇ ਐ ਉਦੋਂ, ਸਗੋਂ ਠੱਕ-ਠੱਕ ਵੱਜਦਾ ਸੁਣਾਈ ਦਿੰਦਾ। ਇਕ ਵਾਰ ਤਾਂ ਮੈਂ ਸੁਣ ਵੀ ਲਿਆ ਸੀ। ਕਿਸੇ ਮਿਲਣ ਆਏ ਨੂੰ ਕਹਿੰਦਾ, ਐਵੇਂ ਫਰਜ਼ੀ ਗੁਰਾਇਆ ਸਾਹਿਬ ਬਣਿਆ ਅਪਣਾ ਤਹਿਸੀਲਦਾਰ।'

ਮੈਂ ਕਈ ਵਾਰੀ ਇਕੱਲਾ ਬੈਠਾ ਸੋਚਦੈਂ ਕਿ ਮੈਂ ਇਹ ਕਿਹੜੀਆਂ ਸੋਚਾਂ ਲੈ ਬਹਿਨਾਂ। ਮੈਂ ਕੋਈ ਪਿੰਡ ਥੋੜ੍ਹਾ ਵਸਦਾਂ ਹੁਣ। ਜਿਥੇ ਸਾਡੇ ਇਕ ਪਾਸੇ ਚਾਚਾ ਰੱਤੀ ਤੇ ਦੂਜੇ ਪਾਸੇ ਮਾੜਿਆਂ ਦਾ ਤੋਤੀ ਰਹਿੰਦਾ। ਸ਼ਹਿਰ ਦੇ ਸਿਵਲ ਲਾਈਨ ਦੇ ਏਰੀਏ 'ਚ ਮਹਿੰਗੀ ਤੇ ਸਾਫ਼ ਸੁਥਰੀ ਜਗ੍ਹਾ 'ਚ ਰਿਹਾਇਸ਼ ਐ ਮੇਰੀ। ਇਕ ਕਨਾਲ ਦੀ ਦੋ ਮੰਜ਼ਿਲੀ ਕੋਠੀ ਦੇ ਇਕ ਪਾਸੇ ਡਾ. ਸਚਦੇਵਾ ਰਹਿੰਦਾ ਤੇ ਦੂਜੇ ਪਾਸੇ ਪ੍ਰੋ. ਗਿੱਲ। ਕੋਠੀ ਅੱਗਿਉਂ ਦੀ ਸੱਠ ਫੁੱਟੀ ਸੜਕ ਤੇ ਸੜਕੋਂ ਪਾਰ ਆਲੀਸ਼ਾਨ ਮਨਮੋਹਣਾ ਪਾਰਕ। ਅਪਣੇ ਸ਼ਹਿਰ ਦੇ ਲੋਕਲ ਐੱਮ. ਐੱਲ. ਏ. ਤੋਂ ਲੈ ਕੇ ਪ੍ਰਿੰਸੀਪਲ ਸਕੱਤਰ ਤੱਕ ਪਹੁੰਚ ਐ ਅਪਣੀ। ਕੋਈ ਕੰਮ ਅੜਦਾ ਨਹੀਂ ਅਪਣੇ ਅੱਗੇ। ਬੱਚੇ ਵੈੱਲ ਸੈਟਲਡ ਨੇ। ਕਾਹਦੀ ਥੋੜ੍ਹ ਐ ਹੁਣ। ਮੈਨੂੰ ਸਮਝ ਨਹੀਂ ਆਉਂਦੀ ਕਿ ਸਭ ਕੁਝ ਹੁੰਦਿਆਂ-ਸੁੰਦਿਆਂ ਮੇਰੀ ਅਜਿਹੀ ਹਾਲਤ ਕਿਉਂ ਹੋ ਜਾਂਦੀ ਐ। ਕਿਉਂ ਮੈਂ ਪਾਣੀਉਂ ਪਤਲਾ ਹੋ ਜਾਂਦਾ ਹਾਂ। ਕੋਈ ਨਾ ਕੋਈ ਘਾਟ ਜ਼ਰੂਰ ਐ ਮੇਰੇ 'ਚ। ਜੈਂਤੀਪੁਰੀਆ ਮੇਰਾ ਸੇਵਾਦਾਰ ਮੇਰੀਆਂ ਸੋਚਾਂ 'ਚ ਆਣ ਖੜ੍ਹਦਾ ਮੇਰੇ ਸਾਹਮਣੇ। ਅਪਣੀਆਂ ਕਤਰੀਆਂ ਮੁੱਛਾਂ ਉੱਤੇ ਪੋਲਾ-ਪੋਲਾ ਹੱਥ ਫੇਰਦਾ, ਖਾ ਜਾਣ ਵਾਲੀ ਨਿਗ੍ਹਾ ਨਾਲ ਝਾਕਦੈ ਮੇਰੇ ਵਲ। ਜਿਵੇਂ ਮੈਨੂੰ ਭੁਲੇਖੇ ਨਾਲ ਉਹਦੀ ਜੱਦੀ ਪੁਸ਼ਤੀ ਸੀਟ 'ਤੇ ਬਿਠਾ ਦਿੱਤਾ ਹੋਵੇ ਤੇ ਉਸਨੂੰ ਮੇਰੀ ਸੇਵਾਦਾਰ ਵਾਲੀ ਪੋਸਟ 'ਤੇ ਕੰਮ ਕਰਨਾ ਪੈ ਰਿਹਾ ਹੋਵੇ। ਮੈਂ ਬੋਝਲ ਹੋਏ ਅਪਣੇ ਦਿਮਾਗ ਨੂੰ ਛੰਡਦਾ। ਦਿਮਾਗ਼ ਦੀਆਂ ਨਸਾਂ ਫਟ ਜਾਣ ਨੂੰ ਆਉਂਦੀਆਂ ਨੇ ਉਸ ਸਮੇਂ ਤਾਂ। ਪੁੜਪੁੜੀਆਂ ਨੂੰ ਦੋਹਾਂ ਹੱਥਾਂ ਨਾਲ ਪੋਲਾ-ਪੋਲਾ ਘੁਟਦਾਂ ਤੇ ਦਿਲ ਹੀ ਦਿਲ 'ਚ ਆਖਦਾਂ ਕਿ ਕੁਲਬੀਰ ਸਿਹਾਂ ਇੱਕ ਥੋੜ੍ਹ ਐ ਮੇਰੇ 'ਚ ਜਿਹੜਾ ਮੈਂ ਜੰਮਿਆ ਠੀਕ ਘਰ ਨਹੀਂ। ਇਹਦੇ ਨਾਲੋਂ ਜੈਂਤੀਪੁਰੀਆ ਸੇਵਾਦਾਰ ਚੰਗਾ ਜਿਹਨੂੰ ਅਜਿਹੀਆਂ ਸੋਚਾਂ ਤੰਗ ਤਾਂ ਨਹੀਂ ਕਰਦੀਆਂ। ਉਂਝ ਮੈਂ ਕਈ ਵਾਰੀ ਅਪਣੇ ਆਪ ਨੂੰ ਤਸੱਲੀ ਦੇਣ ਲਈ ਸੋਚਦੈ ਕਿ ਇਨ੍ਹਾਂ ਉੱਚ ਪੁਣੇ ਦਾ ਅਪਣੀ ਪੂਛ ਪਿਛੇ ਐਵੇਂ ਛੱਜ ਹੀ ਬੰਨ੍ਹਿਐ। ਅੰਦਰੋਂ-ਅੰਦਰੀਂ ਟੁੱਟੇ ਪਏ ਐ ਇਹ ਵੀ। ਸਾਹਮਣੇ ਟੇਬਲ 'ਤੇ ਪਏ ਮੈਮੋਰੈਂਡਮ ਨੂੰ ਮੈਂ ਕਈ ਵਾਰੀ ਪੜ੍ਹਿਆ। ਜਿਹੜਾ ਦਸ ਕੁ ਬੰਦਿਆਂ ਦਾ ਵਫ਼ਦ ਮੈਨੂੰ ਡਿਊਟੀ 'ਤੇ ਬੈਠੇ ਨੂੰ ਦੇ ਕੇ ਗਿਆ ਸੀ। ਅਖ਼ਬਾਰਾਂ ਤੇ ਚੈਨਲਾਂ ਵਾਲਿਆਂ ਦੀ ਭਰਪੂਰ ਹਾਜ਼ਰੀ 'ਚ। ਇਨ੍ਹਾਂ ਦੇ ਤੀਹ ਚਾਲੀ ਬੰਦੇ ਬਾਹਰ ਲਾਅਨ 'ਚ ਵੀ ਖੜੇ ਸਨ ਹੱਥਾਂ 'ਚ ਬੈਨਰ ਫੜੀ। ਹਾਲ ਗੇਟ ਤੋਂ ਮਾਰਚ ਕਰਦੇ ਆਏ ਸਨ ਸਾਰੇ। ਸਿਟੀ ਨੈੱਟਵਰਕ ਦੀਆਂ ਖ਼ਬਰਾਂ ਤੋਂ ਮੈਂ ਗਹੁ ਨਾਲ ਵੇਖਿਆ ਸੀ ਸਭ ਕੁਝ। ਹੱਥਾਂ ਵਾਲੇ ਬੈਨਰ ਵੀ ਸਾਫ਼ ਪੜ੍ਹੇ ਜਾ ਸਕਦੇ ਸਨ ਤੇ ਲਾਊਡ ਸਪੀਕਰ 'ਤੇ ਲੱਗਦੇ ਨਾਅਰੇ ਵੀ ਸਾਫ਼ ਸੁਣਾਈ ਦੇਂਦੇ ਸਨ। ਹੇਠਲੀਆਂ ਜਾਤਾਂ ਵਾਲੀਆਂ ਸਰਕਾਰੀ ਸਹੂਲਤਾਂ ਦੀ ਮੰਗ ਕਰ ਰਹੇ ਸਨ ਕਿ ਸਾਨੂੰ ਵੀ ਅਨੁਸੂਚਿਤ ਜ਼ਾਤਾਂ ਵਾਲੀ ਸੂਚੀ ਵਿਚ ਸ਼ਾਮਿਲ ਕੀਤਾ ਜਾਵੇ।

ਕਈ ਵਾਰ ਤਾਂ ਮੇਰੀ ਸਹਿਮਤੀ ਵੀ ਬਣਦੀ ਐ ਇਨ੍ਹਾਂ ਨਾਲ। ਸੋਚਾਂ ਹੀ ਸੋਚਾਂ ਵਿਚ ਜਦੋਂ ਮੈਂ ਇਸ ਵਿਸ਼ੇ 'ਤੇ ਅਪਣੇ ਆਪ ਨਾਲ ਗੱਲਾਂ ਕਰਦਾ ਤਾਂ ਅਪਣੀ ਕੋਠੀ 'ਚ ਦੋ ਮਹੀਨੇ ਕੰਮ ਕਰਦਾ ਰਿਹਾ ਬਿੱਲਾ ਮਿਸਤਰੀ ਤੇ ਪਿੱਛੇ ਦਿਹਾੜੀ ਕਰਦਾ ਰਿਹਾ ਦੇਬ੍ਹਾ ਮੇਰੀਆਂ ਸੋਚਾਂ ਦਾ ਹਿੱਸਾ ਬਣਦੇ ਨੇ। ਕਿਸੇ ਲਾਗਲੇ ਪਿੰਡੋਂ ਆਉਂਦੇ ਸਨ ਦੋਵੇਂ। ਬਿੱਲਾ ਮਿਸਤਰੀ ਮਜ਼੍ਹਬੀਆਂ ਦਾ ਮੁੰਡਾ ਸੀ ਤੇ ਦੇਬ੍ਹਾ ਜਿਮੀਦਾਰਾਂ ਦਾ। ਮੈਂ ਉਸ ਦਿਨ ਲਾਅਨ 'ਚ ਬੈਠੇ ਦੁਪਹਿਰ ਦੀ ਰੋਟੀ ਖਾਂਦਿਆਂ ਦੀਆਂ ਗੱਲਾਂ ਸੁਣੀਆਂ ਸਨ ਦੋਹਾਂ ਦੀਆਂ। ਦੇਬ੍ਹਾ ਕਹਿੰਦਾ 'ਬਿੱਲਾ ਸਿਹਾਂ, ਤੁਸੀਂ ਚੰਗੇ ਓ ਯਾਰ, ਤੁਹਾਡਾ ਤਾਂ ਸਰਕਾਰ ਨੇ ਨੀਲਾ ਕਾਰਡ ਬਣਾਤਾ ਸਸਤੇ ਅਨਾਜ ਵਾਲਾ। ਮੈਂ ਤੇਰੇ ਸਾਹਮਣੇ ਮਜ਼ਦੂਰੀ ਕਰਦੈਂ ਸਾਰਾ ਦਿਨ। ਦਿਹਾੜੀ ਤੇਰੇ ਨਾਲੋਂ ਅੱਧੀ ਮਿਲਦੀ ਐ। ਜ਼ਮੀਨ ਥੋੜ੍ਹੀ ਬਹੁਤੀ ਸੀ ਸਾਡੇ ਪਿਓ ਨੇ ਕੁੜੀਆਂ ਦੇ ਵਿਆਹਾਂ 'ਚ ਅਪਣਾ ਨੱਕ ਉੱਚਾ ਰੱਖਣ ਲਈ ਬਿਲੇ ਲਾਤੀ ਸਾਰੀ ਦੀ ਸਾਰੀ। ਫਿਰ ਵੀ ਹੁਣ ਤਾਈਂ ਜਾਤ ਨੇ ਐਸਾ ਟਿੱਲੇ 'ਤੇ ਚਾੜ੍ਹ ਕੇ ਰੱਖਿਆ ਕਿ ਭੁੱਖੇ ਮਰਦਿਆਂ ਨੂੰ ਵੀ ਕੋਈ ਲਾਗੇ ਨਹੀਂ ਲੱਗਣ ਦਿੰਦਾ। ਲੱਗੀ ਦਿਹਾੜੀ 'ਚੋਂ ਚੁੱਲੇ ਚੌਂਕੇ ਦਾ ਝੱਟ ਨਹੀਂ ਲੰਘਦਾ। ਨਿਆਣੇ ਕਿੱਦਾਂ ਪਾਲਣੇ ਐ? ਇਹ ਕਾਹਦਾ ਜਿਊਣਾ ਐਵੇਂ ਦਿਨ ਕਟੀ ਕਰ ਰਹੇ ਆਂ ਅਸੀਂ ਤਾਂ।' ਦੇਬ੍ਹੇ ਦੀ ਕਹੀ ਗੱਲ ਮੈਨੂੰ ਧੁਰ ਅੰਦਰ ਤੱਕ ਹਲੂਣ ਗਈ ਸੀ ਤੇ ਮੈਂ ਪਰ੍ਹਾਂ ਹਟਵਾਂ ਬੈਠਾ ਕਈ ਚਿਰ ਉਹਦੇ ਲਮਕੇ ਚਿਹਰੇ ਨੂੰ ਵਿੰਹਦਾ ਰਿਹਾ ਸਾਂ।

ਮੇਰਾ ਲਮਕਿਆ ਚਿਹਰਾ ਵੇਖ ਕੇ ਫੌਜ 'ਚੋਂ ਛੁਟੀ ਆਇਆ ਭਾਪਾ ਵੀ ਤਾਂ ਇਹੋ ਸਮਝਾਇਆ ਕਰਦਾ ਸੀ ਕਿ 'ਪੁੱਤ ਕੁਲਬੀਰ ਸਿਹਾਂ' ਤੂੰ ਬਹੁਤਾ ਸੋਚਦੈਂ ਇਸ ਬਾਰੇ। ਗੱਲ ਕੋਈ ਐਡੀ ਹੈ ਨਹੀਂ ਇਦ੍ਹੇ 'ਚ। ਜਾਤਾਂ ਤਾਂ ਕੰਮਾਂ ਨਾਲ ਜੁੜੀਆਂ ਨੇ ਸਾਰੀਆਂ। ਜਦੋਂ ਬੰਦਾ ਪੜ੍ਹ ਲਿਖ ਕੇ ਇਸ ਜਿੱਲ੍ਹਣ 'ਚੋਂ ਬਾਹਰ ਨਿਕਲ ਜਾਏ ਤਾਂ ਜ਼ਾਤਾਂ ਨਾਲ ਥੋੜ੍ਹਾ ਤੁਰੀਆਂ ਫਿਰਦੀਆਂ ਕਿਤੇ। ਭਾਪੇ ਦੀ ਕਹੀ ਗੱਲ ਨੂੰ ਮੈਂ ਸੁਤਿਆਂ ਜਾਗਦਿਆਂ ਕਈ ਦਿਨ ਅਪਣੇ ਅੰਦਰ ਜਜ਼ਬ ਕਰਨ ਦੀ ਕੋਸ਼ਿਸ਼ ਕਰਦਾ ਰਿਹਾ ਸਾਂ। ਇਸੇ ਕਰਕੇ ਅਪਣੇ ਵਿਹੜੇ ਵਾਲੇ ਹਾਣੀ ਮੁੰਡਿਆਂ ਨਾਲੋਂ ਥੋੜ੍ਹੀ ਵਿੱਥ ਪਾ ਲਈ ਸੀ ਤੇ ਬਹੁਤਾ ਉੱਠਣਾ ਬੈਠਣਾ ਉੱਚੇ ਪਾਸੇ ਅਪਣੇ ਨਾਲ ਜਾਂ ਥੋੜ੍ਹਾ ਅੱਗੇ-ਪਿੱਛੇ ਪੜ੍ਹਦੇ ਮੁੰਡਿਆਂ ਨਾਲ ਕਰ ਲਿਆ ਸੀ। ਮੇਰੀ ਉਨ੍ਹਾਂ ਨਾਲ ਚੰਗੀ ਬਣਦੀ ਸੀ। ਅਸੀਂ ਇਕੱਠੇ ਮਾਲ ਡੰਗਰ ਚਾਰਦੇ ਸਾਂ। ਕਦੀ ਨਿਆਈਆਂ 'ਚ ਪੜੁੱਲ ਗੋਡ ਕੇ ਲੰਮੀਆਂ ਛਾਲਾਂ ਮਾਰਦੇ ਜਾਂ ਉਪਲਾਂ ਦੇ ਮੈਰੇ 'ਚ ਤਾਜ਼ੇ ਵਗੇ ਸਿਆੜਾਂ 'ਚ ਘੋਲ-ਕਬੱਡੀ ਕਰਦੇ ਮਿੱਟੀ ਨਾਲ ਲਿਬੜੇ-ਤਿਬੜੇ ਇਕ-ਮਿਕ ਹੋ ਜਾਂਦੇ ਸਾਂ।

ਉਨ੍ਹਾਂ ਦਿਨਾਂ 'ਚ ਕਿਤੇ ਲੰਬੜਾਂ ਦੇ ਗੁਰਮੇਲ ਦੀ ਭੈਣ ਦਾ ਵਿਆਹ ਧਰਿਆ ਸੀ। ਮੈਂ ਚਾਈਂ-ਚਾਈਂ ਭੱਜ-ਭੱਜ ਕੇ ਗੁਰਮੇਲ ਦੇ ਨਾਲ ਘਰ ਦਾ ਕੰਮ ਧੰਦਾ ਕਰਵਾਉਂਦਾ ਰਿਹਾ ਸਾਂ। ਘਰ ਦੀਆਂ ਸਾਫ਼ ਸਫ਼ਾਈਆਂ ਤੇ ਰੰਗ-ਰੋਗਨ ਤੋਂ ਲੈ ਕੇ ਅੱਡੇ ਤੋਂ ਖਰੀਦੇ ਸੌਦੇ-ਸੂਦ ਦੇ ਰੇਹੜੇ ਲੱਦ ਕੇ ਲਿਆਉਣ ਤੱਕ ਦਾ ਇਕ-ਇਕ ਕੰਮ ਧੰਦਾ ਮੈਂ ਆਪ ਅੱਗੇ ਹੋ ਕੇ ਕੀਤਾ ਸੀ। ਜੰਞ ਆਉਣ ਤੋਂ ਇਕ ਦਿਨ ਪਹਿਲਾਂ ਤਾਂ ਸਾਰਾ ਦਿਨ ਅੱਡੀ ਜ਼ਮੀਨ 'ਤੇ ਨਹੀਂ ਸੀ ਲੱਗੀ। ਜਾਵੀਆਂ ਤੇ ਮੇਲੀਆਂ ਲਈ ਲੋਕਾਂ ਦੇ ਘਰਾਂ ਤੋਂ ਮੰਜੇ-ਬਿਸਤਰੇ ਇਕੱਠੇ ਕਰਦਿਆਂ, ਚਾਨਣੀਆਂ ਕਨਾਤਾਂ ਲਾਉਂਦਿਆਂ ਤੇ ਹਲਵਾਈਆਂ ਦਾ ਸਾਜੋ-ਸਮਾਨ ਫੜਾਉਂਦਿਆਂ ਨੇਰ੍ਹਾ ਆਣ ਉਤਰਿਆ ਸੀ। ਮੈਂ ਵਿਚੋਂ ਹੀ ਝਕਾਨੀ ਜਿਹੀ ਮਾਰਕੇ ਘਰੋਂ ਨਹਾ-ਧੋ ਕੇ ਫਿਰ ਆ ਗਿਆ ਸਾਂ। ਵਿਆਹ ਵਾਲੇ ਘਰ ਰੌਣਕ ਵੇਖਿਆਂ ਬਣਦੀ ਸੀ। ਨਾਨਕਾ ਮੇਲਣਾਂ ਬਣ-ਠਣ ਕੇ ਬੈਠੀਆਂ ਹਾਸਾ ਠੱਠਾ ਕਰ ਰਹੀਆਂ ਸਨ। ਸ਼ਰੀਕਾ-ਬਰਾਦਰੀ ਤੇ ਹੋਰ ਆਏ ਗਏ 'ਚ ਕਿਧਰੇ ਪੈਰ ਧਰਨ ਨੂੰ ਥਾਂ ਨਹੀਂ ਸੀ। ਇਸ ਗਹਿਮਾ-ਗਹਿਮੀ ਤੇ ਰੌਲੇ-ਰੱਪੇ 'ਚ ਰਾਤ ਦੀ ਰੋਟੀ ਖਵਾਉਣ ਦੀ ਤਿਆਰੀ ਹੋਣ ਲੱਗੀ। ਚਹਿ ਤਹੀਆਂ ਤੇ ਦੋਹੜੀਆਂ ਕੰਧਾਂ ਦੇ ਨਾਲ-ਨਾਲ ਵਿਹੜੇ 'ਚ ਵਿਛ ਗਈਆਂ ਸਨ। ਜਨਾਨੀਆਂ ਨਿੱਕੇ ਜਵਾਕਾਂ ਨੂੰ ਬਾਹੋਂ ਫੜ੍ਹ ਕੇ ਅਫਰਾ-ਤਫਰੀ 'ਚ ਕਾਹਲੀ-ਕਾਹਲੀ ਜਗ੍ਹਾ ਮੱਲਣ ਲੱਗੀਆਂ। ਵੇਖਦਿਆਂ-ਵੇਖਦਿਆਂ ਪਾਲਾਂ ਬੱਝ ਗਈਆਂ। ਪੰਚਾਇਤੀ ਥਾਲੀਆਂ ਤੇ ਗਲਾਸ ਮਹਿੰਗੇ ਰਾਜੇ ਨੇ ਅਪਣੇ ਮੋਢੇ 'ਤੇ ਰੱਖੇ ਪਰਨੇ ਨਾਲ ਪੂੰਝ-ਪੂੰਝ ਕੇ ਸਲੀਕੇ ਨਾਲ ਇਕ-ਇਕ ਦੇ ਮੂਹਰੇ ਧਰੇ ਸਨ। ਵਰਤਾਵੇ ਪੰਗਤਾਂ 'ਚ ਘੁੰਮਣ ਲੱਗੇ। 'ਦਾਲ ਭੈਣ ਜੀ...ਦਹੀਂ ਜੀ...ਜ਼ਰਦਾ ਜੀ...ਵੀਰ ਪਾਣੀ ਪਾਈਂ ਜ਼ਰਾ ਮੁੰਡੇ ਦੇ ਬੁਰਕੀ ਹਿੱਕੇ ਲੱਗੀ ਊ।' ਕਈ ਤਰ੍ਹਾਂ ਦੀਆਂ ਰੰਗ-ਬਰੰਗੀਆਂ ਆਵਾਜ਼ਾਂ ਆ ਰਹੀਆਂ ਸਨ। ਮੈਂ ਵੀ ਲੋਹ ਤੋਂ ਲੱਥਦੇ ਤਾਜ਼ੇ ਫੁਲਕਿਆਂ ਦੀ ਥਹੀ ਹੱਥ ਦੀ ਤਲੀ 'ਤੇ ਰੱਖ ਕੇ ਪਹਿਲੀ ਲਾਈਨ 'ਚ ਅਜੇ ਦੋ-ਤਿੰਨ ਜਨਾਨੀਆਂ ਨੂੰ ਹੀ 'ਫੁਲਕਾ ਵਾਹਿਗੁਰੂ' ਕਹਿ ਕੇ ਵਰਤਾਉਣਾ ਸ਼ੁਰੂ ਕੀਤਾ ਸੀ ਜਦੋਂ ਗੁਰਮੇਲ ਦੇ ਦਾਰ ਜੀ ਨੇ ਮੇਰੀ ਬਾਂਹ ਫੜ੍ਹ ਹੱਥੋਂ ਰੋਟੀਆਂ ਦੀ ਥਹੀ ਫੜਦਿਆਂ ਕਿਹਾ ਸੀ। 'ਕੁਲਬੀਰ, ਕਾਕਾ ਐਵੇਂ ਹਰ ਥਾਂ ਹੱਥ ਨਹੀਂ ਮਾਰੀਦਾ। ਇਧਰ ਪੰਗਤ 'ਚ ਵਰਤਾਵੇ ਹੈਗੇ ਆ ਅਸੀਂ ਬਥੇਰੇ। ਸਾਂਭ ਲਾਂ ਗੇ ਸਭ ਕੁਝ। ਤੂੰ ਜਾਹ, ਬੀਬਾ ਪੁੱਤ ਬਣ ਕੇ ਉਧਰ ਬੈਠ ਤੇ ਚਰ੍ਹ ਹੇਠਾਂ ਛਾਪੇ ਡਾਹ ਭੰਨ-ਭੰਨ ਕੇ ਨਾਲੇ ਰਮਾਨ ਨਾਲ ਬਹਿ ਕੇ ਅੱਗ ਸੇਕ' ਕਹਿੰਦਿਆਂ ਉਸ ਨੇ ਮੇਰੇ ਹੱਥੋਂ ਫੜੀਆਂ ਰੋਟੀਆਂ ਨੂੰ ਇਸ ਤਰ੍ਹਾਂ ਝਾੜਿਆ ਸੀ ਜਿਵੇਂ ਰੋਟੀਆਂ ਮੇਰੇ ਹੱਥਾਂ 'ਚੋਂ ਨਹੀਂ, ਬਲਕਿ ਜ਼ਮੀਨ ਤੋਂ ਡਿੱਗੀਆਂ ਚੁੱਕੀਆਂ ਹੋਣ ਤੇ ਉਨ੍ਹਾਂ ਨਾਲੋਂ ਮਿੱਟੀ-ਘੱਟਾ ਝਾੜਦਾ ਹੋਵੇ। ਮੈਨੂੰ ਡੌਰ-ਭੌਰ ਖਲੋਤੇ ਨੂੰ ਉਸ ਨੇ ਇਕ ਹੱਥ ਨਾਲ ਦੋ-ਤਿੰਨ ਪੈਰ ਪੁੱਠੇ ਪੈਰੀਂ ਪੰਗਤ ਅੰਦਰੋਂ ਬਾਹਰ ਧੱਕ ਦਿੱਤਾ ਸੀ। ਉੱਪਰ ਲੱਗੀਆਂ ਚਮਕੀਲੇ ਰੰਗ ਦੀਆਂ ਚਾਨਣੀਆਂ ਕਨਾਂਤਾਂ ਹੇਠ ਖਲੋਤਿਆਂ ਮੇਰਾ ਦਮ ਘੁੱਟਣ ਲੱਗਿਆ ਸੀ। ਮੈਨੂੰ ਲੱਗਿਆ ਜਿਵੇਂ ਵਰਤਾਵਿਆਂ ਤੇ ਪੰਗਤ 'ਚ ਬੈਠਿਆਂ ਨੇ ਮੈਨੂੰ ਚਿੜਾਉਣ ਦੇ ਮਨਸੂਬੇ ਨਾਲ ਜਾਣ-ਬੁਝ ਕੇ 'ਫੁਲਕਾ ਦਈਂ ਵੀਰ...ਦਾਲ ਭੈਣ ਜੀ...ਦੀਆਂ ਅਵਾਜ਼ਾਂ ਹੋਰ ਉੱਚੀ ਚੁੱਕ ਲਈਆਂ ਹੋਣ। ਮੱਛੀ ਮੰਡੀ ਵਾਂਗ ਵਧਦਾ ਖੱਪ-ਖਾਨਾ ਮੇਰੇ ਦਿਲ 'ਤੇ ਦਿਮਾਗ 'ਚ ਹਥੌੜਿਆਂ ਵਾਂਗ ਵੱਜਣ ਲੱਗਿਆ। ਮੈਥੋਂ ਇਹ ਸਾਰਾ ਕੁਝ ਸਹਿਣ ਦੀ ਸਮਰੱਥਾ ਖ਼ਤਮ ਹੋ ਗਈ ਸੀ ਤੇ ਮੈਂ ਬਿਨਾਂ ਕਿਸੇ ਨਾਲ ਅੱਖ ਮਿਲਾਇਆਂ ਵਾਹੋ-ਦਾਹੀ ਘਰ ਨੂੰ ਵੱਗ ਆਇਆ ਸਾਂ। ਬਗੈਰ ਕੁਝ ਖਾਧਿਆਂ ਪੀਤਿਆਂ ਮੈਂ ਸਬਾਤ ਉੱਪਰ ਪਈ ਅਲਾਣੀ ਮੰਜੀ 'ਤੇ ਪਾਸੇ ਮਾਰਦਾ ਰਿਹਾ ਸਾਂ। ਨੀਂਦ ਤੋਂ ਸੱਖਣੀ ਉਸ ਕਾਲੀ ਤੇ ਹਨੇਰੀ ਰਾਤ ਦੇ ਅਰਥਾਂ ਦੀ ਮੈਨੂੰ ਉਦੋਂ ਸਮਝ ਪਈ ਸੀ।

ਰੱਜੋ ਮਹਿਰੀ ਦੀ ਘਗਿਆਈ ਜਿਹੀ ਅਵਾਜ਼ ਨਾਲ ਮੇਰੀ ਸੁਰਤੀ ਵਾਪਸ ਪਰਤਦੀ ਐ। ਉਹ ਪਰਾਤ ਵਿਚਲੀਆਂ ਅੱਧ ਸਿਕੀਆਂ ਕਵਾਸੀਆਂ ਰੋਟੀਆਂ ਨੂੰ ਝਾੜ-ਝਾੜ ਕੇ ਮੇਰੀ ਪਤਨੀ ਦੇ ਹੱਥਾਂ 'ਤੇ ਇਕ-ਇਕ ਕਰਕੇ ਰੱਖਦਿਆਂ ਕੁਝ ਸਮਝਾ ਰਹੀ ਐ। ਮੈਂ ਰੋਟੀਆਂ 'ਚੋਂ ਉੱਡਦੇ ਧੂੜੇ ਨੂੰ ਝਾਕਦਾਂ ਜਿਸ ਤੋਂ ਮੇਰੀ ਪਤਨੀ ਅਪਣੇ ਲੀੜਿਆਂ 'ਤੇ ਪੈ ਜਾਣ ਦੇ ਡਰ ਤੋਂ ਥੋੜ੍ਹਾ ਪਿੱਛੇ ਨੂੰ ਝੁਕੀ ਹੋਈ ਐ ਤੇ ਜਨਾਨੀਆਂ ਦਾ ਕਹਿਆ ਮੰਨਦਿਆਂ ਰੋਟੀਆਂ ਹੱਥਾਂ 'ਚ ਫੜ ਰਹੀ ਹੈ।

......

ਅਸਮਾਨੀ ਜਿਹੀ ਭਾਹ ਮਾਰਦੀ ਪੱਗ ਬੰਨ੍ਹੀ ਭਾਮ ਵਾਲਾ ਮਾਮਾ ਵੀ ਆਣ ਪਹੁੰਚਿਆ ਹੈ। ਵਾਰੋ-ਵਾਰੀ ਸਾਨੂੰ ਗਲ ਨਾਲ ਲਾ ਕੇ ਪਿਆਰ ਦੇਂਦਿਆਂ ਮਾਮਾ ਸ਼ੈੱਡ ਹੇਠਲੀ ਖ਼ਾਕ ਦੀ ਢੇਰੀ ਵੱਲ ਸਹਿਜ-ਸਹਿਜ ਨਿੱਕੇ-ਨਿੱਕੇ ਕਦਮ ਪੁਟਦਿਆਂ ਵੱਧਦਾ ਹੈ। ਇਧਰ-ਉਧਰ ਖਲੋਤਿਆਂ 'ਚ ਵੀ ਹਿਲਜੁਲ ਜਿਹੀ ਹੁੰਦੀ ਐ ਤੇ ਸਾਰੇ ਦੋ-ਦੋ ਪੈਰ ਅਗਾਂਹ ਨੂੰ ਖਿਸਕਦਿਆਂ ਬੇ-ਤਰਤੀਬੀ ਸਵਾਹ ਦੀ ਢੇਰੀ ਦੁਆਲੇ ਆਣ ਖੜ੍ਹਦੇ ਹਨ। ਮਾਮਾ ਦੋਵੇਂ ਹੱਥ ਹਵਾ 'ਚ ਫੈਲਾ ਕੇ ਦੂਰ ਖਲਾਅ 'ਚ ਝਾਕਦੈ, ਚੁੱਪ ਚਪੀਤਾ, ਜਿਵੇਂ ਕੋਈ ਇਬਾਦਤ ਕਰ ਰਿਹਾ ਹੋਵੇ। ਫਿਰ ਥੋੜ੍ਹਾ ਚਿਰ ਖ਼ਾਕ ਦੀ ਢੇਰੀ ਵੱਲ ਝਾਕਦਾ ਰਿਹਾ ਤੇ ਹੌਲੀ-ਹੌਲੀ ਜਿਹੀ ਬੁੜ-ਬੁੜਾਇਆ 'ਭਾਈਆ ਰਤਨ ਸਿਹੁੰ ਦੇਵਤਾ ਸਰੂਪ ਆਦਮੀ ਸੀ। ਕੀ ਮਜਾਲ ਐ ਕਿਤੇ ਕਿਸੇ ਨੂੰ ਦਿਲ ਵੱਢਵੀਂ ਗੱਲ ਕਹੀ ਹੋਵੇ ਜਾਂ ਕਿਸੇ ਦੀ ਕਹੀ ਨੂੰ

ਦਿਲ ’ਤੇ ਲਾਇਆ ਹੋਵੇ।

ਭਾਪਾ ਸੱਚ-ਮੁੱਚ ਦੇਵਤਾ ਪੁਰਸ਼ ਹੀ ਤਾਂ ਲੱਗਦਾ ਹੁੰਦਾ ਸੀ ਜਦੋਂ ਪਿੰਡ ’ਚ ਨਿਕਲਦੀ ਪ੍ਰਭਾਤ ਫੇਰੀ ਦੇ ਦਿਨਾਂ ’ਚ ਉਹ ਗਲ ’ਚ ਢੋਲਕੀ ਪਾ ਕੇ ਸ਼ਬਦ ਪੜ੍ਹਦਾ ਹੁੰਦਾ ਸੀ। ਭਾਪੇ ਨੇ ਫੌਜ ’ਚੋਂ ਆ ਕੇ ਅਪਣਾ ਜੀਵਨ ਧਾਰਮਿਕ ਬਿਰਤੀ ਵਾਲਾ ਕਰ ਲਿਆ ਸੀ। ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਨਿਤਨੇਮ ਕਰਦਾ। ਫਿਰ ਅਪਣੇ ਪੱਤੀ ਵਾਲੇ ਗੁਰਦੁਆਰੇ ਜਾ ਕੇ ਸੁਖਮਨੀ ਸਾਹਿਬ ਪੜ੍ਹਦਾ ਹੁੰਦਾ ਸੀ। ਪਿੰਡ ਦੀਆਂ ਗਲੀਆਂ ’ਚ ਤੁਰਿਆ ਫਿਰਦਾ ਹੱਥ ’ਚ ਨਿੱਕੀ ਜਿਹੀ ਸੋਟੀ ਰੱਖਦਾ। ਕੱਚੀਆਂ ਵਹਿਣੀਆਂ ’ਚ ਅੜ੍ਹੇ ਕੱਖ-ਕਾਨ ਨੂੰ ਸੋਟੀ ਦੇ ਸਹਾਰੇ ਬਾਹਰ ਕੱਢਦਾ ਤੇ ਮੁਸ਼ਕ ਮਾਰਦੇ ਖਲੋਤੇ ਪਾਣੀ ਨੂੰ ਰਵਾਂ ਕਰਦਾ। ਕਿਤੇ ਰਸਤੇ ’ਚ ਇੱਟ ਵੱਟਾ ਜਾਂ ਛਾਪੇ ਢੀਂਗਰ ਨੂੰ ਪਏ ਵੇਖਦਾ ਤਾਂ ਚੁੱਕ ਕੇ ਦੂਰ ਖਤਾਨਾਂ ’ਚ ਵਗਾਹ ਮਾਰਦਾ। ਰਸਤੇ ਵਿਚਲੇ ਟੋਏ ਟਿੱਬਿਆਂ ਨੂੰ ਪੂਰ ਕੇ ਚਲਣ ਵਾਲਿਆਂ ਦਾ ਰਾਹ ਪੱਧਰਾ ਕਰਦਾ ਹੁੰਦਾ ਸੀ। ਸਿਆਲਾਂ ਦੇ ਠੰਡੇ ਯਖ਼ ਮੌਸਮ ਵਿਚ ਪ੍ਰਭਾਤ ਫੇਰੀ ਨਿਕਲਦੀ ਤਾਂ ਭਾਪਾ ਸਾਰੇ ਪਿੰਡ ਦੀ ਅਗਵਾਈ ਕਰਦਾ ਹੁੰਦਾ ਸੀ। ਤਾਰਿਆਂ ਦੀ ਨਿੰਮੀ-ਨਿੰਮੀ ਲੋਅ ’ਚ ਨੰਗੇ ਪੈਰੀਂ ਪਿੰਡ ਦੀ ਪ੍ਰਕਰਮਾ ਕਰਦਿਆਂ ਭਾਪਾ ਮੱਠੀ-ਮੱਠੀ ਅਵਾਜ਼ ’ਚ ਸ਼ਬਦ ਪੜ੍ਹਦਾ ‘ਮੈਂ ਕਿੱਥੇ ਗੁਜ਼ਾਰਾਂ ਝੱਟ ਸਾਈਆਂ, ਜਗ ਕਿਸੇ ਗੱਲੇ ਨਾ ਰਾਜ਼ੀ।’ ਉਸ ਸਮੇਂ ਭਾਪਾ ਦਰਵੇਸ਼ ਆਦਮੀ ਲੱਗਦਾ ਸੀ।

ਪਰ ਦਰਵੇਸ਼ ਆਦਮੀ ਵੀ ਉਸ ਦਿਨ ਕਿੰਨਾ ਉਖੜਿਆ-ਉਖੜਿਆ ਜਿਹਾ ਲੱਗਿਆ ਸੀ ਜਿਸ ਦਿਨ ਬਾਬੇ ਜੈਤੇ ਦੇ ਸ਼ਹੀਦੀ ਦਿਨ ’ਤੇ ਲਾਏ ਲੰਗਰ ’ਚੋਂ ਉੱਚੇ ਪਾਸੇ ਵਾਲੇ ਤਾਰਾ ਸਿਹੁੰ ਤੇ ਬਾਕੀ ਦੇ ਬਿਨਾਂ ਰੋਟੀ ਖਾਧੇ ਉੱਠ ਕੇ ਚਲੇ ਗਏ ਸਨ। ਭਾਪੇ ਨੇ ਕਿੰਨਾ ਯਤਨ ਕੀਤਾ ਸੀ ਉਨ੍ਹਾਂ ਨੂੰ ਲੰਗਰ ਦਾ ਇਕ ਫੁਲਕਾ ਛਕਾਉਣ ਲਈ। ਉਨ੍ਹਾਂ ਨੂੰ ਆਇਆਂ ਵੇਖ ਭਾਪੇ ਨੂੰ ਚਾਅ ਜਿਹਾ ਚੜ੍ਹ ਗਿਆ ਸੀ। ਉਨ੍ਹਾਂ ਹੱਥੋਂ ਲੰਗਰ ’ਚ ਪਾਉਣ ਲਈ ਲਿਆਂਦਾ ਆਟਾ ਤੇ ਦਾਲ ਭਾਪੇ ਨੇ ਆਪ ਅੱਗੇ ਹੋ ਕੇ ਫੜਿਆ ਸੀ। ਫਿਰ ਭੱਜ ਕੇ ਪ੍ਰਕਾਸ਼ ਵਾਲੇ ਅੰਦਰ ਵਿਛੀ ਨਵੀਂ ਦਰੀ ਕੱਢ ਲਿਆਇਆ। ਨਿਸ਼ਾਨ ਸਾਹਿਬ ਲਾਗੇ ਉੱਚੀ ਥਾਂ ’ਤੇ ਦਰੀ ਵਿਛਾ ਕੇ ਬੜੇ ਅਦਬ ਨਾਲ ਉਨ੍ਹਾਂ ਨੂੰ ਬੈਠਣ ਲਈ ਕਹਿੰਦਿਆਂ ਭਾਪਾ ਇਕ ਹੱਥ ’ਤੇ ਫੁਲਕੇ ਤੇ ਦੂਸਰੇ ’ਚ ਦਾਲ ਵਾਲੀ ਬਾਲਟੀ ਫੜ੍ਹ ਲਿਆਇਆ ਸੀ। ਤਾਰਾ ਸਿਹੁੰ ਅਜੇ ਦਰੀ ’ਤੇ ਬੈਠਾ ਨਹੀਂ ਸੀ ਨਾ ਉਹਦਾ ਬੈਠਣ ਦਾ ਇਰਾਦਾ ਲੱਗਦਾ ਸੀ। ਉਹ ਤਾਂ ਆਸੇ ਪਾਸੇ ਦਾ ਮੁਆਇਨਾ ਜਿਹਾ ਕਰਦਾ ਲੱਗਦਾ ਸੀ। ਭਾਪੇ ਨੇ ਬਾਲਟੀ ਵਾਲਾ ਹੱਥ ਵਿਹਲਾ ਕਰਕੇ ਦੋ ਰੋਟੀਆਂ ਤਾਰਾ ਸਿਹੁੰ ਵੱਲ ਵਧਾਉਂਦਿਆਂ ਕਹਾ, ‘ਬੈਠੋ ਸਰਦਾਰ ਤਾਰਾ ਸਿਹੁੰ ਜੀ ਲੰਗਰ ਦਾ ਪ੍ਰਸ਼ਾਦਾ ਛਕਦੇ ਜਾਉ।’ ਸੁਣ ਕੇ ਤਾਰਾ ਸਿਹੁੰ ਨੂੰ ਥੋੜ੍ਹਾ ਚਿਰ ਜਵਾਬ ਨਾ ਅਹੁੜਿਆ। ਨਿਸ਼ਾਨ ਸਾਹਿਬ ਦੇ ਥੜ੍ਹੇ ਨਾਲ ਢੋਹ ਲਾ ਕੇ ਖਲੋਤਾ ਡੌਰ ਭੌਰ ਜਿਹਾ ਹੋ ਝਾਕੀ ਜਾਵੇ ਕਦੀ ਭਾਪੇ ਦੇ ਵਧੇ ਹੋਏ ਹੱਥ ਉਤਲੀਆਂ ਰੋਟੀਆਂ ਵੱਲ ਤੇ ਕਦੀ ਭੌਏਂ ’ਤੇ ਰੱਖੀ ਬਾਲਟੀ ਵੱਲ। ਫਿਰ ਉਹ ਥੋੜ੍ਹਾ ਜਿਹਾ ਸੰਭਲਿਆ ਤੇ ਬੋਲਿਆ, ‘ਨਾ ਭਈ ਫੌਜੀਆ ਹੁਣ ਨਹੀਂ ਗੁੰਜਾਇਸ਼, ਅੱਗੇ ਕੁਵੇਲੇ ਜਿਹੇ ਕੀਤਾ ਲੌਢਾ ਵੇਲਾ। ਸਹੁੰ ਗੁਰੂ ਦੀ ਧਰਮ ਨਾਲ ਹੁਣ ਤਾਂ ਖਾਣ ਛੱਡਿਆ ਵੇਖਣ ਨੂੰ ਵੀ ਰੂਹ ਨਹੀਂ ਕਰਦਾ’ ਤੇ ਨਾਲ ਹੀ ਦੋਵੇਂ ਹੱਥ ਪਿੱਛੇ ਨੂੰ ਕਰਦਿਆਂ ਦੋ ਕੁ ਪੈਰ ਪਿੱਛੇ ਨੂੰ ਹੱਟ ਗਿਆ। ਤਾਰਾ ਸਿਹੁੰ ਦੇ ਨਾਲਦੇ ਵੀ ਅਪਣੇ ਗਲ ਪਾਏ ਝਗਿਆਂ ਨੂੰ ਪਿੱਠਾਂ ਤੋਂ ਝਾੜਦਿਆਂ ਉੱਠ ਕੇ ਖਲੋ ਗਏ। ਭਾਪਾ ਵੀ ਦੋ ਕੁ ਪੈਰ ਅਗਾਂਹ ਹੋ ਗਿਆ ਤੇ ਹਲੀਮੀ ਜਿਹੀ ਨਾਲ ਬੋਲਿਆ, ‘ਤਾਰਾ ਸਿਹੁੰ ਜੀ ਕੋਈ ਚਿੰਤਾ ਨਾ ਕਰੋ ਕੋਈ ਮਾੜਾ ਚੰਗਾ ਹੱਥ ਨਹੀਂ ਲੱਗਾ ਲੰਗਰ ਨੂੰ। ਮਹਿੰਗਾ ਸਿਹੁੰ ਰਾਜੇ ਨੇ ਬੜੀ ਸੁਚਮਤਾਈ ਨਾਲ ਤਿਆਰ ਕੀਤਾ ਸਭ ਕੁਝ। ਕੱਚੀਆਂ ਰਸਦਾਂ ਵੀ ਉੱਚੇ ਪਾਸੇ ਵਾਲੇ ਘਰਾਂ ਤੋਂ ਉਗਰਾਹ ਕੇ ਲਿਆਂਦੀਆਂ ਨੇ। ਸਵੇਰੇ ਗ੍ਰੰਥੀ ਸਿੰਘ ਨੇ ਅਰਦਾਸ ਕਰਕੇ ਮਹਾਰਾਜ ਨੂੰ ਆਪ ਭੋਗ ਲਵਾਇਆ। ਛਕਣ ’ਚ ਕੀ ਹਰਜ ਐ। ਵੈਸੇ ਵੀ ਲੰਗਰ ਦੇ ਫੁਲਕੇ ਨੂੰ ਨਕਾਰਨਾ ਨਹੀਂ ਚਾਹੀਦਾ।’ ਭਾਪਾ ਮੋਰਚਾ ਮੱਲ ਕੇ ਖੜ੍ਹਾ ਸੀ।

‘ਰਤਨ ਸਿੰਹਾਂ ਭਾਵੇਂ ਗੁੱਸਾ ਮੰਨ ਭਾਵੇਂ ਰਾਜੀ। ਤੁਸੀਂ ਫੌਜੀ ਲੋਕ ਬੇਮਤਲਬੀ ਬਹਿਸ ਬਹੁਤੀ ਕਰਦੇ ਓ। ਜਦੋਂ ਇਕ ਵਾਰੀ ਕਹਿਤਾ ਕਿ ਲੋੜ ਨਹੀਂ ਐ ਤਾਂ ਬੰਦੇ ਨੂੰ ਸਮਝ ਲੈਣਾ ਚਾਹੀਦਾ। ਹੁਣ ਢਿੱਡ ’ਤੇ ਤਾਂ ਬੰਨਣੋਂ ਰਹੇ। ਨਾਲੇ ਹਾਅ ਉੱਚੇ ਨੀਵੇਂ ਵਾਲੀ ਕਿਹੜੀ ਨਵੀਂ ਲੀਲ੍ਹਾ ਵਿੱਢੀ ਜਾਨੈ ? ਤੁਹਾਡੀਆਂ ਇਨ੍ਹਾਂ ਗੱਲਾਂ ਨਾਲ ਹੀ ਪਿੰਡ ਦੇ ਲੋਕਾਂ ’ਚ ਧੜੇ ਬਣੇ ਰਹਿੰਦੇ ਐ। ਤੈਨੂੰ ਸਮਝ ਹੀ ਨਹੀਂ ਆਉਂਦੀ ਕਿ ਅਗਲਾ ਕੀ ਭੌਂਕਦਾ? ਤਾਰਾ ਸਿਹੁੰ ਦੇ ਚਿਹਰੇ ’ਤੇ ਗੁੱਸੇ ਤੇ ਤਲਖੀ ਦੀਆਂ ਰੇਖਾਵਾਂ ਨੂੰ ਸਾਫ਼ ਪੜ੍ਹਿਆ ਜਾ ਸਕਦਾ ਸੀ।

ਤਾਰਾ ਸਿਹੁੰ ਦੀਆਂ ਤੈਸ਼ ’ਚ ਆ ਕੇ ਕਹੀਆਂ ਗੱਲਾਂ ਨਾਲ ਭਾਪਾ ਛਿੱਥਾ ਜਿਹਾ ਪੈ ਗਿਆ ਸੀ। ਉਸ ਨੇ ਪੈਂਤੜਾ ਢਿੱਲਾ ਕੀਤਾ, ‘ਚਲੋ ਜਿਵੇਂ ਤੁਹਾਡੀ ਇਛੈ, ਮੈਂ ਤਾਂ ਕਿਹਾ ਗੁਰੂ ਘਰ ਦਾ ਪ੍ਰਸ਼ਾਦ ਐ... ਜਿਵੇਂ ਹਰ ਆਇਆ ਗਿਆ ਛਕਦਾ ਤੁਸੀਂ ਵੀ ਛਕ ਜਾਂਦੇ ਸਵਾਇਆ ਗੱਫਾ, ਨਹੀਂ ਇੱਛਾ ਤਾਂ ਕੋਈ ਨਹੀਂ ਜਿਵੇਂ ਤੁਹਾਡੀ ਮਰਜ਼ੀ’, ਕਹਿੰਦਿਆਂ ਵਧੇ ਹੋਏ ਰੋਟੀਆਂ ਵਾਲੇ ਹੱਥ ਨੂੰ ਪਿੱਛੇ ਖਿੱਚਦਿਆਂ ਭਾਪਾ ਦੋ ਪੈਰ ਪਿੱਛੇ ਨੂੰ ਹਟ ਗਿਆ। ਤਾਰਾ ਸਿਹੁੰ ਤੇ ਉਹਦੇ ਨਾਲਦਿਆਂ ਨੂੰ ਬਾਹਰ ਜਾਂਦਿਆਂ ਵਹਿੰਦਾ ਰਿਹਾ। ਮੈਂ ਵੇਖਿਆ ਕਿ ਚੁੱਪ-ਚਪੀਤੇ ਖਲੋਤੇ ਭਾਪੇ ਦੇ ਚਿਹਰੇ ’ਤੇ ਨਮੋਸ਼ੀ ਤੇ ਸ਼ਰਮਿੰਦਗੀ ਦੀ ਤਹਿ ਜੰਮੀ ਪਈ ਸੀ। ਉਹ ਮੁੜ-ਮੁੜ ਮੋਢੇ ’ਤੇ ਰੱਖੇ ਪਰਨੇ ਨਾਲ ਅਪਣੇ ਮੱਥੇ ’ਤੇ ਟਪਕਦੀਆਂ ਪਸੀਨੇ ਦੀਆਂ ਬੂੰਦਾਂ ਨੂੰ ਪੂੰਝਦਾ। ਐਵੇਂ ਬੇਮਤਲਬਾ ਜਿਹਾ ਕਰੜ ਬਰੜੀ ਦਾੜ੍ਹੀ ’ਤੇ ਹੱਥ ਫੇਰਦਾ। ਮੇਰਾ ਦਿਲ ਕੀਤਾ ਕਿ ਇਸ ਤਰ੍ਹਾਂ ਨਿੰਮੋਝੂਣੇ ਹੋ ਕੇ ਖਲੋਤੇ ਭਾਪੇ ਨੂੰ ਬਾਹੋਂ ਫੜ ਘਰ ਲੈ ਜਾਵਾਂ। ਉਹਦੇ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰਾਂ। ਉਹਦਾ ਭਰਿਆ ਮਨ ਹੋਰਥੇ ਪਾਉਣ ਲਈ। ਮੈਂ ਇਸ ਲਈ ਹਿੰਮਤ ਵੀ ਜੁਟਾਈ। ਦੋ ਪੈਰ ਉਹਦੇ ਵੱਲ ਨੂੰ ਪੁੱਟੇ ਵੀ ਸਨ। ਮੇਰੇ ਵੇਹਿੰਦਿਆਂ-ਵੇਹਿੰਦਿਆਂ ਉਸ ਨੇ ਭੋਇੰ ’ਤੇ ਰੱਖੀ ਦਾਲ ਵਾਲੀ ਬਾਲਟੀ ਨੂੰ ਚੁੱਕਿਆ ਤੇ ਕੰਧ ਨਾਲ ਬੈਠੇ ਨਿੱਕੇ ਨਿਆਣਿਆਂ ਦੀ ਪਾਲ ’ਚ ਜਾ ਵੜਿਆ ਸੀ। ਕੜਛੇ ਭਰ-ਭਰ ਦਾਲ ਵਰਤਾਉਂਦਾ, ਕਦੀ ਉੱਪਰ ਉਠੇ ਖਾਲੀ ਹੱਥਾਂ ’ਤੇ ਰੋਟੀਆਂ ਰੱਖਦਾ। ਛੋਹਲੇ ਕਦਮੀ ਇਕ ਸਿਰੇ ਤੋਂ ਦੂਸਰੇ ਸਿਰੇ ਤੱਕ। ਕਦੀ ਇਧਰ ਕਦੀ ਉਧਰ। ਪਤਾ ਨਹੀਂ ਸੀ ਲੱਗਦਾ ਕਿ ਭਾਪਾ ਅਪਣੇ ਕੰਮ ’ਚ ਮਗਨ ਸੀ ਜਾਂ ਅਪਣੇ-ਆਪ ਨੂੰ ਰੁਝਾਅ ਰਿਹਾ ਸੀ। ‘ਭਲਾ ਇਹ ਵੀ ਕੋਈ ਗੱਲ ਐ ਦਿਲ ’ਤੇ ਲਾਉਣ ਵਾਲੀ? ਇਹੋ ਜਿਹੀਆਂ ਨਿੱਕੀਆਂ ਮੋਟੀਆਂ ਗੱਲਾਂ ਦੀ ਬਹੁਤੀ ਪ੍ਰਵਾਹ ਨਹੀਂ ਕਰੀਦੀ।’

‘ਆ ਭਾਈ ਕੁਲਬੀਰ ਸਿਹਾਂ, ਆ ਗੁਥਲੀ ਫੜ ਜ਼ਰਾ। ਭਾਈਏ ਦੇ ਫੁੱਲ ਪਾਈਏ ਧੋ-ਧੋ ਕੇ ਇਹਦੇ ’ਚ। ਭਾਮ ਵਾਲਾ ਮਾਮਾ ਮੇਰੀਆਂ ਸੋਚਾਂ ਦੀ ਲੜੀ ਨੂੰ ਤੋੜਦਾ ਹੈ। ਮੈਂ ਅਪਣੇ ਤੇੜ ਪਾਈ ਪੈਂਟ ਨੂੰ ਗੋਡਿਆਂ ਲਾਗੋਂ ਫੜ ਕੇ ਥੋੜ੍ਹਾ ਉੱਪਰ ਖਿਚਦਿਆਂ ਮਾਮੇ ਲਾਗੇ ਪੈਰਾਂ ਭਾਰ ਭੋਇੰ ’ਤੇ ਬੈਠ ਜਾਂਦਾ ਹਾਂ। ਉਬੜ-ਖਾਬੜ ਇੱਟਾਂ ਦੇ ਫਰਸ਼ ਉਤਲੀ ਸਵਾਹ ਦੀ ਢੇਰੀ ਅੱਧਿਉਂ ਬਹੁਤੀ ਫੋਲੀ ਗਈ ਐ। ਸਾਰੇ ਜਣੇ ਉਂਗਲਾਂ ਨਾਲ ਸਹਿਜ-ਸਹਿਜ ਸਵਾਹ ਫਰੋਲੀ ਜਾਂਦੇ ਨੇ, ‘ਖੋਪਰੀ ਤੇ ਗੋਡਿਆਂ ਦੀਆਂ ਚੱਪਣੀਆਂ ਦੀ ਹੱਡੀਆਂ ਗੋਲ ਤੇ ਚੱਪਟੀਆਂ ਨੇ। ਪਿੰਜਣੀਆਂ ਦੀਆਂ ਥੋੜੀਆਂ ਲੰਮੀਆਂ ’ਤੇ ਪਤਲੀਆਂ, ਹਾਅ ਪਸਲੀਆਂ ਜੇ, ਨਿੱਗਰ ਪਰ ਛੋਟੀਆਂ-ਛੋਟੀਆਂ।’ ਮਾਮਾ ਸਭ ਕੁਝ ਦੱਸੀ ਜਾਂਦੈ ਨਾਲੋ ਨਾਲ। ਸਾਰੇ ਜਣੇ ਨਿੱਕੀਆਂ ਵੱਡੀਆਂ ਹੱਡੀਆਂ ਛਾਂਟ-ਛਾਂਟ ਕੇ ਪਰਾਤ ’ਚ ਪਾਈ ਜਾਂਦੇ ਹਨ। ਅੱਗਿਉਂ ਨਿੱਕਾ ਕੱਚੀ ਲੱਸੀ ਵਾਲੀ ਬਾਲਟੀ ’ਚੋਂ ਧੋ ਕੇ ਮੇਰੇ ਹੱਥ ’ਚ ਫੜੀ ਖੁੱਲੇ ਮੂੰਹ ਵਾਲੀ ਗੁਥਲੀ ’ਚ ਪਾਈ ਜਾਂਦੈ। ਛੋਟਾ ਅਜੇ ਵੀ ਦਿਲ ਨਹੀਂ ਧਰਦਾ। ਸਿਸਕੀਆਂ ਭਰਦਾ। ਮੁੜ-ਮੁੜ ਬਾਂਹ ਨਾਲ ਅੱਖਾਂ ਪੂੰਝਦਾ। ਕਿੰਨੀ ਵਾਰੀ ਮਾਮੇ ਨੇ ਪਿੱਠ ’ਤੇ ਹੱਥ ਫੇਰਿਆ। ਮੈਂ ਵੀ ਗਲ ’ਚ ਲਿਆ ਸਮਝਾਇਆ ਕਿ ਭਾਪਾ ਬਥੇਰਾ ਕਰ ਗਿਆ ਸਾਡੇ ਲਈ। ਇਕ ਦਿਨ ਤਾਂ ਜਾਣਾ ਈ ਐ ਸਭ ਨੇ। ਲਾਗੇ ਖਲੋਤੇ ਵੀ ਦਿਲਾਸਾ ਦਿੰਦੇ ਐ। ਇਹੋ ਜਿਹੀਆਂ ਹੀ ਗੱਲਾਂ ਕਰਕੇ। ਆਪੋ ਆਪਣੀ ਅਕਲ ਤੇ ਸੂਝ ਮੁਤਾਬਿਕ। ਫਿਰ ਵੀ ਇਹਦਾ ਦਿਲ ਵਸ ’ਚ ਨਹੀਂ ਆਉਂਦਾ। ਛੋਟੇ ਜਵਾਕਾਂ ਵਾਂਗ ਉਹੀ ਗੱਲਾਂ ਲੈ ਕੇ ਬਹਿ ਜਾਂਦੈ ਘੜੀ ਮੁੜੀ। ‘ਭਾਪੇ ਨੂੰ ਐਂ ਨਹੀਂ ਸੀ ਕਰਨਾ ਚਾਹੀਦਾ। ਸਾਰਾ ਟੱਬਰ ਜਾਨ ਦੇਂਦੇ ਸਾਂ ਅਸੀਂ। ਫਿਰ ਵੀ ਮੂੰਹ ਮੋੜ ਗਿਆ ਸਾਡੇ ਤੋਂ। ਕਿੰਨੀ ਵਾਰੀ ਅਸਾਂ ਦੋਹਾਂ ਜੀਆਂ ਤਰਲੇ ਕੀਤੇ ਜਾ ਕੇ ਕਿ ਭਾਪਾ ਘਰ ਮੁੜ ਆ, ਪਿੰਡ ਰਹਿ ਸਾਡੇ ਕੋਲ। ਜਿਥੇ ਸਾਰੀ ਉਮਰ ਕੱਟੀ ਊ। ਅੱਗਿਉਂ ਇਕੋ ਰੱਟ। ‘ਸ਼ੇਰਾ ਰਾਜੀ ਰਹੋ, ਜੀਉਂਦੇ ਵਸਦੇ ਰਹੋ, ਆਪੋ ਅਪਣੇ ਘਰਾਂ ’ਚ ਐਥੇ ਆ ਕੇ ਮਿਲ ਗਿਲ ਜਾਂਦੇ ਜੇ। ਪਿੰਡ ਨਹੀਂ ਹੁਣ ਜੀਅ ਕਰਦਾ ਜਾਣ ਨੂੰ। ਇਹੋ ਹਿਰਖ਼ ਨਹੀਂ ਛੱਡਦਾ ਸਾਨੂੰ ਦੋਹਾਂ ਜੀਆਂ ਨੂੰ ਕਿ ਜਿਉਂਦੇ ਜੀਅ ਛੱਡ ਗਿਆ ਸੀ ਸਾਨੂੰ।

ਮੈਂ ਜਾਣਦਾਂ ਭਾਪੇ ਨੂੰ ਚੰਗੀ ਤਰ੍ਹਾਂ, ਇਹ ਅਪਣੇ ਆਪ ਨੂੰ ਬਹੁਤਾ ਚਿਰ ਡੱਕ ਕੇ ਨਹੀਂ ਰੱਖ ਸਕਦਾ। ਉਸ ਦਿਨ ਵੀ ਢਲੀ ਸ਼ਾਮ ਨੂੰ ਟੈਰਸ ’ਤੇ ਬੈਠੇ ਸਾਂ ਦੋਵੇਂ। ਅਰਾਮ ਕੁਰਸੀਆਂ ’ਤੇ ਬੈਠੇ ਨਿੱਕੀਆਂ ਮੋਟੀਆਂ ਗੱਲਾਂ ਕਰਦੇ। ਦਿਨ ਦਾ ਚਾਨਣ ਹੌਲੀ-ਹੌਲੀ ਮੱਧਮ ਪੈ ਗਿਆ ਸੀ। ਉਦੋਂ ਤੱਕ ਭਾਪੇ ਨੇ ਵਿਚ-ਵਿਚਾਲਿਉਂ ਉੱਠ ਕੇ ਅਪਣੇ ਸੰਦੂਕ ’ਚ ਰੱਖੀ ਫੌਜੀ ਕਨਟੀਨ ’ਚੋਂ ਲਿਆਂਦੀ ਰੰਮ ਦੇ ਇਕ ਦੋ ਪੈੱਗ ਮਾਰ ਲਏ ਸਨ। ਰੰਮ ਦਾ ਨਿੰਮ੍ਹਾ ਜਿਹਾ ਸਰੂਰ ਉਹਦੇ ਚਿਹਰੇ ਅਤੇ ਅੱਖਾਂ ’ਤੇ ਆਣ ਉਤਰਿਆ ਸੀ। ਫਿਰ ਉਸ ਹਲਕਾ ਜਿਹਾ ਖੰਘੂਰਾ ਮਾਰਿਆ। ਅਪਣੇ-ਆਪ ਨੂੰ ਕੁਰਸੀ ’ਤੇ ਥਾਂ ਸਿਰ ਕੀਤਾ। ਅੱਖਾਂ ਮੇਰੀਆਂ ਅੱਖਾਂ ’ਚ ਪਾ ਕੇ ਵਹਿੰਦਾ ਰਿਹਾ ਥੋੜ੍ਹਾ ਚਿਰ। ਫਿਰ ਧੀਮੀ ਜਿਹੀ ਅਵਾਜ਼ ’ਚ ਬੋਲਿਆ, ‘ਪੁੱਤ ਕੁਲਬੀਰ ਸਿਹਾਂ, ਬੀਬਾ ਪੁੱਤ ਬਣ ਕੇ ਇਕ ਧਰਮ ਨਿਭਾਈਂ ਮੇਰੇ ਨਾਲ। ਜੇ ਮੈਂ ਇਥੇ ਤੇਰੇ ਘਰ ਪੂਰਾ ਹੋ ਗਿਆ ਤਾਂ ਮੈਨੂੰ ਫੂਕਣ ਪਿੰਡ ਨਾ ਖੜੀਂ।’ ਕਹਿੰਦਿਆਂ ਉਹਦਾ ਗੱਚ ਭਰ ਆਇਆ ਸੀ। ਮਸਾਂ ਇੰਨਾ ਹੀ ਕਹਿ ਹੋਇਆ ਸੀ ਉਸ ਤੋਂ। ਅੱਗੇ ਸ਼ਬਦਾਂ ਨੇ ਉਹਦਾ ਸਾਥ ਛੱਡ ਦਿੱਤਾ ਸੀ ਤੇ ਉਹ ਨੀਵੀਂ ਧੌਣ ਕਰਕੇ ਹੇਠਾਂ ਨੂੰ ਵੇਖਦਿਆਂ ਪੈਰ ਦੇ ਅੰਗੂਠੇ ਨਾਲ ਜ਼ਮੀਨ ਨੂੰ ਖੁਰਚਣ ਲੱਗਿਆ ਸੀ।

ਪਤਾ ਨਹੀਂ ਉਸ ਦਾ ਕਿੰਨਾ ਕੁ ਮਨ ਚੁਕਿਆ ਗਿਆ ਸੀ ਪਿੰਡ ਤੋਂ ਜਾਂ ਸਾਡੇ ਤੋਂ ਕਿ ਕਿਸੇ ਦਾ ਵੀ ਮੋਹ-ਤੇਹ ਨਹੀਂ ਜਾਗਿਆ ਉਸ ਨੂੰ। ਪਿੰਡ ਵਾਲਾ ਤਾਂ ਉਸ ਨੂੰ ਰਾਹ ਹੀ ਭੁੱਲ ਗਿਆ ਸੀ ਕਿਤੇ।’

ਮੈਂ ਸੋਚਦਾਂ ਕਿ ਜਿਉਂਦੇ ਜੀਅ ਬੰਦੇ ਕੋਲੋਂ ਕਿਥੇ ਛੱਡਿਆ ਜਾਂਦਾ ਘਰ ਬਾਹਰ। ਸਗੋਂ ਜੱਫੇ ਮਾਰਦਾ ਹਰ ਸ਼ੈਅ ਨੂੰ। ਛੁਟਦਾ ਤਾਂ ਓੜਕ ਦੀ ਬਾਕੀ ਏਥੇ ਆ ਕੇ ਸਾਰਾ ਕੁਝ, ਜਦੋਂ ਹੱਡੀਆਂ ਦੀ ਮੁੱਠ ਬਣ ਕੇ ਕੱਚੇ ਭਾਂਡੇ ’ਚ ਵੜਦਾ ਬੰਦਾ।

ਭਾਪੇ ਨੇ ਜੀਉਂਦੇ ਜੀਅ ਪਿੰਡ ਨਾਲੋਂ ਨਾਤਾ ਤੋੜ ਲਿਆ ਸੀ। ਪਿੰਡ ’ਚ ਕਿਸੇ ਦਾ ਵਿਆਹ ਸ਼ਾਦੀ ਤਾਂ ਛੱਡਿਆ ਕਿਸੇ ਦੇ ਮਰਨੇ ਪਰਨੇ ’ਤੇ ਵੀ ਇਧਰ ਨੂੰ ਮੂੰਹ ਨਹੀਂ ਸੀ ਕਰਦਾ। ਛੋਟੇ ਦਾ ਤੇ ਇਹਦੀ ਘਰਵਾਲੀ ਵਾਲੀ ਦਾ ਹਿਰਖਿਆ ਚਿਹਰਾ ਮੇਰੇ ਸਾਹਮਣੇ ਐ। ਤਰਲੇ ਤਾਂ ਪਹਿਲਾਂ ਵੀ ਬਥੇਰੇ ਮਾਰਦੇ ਸੀ ਦੋਵੇਂ ਜੀ ਆ ਕੇ ਪਰ ਜਿਸ ਦਿਨ ਦਾ ਭਾਪਾ ਪੂਰਾ ਹੋਇਆ ਉਸ ਦਿਨ ਤੋਂ ਜ਼ਿਆਦਾ ਹੀ ਦਿਲ ’ਤੇ ਲਾ ਲਈ ਐ ਇਨ੍ਹਾਂ। ਕਿੰਝ ਸਮਝਾਵਾਂ ਇਨ੍ਹਾਂ ਸਾਰਿਆਂ ਨੂੰ ਕਿ ਭਾਪੇ ਨੇ ਇੰਨਾ ਪੱਥਰ ਦਾ ਜੇਰਾ ਕਿੰਝ ਕਰ ਲਿਆ ਸੀ ਤੇ ਨਾਲ ਹੀ ਭਾਪੇ ਦਾ ਉਤਰਿਆ ਤੇ ਲਮਕਿਆ ਚਿਹਰਾ ਮੇਰੇ ਜ਼ਿਹਨ ’ਚੋਂ ਗੁਜ਼ਰਦਾ ਹੈ।

ਦਿਨ ਅੰਦਰ ਬਾਹਰ ਜਿਹਾ ਸੀ। ਪੋਰਚ ਉਪਰਲੀ ਬਾਲਕੋਨੀ ’ਚ ਬੈਠਾ ਕਿਸੇ ਨਾਲ ਫੋਨ ’ਤੇ ਗੱਲਾਂ ਕਰਦਾ ਪਿਆ ਸਾਂ ਜਦੋਂ ਭਾਪਾ ਅਪਣੇ ਮਿਲਟਰੀ ਵਾਲੇ ਟਰੰਕ ਸਣੇ ਗੇਟ ਅੱਗੇ ਉਤਰਿਆ ਸੀ। ਅੱਧ ਢੁੱਕਾ ਗੇਟ ਖੋਲ੍ਹ ਕੇ ਪੋਲੇ-ਪੋਲੇ ਪੈਰੀਂ ਅੰਦਰ ਆਉਂਦੇ ਭਾਪੇ ਦੀ ਚਾਲ ਢਾਲ ਵੇਖ ਹੈਰਾਨ ਜਿਹਾ ਰਹਿ ਗਿਆ ਸਾਂ। ਉਹਦੇ ਚਿਹਰੇ ਉਪਰਲੀ ਪਲੱਤਣ, ਬੁਝੀਆਂ-ਬੁਝੀਆਂ ਜਿਹੀਆਂ ਅੱਖਾਂ ਤੇ ਲੱਤਾਂ ਧੂਹ-ਧੂਹ ਕੇ ਤੁਰਦਾ ਕਿਤੇ ਚਿਰਾਂ ਦਾ ਬੀਮਾਰ ਮੰਜੀ ਤੋਂ ਉੱਠ ਕੇ ਆਇਆ ਲੱਗਦਾ ਸੀ। ਵੇਖ ਕੇ ਕਈ ਤਰ੍ਹਾਂ ਦੇ ਖ਼ਿਆਲ ਦਿਲ ’ਚ ਆਉਣ। ਸੁਖ ਹੋਵੇ ਸਹੀ। ਭਾਪਾ ਐਂ ਨਹੀਂ ਸੀ ਆਉਣ ਵਾਲਾ। ਜਾ-ਜਾ ਕੇ ਕਿੰਨੀ ਵਾਰ ਸ਼ਹਿਰ ਆਉਣ ਲਈ ਜ਼ੋਰ ਪਾਉਂਦੇ ਸਾਂ। ਅੱਗੋਂ ਮੁਸ਼ਕਰੀਆਂ ’ਚ ਨਿੱਕਾ ਨਿੱਕਾ ਹੱਸਦਾ ਰਹਿੰਦਾ ਸੀ। ਫਿਰ ਹੌਲੀ ਜਿਹੀ ਬੋਲਦਾ ਸੀ ਲਮਕਾ-ਲਮਕਾ ਕੇ ‘ਨਾ ਭਾਈ ਕੁਲਬੀਰ ਸਿਹਾਂ, ਤੇਰੇ ਸ਼ਹਿਰ ਵਾਲੇ ਘਰ ਨਹੀਉਂ ਚਿਤ ਲੱਗਦਾ ਭੋਰਾ ਵੀ। ਸਾਰਾ ਦਿਨ ਕੰਧਾਂ ਨਾਲ ਗੱਲਾਂ ਨਹੀਂ ਹੁੰਦੀਆਂ ਅਪਣੇ ਤੋਂ। ਪਹਿਲੀ ਉਮਰ ਫੌਜ ’ਚ ਯਾਰਾਂ ਮਿੱਤਰਾਂ ਦੀ ਵੱਡੀ ਢਾਣੀ ’ਚ ਸਮਾਂ ਲੰਘਿਆ ਹੱਸ ਖੇਡ ਕੇ। ਇਥੇ ਵੀ ਜਦੋਂ ਗਲੀ ’ਚ ਲਸੂੜੀ ਦੀ ਛਾਵੇਂ ਮੰਜੀ ’ਤੇ ਬਹੀਦਾ ਸਾਰਾ ਦਿਨ। ਆਇਆ ਗਿਆ ਖਲੋ ਕੇ ਜਾਂਦੈ। ਤੀਆਂ ਵਾਂਗ ਦਿਨ ਗੁਜ਼ਰਦੇ ਐ ਇਥੇ। ਉਥੇ ਮਾਂ ਮਰੀ ਵਾਂਗ ਚੁੱਪ ਕਰਕੇ ਨਹੀਂ ਬਹਿ ਹੁੰਦਾ ਅਪਣੇ ਤੋਂ।’

ਅਸੀਂ ਵੇਖਦੇ ਸਾਂ ਭਾਪਾ ਜਿਸ ਦਿਨ ਦਾ ਆਇਆ ਸੀ ਗੁੰਮ-ਸੁੰਮ ਤੇ ਚੁੱਪ-ਚਾਪ ਜਿਹਾ ਹੀ ਰਹਿੰਦਾ ਸੀ ਸਾਰਾ ਦਿਨ। ਜਿੰਨਾ ਪੁੱਛੋ ਓਨਾ ਹੀ ਜਵਾਬ ਨਾਪਿਆ ਤੋਲਿਆ ਜਿਹਾ। ਕਈ ਵਾਰੀ ਮੈਂ ਗੱਲਾਂ-ਗੱਲਾਂ ’ਚ ਉਸ ਨੂੰ ਕੁਰੇਦਨ ਦੀ ਕੋਸ਼ਿਸ਼ ਕਰਦਾ। ਕਿਥੇ ਦੱਸਦਾ ਸੀ ਕੁਝ ਵੀ। ਸਗੋਂ ਐਵੇਂ ਗੱਲ ਆਲੇ ਟਾਲੇ ਪਾਉਂਦਾ ਸੀ। ‘ਕੁਝ ਨਹੀਂ ਕੁਲਬੀਰ ਸਿਹਾਂ, ਉਂਝ ਹੀ ਮਨ ਜਿਹਾ ਨਹੀਂ ਟਿਕਦਾ ਉਥੇ। ਮੈਂ ਸੋਚਿਆ ਕੁਝ ਸਮਾਂ ਇਨ੍ਹਾਂ ਨਿਆਣਿਆਂ ’ਚ ਵੀ ਰਹਿ ਜਾਈਏ।’ ਬਸ ਏਨਾ ਕੁ ਜਵਾਬ। ਪਤਾ ਸੀ ਮੈਨੂੰ ਕਿ ਗੱਲ ਇਹ ਨਹੀਂ ਐ। ਭਾਪੇ ਦੇ ਅੰਦਰ ਕੁਝ ਰਿਝਦੈ। ਲਾਵਾ ਜਿਹਾ ਬਣ ਕੇ, ਜਿਹੜਾ ਅੰਦਰੇ ਅੰਦਰ ਖਾਈ ਜਾਂਦਾ ਇਹਨੂੰ। ਲੱਖ ਛੁਪਾਉਣ ਦਾ ਯਤਨ ਕਰੇ, ਸਭ ਪਤਾ ਲੱਗਦਾ ਇਹਦੀ ਵੱਟੀ ਚੁੱਪ ਤੋਂ।

ਮੈਂ ਜਾਣਦਾਂ ਭਾਪੇ ਨੂੰ ਚੰਗੀ ਤਰ੍ਹਾਂ, ਇਹ ਅਪਣੇ ਆਪ ਨੂੰ ਬਹੁਤਾ ਚਿਰ ਡੱਕ ਕੇ ਨਹੀਂ ਰੱਖ ਸਕਦਾ। ਉਸ ਦਿਨ ਵੀ ਢਲੀ ਸ਼ਾਮ ਨੂੰ ਟੈਰਸ ’ਤੇ ਬੈਠੇ ਸਾਂ ਦੋਵੇਂ। ਅਰਾਮ ਕੁਰਸੀਆਂ ’ਤੇ ਬੈਠੇ ਨਿੱਕੀਆਂ ਮੋਟੀਆਂ ਗੱਲਾਂ ਕਰਦੇ। ਦਿਨ ਦਾ ਚਾਨਣ ਹੌਲੀ-ਹੌਲੀ ਮੱਧਮ ਪੈ ਗਿਆ ਸੀ। ਉਦੋਂ ਤੱਕ ਭਾਪੇ ਨੇ ਵਿਚ-ਵਿਚਾਲਿਉਂ ਉੱਠ ਕੇ ਅਪਣੇ ਸੰਦੂਕ ’ਚ ਰੱਖੀ ਫੌਜੀ ਕਨਟੀਨ ’ਚੋਂ ਲਿਆਂਦੀ ਰੰਮ ਦੇ ਇਕ ਦੋ ਪੈੱਗ ਮਾਰ ਲਏ ਸਨ। ਰੰਮ ਦਾ ਨਿੰਮ੍ਹਾ ਜਿਹਾ ਸਰੂਰ ਉਹਦੇ ਚਿਹਰੇ ਅਤੇ ਅੱਖਾਂ ’ਤੇ ਆਣ ਉਤਰਿਆ ਸੀ। ਫਿਰ ਉਸ ਹਲਕਾ ਜਿਹਾ ਖੰਘੂਰਾ ਮਾਰਿਆ। ਅਪਣੇ-ਆਪ ਨੂੰ ਕੁਰਸੀ ’ਤੇ ਥਾਂ ਸਿਰ ਕੀਤਾ। ਅੱਖਾਂ ਮੇਰੀਆਂ ਅੱਖਾਂ ’ਚ ਪਾ ਕੇ ਵਹਿੰਦਾ ਰਿਹਾ ਥੋੜ੍ਹਾ ਚਿਰ। ਫਿਰ ਧੀਮੀ ਜਿਹੀ ਅਵਾਜ਼ ’ਚ ਬੋਲਿਆ, ‘ਪੁੱਤ ਕੁਲਬੀਰ ਸਿਹਾਂ, ਬੀਬਾ ਪੁੱਤ ਬਣ ਕੇ ਇਕ ਧਰਮ ਨਿਭਾਈਂ ਮੇਰੇ ਨਾਲ। ਜੇ ਮੈਂ ਇਥੇ ਤੇਰੇ ਘਰ ਪੂਰਾ ਹੋ ਗਿਆ ਤਾਂ ਮੈਨੂੰ ਫੂਕਣ ਪਿੰਡ ਨਾ ਖੜੀਂ।’ ਕਹਿੰਦਿਆਂ ਉਹਦਾ ਗੱਚ ਭਰ ਆਇਆ ਸੀ। ਮਸਾਂ ਇੰਨਾ ਹੀ ਕਹਿ ਹੋਇਆ ਸੀ ਉਸ ਤੋਂ। ਅੱਗੇ ਸ਼ਬਦਾਂ ਨੇ ਉਹਦਾ ਸਾਥ ਛੱਡ ਦਿੱਤਾ ਸੀ ਤੇ ਉਹ ਨੀਵੀਂ ਧੌਣ ਕਰਕੇ ਹੇਠਾਂ ਨੂੰ ਵੇਖਦਿਆਂ ਪੈਰ ਦੇ ਅੰਗੂਠੇ ਨਾਲ ਜ਼ਮੀਨ ਨੂੰ ਖੁਰਚਣ ਲੱਗਿਆ ਸੀ। ਭਾਪਾ ਜੀ ਦੇ ਮੂੰਹੋਂ ਅਜਿਹੀ ਗੱਲ ਸੁਣ ਕੇ ਮੇਰੇ ਵੀ ਕਾਲਜੇ ’ਚ ਰੁੱਗ ਭਰਿਆ ਗਿਆ ਸੀ। ਮਨ ਪਸੀਜ ਗਿਆ ਸੀ ਉਹਦੇ ਵੱਲ ਵੇਖ ਕੇ। ਪਰ ਉਸ ਦੇ ਮੂੰਹੋਂ ਕੁਝ ਹੋਰ ਸੁਣਨ ਲਈ ਮਨ ਕਾਹਲਾ ਵੀ ਪੈ ਰਿਹਾ ਸੀ। ਜਿਹੜਾ ਅਪਣੇ ਅੰਦਰ ਕਈਆਂ ਦਿਨਾਂ ਦਾ ਕਈ ਕੁਝ ਲਈ ਬੈਠਾ ਸੀ। ਦੱਸੇ ਤਾਂ ਸਈ ਆਖ਼ਰ ਹੋਇਆ ਕੀ ਐ ਇਹਦੇ ਨਾਲ ਇਹੋ ਜਿਹਾ। ਜਿਸ ਕਰਕੇ ਭਾਪਾ ਇੰਨਾ ਕਰੜਾ ਜੇਰਾ ਕਰ ਬੈਠਾ। ਹਨੇਰੇ ਦਾ ਰੰਗ ਪੈਰੋ ਪੈਰ ਹੋਰ ਗਾੜ੍ਹਾ ਹੋ ਰਿਹਾ ਸੀ। ਮੈਂ ਕੁਰਸੀ ਸਰਕਾ ਕੇ ਥੋੜ੍ਹਾ ਕੁ ਅੱਗੇ ਸਰਕਦਿਆਂ ਭਾਪੇ ਦੇ ਗੋਡੇ ਲਾਗੇ ਹੋ ਗਿਆ ਸੀ।

ਭਾਪੇ ਦੇ ਅੰਦਰਲੀ ਗੰਢ ਢਿੱਲੀ ਹੋ ਰਹੀ ਸੀ। ਉਸ ਅਪਣੇ ਆਪ ਨੂੰ ਥਾਂ ਸਿਰ ਕਰਦਿਆਂ ਅਪਣੀ ਗੱਲ ਜਾਰੀ ਰੱਖੀ। ‘ਪੁੱਤ ਕੁਲਬੀਰ ਸਿਹਾਂ, ਸੁਣਿਆ ਕਿਤੇ ਪਹਿਲੇ ਵੇਲਿਆਂ ’ਚ ਕਈ ਬੰਦੇ ਮੇਰੇ ਵਾਂਗੂੰ ਪਿੰਡ ਦੀ ਜੂਹ ਛੱਡ ਜਾਂਦੇ ਸਨ। ਕਿਸੇ ਬੇਪਛਾਣੀ ਥਾਂ ਜਾ ਵਸਦੇ ਸਨ ਦੂਰ-ਦੁਰੇਡੇ। ਜਿਥੇ ਉਨ੍ਹਾਂ ਨੂੰ ਪਿੰਡ ਦਾ ਬੰਦਾ ਤਾਂ ਕੀ ਕੋਈ ਕੁੱਤਾ ਬਿੱਲਾ ਵੀ ਪਛਾਣਦਾ ਨਾ ਹੋਵੇ। ਇਹ ਵੀ ਗੱਲ ਭਾਵੇਂ ਬਹੁਤੀ ਵੱਡੀ ਨਹੀਂ ਪਰ ਦਿਲ ਨੂੰ ਲੱਗ ਗਈ ਐ। ਹਜ਼ਾਰ ਵਾਰੀ ਯਤਨ ਕੀਤਾ ਸੀ ਕਿ ਹਉ ਪਰ੍ਹੇ ਕਰਕੇ ਛੱਡਾਂ ਪਰ੍ਹੇ, ਪਰ ਕਿਥੇ ਛੱਡ ਹੁੰਦਾ। ਅੱਜ ਵੀ ਜਦੋਂ ਮੈਨੂੰ ਉਹ ਵੇਲਾ ਚੇਤਾ ਆਉਂਦਾ ਤਾਂ ਸਿਖਰ ਦੁਪਹਿਰੇ ਹੱਥ ਪੈਰ ਠਰ ਜਾਂਦੇ ਐ। ਫਿਰ ਮੈਂ ਨਿੰਘ ਭਾਲਦਾ ਆਸਿਉਂ ਪਾਸਿਉਂ। ਜੀਅ ਭਿਆਣਾ ਉੱਠ ਕੇ ਤੁਰਦਾਂ ਤਾਂ ਇਉਂ ਲੱਗਦਾ ਜਿਉਂ ਪੈਰਾਂ ਹੇਠ ਜ਼ਮੀਨ ਨਹੀਂ ਹੁੰਦੀ ਕਿਤੇ ਮਘਦੇ ਕੋਲਿਆਂ ’ਤੇ ਪੈਰ ਧਰੇ ਗਏ ਐ। ਤਲੀਆਂ ’ਚੋਂ ਸੇਕ ਉੱਠਦਾ। ਕਿੰਨਾ-ਕਿੰਨਾ ਚਿਰ ਅਪਣਾ ਆਪ ਵੱਸ ’ਚ ਨਹੀਂ ਰਹਿੰਦਾ।’

ਫਿਲਾਸਫਰ ਵਾਂਗ ਬੋਲਦੇ ਭਾਪੇ ਦੀ ਦੁੱਧ ਚਿੱਟੀ ਦਾਹੜੀ ਤੇ ਮੁੱਛਾਂ ਦੇ ਵਿਰਲੇ ਟਾਂਵੇ ਵਾਲ ਥੋੜ੍ਹਾ ਥੋੜ੍ਹਾ ਹਿਲਦੇ ਜਿਹੇ ਵਿਖਾਈ ਦੇਂਦੇ ਐ। ਬਾਕੀ ਸਾਰਾ ਕੁਝ ਸਥਿਰ ਤੇ ਬੇਜਾਨ ਜਿਹਾ। ਮੈਂ ਚੁੱਪ ਰਿਹਾ। ਉਹਦੇ ਵੱਲ ਟਿਕਟਿਕੀ ਲਾਈ ਰੱਖੀ। ਮੈਂ ਜਾਣਦਾ ਸਾਂ ਉਹ ਅੰਦਰੋਂ ਨੱਕੋ ਨੱਕ ਭਰਿਆ ਬੈਠਾ ਸੀ। ਅਜਿਹੇ ਵੇਲੇ ਨੂੰ ਹੀ ਉਡੀਕਦਾ ਸੀ ਤੇ ਛੇਤੀ ਹੀ ਗਲੋਟੇ ਵਾਂਗ ਉਧੜ ਜਾਏਗਾ ਸਾਰੇ ਦਾ ਸਾਰਾ। ਪਰ ਮੈਂ ਉਸ ਨੂੰ ਸਹਿਜ ਰੱਖਣਾ ਚਾਹੁੰਦਾ ਸੀ।

ਭਾਪੇ ਨੇ ਅਪਣੀ ਕਹਾਣੀ ਦਾ ਮੁੱਢ ਬੰਨ੍ਹਦਿਆਂ ਗੱਲਾਂ ਦੀ ਸ਼ਿਸ਼ਤ ਬੰਨ੍ਹ ਲਈ ਤੇ ਕਹਿਣਾ ਸ਼ੁਰੂ ਕੀਤਾ, ‘ਭਾਈ ਕੁਲਬੀਰ ਸਿਹਾਂ, ਬੜੀ ਸ਼ਰਧਾ ਨਾਲ ਉਸ ਦਿਨ ਗਲ ’ਚ ਢੋਲਕੀ ਪਾ ਕੇ ਘਰੋਂ ਨਿਕਲਿਆ ਸਾਂ। ਉੱਪਲਾਂ ਦੇ ਮੁੰਡਿਆਂ ਕਿਤੇ ਟਰੱਕ ਖਰੀਦਿਆ ਸੀ ਤੇ ਗੁਰੂ ਘਰ ਮੱਥਾ ਟਕਾਉਣ ਚੱਲੇ ਸੀ। ਪਿੰਡ ਦੇ ਬਾਕੀ ਲੋਕਾਂ ਨਾਲ ਮੈਂ ਵੀ ਜਾ ਬੈਠਾ ਸਾਂ ਟਰੱਕ ਦੇ ਡਾਲੇ ’ਚ ਲੱਤਾਂ ਲਮਕਾ ਕੇ। ਟਰੱਕ ਵਿੰਗੀਆਂ ਟੇਢੀਆਂ ਸੜਕਾਂ ’ਤੇ ਦੌੜਦਾ ਗਿਆ। ਢੋਲਕੀ ਛੈਣਿਆਂ ਦੀ ਤਾਲ ’ਤੇ ਸ਼ਬਦ ਪੜ੍ਹਦਿਆਂ ਕਈ ਗੁਰਦੁਆਰਿਆਂ ਦੇ ਦਰਸ਼ਨ ਮੇਲੇ ਕਰ ਲਏ ਸਨ। ਲੌਢੇ ਕੁ ਵੇਲੇ ਇਕ ਵੱਡੀ ਨਹਿਰ ਦੇ ਕੰਢੇ ’ਤੇ ਬਣੇ ਸੰਗਮਰਮਰੀ ਗੁਰਦੁਆਰੇ ਆਣ ਉਤਰੇ ਸਾਂ। ਜਿਸ ਦੇ ਉੱਚੇ ਗੁੰਬਦਾਂ ਉੱਪਰ ਸੁਨਹਿਰੀ ਕਲਸ ਮੀਲਾਂ ਤੋਂ ਲਿਸ਼ਕੋਰਾਂ ਮਾਰਦੇ ਸਨ। ਵੱਡੇ ਦਰਵਾਜ਼ੇ ਤੋਂ ਟਰੱਕ ਥੋੜ੍ਹਾ ਹਟਵਾਂ ਖਲੋਤਾ ਸੀ। ਉਥੋਂ ਲੈ ਕੇ ਗੁਰਦੁਆਰੇ ਦੇ ਵੱਡੇ ਬੂਹੇ ਤੱਕ ਖੜ੍ਹੇ ਦਾਅ ਦੀਆਂ ਇੱਟਾਂ ਲਾ ਕੇ ਕਾਰੀਗਰਾਂ ਨੇ ਬੜੀ ਜੁਗਤ ਨਾਲ ਸਾਫ ਸੁਥਰਾ ਤੇ ਪੱਧਰਾ ਫਰਸ਼ ਜੋੜਿਆ ਸੀ। ਪੈਰਾਂ ਹੇਠ ਨੋਕੀ ਲਹਿਰੀਏ ਦੀ ਚਾਲ ਨਾਲ ਜੁੜੀਆਂ ਇੱਟਾਂ ਵੱਲ ਵੇਖਦਿਆਂ ਕਾਰੀਗਰ ਦੀ ਕਲਾਕਾਰੀ ਦਾ ਨਮੂਨਾ ਸਿਰ ਚੜ੍ਹ ਬੋਲਦਾ ਸੀ। ਦੋਵੇਂ ਪਾਸੇ ਦੋ ਦੋ ਹੱਥ ਬਣੀਆਂ ਪੱਕੀਆਂ ਕਿਆਰੀਆਂ ’ਚ ਬੜੇ ਸਲੀਕੇ ਨਾਲ ਉਗਾਏ ਰੰਗ-ਬਿਰੰਗੇ ਖਿੜੇ ਫੁੱਲ ਸੁਗੰਧੀਆਂ ਬਿਖੇਰ ਰਹੇ ਸਨ। ਉਸੇ ਰਾਹ ਉੱਤੇ ਇਧਰ ਉਧਰ ਫਿਰਦੇ ਤਿੰਨ ਚਾਰ ਬਾਬਿਆਂ ਨੂੰ ਦੇਖਿਆ। ਗੋਡਿਆਂ ਤੋਂ ਹੇਠਾਂ ਤੱਕ ਚਿੱਟੇ ਟੈਰੀਕਾਟ ਦੇ ਚੋਲੇ। ਗੋਲ ਪੇਚ ਸਵਾਰ-ਸਵਾਰ ਕੇ ਬੱਧੇ ਪਟਕੇ। ਖੁੱਲੀਆਂ ਦਰਸ਼ਨੀ ਵਾਹੀਆਂ ਸਵਾਰੀਆਂ ਤੇ ਤਿਲੇ ਦੀ ਤਾਰ ਵਾਂਗ ਲਿਸ਼ਕਦੀਆਂ ਦਾੜ੍ਹੀਆਂ। ਪਹਿਲੀ ਨਜ਼ਰੇ ਵੇਖਦਿਆਂ ਹੱਥਾਂ ’ਚ ਇਕੋਤਰੀ ਮਾਲਾ। ਉਨ੍ਹਾਂ ਨੂੰ ਵੇਖਦਿਆਂ ਸਾਰੇ ਜਣੇਂ ਰਾਹ ਛੱਡ ਕੇ ਪਾਸੇ ਹੋ ਗਏ ਸਨ। ਉਹ ਕੋਈ ਹੋਰ ਦੁਨੀਆ ਦੇ ਲੋਕ ਲੱਗਦੇ ਸਨ ਇਨਸਾਨ ਜਾਮੇ ’ਚ। ਚਾਰੇ ਪਾਸੇ ਫੈਲੀ ਸ਼ਾਂਤੀ, ਰੰਗ-ਬਰੰਗੇ ਫੁੱਲਾਂ ਤੋਂ ਖਹਿ ਕੇ ਆਉਂਦੀ ਪੁਰੇ ਦੀ ਮੱਠੀ-ਮੱਠੀ ਹਵਾ ਸੁਗੰਧੀਆਂ ਬਿਖੇਰ ਰਹੀ ਸੀ। ਤੁਰਿਆਂ ਜਾਂਦਿਆਂ ਇਉਂ ਲੱਗਦਾ ਸੀ ਜਿਉਂ ਅਸੀਂ ਸਵਰਗ ਲੋਕ ਦੇ ਦਰਵਾਜ਼ੇ ਨੂੰ ਜਾ ਰਹੇ ਹੋਈਏ।’

ਭਾਪਾ ਜਦੋਂ ਹਵਾ ’ਚ ਹੱਥ ਲਹਿਰਾ ਲਹਿਰਾ ਕੇ ਦੱਸ ਰਿਹਾ ਸੀ ਤਾਂ ਸ਼ਰਧਾ ਅਤੇ ਭਾਵਨਾ ਦਾ ਹੜ੍ਹ ਉਹਦੇ ਅੰਦਰੋਂ ਲਫ਼ਜ਼ਾਂ ਦੇ ਰੂਪ ’ਚ ਡੁਲ੍ਹ-ਡੁਲ੍ਹ ਪੈ ਰਿਹਾ ਸੀ। ਉਹ ਅਪਣੀ ਲੜੀ ਟੁਟਣ ਨਹੀਂ ਸੀ ਦੇ ਰਿਹਾ। ਮੈਂ ਉਹਦਾ ਇਕ-ਇਕ ਬੋਲ ਗਹੁ ਨਾਲ ਸੁਣ ਰਿਹਾ ਸਾਂ। ਉਸ ਦੀ ਹਰ ਹਰਕਤ ਨੂੰ ਨੋਟ ਕਰ ਰਿਹਾ ਸਾਂ। ਉਹ ਕੁਰਸੀ ’ਤੇ ਬੈਠਾ ਕਦੀ ਅਪਣੇ ਪੈਰ ਦੇ ਅੰਗੂਠੇ ਨਾਲ ਜ਼ਮੀਨ ਖੁਰਚਦਾ ਤੇ ਕਦੀ ਪੋਟਿਆਂ ਨਾਲ ਨਹੁੰ ਤੋੜਨ ਦੀ ਕੋਸ਼ਿਸ਼ ਕਰਦਾ ਸੀ। ਮੈਂ ਵੀ ਉਹਦਾ ਧਿਆਨ ਹੋਰ ਪਾਸੇ ਪਾ ਕੇ ਉਹਦੀ ਇਕਾਗਰਤਾ ਭੰਗ ਨਹੀਂ ਸੀ ਕਰਨਾ ਚਾਹੁੰਦਾ। ਇਸੇ ਲਈ ਮੈਂ ਮੱਠਾ-ਮੱਠਾ ਜਿਹਾ ਹੁੰਗਾਰਾ ਭਰਨ ਤੋਂ ਬਿਨਾਂ ਬਹੁਤਾ ਬੋਲ ਚਾਲ ਨਹੀਂ ਸਾਂ ਰਿਹਾ। ਮੈਂ ਚੁੱਪ-ਚਾਪ ਟਿਕਟਿਕੀ ਲਾਈ ਰੱਖੀ ਤੇ ਉਹ ਵਜਦ ’ਚ ਆਇਆ ਬੋਲਦਾ ਗਿਆ, ‘ਪੁੱਤ ਕੁਲਬੀਰ ਸਿਹਾਂ, ਜਗ੍ਹਾ ਤਾਂ ਵੇਖਣ ਹੀ ਵਾਲੀ ਸੀ ਉਥੋਂ ਦੀ। ਸਾਫ਼ ਸਫਾਈ ਤੇ ਫਿਜ਼ਾ ’ਚ ਫੈਲੀ ਸ਼ਾਂਤੀ ਦਾ ਕੋਈ ਅੰਤ ਨਹੀਂ ਸੀ।

ਭਾਪੇ ਨੇ ਹਲਕਾ ਜਿਹਾ ਖੰਗੂਰਾ ਮਾਰ ਕੇ ਅਪਣਾ ਗਲਾ ਸਾਫ਼ ਕਰਦਿਆਂ ਦੱਸਿਆ ਕਿ ‘ਹੇਠਾਂ ਬਣੇ ਭੋਰੇ ’ਚ ਉਸ ਡੇਰੇ ਦੇ ਮੁਖੀ ਦਾ ਨਿਵਾਸ ਸੀ। ਇਕ-ਇਕ ਕਰਕੇ ਉਸਦੇ ਸਾਹਮਣੇ ਬੈਠਦਿਆਂ ਮੈਂ ਮੋਹਰਲੀ ਕਤਾਰ ’ਚ ਜਾ ਬੈਠਾ ਸਾਂ ਵੱਡੇ ਮਹਾਂਪੁਰਸ਼ਾਂ ਨੂੰ ਹੋਰ ਨੇੜਿਉਂ ਤੱਕਣ ਲਈ। ਉਨ੍ਹਾਂ ਦੇ ਇਲਾਹੀ ਬਚਨ ਮੈਂ ਨਾਲਦਿਆਂ ਨਾਲੋਂ ਉੱਚਿਆਂ ਹੋ-ਹੋ ਸੁਣੇ। ਜ਼ਿੰਦਗੀ ਤੇ ਮੌਤ ’ਚੋਂ ਆਤਮਾ ਤੇ ਪ੍ਰਮਾਤਮਾ ਦੀਆਂ ਗੂੜ੍ਹ ਗਿਆਨ ਦੀਆਂ ਗੱਲਾਂ ਸੁਣ ਕੇ ਸਾਰੇ ਗਦ-ਗਦ ਹੋ ਗਏ ਸਾਂ। ’ਕੱਲਾ-’ਕੱਲਾ ਬੋਲ ਸਾਡੇ ਧੁਰ ਅੰਦਰ ਤੀਕ ਲਹਿ ਗਿਆ ਸੀ। ਸਾਡਾ ਆਉਣਾ ਸਫ਼ਲ ਹੋ ਗਿਆ ਸੀ। ਅੱਧਾ ਪੌਣਾ ਘੰਟਾ ਅਪਣੀਆਂ ਗਿਆਨ-ਧਿਆਨ ਦੀਆਂ ਗੱਲਾਂ ਨੂੰ ਸਮੇਟਦਿਆਂ ਉਨ੍ਹਾਂ ਕਿਹਾ, ‘ਭਾਈ ਗੁਰਮੁਖੋ, ਤੁਸੀਂ ਦੂਰੋਂ ਨੇੜਿਉਂ ਚਲ ਕੇ ਆਏ ਜੇ। ਤੁਹਾਡਾ ਇਕ-ਇਕ ਕਦਮ ਲੇਖੇ ’ਚ ਲੱਗਿਆ। ਜਿੰਨੇ ਵੀ ਪ੍ਰਾਣੀ ਏਥੇ ਤਨ-ਮਨ ਕਰਕੇ ਪਹੁੰਚੇ ਐ ਕੋਈ ਵੀ ਲੰਗਰ ਛਕਣ ਤੋਂ ਬਗੈਰ ਨਾ ਜਾਏ। ਹਾਂ, ਇਕ ਗੱਲ ਦਾ ਖਾਸ ਧਿਆਨ ਰੱਖਿਉ, ਤੁਹਾਡੇ ਵਿਚ ਮਜ਼੍ਹਬੀ ਸਿੱਖ ਜਾਂ ਕੋਈ ਹੋਰ ਹੇਠਲੀ ਜਾਤ ਨਾਲ ਸਬੰਧਤ ਹੋਏ ਤਾਂ ਉਨ੍ਹਾਂ ਦਾ ਲੰਗਰ ਬਾਹਰ ਟੀਨ ਦੇ ਸ਼ੈੱਡ ਹੇਠਾਂ ਤਿਆਰ ਐ। ਉਥੇ ਹੀ ਉਨ੍ਹਾਂ ਦੇ ਬਰਤਨ ਪਏ ਹਨ। ਪ੍ਰਸ਼ਾਦਾ ਛਕ ਕੇ ਆਪੋ-ਅਪਣੇ ਭਾਂਡੇ ਉਸੇ ਤਰ੍ਹਾਂ ਧੋ ਮਾਂਜ ਕੇ ਮੂਧੇ ਮਾਰ ਕੇ ਜਾਇਉ ਜੇ।’

ਭਾਪੇ ਦੀਆਂ ਕਹੀਆਂ ਗੱਲਾਂ ਮੇਰੇ ਸੀਨੇ ’ਚ ਗੋਲੀ ਵਾਂਗ ਵੱਜੀਆਂ। ਮੈਂ ਨੀਵੀਂ ਪਾ ਲਈ ਸੀ ਤੇ ਮੇਰੇ ਕੋਲੋਂ ਹੋਰ ਕੁਝ ਪੁੱਛਣ ਦਾ ਹੀਆ ਨਹੀਂ ਸੀ ਪੈ ਰਿਹਾ। ਭਾਪੇ ਦਾ ਵੀ ਗੱਚ ਭਰ ਗਿਆ ਲੱਗਦਾ ਸੀ। ਜਿਹੜਾ ਬੋਲਦਾ-ਬੋਲਦਾ ਥੋੜ੍ਹੇ ਸਮੇਂ ਲਈ ਚੁੱਪ ਕਰ ਗਿਆ ਸੀ ਤੇ ਅਪਣਾ ਮੂੰਹ ਉੱਪਰ ਨੂੰ ਚੁੱਕ ਕੇ ਐਵੇਂ ਬੇਮਤਲਬਾ ਜਿਹਾ ਉੱਚੇ ਅਸਮਾਨ ਵੱਲ ਝਾਕਣ ਲੱਗਿਆ ਸੀ। ਫਿਰ ਥੋੜ੍ਹਾ ਸੰਭਲ ਕੇ ਬਿਨਾ ਮੇਰਾ ਹੁੰਗਾਰਾ ਉਡੀਕਿਆਂ ਭਾਪਾ ਫਿਰ ਬੋਲਣ ਲੱਗਿਆ ਸੀ, ‘ਕੁਲਬੀਰ ਸਿਹਾਂ, ਪਹਿਲੀਆਂ ਸੁਣੀਆਂ ਗੱਲਾਂ ਦਾ ਨਸ਼ਾ ਦੋ ਮਿੰਟ ’ਚ ਲਹਿ ਗਿਆ ਸੀ। ਸਾਹਮਣੇ ਬੈਠਾ ਬਾਬਾ ਮੈਨੂੰ ਕੋਈ ਇਨਸਾਨੀ ਜਾਮੇ ’ਚ ਦੇਅ ਬੈਠਾ ਵਿਖਾਈ ਦੇਣ ਲੱਗਿਆ ਸੀ। ਡੇਰੇ ਦੀਆਂ ਕੰਧਾਂ ਮੈਨੂੰ ਵੱਢ ਖਾਣ ਨੂੰ ਆਉਣ ਲੱਗੀਆਂ ਸਨ। ਖਲੋਤਿਆਂ ਦਮ ਘੁੱਟਦਾ ਸੀ ਉਥੇ। ਮੈਂ ਕਾਹਲੇ ਕਦਮੀਂ ਅੰਦਰਲੇ ਹਾਲ ’ਚੋਂ ਬਾਹਰ ਨਿਕਲ ਆਇਆ ਸਾਂ ਤੇ ਜਿਧਰ ਟਰੱਕ ਖਲੋਤਾ ਸੀ ਉਧਰ ਨੂੰ ਹੋ ਗਿਆ ਸਾਂ। ਚੇਤੇ ਆਉਣ ’ਤੇ ਮੈਂ ਪਿਛਾਂਹ ਭੌਂਅ ਕੇ ਵੇਖਿਆ ਤਾਂ ਅਪਣੇ ਵਿਹੜੇ ’ਚੋਂ ਨਾਲ ਆਏ ਮਾੜਿਆਂ ਦਾ ਤੋਤੀ ਤੇ ਦੋ ਤਿੰਨ ਜਾਣੇ ਹੋਰ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਟੀਨ ਦੇ ਸ਼ੈੱਡ ਵੱਲ ਤੁਰੇ ਜਾ ਰਹੇ ਸਨ। ਗੁੱਸਾ ਉਨ੍ਹਾਂ ’ਤੇ ਵੀ ਮੈਨੂੰ ਬਹੁਤ ਆਇਆ ਸੀ ਸਾਡੀ ਜਾਤ ਦੀ ਜਨਮਾਂ-ਜਨਮਾਤਰਾਂ ਦੀ ਭੁੱਖ ਪਤਾ ਨਹੀਂ ਕਦੋਂ ਨਿਕਲਣੀ ਐ।’

ਵਾਪਸ ਆਉਂਦਿਆਂ ਸਾਰੀ ਵਾਟ ਉੱਚੇ ਪਾਸੇ ਵਾਲੀਆਂ ਜਨਾਨੀਆਂ ਜ਼ਬਾਨ ਮੂੰਹ ’ਚ ਨਹੀਂ ਸੀ ਪਾਈ, ਕਹਿਣ ‘ਐ ਚੰਗਾ ਅਸੂਲ ਐ ਏਥੋਂ ਦਾ। ਪਿੰਡ ’ਚ ਕਦੀ ਵਰ੍ਹੇ ਛਮਾਹੀ ਲੰਗਰ ਦੀ ਪੰਗਤ ’ਚ ਬਹਿ ਕੇ ਰੋਟੀ ਖਾਣੀ ਹੋਵੇ ਤਾਂ ਵਿਚ ਢੁੱਕ-ਢੁੱਕ ਕੇ ਬਹਿਣਗੀਆਂ। ਜੀਅ ਕਾਹਲੇ ਦਾ ਥਾਂ। ਬੁਰਕੀ ਅੰਦਰ ਨੂੰ ਪਾਓ ਬਾਹਰ ਆਉਣ ਨੂੰ ਪੈਂਦੀ ਐ।’

ਭਰੇ ਮਨ ਨਾਲ ਭਾਪਾ ਗੱਲਾਂ ਕਰ ਰਿਹਾ ਸੀ। ਲਾਗੇ ਬੈਠੇ ਦਾ ਮੇਰਾ ਵੀ ਮਨ ਭਰ ਗਿਆ ਸੀ। ਹੁਣ ਮੈਂ ਵਾਰ-ਵਾਰ ਅਪਣੇ ਗਲ ਪਾਏ ਕੁੜਤੇ ਨਾਲ ਅੱਖਾਂ ਪੂੰਝ ਰਿਹਾ ਸਾਂ। ਮੇਰੇ ਵਾਰ-ਵਾਰ ਅੱਖਾਂ ਪੂੰਝਣ ਤੇ ਛੋਟੇ ਨੇ ਮੇਰੇ ਮੋਢੇ ’ਤੇ ਹੱਥ ਰੱਖਦਿਆਂ ਕਿਹਾ, ‘ਭਾਊ ਹੌਂਸਲਾ ਕਰ, ਤੂੰ ਤਾਂ ਵੱਡੈ ਘਰ ’ਚ। ਭਾਪੇ ਦੀ ਥਾਂ। ਤੁਸਾਂ ਮਗਰਲੇ ਟੈਮ ਬਥੇਰੀ ਸੇਵਾ ਕੀਤੀ ਐ ਭਾਪੇ ਦੀ। ਤੂੰ ਇਹ ਨਾ ਸਮਝੀਂ ਮੈਂ ਤੇਰੇ ਦਿਲ ਦੀ ਗੱਲ ਨਹੀਂ ਸਮਝ ਰਿਹਾ। ਭਾਪੇ ਦਾ ਸਸਕਾਰ ਜੇ ਸ਼ਹਿਰ ਵੀ ਕਰ ਲੈਂਦੇ ਤਾਂ ਕੀ ਫ਼ਰਕ ਪੈਣਾ ਸੀ। ਐਂ ਕਰਨ ਨਾਲ ਕਿਤੇ ਮਸਲਾ ਹੱਲ ਹੋ ਜਾਣਾ ਸੀ। ਤੂੰ ਤਾਂ ਪੜ੍ਹਿਆ ਲਿਖਿਆ, ਸਭ ਕੁਝ ਸਮਝਦਾਂ। ਸਦੀਆਂ ਦੀਆਂ ਪਈਆਂ ਗੰਢਾਂ ਐਂ ਨ੍ਹੀਂ ਖੁੱਲਦੀਆਂ। ਤੂੰ ਮਨ ’ਚ ਭੋਰਾ ਹਿਰਖ ਨਾ ਕਰੀਂ।’ ਮੈਂ ਸਿੱਲੀਆਂ ਹੁੰਦੀਆਂ ਜਾ ਰਹੀਆਂ ਅੱਖਾਂ ਨੂੰ ਪੂੰਝਦਾ ਹਾਂ। ਦਿਲ ਕਰਦੈ ਮੈਂ ਛੋਟੇ ਦੇ ਗਲ ਲੱਗ ਕੇ ਭੁੱਬਾਂ ਮਾਰ-ਮਾਰ ਕੇ ਰੋਵਾਂ।

ਛੋਟਾ ਤੇ ਉਹਦੀ ਘਰਵਾਲੀ ਭਾਪੇ ਦੀ ਮੜ੍ਹੀ ਦੁਆਲੇ ਬੈਠ ਗਏ ਹਨ। ਛੋਟਾ ਬਾਲਟੀ ’ਚੋਂ ਪਾਣੀ ਪਾਉਂਦਾ ਧਾਰ ਬੰਨ੍ਹ ਕੇ। ਉਹਦੀ ਘਰਵਾਲੀ ਉਬੜ ਖਾਬੜ ਫਰਸ਼ ’ਤੇ ਸਚਿਆਰਿਆਂ ਵਾਂਗ ਹੱਥ ਫੇਰਦੀ ਐ। ਕੋਲ ਖੜ੍ਹੀਆਂ ਜਨਾਨੀਆਂ ਹਦਾਇਤਾਂ ਦਿੰਦੀਆਂ, ਪੁੱਤ ਚੰਗੀ ਤਰ੍ਹਾਂ ਪਾਣੀ ਪਾ, ਚਾਰੇ ਪਾਸਿਉਂ। ਅਗਲਾ ਜਿੱਥੇ ਦੀ ਜਾਊ ਠੰਡਾ ਰਹੂ। ਮੈਨੂੰ ਲੱਗਦਾ ਜਿਵੇਂ ਧਾਰ ਬੰਨ੍ਹ ਕੇ ਡਿੱਗਦੇ ਚਾਂਦੀ ਰੰਗੇ ਪਾਣੀ ਨਾਲ ਭਾਪੇ ਦਾ ਕਲੇਜਾ ਤਪਣ ਲੱਗ ਪਿਆ ਹੋਵੇ ਤੇ ਉਹ ਅਪਣੀ ਜਨਮ ਭੋਏਂ ’ਤੇ ਲੰਮੀਆਂ ਤਾਣ ਕੇ ਸੌਣ ਦੀ ਥਾਂ ਮੇਰੇ ਮਸਤਕ ਵਿਚ ਜਾਗ ਪਿਆ ਹੋਵੇ।

# Matrimonial

### ਕੰਨਿਆ ਦੀ ਲੋੜ

ਇੰਗਲੈਂਡ ਦੀ ਯੂਨੀਵਰਸਿਟੀ ਤੋਂ ਪੋਸਟ ਗਰੈਜੂਏਸ਼ਨ ਇਨ ਮੈਨੇਜਮੈਂਟ, (ਐਮ.ਬੀ.ਏ.) ਅਤੇ ਐਮ.ਐਸ.ਸੀ. ਆਈ.ਟੀ. ਪਾਸ 30 ਸਾਲਾ 6'.2' ਜੱਟ ਸਿੱਖ ਭਾਰਤ ਰਹਿੰਦੇ ਲੜਕੇ ਲਈ ਕਨੇਡੀਅਨ/ ਅਮਰੀਕਨ ਲੜਕੀ ਦੀ ਜ਼ਰੂਰਤ ਹੈ। ਕੋਈ ਡਿਮਾਂਡ ਨਹੀਂ। ਬਾਇਓਡਾਟਾ jjssnice@yahoo.co.in 'ਤੇ ਭੇਜਿਆ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਕਨੇਡਾ ਰਹਿੰਦੇ ਭਰਾ ਨਾਲ 587-708-2627 ਜਾਂ 587-879-7404 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਵਰ ਦੀ ਲੋੜ

Looking Smart match for Ludhiana (India) based, Divorcee Ramgharia -Dhiman, fair , Graduate , 5'-1", 84 born, ,Vegetarian girl, IELTS 6 bands, 8 years old Son Call 9814100798,9780187107. or gurpreet030205@gmail.com

### ਕੰਨਿਆ ਦੀ ਲੋੜ

ਆਪਣਾ ਬਿਜ਼ਨਸ ਕਰਨ ਵਾਲੇ ਯੂ.ਐਸ.ਏ.ਰਹਿੰਦੇ 34 ਸਾਲਾ, ਕੱਦ 5'11' ਕਲੀਨ ਸ਼ੇਵ ਲੜਕੇ ਲਈ ਲੜਕੀ ਦੀ ਜ਼ਰੂਰਤ ਹੈ। ਭੈਣ ਕਨੇਡਾ ਵਿਚ ਸੈੱਟ ਹੈ। ਸੰਪਰਕ ਕਰੋ : 780-242-6563 ਜਾਂ ਈਮੇਲ ਕਰੋ : bhantgrewal@yahoo.co.uk

---

USA Citizen Jatt Sikh Sekhon 35yrs 5-10" well settled only son, running his own business. Looking for educated, nice & beautiful girl. Contact: 780-242-6563 or email bhantgrewal@yahoo.co.uk

---

### ਕੰਨਿਆ ਦੀ ਲੋੜ

ਜੱਟ ਸਿੱਖ ਮੌੜ 27 ਸਾਲ 6'-1' ਬੈਂਕ ਵਿਚ ਜੌਬ ਕਰਦੇ, ਹਾਕੀ ਪਲੇਅਰ, ਨਸ਼ਿਆਂ ਤੋਂ ਰਹਿਤ ਇੰਡੀਆ ਰਹਿੰਦੇ ਲੜਕੇ ਲਈ ਕਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੇ ਪਿਤਾ ਜੀ ਬੈਂਕ ਆਫ਼ਿਸਰ ਹਨ ਤੇ ਸ਼ਹਿਰੀ ਤੇ ਪੇਂਡੂ ਪ੍ਰਾਪਰਟੀ ਹੈ। ਕਨੇਡਾ 'ਚ ਸੈਟਲ ਕਰਨ ਲਈ ਪੂਰੀ ਮਦਦ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ 780-669-0456 ਜਾਂ ਈ ਮੇਲ daman.passion@gmail.com 'ਤੇ ਸੰਪਰਕ ਕਰੋ।

---

Smart match for MBBS Handsome single boy, 6-11-1988, 5'-10'', father-mother Govt. employees, sister married. Contact: hotincoolsingh@yahoo.com, 94171-88904.

### ਕੰਨਿਆ ਦੀ ਲੋੜ

In search for a UNMARRIED, SIKH RAJPUT Beautiful Bride for a very Handsome Groom. The Groom is CANADIAN CITIZEN, highly qualified, currently employed with a high managing position in an Engineering Firm, 31 years of age, very handsome, stands 5'6", very fair complexion, divorced and has one son who is 5 years of age. We are looking for a Bride with following qualities: UNMARRIED, GOOD FAMILY VALUES, SIKH RAJPUT, BEAUTIFUL, WELL EDUCATED, WELL CULTURED. SERIOUS INQUIRIES & RESPONSES Are more than welcomed to contact for more information. Please Call : +1 780 686 3798

# Classified Plus

### change of name

I, Surinder Kaur Vinepal 1715-65 Street, Edmonton, Alberta T6L 1N1 Canada. I hereby authorize Barjinder Singh Hamrad to publish in AJIT NEWS PAPER, my name change, By adding my surname as Venipal. It should read as from Surinder Kaur to Surinder Kaur Vinipal. I futher authorize him to sign all documents to effect the same and is authorized to collect all documents on my behalf.

### House for Sale by POWAR Home Ltd in Diamond State Leduc County

1. 3200 Sq Ft. with finished walk out basement (one bedroom, one thither room, kitchen), fully finish triple ground hearted, two AC., 2 Tank, 4 Bed, 3 washroom. Two kitchen . $7,49,900 .
2. 2750 Sq Ft 4 Bed 4 washroom, main Den Full non row, fully deny leaving room. $5,79,900.
3. 2000 Sq Ft Trible garage, 3 bed , 2.5 washroom + Den. $ 489,900 .
4. 7200 Sq Ft 5 bed, 5 washroom, leaving form den dining, fleet roof, triple garage. $2.2 M

Call : RANJIT POWAR
**780-695-6595**

### Lot for sale

Lot for sale in Royal Oakes (Beaumont), 54 pocket size and 185 feet deep (1/4 acre) $ 305,000 call 780-803-8081

### House for Sale

Brand New 2243 sq. ft. sing detached 2 Story home with includes: big window, 2 fire place and double attached garage for sale, for more information please call Anil Jain 780-245-0351




## City Estates

All Types of Property, Plots & Kothis available for Sale & Purchase in Chandigarh/Mohali/ Panchkula.

For More Info Contact: SCO 123, Phase 7, Mohali (Punjab)
011 91 98147 11263 or 011 91 98729 73304

## Fort Road Drycleaners

Dry cleaning Elegance...through pride of Craftsmanship




* Wedding Dresses * Leather
* Suede * Drapes * Sleeping Bags
* Quilts * Featuring Deluxe Shirts Service



Weekdays : 7.30 am to 7.00 pm Saturday: 9.00 am to 5.30 pm
Call: Baljit Minhas
5521A- 137 Ave Edmonton, AB T5A 3L4
780-478-1811

# Laddi Padda Realtor

PROFESSIONAL REALTY GROUP

## Medallio Award Winner 2012



ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾ ਯਾਦ ਰੱਖੋ

## ਲਾਡੀ ਪੱਡਾ

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖ਼ਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫ਼ੋਨ ਕਰੋ

For Buying, Selling or Investing
Call Honest Realtor
**Laddi Padda**

MLS MULTIPLE LISTING SERVICE
REALTOR

*Cell: 780-667-6767*

**9222-51 Avenue, Edmonton, AB T6E 5L8**
*Phone : 780-439-9818, Fax : 780-439-1257*


NEW LOTS NOW AVAILABLE!
Laurel CROSSING
Settle into this well-rounded, Southeast Edmonton neighbourhood featuring three housing styles, a community lake, playground, green space and more!
Featuring:
Sterling Homes
Pacesetter Homes
Tristate Signature Homes
Landmark Homes
Bedrock Homes
Connect Homes
StreetSide Developments
WHITEMUD FWY
50 STREET
34 STREET
23 AVENUE
17 STREET
16A AVENUE
Laurel CROSSING
www.laurel-crossing.com
QUALICO communities


TAMARACK COMMON
LIFE made Easy
REC CENTRE COMING IN 2014!
MY DREAM COMMUNITY:
Schools
Playground
Shopping
Sports Fields
Gas Stations
Restaurants
Showhomes Now Open!
Introducing Tamarack Common… A new South East Edmonton community that makes life easy with shopping, schools and sports facilities close to home. Choose from a variety of lots and housing styles, and build to suit your budget. Tamarack Common will fulfill your dream now and as your family grows.
Choose from Three Builders!
Pacesetter Homes
Sterling Homes
Parkwood Master Builder
Located in South East Edmonton
WHITEMUD DRIVE NW
38 AVE NW
17 ST NW
34 ST NW
ANTHONY HENDAY DR
TAMARACK COMMON
23 AVE NW
www.tamarackcommon.com
QUALICO communities



# ਸਿਆਸਤ ਆਧਾਰਤ ਭਾਰਤੀ ਫ਼ਿਲਮਾਂ

ਹਰਪ੍ਰੀਤ ਸਿੰਘ ਕਾਹਲੋਂ
+91-94641-41678
harpreetsingh.media@gmail.com

ਸਿਆਸਤ ਦੀਆਂ ਪਰਤਾਂ ਨੂੰ ਵਿਦਵਾਨ ਖੋਲ੍ਹਦੇ ਰਹੇ ਤੇ ਸਿਆਸਤ ਦੇ ਵੱਡੇ ਵੱਡੇ ਗ੍ਰੰਥ ਬਣਦੇ ਰਹੇ ਪਰ ਸਿਆਸਤ ਦੇ ਬਹੁਤ ਸਾਰੇ ਭੇਤ ਅਜੇ ਵੀ ਛਾਣਨੀ ਨਾਲ ਛਾਨਣੇ ਬਾਕੀ ਹਨ। ਮੰਡਲ ਕਮਿਸ਼ਨ ਵਲੋਂ ਦਿੱਤੀ ਪਰਿਭਾਸ਼ਾ ’ਤੇ ਗੌਰ ਕੀਤਾ ਜਾਵੇ ਤਾਂ ਭਾਰਤ ਦੀ ਸਿਆਸਤੀ ਤਸਵੀਰ ਭਾਵੇਂ ਸੰਵਿਧਾਨ ਮੁਤਾਬਕ ਧਰਮ ਨਿਰਪੱਖਤਾ ਦੀ ਗਵਾਹੀ ਭਰਦੀ ਹੈ ਪਰ ਇਸ ਸਿਆਸਤ ਦੀ ਚਰਖੜੀ ਸਿਰਫ਼ ਤੇ ਸਿਰਫ਼ ਧਰਮ ਤੇ ਜਾਤ ਦੇ ਸਦੰਰਭ ’ਚ ਹੀ ਘੁੰਮਦੀ ਹੈ। ਆਖ਼ਰ ਸਾਰੀ ਖੇਡ ਵੋਟ ਬੈਂਕ ਦੀ ਜੋ ਹੈ ਜਿਸ ਰਾਹੀ ਪੰਜਾਬ ’ਚ ਅਕਾਲੀ ਦਲ ਮੀਰੀ-ਪੀਰੀ ਦੀ ਚਰਚਾ ਕਰਦੀ ਨਜ਼ਰ ਆਵੇਗੀ। ਇਸੇ ਤਰ੍ਹਾਂ ਛਤੀਸਗੜ੍ਹ ’ਚ ਕਾਂਗਰਸ ਆਦੀਵਾਸੀਆਂ ਦਾ ਸਹਾਰਾ ਲੈਂਦੀ ਹੈ ਤੇ ਦਿੱਲੀ ’ਚ ਮੱਧਵਰਗੀ ਪਰਿਵਾਰ ਨੂੰ ਤਰਜੀਹ ਦਿੱਤੀ ਜਾਂਦੀ ਹੈ। ਮਹਾਂਰਾਸ਼ਟਰ ’ਚ ਮਰਾਠੀ ਮਾਨੂਸ਼ ਦਾ ਰਾਗ ਅਲਾਪਿਆ ਜਾਂਦਾ ਹੈ ਤੇ ਉੱਤਰ ਪ੍ਰਦੇਸ਼ ’ਚ ਮੁਸਲਿਮ ਭਾਈਚਾਰੇ ਦੀ ਫ਼ਿਕਰ ਕੁਝ ਜ਼ਿਆਦਾ ਹੀ ਹੁੰਦੀ ਹੈ। ਸਿਆਸਤ ਕੀ ਹੈ ਇਸ ਨੂੰ ਇਹ ਸ਼ੇਅਰ ਭਲੀਭਾਂਤ ਉਜਾਗਰ ਕਰਦਾ ਹੈ-

ਮਸਲਤ-ਏ-ਆਮੇਜ਼ ਹੋਤੇ ਹੈ ਯੇ ਸਿਆਸਤ ਕੇ ਕਦਮ,
ਤੂੰ ਅਭੀ ਨਹੀਂ ਸਮਝੇਗਾ ਤੂੰ ਅਭੀ ਇਨਸਾਨ ਹੈ

ਹੁਣ ਤੱਕ ਭਾਰਤੀ ਸਿਨੇਮਾ ’ਚ ਬਹੁਤ ਸਾਰੀਆਂ ਫਿਲਮਾਂ ਸਿਆਸਤ ਨੂੰ ਆਪਣਾ ਵਿਸ਼ਾ ਵਸਤੂ ਬਣਾਉਦੀਆਂ ਆਈਆਂ ਹਨ। ਸਿਆਸਤ ਆਧਾਰਤ ਇਹ ਫ਼ਿਲਮਾਂ ਭਾਰਤੀ ਦਰਸ਼ਕਾਂ ਵਲੋਂ ਸਰਾਹੀਆਂ ਵੀ ਗਈਆਂ ਹਨ। ਆਖ਼ਰ ਇਨ੍ਹਾਂ ਫ਼ਿਲਮਾਂ ਪਿੱਛੇ ਭਾਰਤੀ ਸਿਨੇਮਾ ਦੇ ਦਰਸ਼ਕਾਂ ਦੀ ਕੀ ਮਾਨਸਿਕਤਾ ਰਹਿੰਦੀ ਹੋਵੇਗੀ? ਹੁਣ ਤੱਕ ਅਮਿਤਾਭ ਬੱਚਨ ਨੇ ਐਂਗਰੀ ਯੰਗ ਮੈਨ ਦੀ ਭੂਮਿਕਾ ’ਚ ਭਾਰਤੀ ਸਿਨੇਮਾ ਦੇ ਦਰਸ਼ਕਾਂ ਦੇ ਦਿਲਾਂ ’ਚ ਜੋ ਜਗ੍ਹਾ ਬਣਾਈ ਹੈ, ਉਸ ਦਾ ਮੁੱਢਲਾ ਕਾਰਨ ਵੀ ਇਹੋ ਹੈ ਕਿ ਭਾਰਤੀ ਲੋਕ ਸਿਆਸਤ ਪ੍ਰਤੀ ਆਪਣਾ ਰੋਸ, ਬੇਰੁਖੀ, ਨਰਾਜ਼ਗੀ ਅਜਿਹੇ ਨਾਇਕ ਦੇ ਮਾਰਫਤ ਵਿਖਾਉਂਦੇ ਹੋਏ ਆਪਣੀ ਸੰਵੇਦਨਾ ਨੂੰ ਸੰਤੁਸ਼ਟ ਕਰਦੇ ਹਨ। ਜਿਸ ਵਜੋਂ ਅਮਿਤਾਭ ਬੱਚਨ ਨੂੰ ਅਜਿਹੀਆਂ ਫਿਲਮਾਂ ਤੋਂ ਸਫਲਤਾ ਮਿਲੀ ਤੇ ਭਾਰਤੀ ਦਰਸ਼ਕਾਂ ਨੂੰ ਆਪਣਾ ਗੁੱਸਾ ਠੰਢਾ ਕਰਨ ਦਾ ਮੌਕਾ ਮਿਲਦਾ ਰਿਹਾ।

ਸਿਆਸਤ ਆਧਾਰਤ ਬਹੁਤ ਸਾਰੀਆਂ ਫਿਲਮਾਂ ਤੁਹਾਨੂੰ ਯਾਦ ਆ ਸਕਦੀਆਂ ਨੇ ਪਰ ਮੈਂ ਮੁੱਖ ਤੌਰ ’ਤੇ ਉਨ੍ਹਾਂ ਫਿਲਮਾਂ ਨੂੰ ਸੂਚੀਬੱਧ ਕਰ ਰਿਹਾ ਹਾਂ ਜੋ ਸਿਆਸਤ ਦੀ ਖਾਸ ਵਿਚਾਰਧਾਰਾ ਤੇ ਸੁਭਾਅ ਨੂੰ ਪਰਿਭਾਸ਼ਤ ਕਰਦੀਆਂ ਹਨ। ਅਰਥਸ਼ਾਸ਼ਤਰ ਦੇ ਨੋਬੇਲ ਪੁਰਸਕਾਰ ਪ੍ਰਾਪਤ ਪ੍ਰੋ. ਅਮ੍ਰਿਤਯਾ ਸੇਨ ਦੀ ਟਿੱਪਣੀ ਇਸ ਚਰਚਾ ਨੂੰ ਸੁਚੱਜੇ ਰੂਪ ’ਚ ਉਜਾਗਰ ਕਰਦੀ ਹੈ। ਉਨ੍ਹਾਂ ਮੁਤਾਬਕ ਭਾਰਤੀ ਲੋਕ ਸੰਵਾਦ ਬਹੁਤ ਪਸੰਦ ਕਰਦੇ ਹਨ। ਇਸ ਗੱਲ ਨੂੰ ਹੋਰ ਖੋਲ੍ਹ ਕੇ ਕੀਤਾ ਜਾਵੇ ਤਾਂ ਇਹ ਕਹਿਣਾ ਸਹੀ ਹੋਵੇਗਾ ਕਿ ਭਾਰਤੀ 3C ਦੇ ਸੂਤਰ ਤੋਂ ਬਹੁਤ ਪ੍ਰਭਾਵਤ ਹਨ। ਇਹ ਹਨ Cricket-Corruption-Cinema ਭਾਵ ਕ੍ਰਿਕਟ, ਸਿਨੇਮਾ ਤੇ ਭ੍ਰਿਸ਼ਟਾਚਾਰ।

ਅਮ੍ਰਿਤਯਾ ਸੇਨ ਮੁਤਾਬਕ ਭਾਰਤੀ ਸਰਜ਼ਮੀਨ ’ਤੇ ਕਿਹੜੇ ਪਹਿਲੂ ਰੂਪਮਾਨ ਵੱਧ ਹਨ ਇਸ ਬਾਰੇ ਬਹੁਤ ਹੱਦ ਤੱਕ ਸਾਫ ਹੋ ਜਾਂਦਾ ਹੈ। ਇਸ ਵਿਸ਼ੇ ਨੂੰ ਗੁਲਜ਼ਾਰ ਸਾਹਿਬ ਤੋਂ ਲੈ ਕੇ ਗੋਵਿੰਦ ਨਹਿਲਾਨੀ, ਸ਼ਿਆਮ ਬੈਨੇਗਲ, ਖਾਲਿਦ ਮਹਿਮੂਦ, ਅਨੁਰਾਗ ਕਸ਼ਯਪ, ਰਾਮ ਗੋਪਾਲ ਵਰਮਾ ਆਪਣੀਆਂ ਫਿਲਮਾਂ ਦਾ ਵਿਸ਼ਾ ਬਣਾਉਂਦੇ ਰਹੇ ਹਨ। ਪ੍ਰਕਾਸ਼ ਝਾਅ ਦਾ ਸਿਨੇਮਾ ਤਾਂ ਸਿਆਸਤ ਦੀਆਂ ਬਹੁਤ ਡੂੰਘੀਆਂ ਪਰਤਾਂ ਤੱਕ ਪਹੁੰਚ ਕਰਦਾ ਆਇਆ ਹੈ। ਮ੍ਰਿਤਯੂਦੰਡ, 1984 ’ਚ ਆਈ ਦੀਪਤੀ ਨਵਲ ਅਭਿਨੀਤ ਫਿਮਲ ‘ਦਾਮੁਲ’, ਭਾਗਲਪੁਰ ਤੇਜ਼ਾਬ ਕਾਂਡ ’ਤੇ ਆਧਾਰਤ ‘ਗੰਗਾਜਲ’, ਬਿਹਾਰ ਦੀ ਸਿਆਸਤ ’ਚ ਗੁੰਡਾਰਾਜ ਅਗਵਾ ਫਿਰੋਤੀਆ ਸਿਆਸਤ ਨੂੰ ਬੇਪਰਦਾ ਕਰਦੀ ‘ਅਪਹਰਣ’, ਭਾਰਤੀ ਪ੍ਰਾਚੀਨ ਗ੍ਰੰਥ ਮਹਾਂਭਾਰਤ ਨੂੰ ਆਧਾਰਤ ਫਿਲਮ ‘ਰਾਜਨੀਤੀ’ ’ਚ ਪ੍ਰਕਾਸ਼ ਝਾਅ ਇਸ ਸਿਆਸਤੀ ਪ੍ਰਬੰਧਨ ਦੀਆਂ ਉਣਤਾਈਆਂ ਨੂੰ ਬੇਪਰਦਾ ਕਰ ਚੁੱਕੇ ਹਨ।

ਗੁਲਜ਼ਾਰ ਦੀ ‘ਆਂਧੀ’ (1975) ਕੀ ਗੀਤਾਂ ਕਾਰਨ ਯਾਦ ਕੀਤੀ ਜਾਂਦੀ ਹੈ? ਯਕੀਨਨ ਹਾਂ, ਇਸ ਫਿਲਮ ਦੇ ਗੀਤ ਵੀ ਗੁਲਜ਼ਾਰ ਦੀ ਕਲਮੀ ਸੰਵੇਦਨਾ ਦਾ ਜਾਦੂ ਹਨ। ਪਰ ਇਹ ਫਿਲਮ ਆਪਣੇ ਵਿਸ਼ੇ ਨੂੰ ਲੈ ਕੇ ਭਾਰਤੀ ਸਿਨੇਮਾ ’ਚ ਸਿਆਸਤ ਆਧਾਰਤ ਫਿਲਮਾਂ ’ਚ ਮੁੱਢਲੀ ਕਤਾਰ ਦੀ ਫਿਲਮ ਹੈ। ਸੰਜੀਵ ਕੁਮਾਰ, ਸੁਚਿੱਤਰਾ ਸੇਨ (ਦੇਵਦਾਸ, 1955 ਫੇਮ) ਦੀ ਅਦਾਕਾਰੀ ਨਾਲ ਸਜੀ ਇਹ ਫਿਲਮ ਪੂਰੇ ਭਾਰਤ ’ਚ ਰਿਲੀਜ਼ ਨਹੀਂ ਸੀ ਹੋਈ। ਇਸ ਦਾ ਕਾਰਨ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ (1917-1984) ਦਾ ਹੋਣਾ ਸੀ। 1977 ’ਚ ਜਦੋਂ ਇੰਦਰਾ ਗਾਂਧੀ ਸੱਤਾ ’ਚ ਨਾ ਰਹੀ ਤੇ ਸੱਤਾ ਧਿਰ ਪਾਰਟੀ ਜਨਤਾ ਦਲ ਦਾ ਰਾਜ ਆਇਆ ਤਾਂ ਉਸ ਸਮੇਂ ਇਸ ਫਿਲਮ ਦਾ ਪ੍ਰੀਮੀਅਰ ਨੈਸ਼ਨਲ ਟੈਲੀਵਿਜ਼ਨ ’ਤੇ ਕੀਤਾ ਗਿਆ। ਇਸ ਫਿਲਮ ਨੂੰ ਇੰਦਰਾ ਗਾਂਧੀ ਦੇ ਜੀਵਨ ’ਤੇ ਆਧਾਰਤ ਐਲਾਨਿਆ ਜਾ ਰਿਹਾ ਸੀ ਪਰ ਅਸਲ ’ਚ ਇਸ ਫਿਲਮ




ਦਾ ਭਾਰਤ ਦੀ ਪਹਿਲੀ ਔਰਤ ਸਿਆਸਤਦਾਨ ਵਜੋਂ ਮਸ਼ਹੂਰ ਹੋਈ ਬਿਹਾਰ ਤੋਂ ਆਜ਼ਾਦੀ ਸੰਘਰਸ਼ ’ਚ ਆਪਣਾ ਯੋਗਦਾਨ ਪਾਉਣ ਵਾਲੀ ‘ਤਾਰਕੇਸ਼ਵਰੀ ਸਿਨਹਾ’ ਨਾਲ ਸਬੰਧ ਸੀ। ਸਿਆਸੀ ਰਿਸ਼ਤਿਆਂ ਦੀ ਮਨੋਦਸ਼ਾ ਕਿਸ ਤਰ੍ਹਾਂ ਵਿਚਰਦੀ ਹੈ ਇਸ ਫਿਲਮ ’ਚ ਬਹੁਤ ਬਾਖ਼ੂਬੀ ਨਾਲ ਬਿਆਨ ਕੀਤਾ ਗਿਆ ਸੀ।

ਮਾਚਿਸ (1996) ਫਿਲਮ ਗੁਲਜ਼ਾਰ ਸਾਹਿਬ ਦੇ ਦਿਲ ਦੇ ਬਹੁਤ ਨੇੜੇ ਰਹੀ ਹੈ। ਸਿਸਟਮ ਦੀ ਅਸਫਲਤਾ, ਨਾਰਾਜ਼ ਲੋਕ, ਬਗ਼ਾਵਤੀ ਸੁਰਾਂ ਕਾਰਨ, 1984 ਦੇ ਸਿੱਖ ਕਤਲੇਆਮ ਵੇਲੇ ਪੰਜਾਬ ’ਚ ਆਮ ਆਦਮੀ ਦੀ ਦਸ਼ਾ ਨੂੰ ਇਸ ਫਿਲਮ ’ਚ ਸਮੇਟਨ ਦੀ ਚੰਗੀ ਕੋਸ਼ਿਸ਼ ਕੀਤੀ ਗਈ ਸੀ। ਇਸ ਫਿਲਮ ਬਾਰੇ ਗੁਲਜ਼ਾਰ ਸਾਹਿਬ ਨੇ ਕਿਹਾ ਸੀ ਕਿ ਪੰਜਾਬ ’ਚ ਖਾੜਕੂਵਾਦ ਦੇ ਦੌਰ ’ਤੇ ਫਿਲਮ ਬਣਾਉਣਾ ਉਨ੍ਹਾਂ ਦੇ ਹਮੇਸ਼ਾ ਤੋਂ ਜ਼ਿਹਨ ’ਚ ਰਿਹਾ ਸੀ, ਬੱਸ ਉਹ ਨਹੀਂ ਸਨ ਚਾਹੁੰਦੇ ਕੇ ਇਸ ਵਿਸ਼ੇ ’ਤੇ ਉਸ ਨਾਜ਼ੁਕ ਦੌਰ ਵਿਚ ਅਜਿਹੀ ਫਿਲਮ ਦੀ ਵਿਉਂਤਬੰਦੀ ਕੀਤੀ ਜਾਵੇ। ਗੁਲਜ਼ਾਰ ਸਾਹਿਬ ਅਕਸਰ ਜ਼ਿਕਰ ਕਰਦੇ ਹਨ ਕਿ 1947 ਤੇ ’84 ਦਾ ਪੰਜਾਬ ’ਚ ਮਾੜਾ ਦੌਰ ਉਨ੍ਹਾਂ ਨੂੰ ਬਹੁਤ ਸਤਾਉਂਦਾ ਹੈ। ਉਨ੍ਹਾਂ ਉਸ ਦੌਰ ’ਚ ਅੱਧ ਜਲੀਆਂ ਲਾਸ਼ਾਂ ਤੇ ਲਾਸ਼ਾਂ ਖੁਰਚਨੇ ਨਾਲ ਸੜਕਾਂ ਤੋਂ ਇੱਕਠੇ ਕਰਦੇ ਵੀ ਵੇਖਿਆ ਸੀ। ਕਿਰਪਾਲ ਸਿੰਘ (ਚੰਦਰਚੂੜ ਸਿੰਘ) ਤੇ ਵਰਿੰਦਰ ਕੌਰ ਵੀਰਾ (ਤੱਬੂ) ਫਿਲਮ ਦੇ ਪਾਤਰ ਉਨ੍ਹਾਂ ਸਮਿਆਂ ’ਚ ਸਿਆਸਤ ਦੀ ਦੋਗਲੀ ਨਜ਼ਰ ਨੂੰ ਬੇਪਰਦਾ ਕਰਦੇ ਹਨ।

ਹੂ-ਤੂ-ਤੂ (1999) ਫਿਲਮ ਗੁਲਜ਼ਾਰ ਸਾਹਿਬ ਦੀ ਅਸਫ਼ਲ ਫ਼ਿਲਮਾਂ ’ਚੋਂ ਇਕ ਸੀ ਪਰ ਇਸ ਫਿਲਮ ਨੂੰ ਵਿਚਾਰਾਤਮਕ ਪੱਖੋਂ ਅਸਫਲ ਨਹੀਂ ਐਲਾਨਿਆ ਜਾ ਸਕਦਾ। ਸਿਆਸਤ ਤੇ ਸਨਅਤ ਦਾ ਮਿਸ਼ਰੀਘੋਲ ਆਖਰ ਸਿਸਟਮ ’ਚ ਕਿੰਜ ਨਿੱਜੀ ਫਾਇਦਿਆਂ ਤੇ ਨੁਕਸਾਨ ’ਚ ਗੁਜ਼ਰਦਾ ਹੈ, ਇਸ ਫਿਲਮ ’ਚ ਬਿਆਨ ਕੀਤਾ ਗਿਆ ਸੀ। ਦਲਿਤ ਆਗੂ (ਨਾਨਾ ਪਾਟੇਕਰ) ਜੋ ਅਵਾਮ ਦੀ ਆਵਾਜ਼ ਹੈ, ਦਾ ਇਕ ਸੰਵਾਦ ਪੂਰੇ ਸਿਸਟਮ ’ਚ ਲੋਕਾਂ ਦੀ ਅਵਾਜ਼ ਦੀ ਪਰਿਭਾਸ਼ਾ ਬਿਆਨ ਕਰਦਾ ਸੀ। “ਹਮ ਲੋਗ ਤੋ ਗੋਬਰ ਕੇ ਉਪਲੇ ਹੈਂ ਇਤਿਹਾਸ ਕੇ ਢੇਰ ਕੇ ਨੀਚੇ ਦਬਕਰ ਰਹਿ ਜਾਤੇ ਹੈ, ਏਕ ਬਾਰ ਕੋਈ ਆਗ ਲਗਾਕਰ ਤੋ ਦੇਖੇ ਫਿਰ ਬਤਾਂਏਗੇ ਕਿ ਗੋਬਰ ਕੇ ਉਪਲੇ ਕਿਆ ਹੋਤੇ ਹੈਂ” ਵਿਅੰਗਆਤਮਕ ਸ਼ੈਲੀ ਤੇ ਪੇਸ਼ਕਾਰੀ ਕਰਕੇ ਇਹ ਫਿਲਮ ਵੇਖਣੀ ਜ਼ਰੂਰ ਬਣਦੀ ਹੈ।

ਭਾਰਤੀ ਸਿਨੇਮਾ ’ਚ ਪ੍ਰਕਾਸ਼ ਝਾਅ ਅਜਿਹਾ ਨਾਮ ਹੈ ਜਿਸ ਨੇ ਸਮਾਜਕ ਸਰੋਕਾਰ ਨੂੰ ਸਿਨੇਮਾ ’ਚ ਬਹੁਤ ਅਹਿਮੀਅਤ ਨਾਲ ਉਭਾਰਨ ਦੀ ਕੋਸ਼ਿਸ਼ ਕੀਤੀ ਹੈ। ਝਾਅ ਨੇ ਕਲਾ ਤੇ ਵਾਪਰਕ ਸਿਨੇਮਾ ਦੀ ਵਿਥ ਖ਼ਤਮ ਕਰ ਕੇ ਦੋਵਾਂ ਦਾ ਸੰਗਮ ਕੀਤਾ ਹੈ। ਇਹ ਪ੍ਰਕਾਸ਼ ਝਾਅ ਦਾ ਹੀ ਕਮਾਲ ਹੈ ਕਿ ਉਸ ਦੀਆਂ ਫ਼ਿਲਮਾਂ ਲਈ ਸ਼ੂਟਿੰਗ ਦੌਰਾਨ ਲੋਕਾਂ ਦੀ ਭੀੜ ਵਿਖਾਉਣ ਲਈ ਕਿਸੇ ਹੋਰ ਨਿਰਦੇਸ਼ਕ ਵਾਂਗੂ ਜਦੋ-ਜਹਿਦ ਨਹੀਂ ਕਰਨੀ ਪੈਂਦੀ। ਸਾਹਿਤਕਾਰਾਂ ਦੀਆਂ ਅਜਿਹੀਆਂ ਰਚਨਾਵਾਂ ਇੰਜ ਹੀ ਨਹੀਂ ਪੈਦਾ ਹੁੰਦੀਆਂ। ਯਥਾਰਥ ਦੀ ਸਰਜ਼ਮੀਨ ਇੰਜ ਹੀ ਬਿੰਬ ਬਣਾਉਂਦੀ ਹੈ ਕਿਉਂ ਕਿ ਇਹ ਸੱਚ ਹੈ।

ਅਮਰੀਕਾ ਦੀ ਲੱਖ ਬੁਰਾਈ ਕੀਤੀ ਜਾ ਸਕਦੀ ਹੈ ਪਰ ਉੱਥੇ ਕੋਈ ਵੀ ਫਿਲਮ ਰਾਸ਼ਟਰ ਦੀ ਕੋਝੀ ਸਿਆਸਤ ’ਤੇ ਟਿੱਪਣੀ ਜ਼ਰੂਰ ਕਰ ਸਕਦੀ ਹੈ ਚਾਹੇ ਫਿਰ ਕੋਈ ਪੁਰਸਕਾਰ ਨਾ ਮਿਲੇ, ਉਹ ਵੱਖਰੀ ਗੱਲ ਹੈ। ਜਿਵੇਂ ਓਲੀਵਰ ਸਟੋਨ ਦੀ 1991 ਨੂੰ ਆਈ JFK ਜੋ ਅਮਰੀਕੀ ਰਾਸ਼ਟਰਪਤੀ ਜਾਨ ਆਫ ਕਨੇਡੀ ਦੇ ਕਤਲ ਨਾਲ ਸਬੰਧਤ ਸੀ। ਓਲੀਵਰ ਸਟੋਨ ਦੀ ਹੀ 1995 ਨੂੰ ਆਈ ਫਿਲਮ ‘ਨਿਕਸਨ’ ਐਂਥਨੀ ਹੋਪਕਿਨਸ ਅਭਿਨੀਤ ਅਮਰੀਕੀ ਰਾਸ਼ਟਰਪਤੀ ਰਿਚਰਡ ਨਿਕਸਨ ਦੀ ਜੀਵਨੀ ’ਤੇ ਆਧਾਰਤ ਸੀ। ਜੇਮਸ ਕੈਮਰੌਨ ਦੀ 2009 ’ਚ ਆਈ ਫਿਲਮ ‘ਅਵਤਾਰ’ ਅਮਰੀਕਾ ਦੇ ਵਾਤਾਵਰਨ ਵਿਰੋਧੀ ਏਜੰਡਿਆਂ ਦਾ ਗ਼ਲਪ ਤਰੀਕੇ ਨਾਲ ਵਿਰੋਧ ਕਰਦੀ ਹੈ। ਸ਼ਾਇਦ ਇਸੇ ਕਰ ਕੇ ਅਮਰੀਕਾ ਨੇ ਕੈਥਰੀਨ ਬਿੰਗਲੋ ਦੀ ‘ਦੀ ਹਾਰਟ ਲੋਕਰ’ ਨੂੰ ਆਸਕਰ ਨਾਲ ਨਿਵਾਜਿਆ ਤੇ ਅਵਤਾਰ ਨੂੰ ਇਸ ਪੁਰਸਕਾਰ ਤੋਂ ਵਾਂਝਾ ਰੱਖਿਆ। ਪਰ ਭਾਰਤ ਵਿਚ ਬਹੁਤ ਸਾਰੀਆਂ ਫਿਲਮਾਂ ਸਰਕਾਰਾਂ ਦਾ ਹਾਜਮਾ ਖਰਾਬ ਕਰਦੀਆਂ ਹਨ ਜਿਨ੍ਹਾਂ ਕਰ ਕੇ ਸਰਕਾਰ ਨੇ ਸੈਂਸਰ ਦੇ ਰਵਾਇਤੀ ਚੱਕਰ ’ਚ ਇਨ੍ਹਾਂ ਫਿਲਮਾਂ ਨੂੰ ਘੜੀਸਿਆ। ਜਿਨ੍ਹਾਂ ’ਚੋਂ ਸੰਜੀਵ ਕੁਮਾਰ ਦੀ ਗੁਲਜ਼ਾਰ ਨਿਰਦੇਸ਼ਤ ‘ਆਂਧੀ’ (1975), ਅਨੁਰਾਗ ਕਸ਼ਯਪ ਦੀ ‘ਬਲੈਕ ਫਰਾਈ ਡੇ’ ਵੀ ਸਿਆਸਤ ਦੀ ਭੇਟ ਹੀ ਚੜ੍ਹੀ ਸੀ। ਅੰਮ੍ਰਿਤ ਨਾਹਟਾ ਦੀ ‘ਕਿੱਸਾ ਕੁਰਸੀ ਕਾ’ ਤੇ ਹੋਰ ਵੀ ਬਹੁਤ ਸਾਰੀਆਂ ਫਿਲਮਾਂ, ਜਿਨ੍ਹਾਂ ਬਾਰੇ ਸੈਂਸਰ ਪੂਰੀ ਤਿਆਰੀ ਕਰ ਰਿਹਾ ਹੈ। ਪ੍ਰਕਾਸ਼ ਝਾਅ ਦਾ ਸਿਨੇਮਾ ਸਾਰਥਕ ਤੇ ਆਰਥਕ ਹਿਤਾਂ ਰਾਹੀ ਸਿਆਸਤ ਦੀ ਨਬਜ਼ ਬਹੁਤ ਬਰੀਕੀ ਨਾਲ ਫੜਦਾ ਹੈ। ਇਸ ਦਾ ਅੰਦਾਜ਼ਾ ਤਾਂ ਇਸ ਗੱਲ ਤੋਂ ਹੀ ਲੱਗ ਜਾਂਦਾ ਹੈ ਕਿ ਪੰਜਾਬੀ ਫਿਲਮ ਜਿੰਮੀ ਸ਼ੇਰਗਿੱਲ ਅਭਿਨੀਤ ‘ਧਰਤੀ’ ਰਾਜਨੀਤੀ ਤੋਂ ਹੀ ਪ੍ਰਭਾਵਤ ਹੈ। ਆਖਰ ਕਦੋਂ ਤੱਕ ਪੰਜਾਬੀ ਸਿਨੇਮਾ ’ਚ ਅਸੀਂ ਇਸ ਬਹਾਨੇ ਦੇ ਸਿਰ ’ਤੇ ਚਲਦੇ ਰਹਾਂਗੇ ਕਿ ਹਿੰਦੀ ਫਿਲਮਾਂ ਲਈ ਵਿਸ਼ਾ ਪੁਰਾਣਾ ਸੀ ਪਰ ਪੰਜਾਬੀ ਫਿਲਮਾਂ ’ਚ ਇਹ ਨਵਾਂ ਸੀ ਸੋ ਇਸ ਦੀ ਗੁੰਜਾਇਸ਼ ਹੈ। ਇਸ ਬਹਾਨੇ ਨੂੰ ਵਰਤਦੇ ਹੋਏ ਹੁਣ ਤੱਕ ਬਹੁਤ ਸਾਰੀਆਂ ਪੰਜਾਬੀ ਫਿਲਮਾਂ ਹਿੰਦੀ ਫਿਲਮਾਂ ਦੀ ਨਕਲ ਕਰਦੀਆਂ ਆ ਰਹੀਆਂ ਹਨ। ਗੁਰਦਾਸ ਮਾਨ ਦੀ ‘ਮਿੰਨੀ ਪੰਜਾਬ’ ਫਿਲਮ ‘ਕੱਲ੍ਹ ਹੋ ਨਾ ਹੋ’ ਦੀ ਨਕਲ ਸੀ ਤੇ ‘ਧਰਤੀ’ ਫਿਲਮ ‘ਮੇਲ ਕਰਾਦੇ ਰੱਬਾ’ ਤੇ ‘ਰਹਿਣਾ ਹੈ ਤੇਰੇ ਦਿਲ ਮੇਂ’ ਦੀ ਨਕਲ ਹੀ ਸੀ। ਖੈਰ ਪ੍ਰਕਾਸ਼ ਝਾਅ ਦੀਆਂ ਸਿਆਸਤ ਆਧਾਰਤ ਫ਼ਿਲਮਾਂ ਦਾ ਜ਼ਿਕਰ ਛਿੜੇ ਤਾਂ ਉਸ ਦੁਆਰਾ ਨਿਰਮਤ ਫ਼ਿਲਮ ‘ਦਿਲ ਦੋਸਤੀ ਐਕਸਟਰਾ’ ਵੀ ਜ਼ਰੂਰ ਵੇਖਿਓ।

PUNJABI MARKET
ਪੰਜਾਬੀ ਮਾਰਕੀਟ ਗਰੋਸਰੀ ਸਟੋਰ GROCERY STORE



ਇਥੋਂ ਇੰਡੀਅਨ ਪਾਕਿਸਤਾਨੀ ਗਰੋਸਰੀ, ਮਸਾਲੇ, ਤਾਜ਼ੀਆਂ ਸਬਜ਼ੀਆਂ ਅਤੇ ਫਲ-ਫਰੂਟ ਮਿਲਦੇ ਹਨ।

A Large Selection of Indian, Pakistani, Fijian Groeries, Spices, Fresh Vegetables & Much Much More....



For More Info : 403-277-7736

#527 4774 Westwinds Dr. N.E. Calgary
(Behind Green Plaza)



# Royal Executive Homes

Hurry Only 2 Left

## Town Houses in Wildwood

- Excellent Location
- Close To all Amenities
- Transit Access
- Affordable Prices
- Future Rec Center
- Close to White Mud & Anthony Henday
- 5 Appliances & Fully Landscaped
- 10 Year Home Warranty
- Granite Counter Top & Maple Kitchen

Available From 1232sq ft. to 1589 sq ft. with attached Single and Double Garage. Starting Pirce : $ ~~309,900~~

**Price Reduced**

**Now Only $ 289,900**

For Show Home Hours:
Contact
780-965-7390







## Wild Wood Town Houses



1820, 34th AVE Edmonton.
780-965-7390
780-906-4497
Email : royalexecutivehomes@hotmail.com



Jessy Parihar

SALES CONTACT :

Roohi@ 780-905-6970
Kul Bhatia @ 780-266-5500



Ranjit Deol

SOHAIL QUADRI, MLA

EDMONTON - MILL WOODS

ਖ਼ਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

# Best wishes to all on the occasion of Baisakhi

Alberta Government
Building Alberta
The Building Alberta Plan

Committees and Councils the MLA is a member of:
- Member of the Select Special Ethics Commissioner Search Committee
- Standing Committee on Alberta's Economic Future
- Standing Committee on Legislative Offices
- Standing Committee on Public Accounts
- Private Members Business Committee
- Montana – Alberta Bilateral Advisory Council
- Results Based Budgeting – Economic Development Challenge Panel

Sohail Quadri, MLA
Edmonton – Mill Woods Constituency Office
# 101, 9807 - 34 Ave Edmonton, AB, T6E 5X9
Ph: 780-414-1000 edmonton.millwoods@assembly.ab.ca



BRIDGEPORT HOMES LTD.

BEST PRICES IN TOWN
WE ASSURE BEATING MARKET PRICE

Special Offer $350000.00 only

Now New Homes in wildwood crs (South Edmonton)
loaded with Upgrades & Ready to Move

2 Car Detached Garage
Homes only in $350000.00



ਖ਼ਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

Fully Upgraded 2300 Sq. Ft. Homes to be Built with your own choice of Interior only in $470000 .00

3000 Sq. Ft. Homes loaded with Upgrades & ready to move in only $569999.00 for limited time

For more information Call: DOLLY CHAUHAN @ 780-935-7718